Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969 CA DRE# 00966763

Ad Space Available
Call: 847-359-0746

ਵਧੀਆ ਅਤੇ ਸਸਤੀ ਇੰਸ਼ੋਰੈਂਸ
Home, Auto, Liquor Store
ਫੋਨ ਕਰੋ, ਪੈਸੇ ਬਚਾਓ
Call Now Manjit Gill
Ph: 209-524-4008
Ph: 510-888-1180
ਕਾਰ, ਘਰ, ਲਿੱਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ
Gill Financial & Insurance Services
27165 Mission Blvd, Hayward, CA 94544
Since 1993 www.gillfinancial.com CA. Lic#0B23990

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 22, May 31, 2014 20451 N Plum Grove Rd., Palatine, IL 60074 Ph:847-359-0746, Fax:847-705-9388

## ਮੋਦੀ ਦੇ ਕੂਹਣੀ ਮੋੜ ਨਾਲ ਸਭ ਵਿਰੋਧੀ ਚਿਤ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ ਵਿਚ ਪਾਕਿਸਤਾਨ ਸਣੇ ਸਾਰਕ ਦੇਸ਼ਾਂ ਦੇ ਆਗੂਆਂ ਨੂੰ ਬੁਲਾ ਕੇ ਗੁਆਂਢੀ ਮੁਲਕਾਂ ਨਾਲ ਸੁਖਵੇਂ ਮਾਹੌਲ ਬਣਾਈ ਰੱਖਣ ਦਾ ਸੰਕੇਤ ਦਿੱਤਾ ਹੈ। ਉਂਞ ਭਾਜਪਾ ਦੀ ਪਾਕਿਸਤਾਨ ਪ੍ਰਤੀ ਇਕਦਮ ਨਰਮ ਹੋਈ ਨੀਤੀ ਨੇ ਸਭ ਨੂੰ ਹੈਰਾਨ ਕੀਤਾ ਹੈ। ਹੁਣ ਤੱਕ ਭਾਜਪਾ ਅਤਿਵਾਦ ਦਾ ਸਾਰਾ ਦੋਸ਼ ਗੁਆਂਢੀ ਮੁਲਕ ਸਿਰ ਮੜ੍ਹ ਕੇ ਇਸ ਨਾਲ ਸਖਤੀ ਵਰਤਣ ਦੀਆਂ ਦਲੀਲਾਂ ਦਿੰਦੀ ਰਹੀ ਹੈ ਪਰ ਸ੍ਰੀ ਮੋਦੀ ਨੇ ਸਰਕਾਰ ਦੀ ਕਮਾਨ ਸੰਭਾਲਦਿਆਂ ਹੀ ਨਵਾਜ਼ ਸ਼ਰੀਫ ਨਾਲ ਮੁਲਾਕਾਤ ਕਰ ਕੇ ਰੁਕੀ ਸ਼ਾਂਤੀ ਵਾਰਤਾ ਨੂੰ ਮੁੜ ਸ਼ੁਰੂ ਕਰਨ ਦਾ ਸੰਕੇਤ ਦਿੱਤਾ ਹੈ। ਇਸ ਤੋਂ ਪਹਿਲਾਂ ਭਾਜਪਾ ਦਾ ਤਰਕ ਰਿਹਾ ਹੈ ਕਿ ਜਿੰਨਾ ਚਿਰ ਪਾਕਿਸਤਾਨ ਆਪਣੀ ਧਰਤੀ ਤੋਂ ਭਾਰਤ ਖ਼ਿਲਾਫ਼ ਅਤਿਵਾਦੀ ਸਰਗਰਮੀਆਂ ਨੂੰ ਠੱਲ੍ਹ ਨਹੀਂ ਪਾਉਂਦਾ, ਉਨਾ ਚਿਰ ਕਿਸੇ ਸ਼ਾਂਤੀ ਵਾਰਤਾ ਦੀ ਲੋੜ ਨਹੀਂ ਹੈ। ਇਸ ਤੋਂ ਇਲਾਵਾ ਸ੍ਰੀ ਮੋਦੀ ਨੇ ਸਰਕਾਰ ਦੀ ਵਾਗਡੋਰ ਸੰਭਾਲਣ ਮਗਰੋਂ ਪਹਿਲਾ ਫੈਸਲਾ ਲੈਂਦਿਆਂ ਕਾਲੇ ਧਨ ਦਾ ਪਤਾ ਲਾਉਣ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਹੈ। ਇਸ ਟੀਮ ਦੇ ਮੁਖੀ ਸੁਪਰੀਮ ਕੋਰਟ ਦੇ ਸਾਬਕਾ ਜੱਜ ਐਮ.ਬੀ. ਸ਼ਾਹ ਹੋਣਗੇ ਜਦਕਿ ਸੁਪਰੀਮ ਕੋਰਟ ਦੇ ਸਾਬਕਾ ਜੱਜ ਅਰਿਜੀਤ ਪਸਾਇਤ ਉਪ ਮੁਖੀ ਵਜੋਂ ਕੰਮ ਕਰਨਗੇ। ਵਿਸ਼ੇਸ਼ ਜਾਂਚ ਟੀਮ ਦਾ ਮਾਲ ਸਕੱਤਰ,

*(ਬਾਕੀ ਸਫਾ 6 'ਤੇ)*



### ਛੋਹਲੇ ਕਦਮ ਦਿਖਾਏ

ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ): ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੌਮੀ ਜਮਹੂਰੀ ਗੱਠਜੋੜ ਦੀ ਸਰਕਾਰ ਨੇ ਕਮਾਨ ਸੰਭਲ ਲਈ ਹੈ। ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਦਿਆਂ ਨਰੇਂਦਰ ਮੋਦੀ ਨੇ 45 ਮੈਂਬਰੀ ਮੰਤਰੀ ਮੰਡਲ ਨੂੰ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਹਨ। ਇਨ੍ਹਾਂ ਵਿਚ 23 ਨੂੰ ਕੈਬਨਿਟ, 12 ਨੂੰ ਰਾਜ ਮੰਤਰੀ ਤੇ 10 ਨੂੰ ਰਾਜ ਮੰਤਰੀ (ਸੁਤੰਤਰ ਚਾਰਜ) ਸ਼ਾਮਲ ਹਨ। ਕੈਬਨਿਟ ਦੇ 36 ਮੈਂਬਰਾਂ ਨੇ ਹਿੰਦੀ ਵਿਚ ਹਲਫ਼ ਲਿਆ ਜਦਕਿ ਹਰਸਿਮਰਤ ਕੌਰ ਬਾਦਲ ਸਮੇਤ 10 ਮੈਂਬਰਾਂ ਨੇ ਅੰਗਰੇਜ਼ੀ ਵਿਚ ਸਹੁੰ ਚੁੱਕੀ। ਨਵੇਂ ਮੰਤਰੀਆਂ ਨੇ ਛੋਹਲੇ ਕਦਮੀਂ ਕੰਮ ਵੀ ਆਰੰਭ ਕਰ ਦਿੱਤਾ ਹੈ।ਸ੍ਰੀ ਮੋਦੀ ਦੀ ਟੀਮ ਵਿਚ ਰਾਜਨਾਥ ਸਿੰਘ, ਸੁਸ਼ਮਾ ਸਵਰਾਜ, ਅਰੁਣ ਜੇਤਲੀ, ਐਮ.

*(ਬਾਕੀ ਸਫਾ 6 'ਤੇ)*

## ਬਾਦਲਾਂ ਨੂੰ ਭਾਰਤੀ ਜਨਤਾ ਪਾਰਟੀ ਦੀ ਵੰਗਾਰ!

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਮਗਰੋਂ ਪੰਜਾਬ ਵਿਚ ਸਿਆਸੀ ਸਮੀਕਰਨ ਬਦਲਣੇ ਸ਼ੁਰੂ ਹੋ ਗਏ ਹਨ। ਸੱਤਾ ਧਿਰ ਅਕਾਲੀ-ਭਾਜਪਾ ਗੱਠਜੋੜ ਵਿਚਾਲੇ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਹੁਣ ਤੱਕ ਭਾਈਵਾਲ ਪਾਰਟੀ ਭਾਜਪਾ 'ਤੇ ਅਕਾਲੀ ਦਲ ਹਾਵੀ ਰਿਹਾ ਹੈ ਪਰ ਦੇਸ਼ ਵਿਚ ਹੂੰਝਾ ਫੇਰ ਜਿੱਤ ਮਗਰੋਂ ਭਾਰਤੀ ਜਨਤਾ ਪਾਰਟੀ ਦੇ ਤੇਵਰ ਬਦਲ ਗਏ ਹਨ। ਪੰਜਾਬ ਭਾਜਪਾ ਦੇ ਆਗੂਆਂ ਨੇ ਸੂਬੇ ਵਿਚ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਦੀ ਹਾਰ ਦਾ ਭਾਂਡਾ ਅਕਾਲੀਆਂ ਸਿਰ ਭੰਨਦਿਆਂ ਦਾਅਵਾ ਕੀਤਾ ਹੈ ਕਿ ਅਕਾਲੀ ਆਗੂਆਂ ਦੇ ਮਾੜੇ ਅਕਸ ਨੇ ਗੱਠਜੋੜ ਨੂੰ ਨੁਕਸਾਨ ਪਹੁੰਚਾਇਆ ਹੈ। ਭਾਜਪਾ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਹੀ ਚੋਣਾਂ ਦੌਰਾਨ ਗੱਠਜੋੜ ਨੂੰ ਮਹਿੰਗੀਆਂ ਪਈਆਂ ਹਨ।

ਦੂਜੇ ਪਾਸੇ ਅਕਾਲੀ ਦਲ ਦੇ ਆਗੂਆਂ ਵੱਲੋਂ ਵੀ ਤਿੱਖੇ ਵਾਰ ਕੀਤੇ ਜਾ ਰਹੇ ਹਨ। ਹੁਣ ਤੱਕ ਉਭਰ ਕੇ ਆਏ ਸਮੀਕਰਨ ਤੋਂ ਇਹ ਸੰਕੇਤ ਮਿਲਦੇ ਹਨ ਕਿ ਭਵਿੱਖ ਵਿਚ ਭਾਜਪਾ ਪੰਜਾਬ ਵਿਚ ਵੱਧ ਸੀਟਾਂ ਤੇ ਵਜ਼ੀਰੀਆਂ ਦੀ ਮੰਗ ਕਰੇਗੀ ਤੇ ਨਾਲ ਹੀ ਉਪ ਮੁੱਖ ਮੰਤਰੀ ਦੇ ਅਹੁਦੇ ਲਈ ਦਬਾਅ ਵਧਾ ਸਕਦੀ ਹੈ। ਇਸ ਵੇਲੇ ਸੁਖਬੀਰ ਬਾਦਲ ਉਪ ਮੁੱਖ ਮੰਤਰੀ ਹਨ ਜਿਸ ਦਾ ਭਾਜਪਾ ਪਹਿਲਾਂ ਵੀ ਦੱਬਵੀਂ ਸੁਰ ਵਿਚ ਵਿਰੋਧ ਕਰ ਚੁੱਕੀ ਹੈ। ਭਾਜਪਾ ਅਨੁਸਾਰ ਲੋਕ ਸਭਾ ਚੋਣਾਂ ਦੌਰਾਨ ਨਸ਼ੇ, ਗੁੰਡਾਗਰਦੀ, ਟੈਕਸ, ਰੇਤਾ ਬਜਰੀ, ਮਹਿੰਗਾਈ ਤੇ ਭ੍ਰਿਸ਼ਟਾਚਾਰ ਅਹਿਮ ਮੁੱਦੇ ਰਹੇ ਜਿਨ੍ਹਾਂ ਕਰ ਕੇ ਲੋਕਾਂ ਵਿਚ ਰੋਸ ਸੀ।

ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਦੋ ਤੇ ਅਕਾਲੀ ਦਲ ਨੂੰ ਚਾਰ ਸੀਟਾਂ ਮਿਲੀਆਂ। ਅੰਮ੍ਰਿਤਸਰ ਤੋਂ ਭਾਜਪਾ ਦੇ ਸੀਨੀਅਰ ਆਗੂ ਅਰੁਣ ਜੇਤਲੀ ਪੂਰਾ ਟਿੱਲ ਲਾਉਣ ਦੇ ਬਾਵਜੂਦ ਹਾਰ ਗਏ। ਉਂਞ, ਇਸ ਵਾਰ ਅਕਾਲੀ ਭਾਜਪਾ ਨੂੰ ਚਾਹੇ ਪਿਛਲੀ ਵਾਰ ਨਾਲੋਂ ਇਕ ਸੀਟ ਵੱਧ ਮਿਲੀ ਪਰ ਦੇਸ਼ ਭਰ ਵਿਚ ਚੱਲੀ ਮੋਦੀ ਲਹਿਰ ਦਾ ਸੱਤਾ ਧਿਰ ਨੂੰ ਕੋਈ ਲਾਹਾ ਨਹੀਂ ਮਿਲਿਆ।

ਇਸ ਗੱਲ ਤੋਂ ਪੰਜਾਬ ਭਾਜਪਾ ਦੇ ਆਗੂ ਕਾਫੀ ਖਫਾ ਹਨ। ਇਹ ਆਗੂ ਭਾਵੇਂ ਪਹਿਲਾਂ ਵੀ ਦੁਬਵੀਂ ਸੁਰ ਵਿਚ ਬੋਲਦੇ ਸਨ ਪਰ ਹੁਣ ਦੇਸ਼ ਵਿਚ ਸਰਕਾਰ ਬਣਨ ਮਗਰੋਂ ਇਨ੍ਹਾਂ ਦੇ ਹੌਸਲੇ ਬੁਲੰਦ ਹੋ ਗਏ ਹਨ। ਭਾਜਪਾ ਆਗੂਆਂ ਨੇ ਦੋਸ਼ ਲਾਇਆ ਹੈ ਕਿ ਪਾਰਟੀ ਨਾਲ ਸਬੰਧਤ ਮੰਤਰੀਆਂ ਦੇ ਵਿਭਾਗਾਂ ਵਿਚ ਮੁੱਖ ਮੰਤਰੀ

*(ਬਾਕੀ ਸਫਾ 6 'ਤੇ)*

### ਭਾਜਪਾ ਨੇ ਇੰਜ ਹੀ ਕਰਨਾ ਸੀ...

ਸਿਆਸੀ ਮਾਹਿਰ ਪਹਿਲਾਂ ਹੀ ਕਹਿੰਦੇ ਆ ਰਹੇ ਹਨ ਕਿ ਬਾਦਲ ਭਾਵੇਂ ਭਾਜਪਾ ਨੂੰ ਨਾਲ ਲੈ ਕੇ ਚੱਲ ਰਹੇ ਹਨ, ਪਰ ਭਾਜਪਾ ਮੌਕਾ ਆਉਣ 'ਤੇ ਬਾਦਲਾਂ ਨੂੰ ਅੱਖਾਂ ਦਿਖਾ ਸਕਦੀ ਹੈ। ਪੰਜਾਬ ਵਿਚ ਜੇ ਕਦੀ ਬਾਦਲਾਂ ਨੂੰ ਠਿੱਬੀ ਲੱਗੀ, ਤਾਂ ਇਹ ਭਾਜਪਾ ਵੱਲੋਂ ਹੀ ਹੋਵੇਗੀ। ਦੂਜੇ ਬੰਨੇ ਭਾਜਪਾ ਦੇ ਵਿਰੋਧ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਿਵੇਂ-ਕਿਵੇਂ ਨਜਿੱਠ ਲੈਂਦੇ ਹਨ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਸ ਮਾਮਲੇ ਵਿਚ ਵਾਰ-ਵਾਰ ਅਨਾੜੀ ਸਾਬਤ ਹੋਏ ਹਨ।

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
209.918.6464
ahundal@c21mm.com
Century 21 M&M and Associates

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Follow us on:
Raja™ SWEETS & CATERING®
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਅਨੰਦਪੁਰ ਸਾਹਿਬ ਦੇ ਇਤਿਹਾਸਕ ਕਿਲ੍ਹਿਆਂ ਦਾ ਹੋਵੇਗਾ ਨਵੀਨੀਕਰਨ

**ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖ਼ਾਲਸਾ ਪੰਥ ਦੇ ਜਨਮ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਨੂੰ ਬਾਹਰੀ ਹਮਲਿਆਂ ਤੋਂ ਮਹਿਫੂਜ਼ ਰੱਖਣ ਲਈ ਗੁਰੂ ਗੋਬਿੰਦ ਸਿੰਘ ਵੱਲੋਂ ਬਣਾਏ ਗਏ ਪੰਜ ਇਤਿਹਾਸਿਕ ਕਿਲ੍ਹਿਆਂ ਦਾ ਯੋਜਨਾਬੱਧ ਢੰਗ ਨਾਲ ਨਵੀਨੀਕਰਨ ਕਰਨ ਦਾ ਫੈਸਲਾ ਲਿਆ ਹੈ। ਇਸ ਬਾਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਲੇਠੀ ਬੈਠਕ ਕਰਕੇ ਕਿਲ੍ਹਿਆਂ ਦੇ ਨਵੀਨੀਕਰਨ ਦੇ ਕੰਮ ਬਾਰੇ ਵਿਚਾਰਾਂ ਕੀਤੀਆਂ ਗਈਆਂ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਬਲਦੇਵ ਸਿੰਘ ਮਾਹਲਪੁਰੀ ਯਾਦਗਾਰੀ ਹਾਲ ਵਿਚ ਹੋਈ ਬੈਠਕ ਵਿਚ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਗੁਰਮੋਹਨ ਸਿੰਘ ਵਾਲੀਆ, ਸ਼੍ਰੋਮਣੀ ਕਮੇਟੀ ਦੇ ਸਕੱਤਰ ਭਾਈ ਰੂਪ ਸਿੰਘ ਤੇ ਦਿਲਜੀਤ ਸਿੰਘ ਬੇਦੀ, ਕਾਰਜਕਾਰੀ ਇੰਜਨੀਅਰ ਮਨਪ੍ਰੀਤ ਸਿੰਘ, ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਆਦਿ ਨੇ ਸ਼ਿਰਕਤ ਕੀਤੀ। ਇਨ੍ਹਾਂ ਸਾਰਿਆਂ ਨੇ ਬੈਠਕ ਪਿਛੋਂ 5 ਕਿਲ੍ਹਿਆਂ ਦਾ ਦੌਰਾ ਕੀਤਾ ਤੇ ਨਵੀਨੀਕਰਨ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਘੋਖਿਆ।

ਜਥੇਦਾਰ ਸੁਖਦੇਵ ਸਿੰਘ ਭੌਰ ਨੇ ਦੱਸਿਆ ਕਿ ਅੰਤਰਿੰਗ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ ਇਹ ਬੈਠਕ ਕੀਤੀ ਗਈ ਹੈ। ਬੈਠਕ ਵਿਚ ਇਹ ਰਾਇ ਦਿੱਤੀ ਗਈ ਕਿ ਇਨ੍ਹਾਂ ਪੰਜ ਕਿਲ੍ਹਿਆਂ ਨੂੰ ਹੂਬਹੂ ਉਸੇ ਤਰ੍ਹਾਂ ਬਣਾਇਆ ਜਾਵੇ, ਜਿਸ ਤਰ੍ਹਾਂ ਦੇ ਗੁਰੂ ਸਾਹਿਬ ਦੇ ਸਮੇਂ ਇਹ ਵਰਤੋ ਵਿਚ ਲਿਆਂਦੇ ਜਾਂਦੇ ਸਨ। ਉਨ੍ਹਾਂ ਦੱਸਿਆ ਕਿ ਕਿਲ੍ਹਾ ਤਾਰਾਗੜ੍ਹ ਸਾਹਿਬ ਨੇੜੇ ਭਾਈ ਘਨ੍ਹਈਆ ਜੀ ਬਾਉਲੀਆਂ ਤੋਂ ਆਪਣੀ ਤੇ ਦੁਸ਼ਮਨ ਫੌਜਾਂ ਦੀ ਸੈਨਾ ਨੂੰ ਜਲ ਪਿਲਾਉਂਦੇ ਤੇ ਮੱਲ੍ਹਮ ਪੱਟੀ ਕਰਦੇ ਸਨ। ਇਥੇ ਹੀ 500 ਬ੍ਰਹਮ ਗਿਆਨੀ ਹਰ ਵੇਲੇ ਭਜਨ ਬੰਦਗੀ ਕਰਦੇ ਸਨ। ਇਤਿਹਾਸਕਾਰਾਂ ਦੇ ਮਤ ਅਨੁਸਾਰ ਗੁਰੂ ਸਾਹਿਬ ਖੁਦ ਵੀ ਉਥੇ ਜਾ ਕੇ ਸੇਵਾ ਕਰਦੇ ਹੁੰਦੇ ਸਨ। ਇਸ ਲਈ ਇਹ ਕਿਲ੍ਹੇ ਨੂੰ ਉਸੇ ਇਤਿਹਾਸ ਦੀ ਤਰਜ਼ 'ਤੇ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕਿਲਾ ਲੋਹਗੜ੍ਹ ਸਾਹਿਬ ਵਿਚ ਗੁਰੂ ਸਾਹਿਬ ਦਾ ਸ਼ਸਤਰ ਬਣਾਉਣ ਦਾ ਕਾਰਖਾਨਾ ਸੀ। ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਕਿਲ੍ਹੇ ਨੂੰ ਉਹੀ ਪੁਰਾਤਨ ਦਿੱਖ ਦੇਣੀ ਹੈ ਤੇ ਇਥੇ ਪੁਰਾਤਨ ਸ਼ਸਤਰ ਬਣਾਉਣ ਦਾ ਕਾਰਖਾਨਾ ਵੀ ਲਾਇਆ ਜਾਵੇਗਾ।

ਜਥੇਦਾਰ ਭੌਰ ਨੇ ਦੱਸਿਆ ਕਿ ਕਿਲ੍ਹਾ ਹੋਲਗੜ੍ਹ ਵਿਖੇ ਗੁਰੂ ਗੋਬਿੰਦ ਸਿੰਘ ਦਾ ਭਾਈ ਨੰਦ ਲਾਲ ਨਾਲ ਮੇਲ ਹੋਇਆ ਸੀ। ਇਸ ਕਿਲ੍ਹੇ ਦਾ ਪੁਰਾਤਨ ਦਿੱਖ ਅਨੁਸਾਰ ਨਵੀਨੀਕਰਨ ਕੀਤੇ ਜਾਣ ਦੇ ਨਾਲ-ਨਾਲ ਭਾਈ ਨੰਦ ਲਾਲ ਦੀ ਯਾਦ ਨੂੰ ਤਾਜ਼ਾ ਕਰਦਾ ਇਤਿਹਾਸ ਵੀ ਦਰਸਾਇਆ ਜਾਵੇਗਾ। ਕਿਲ੍ਹਾ ਫਤਿਹਗੜ੍ਹ ਵਿਚ ਗੁਰੂ ਸਾਹਿਬ ਆਪਣੀਆਂ ਫੌਜਾਂ ਬਣਾ ਕੇ ਮਨਸੂਈ ਜੰਗਾਂ ਕਰਵਾਉਂਦੇ ਸਨ। ਇਸ ਲਈ ਇਸ ਕਿਲ੍ਹੇ ਦਾ ਨਵੀਨੀਕਰਨ ਕਰਕੇ ਲੜਕਿਆਂ ਤੇ ਲੜਕੀਆਂ ਦੀਆਂ ਮਾਰਸ਼ਲ ਆਰਟ ਗੱਤਕੇ ਦੀਆਂ ਅਕੈਡਮੀਆਂ ਸਥਾਪਤ ਕੀਤੀਆਂ ਜਾਣਗੀਆਂ।

## ਮੋਦੀ ਖ਼ਿਲਾਫ਼ ਟਿੱਪਣੀ ਤੋਂ ਸਿਆਸਤ ਗਰਮਾਈ

**ਪਣਜੀ (ਬਿਊਰੋ):** ਫੇਸਬੁੱਕ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਟਿੱਪਣੀ ਕਰਨ ਵਾਲੇ 33 ਸਾਲ ਦੇ ਇੰਜੀਨੀਅਰ ਦੇਵੂ ਛੋਡਨਕਰ 'ਤੇ ਦਰਜ ਕੇਸ ਵਿਚ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ ਗਿਆ ਹੈ। ਗੋਆ ਦੇ ਪੁਲਿਸ ਮੁਖੀ ਟੀ. ਮੋਹਨ ਨੇ ਸਮਾਜਕ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਇਹ ਭਰੋਸਾ ਦਿੱਤਾ ਹੈ।

ਲੋਕ ਸਭਾ ਚੋਣਾਂ ਦੌਰਾਨ 23 ਮਾਰਚ ਨੂੰ ਦੇਵੂ ਨੇ ਸ੍ਰੀ ਮੋਦੀ ਖ਼ਿਲਾਫ਼ ਸੋਸ਼ਲ ਨੈੱਕਵਰਕਿੰਗ ਸਾਈਟ 'ਤੇ ਟਿੱਪਣੀ ਕੀਤੀ ਸੀ। ਰੌਲਾ ਪੈਣ 'ਤੇ ਉਸ ਨੇ ਇਸ ਨੂੰ ਹਟਾ ਲਿਆ ਸੀ ਪਰ ਗੋਆ ਦੇ ਕਾਰੋਬਾਰੀ ਅਤੁਲ ਪਾਈ ਕੇਨ ਨੇ ਉਸ ਖ਼ਿਲਾਫ਼ ਸਾਈਬਰ ਅਪਰਾਧ ਸੈੱਲ ਵਿਚ ਇਸ ਦੀ ਸ਼ਿਕਾਇਤ ਦਰਜ ਕਰਵਾ ਦਿੱਤੀ ਸੀ।

ਡੀ.ਜੀ.ਪੀ ਨੂੰ ਮਿਲਣ ਗਏ ਵਫ਼ਦ ਦੀ ਅਗਵਾਈ ਕਰਨ ਵਾਲੇ ਡਾਕਟਰ ਸਮੀਰ ਕੇਕਰ ਨੇ ਜਾਣਕਾਰੀ ਦਿੱਤੀ ਕਿ ਸਾਈਬਰ ਸੈੱਲ ਨੇ ਸਹੀ ਜਾਂਚ ਨਹੀਂ ਕੀਤੀ। ਸਿਆਸੀ ਪਾਰਟੀਆਂ ਤੇ ਸਮਾਜਕ ਕਾਰਕੁਨਾਂ ਨੇ ਗੋਆ ਪੁਲਿਸ ਦੇ ਹੈੱਡ-ਕੁਆਰਟਰ 'ਤੇ ਪ੍ਰਦਰਸ਼ਨ ਕੀਤਾ ਸੀ ਜਿਸ ਤੋਂ ਬਾਅਦ ਮੁੱਖ ਮੰਤਰੀ ਮਨੋਹਰ ਪਾਰਿਕਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਇਸ ਮਾਮਲੇ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ।


Quick DOT
& Registration Services

Ph: 510-789-8686

Fax: 510-894-0499; e-mail: quickdrs@gmail.com
37555 Dusterberry Way, Suite# 12, Fremont, CA 94536

DMV ਦੇ ਐਨ ਸਾਹਮਣੇ

ਡੀ ਐਮ ਵੀ ਰਜਿਸਟੇਰਸ਼ਨ ਸੇਵਾਵਾਂ

- IRP License Plate
- MC ICC Authority
- CA Number
- BIT Enrollment
- Hwy Use Tax IRS 2290
- Vin Verification
- US DOT Number
- UCR and Boc3
- Motor Carrier Permit
- EPN Enrollment
- Fuel Tax Returns IFTA Quarterly
- SCAC Code
- Permits For: New Mexico, Kentucky, New York & Oregon



ਡੀ ਐਮ ਵੀ ਲਾਈਨਾਂ ਵਿਚ ਖੜ੍ਹੇ ਹੋਣ ਦੀ ਲੋੜ ਨਹੀ

ਕਾਰਾਂ, ਟਰੱਕਾਂ ਦੀ ਰਜਿਸਟਰੇਸ਼ਨ, ਰੀਨਿਊਵਲ, ਟਰਾਂਸਫਰ, ਡੁਪਲੀਕੇਟ ਟਾਈਟਲ, ਸਟਿੱਕਰ/ਟੈਗ

We also file Corporations for Individual and Small Businesses





ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ

GILL EXPRESS


TRUCK TIRE ON SALE

WITH PURCHASE OF 8 TIRES

269.99 Installed

LP22.5

PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop



CASH PRICE STEER OR DRIVE

FET, SALES TAX, MOUNTING INCLUDED

INSTALLED OUT THE DOOR PRICE

661-203-0433

## ਨਸ਼ਿਆਂ ਦੇ ਖ਼ਾਤਮੇ ਲਈ ਗੰਭੀਰ ਹੋਵੇ ਸਰਕਾਰ: ਜਥੇਦਾਰ ਗੁਰਬਚਨ ਸਿੰਘ

**ਜਲੰਧਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਅਪੀਲ ਕਰਦਿਆਂ ਨਸ਼ੇ ਵੇਚਣ ਤੇ ਖਰੀਦਣ ਵਾਲਿਆਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ। ਇਥੇ ਨਿਰਮਲ ਕੁਟੀਆ, ਸੀਚੇਵਾਲ ਵਿਚ ਸੰਤ ਅਵਤਾਰ ਸਿੰਘ ਦੀ 26ਵੀਂ ਬਰਸੀ ਮੌਕੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਨਸ਼ਿਆਂ ਕਾਰਨ ਪੰਜਾਬ ਦੀ ਜਵਾਨੀ ਤਬਾਹ ਹੋ ਗਈ ਹੈ। ਪੰਜਾਬ ਨੂੰ ਨਸ਼ਾ-ਮੁਕਤ ਕਰਨਾ ਸਰਕਾਰਾਂ ਦਾ ਫਰਜ਼ ਬਣਦਾ ਹੈ ਪਰ ਸੂਬੇ ਵਿਚ ਹਾਲਾਤ ਅਜਿਹੇ ਬਣਦੇ ਗਏ ਕਿ ਜਦੋਂ ਪੁਲਿਸ ਕਿਸੇ ਨਸ਼ਿਆਂ ਦੇ ਕਾਰੋਬਾਰੀ ਨੂੰ ਫੜਦੀ ਸੀ ਤਾਂ ਥਾਣੇ ਪਹੁੰਚਣ ਤੋਂ ਪਹਿਲਾਂ ਹੀ ਕਿਸੇ ਦਾ ਫੋਨ ਚਲਾ ਜਾਂਦਾ ਸੀ, ਜਿਸ ਕਾਰਨ ਪੁਲਿਸ ਉਸ ਨੂੰ ਛੱਡਣ ਲਈ ਮਜਬੂਰ ਹੋ ਜਾਂਦੀ ਸੀ।

ਉਨ੍ਹਾਂ ਕਿਹਾ ਕਿ ਪਿਛਲੇ 5-6 ਸਾਲ ਤੋਂ ਹੀ ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ ਬੜੀ ਤੇਜ਼ੀ ਨਾਲ ਵਧਿਆ। ਸਰਕਾਰਾਂ ਚਾਹੁਣ ਤਾਂ ਬਹੁਤ ਕੁਝ ਕਰ ਸਕਦੀਆਂ ਹਨ। ਮੌਜੂਦਾ ਸਰਕਾਰ ਨੇ ਵੀ ਨਸ਼ਿਆਂ ਨੂੰ ਠੱਲ੍ਹ ਪਾਉਣ ਦੀ ਥੋੜ੍ਹੀ ਜਿਹੀ ਹਿਲਜੁਲ ਕੀਤੀ ਹੈ, ਪਰ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਜਥੇਦਾਰ ਨੇ ਕਿਹਾ ਕਿ ਜਿਸ ਤਰ੍ਹਾਂ ਸਬ ਟੀਵੀ ਚੈਨਲ ਨੇ ਇਕ ਟੀਵੀ ਸੀਰੀਅਲ 'ਲਾਪਤਾਗੰਜ ਫਿਰ ਇਕ ਵਾਰ' ਵਿਚ ਇਕ ਲੜਕੀ ਵੱਲੋਂ ਪੰਜ ਕਰਾਰਾਂ ਵਿਚ ਸ਼ਾਮਲ ਕਿਰਪਾਨ ਦਿਖਾ ਕੇ ਬਲੈਕਮੇਲ ਕਰਨ ਦਾ ਦ੍ਰਿਸ਼ ਪ੍ਰਦਰਸ਼ਤ ਕੀਤਾ ਗਿਆ ਹੈ, ਉਹ ਸਿੱਖੀ ਪਰੰਪਰਾ, ਸਿਧਾਂਤਾਂ ਤੇ ਮਰਿਆਦਾ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਜੇਕਰ ਚੈਨਲ ਵਾਲਿਆਂ ਨੇ ਆਪਣੀ ਗਲਤੀ ਦੀ ਤੁਰੰਤ ਮੁਆਫੀ ਨਾ ਮੰਗੀ ਤਾਂ ਸਿੱਖ ਜਥੇਬੰਦੀਆਂ ਕਾਨੂੰਨੀ ਕਾਰਵਾਈ ਕਰਨ ਲਈ ਮਜਬੂਰ ਹੋਣਗੀਆਂ।

## ਲਾਲੀ ਖਿਲਾਫ਼ ਕੇਸ ਬੰਦ ਕਰਨ ਦੀ ਰਿਪੋਰਟ ਪ੍ਰਵਾਨ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ) ਵੱਲੋਂ ਪ੍ਰਸਾਰ ਭਾਰਤੀ ਦੇ ਸਾਬਕਾ ਮੁਖੀ ਬੀ.ਐਸ. ਲਾਲੀ ਖ਼ਿਲਾਫ਼ ਕੇਸ ਬੰਦ ਕਰਨ ਦੀ ਰਿਪੋਰਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸੀ.ਬੀ.ਆਈ ਵੱਲੋਂ ਸ੍ਰੀ ਲਾਲੀ 'ਤੇ 2010 ਵਿਚ ਕਾਮਨਵੈਲਥ ਖੇਡਾਂ ਦੌਰਾਨ ਪ੍ਰਸਾਰਣ ਅਧਿਕਾਰਾਂ ਬਾਰੇ ਘੁਟਾਲੇ ਦੇ ਦੋਸ਼ਾਂ ਸਬੰਧੀ ਕੋਈ ਸਬੂਤ ਪੇਸ਼ ਨਾ ਕਰ ਸਕਣ ਕਰਕੇ ਅਦਾਲਤ ਨੇ ਇਹ ਫ਼ੈਸਲਾ ਲਿਆ ਹੈ।

## ਗੁਰਦਾਸਪੁਰ ਗੋਲੀ ਕਾਂਡ: ਪੰਜਾਬ ਪੁਲਿਸ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਕਲੀਨ ਚਿੱਟ

**ਚੰਡੀਗੜ੍ਹ:** ਤਕਰੀਬਨ ਇਕ ਸਾਲ ਪਹਿਲਾਂ ਗੁਰਦਾਸਪੁਰ ਵਿਚ ਭੀੜ ਖਿੰਡਾਉਣ ਲਈ ਪੁਲਿਸ ਵੱਲੋਂ ਚਲਾਈ ਗਈ ਗੋਲੀ ਕਾਰਨ ਹਲਾਕ ਹੋਏ ਨੌਜਵਾਨ ਦੇ ਮਾਮਲੇ ਬਾਰੇ ਪੰਜਾਬ ਪੁਲਿਸ ਨੇ ਆਪਣੇ ਮੁਲਾਜ਼ਮਾਂ ਨੂੰ ਕਲੀਨ ਚਿੱਟ ਦਿੱਤੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸੌਂਪੀ ਗਈ ਅੰਤਿਮ ਰਿਪੋਰਟ ਵਿਚ ਪੰਜਾਬ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਏ.ਕੇ.-47 ਨਾਲ ਹਵਾ ਵਿਚ ਫਾਇਰ ਕੀਤਾ ਗਿਆ ਸੀ ਪਰ ਕਿਤੇ ਹੋਰ ਲੱਗਣ ਕਾਰਨ ਗੋਲੀ ਨੇ ਆਪਣਾ ਰੁਖ਼ ਬਦਲ ਲਿਆ, ਜਿਸ ਨਾਲ ਜਸਪਾਲ ਸਿੰਘ ਦੀ ਮੌਤ ਹੋ ਗਈ।

ਰਿਪੋਰਟ ਵਿਚ ਕਿਸੇ ਪੁਲਿਸ ਅਧਿਕਾਰੀ ਦਾ ਸਰੀਰਕ ਸੰਤੁਲਨ ਵਿਗੜਨ ਕਾਰਨ ਗੋਲੀ ਦੀ ਦਿਸ਼ਾ ਬਦਲਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਮੁਲਾਜ਼ਮਾਂ ਨੇ ਡਿਊਟੀ ਮੈਜਿਸਟਰੇਟ ਤੋਂ ਪ੍ਰਦਰਸ਼ਕਾਰੀਆਂ ਨੂੰ ਰੋਕਣ ਵਿਚ ਅਸਫਲ ਰਹਿਣ ਦੀ ਸੂਰਤ ਵਿਚ ਹੰਝੂ ਗੈਸ ਦੀ ਵਰਤੋਂ ਕਰਨ, ਲਾਠੀਚਾਰਜ ਤੇ ਗੋਲੀ ਚਲਾਉਣ ਦੀ ਆਗਿਆ ਲਈ ਹੋਈ ਸੀ।

ਐਸ.ਐਚ.ਓ. ਤੇ ਸਿਪਾਹੀਆਂ ਨੂੰ ਸਥਿਤੀ ਦੀ ਲੋੜ ਅਨੁਸਾਰ ਸਿਰਫ ਹਵਾ ਵਿਚ ਗੋਲੀ ਚਲਾਉਣ ਦੀ ਆਗਿਆ ਦਿੱਤੀ ਗਈ ਸੀ। ਜਿਸ ਹਥਿਆਰ ਵਿਚੋਂ ਗੋਲੀ ਚੱਲੀ ਸੀ ਉਹ ਹੈੱਡ ਕਾਂਸਟੇਬਲ ਵਿਜੈ ਕੁਮਾਰ ਨੂੰ ਅਲਾਟ ਕੀਤਾ ਹੋਇਆ ਸੀ ਪਰ ਵਿਜੈ ਕੁਮਾਰ ਨੇ ਆਪਣੇ ਬਿਆਨਾਂ ਵਿਚ ਆਪਣੀ ਬੰਦੂਕ ਨਾਲ ਗੋਲੀ ਚਲਾਏ ਜਾਣ ਤੋਂ ਇਨਕਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਭੀੜ ਵੱਲੋਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦਿੱਤੇ ਜਾਣ ਦੀ ਕਾਰਵਾਈ ਦਾ ਵਿਰੋਧ ਕੀਤਾ ਜਾ ਰਿਹਾ ਸੀ। ਇਸ ਮਾਮਲੇ ਬਾਰੇ ਐਫ.ਆਈ.ਆਰ. ਗੁਰਦਾਸਪੁਰ ਪੁਲਿਸ ਸਟੇਸ਼ਨ ਵਿਚ 29 ਮਾਰਚ, 2012 ਨੂੰ ਦਰਜ ਕੀਤੀ ਗਈ ਸੀ।

## ਦੇਸ਼ ਦੀ ਸੇਵਾ ਲਈ ਰਾਜਨੀਤੀ ਵਿਚ ਆਉਣ ਦਾ ਮਨ ਬਣਾਇਆ: ਕਿਰਨ ਬੇਦੀ



**ਜੰਮੂ:** ਸਾਬਕਾ ਪੁਲਿਸ ਅਧਿਕਾਰੀ ਕਿਰਨ ਬੇਦੀ ਨੇ ਕਿਹਾ ਕਿ ਉਨ੍ਹਾਂ ਨੇ ਸਿਰਫ ਦੇਸ਼ ਦੀ ਸੇਵਾ ਦੇ ਮਕਸਦ ਨਾਲ ਹੀ ਰਾਜਨੀਤੀ ਵਿਚ ਆਉਣ ਦਾ ਮਨ ਬਣਾਇਆ ਹੈ। ਆਰੀਅਨਜ਼ ਗਰੁੱਪ ਆਫ ਕਾਲਜ, ਚੰਡੀਗੜ੍ਹ ਦੇ ਸੱਦੇ 'ਤੇ ਇਥੇ ਪੁੱਜੀ ਬੇਦੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਰਾਸ਼ਟਰ ਦੇ ਪੁਨਰਨਿਰਮਾਣ ਦੇ ਸਵੈਮਾਣ ਯੁੱਗ ਦਾ ਆਗਾਜ਼ ਹੋ ਚੁੱਕਿਆ ਹੈ। ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਨਰਿੰਦਰ ਮੋਦੀ ਨਾ ਸਿਰਫ ਦੇਸ਼ ਵਿਚ ਪੱਟੜੀ ਤੋਂ ਉਤਰੀ ਵਿਵਸਥਾ ਨੂੰ ਦਰੁਸਤ ਕਰਨਗੇ ਸਗੋਂ ਵਿਸ਼ਵ ਭਰ ਵਿਚ ਵੀ ਭਾਰਤ ਦਾ ਗਵਾਚਾ ਹੋਇਆ ਮਾਣ ਵਾਪਸ ਲੈ ਆਉਗੇ।

ਦਿੱਲੀ ਦੇ ਮੁੱਖ ਮੰਤਰੀ ਦੀ ਦਾਅਵੇਦਾਰੀ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਆਪ ਹੀ ਭਾਜਪਾ ਲਈ ਦਿੱਲੀ ਦੀ ਮੁੱਖ ਮੰਤਰੀ ਪਦ ਦਾ ਉਮੀਦਵਾਰ ਬਣਨ ਦੀ ਪੇਸ਼ਕਸ਼ ਕੀਤੀ ਹੈ। ਇਸ ਤੋਂ ਪਹਿਲਾਂ ਉਹ ਮਾਨਸਿਕ ਤੌਰ ਉਤੇ ਤਿਆਰ ਨਹੀਂ ਸਨ। ਉਨ੍ਹਾਂ ਨੂੰ ਹੁਣ ਭਾਜਪਾ ਦੇ ਫ਼ੈਸਲਾ ਦਾ ਇੰਤਜ਼ਾਰ ਹੈ ਤੇ ਜੋ ਵੀ ਫ਼ੈਸਲਾ ਹੋਵੇਗਾ, ਉਨ੍ਹਾਂ ਨੂੰ ਸਵੀਕਾਰ ਹੋਵੇਗਾ। ਆਮ ਆਦਮੀ ਪਾਰਟੀ ਬਾਰੇ ਪੁੱਛੇ ਗਏ ਸਵਾਲ 'ਤੇ ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਕੁਝ ਵੀ ਨਹੀਂ ਬੋਲਣਾ ਚਾਹੁੰਦੇ। ਅਰਵਿੰਦ ਕੇਜਰੀਵਾਲ ਦੇ ਜੇਲ੍ਹ ਜਾਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ (ਕੇਜਰੀਵਾਲ) ਸਮਝਦਾਰ ਹਨ ਤੇ ਆਪਣੇ ਸਮਝਦਾਰੀ 'ਤੇ ਕੰਮ ਕਰ ਰਹੇ ਹਨ। ਇਸ ਲਈ ਇਹ ਵਿਸ਼ਾ ਉਨ੍ਹਾਂ 'ਤੇ ਹੀ ਛੱਡ ਦੇਣਾ ਚਾਹੀਦਾ ਹੈ।

## ਹਰਸਿਮਰਤ ਨੂੰ ਵਜ਼ੀਰੀ ਬਖ਼ਸ਼ ਕੇ ਮੋਦੀ ਨੇ ਪਰਿਵਾਰਵਾਦ ਦੀ ਰੀਤ ਅੱਗੇ ਤੋਰੀ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰਨ ਦੇ ਫੈਸਲੇ ਨੂੰ ਮੰਦਭਾਗਾ ਕਰਾਰ ਦਿੱਤਾ ਹੈ, ਜਿਹੜਾ ਵੰਸ਼ਵਾਦ ਦੀ ਸਿਆਸਤ ਖਿਲਾਫ਼ ਉਨ੍ਹਾਂ (ਮੋਦੀ) ਦੇ ਸਿਧਾਂਤ ਦੇ ਹੀ ਉਲਟ ਹੈ।



ਸ. ਬਾਜਵਾ ਨੇ ਕਿਹਾ ਕਿ ਹਰਸਿਮਰਤ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਤਨੀ ਹੈ, ਜਿਹੜੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਇਕਲੌਤੇ ਬੇਟੇ ਹਨ। ਸੂਬੇ ਦੇ ਖੁਰਾਕ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੇ ਜਵਾਈ ਹਨ। ਬਿਕਰਮ ਸਿੰਘ ਮਜੀਠੀਆ, ਜੋ ਨਸ਼ਾ ਤਸਕਰੀ ਦੇ ਰੈਕੇਟ ਸਮੇਤ ਹੋਰ ਮਾਮਲਿਆਂ 'ਚ ਹਮੇਸ਼ਾ ਵਿਵਾਦਾਂ ਨਾਲ ਜੁੜੇ ਰਹੇ ਹਨ, ਹਰਸਿਮਰਤ ਬਾਦਲ ਦੇ ਭਰਾ ਹਨ। ਇਸ ਤਰ੍ਹਾਂ ਬਾਦਲ ਪਰਿਵਾਰ ਦੇ ਸਾਰੇ ਮੁੱਖ ਮੈਂਬਰ ਸਰਕਾਰ ਵਿਚ ਸ਼ਾਮਲ ਹਨ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਦੇਸ਼ ਵਿਚ ਪਰਿਵਾਰਵਾਦ ਨੂੰ ਵਾਧਾ ਦੇਣ ਦੀ ਅਜਿਹੀ ਕੋਈ ਹੋਰ ਉਦਾਹਰਣ ਨਹੀਂ ਹੋ ਸਕਦੀ, ਜਿਸ ਤਹਿਤ ਸ. ਬਾਦਲ ਦੀ ਅਗਵਾਈ ਵਿਚ ਪੰਜਾਬ ਨੂੰ ਇਹ ਵੱਖਰੀ ਪਛਾਣ ਮਿਲੀ ਹੈ।

ਇਸ ਪੂਰੀ ਪ੍ਰਕਿਰਿਆ ਦੌਰਾਨ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਚੁਣੇ ਗਏ ਅਕਾਲੀ ਦਲ ਦੇ ਸੀਨੀਅਰ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਸ. ਬਾਜਵਾ ਨੇ ਕਿਹਾ ਕਿ ਉਹ ਮੋਦੀ ਮੰਤਰੀ ਮੰਡਲ ਵਿਚ ਪੰਜਾਬ ਨੂੰ ਪ੍ਰਤੀਨਿਧਤਾ ਦੇਣ ਦੇ ਖਿਲਾਫ ਨਹੀਂ ਹਨ ਪਰ ਸ੍ਰੀ ਮੋਦੀ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਕੀ ਇਹ ਪਰਿਵਾਰਵਾਦ ਦੀ ਸਿਆਸਤ ਵਿਚ ਵਾਧਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਦਾ ਜ਼ਿਕਰ ਕਰਕੇ ਯੂ.ਪੀ.ਏ. ਸਰਕਾਰ ਨੂੰ ਮਾਂ-ਬੇਟੇ ਦੀ ਸਰਕਾਰ ਦੱਸਿਆ ਸੀ।


ਗੁਰਦੁਆਰਾ ਸਿੰਘ ਸਭਾ ਮਿਲਪੀਟਸ



ਵਿਖੇ ਨਗਰ ਕੀਰਤਨ

1 ਜੂਨ, 2014 ਐਤਵਾਰ

ਸਾਕਾ ਦਰਬਾਰ ਸਾਹਿਬ 1984-ਸ਼ਹੀਦੀ ਜੋੜ ਮੇਲਾ

ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਲੋਂ

'ਸਾਕਾ ਦਰਬਾਰ ਸਾਹਿਬ 1984'

ਦੀ ਯਾਦ ਵਿਚ ਪਹਿਲੀ ਵਾਰ ਇਸ ਏਰੀਏ 'ਚ ਨਗਰ ਕੀਰਤਨ ਹੋ ਰਿਹਾ ਹੈ, ਜਿਸ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਤੇ ਚੱਲ ਰਹੀਆਂ ਹਨ। ਸਾਕਾ 1984 ਵਿਚ ਸ਼ਹੀਦ ਹੋਣ ਵਾਲੇ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਲਈ ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਪਹਿਲੀ ਜੂਨ ਐਤਵਾਰ ਨੂੰ ਕੀਤੇ ਜਾਣ ਵਾਲੇ ਇਸ ਸ਼ਹੀਦੀ ਜੋੜ ਮੇਲੇ ਸਬੰਧੀ ਅਲੱਗ ਅਲੱਗ ਪ੍ਰੋਗਰਾਮ ਰੱਖੇ ਹਨ। ਕੋਰਡੋਜ਼ਾ ਪਾਰਕ ਵਿਚ ਭਾਰੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਸਾਕਾ ਦਰਬਾਰ ਸਾਹਿਬ ਸਬੰਧੀ ਵੀਡੀਓ ਫਿਲਮਾਂ, ਬੱਚਿਆਂ ਦੇ ਪ੍ਰੋਗਰਾਮ, ਗਤਕਾ ਅਤੇ ਘੋੜਸਵਾਰੀ ਦੇ ਜੌਹਰ ਦਿਖਾਏ ਜਾਣਗੇ।


ਤੀਰ ਅੰਦਾਜ਼ੀ


ਘੋੜ-ਸਵਾਰੀ ਦੇ ਜੌਹਰ


ਗਤਕਾ ਮੁਕਾਬਲੇ


ਖੂਨਦਾਨ ਕੈਂਪ, ਮੈਡੀਕਲ ਚੈਕਅਪ

ਧਾਰਮਿਕ ਗੀਤ | 1984 ਦੇ ਹਮਲੇ ਸਬੰਧੀ ਵੀਡੀਓ ਫਿਲਮ

ਸ਼ਹੀਦਾਂ ਦੀ ਯਾਦ ਵਿਚ ਖੂਨਦਾਨ ਕੈਂਪ ਵੀ ਲੱਗੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ : 408-898-7056, 408-772-0600, 408-520-8800

ਪ੍ਰੋਗਰਾਮ ਦਾ ਵੇਰਵਾ :

30 ਮਈ 2014, ਸ਼ੁਕਰਵਾਰ

ਸਥਾਨ : ਸਿੰਘ ਸਭਾ ਗੁਰਦੁਆਰਾ ਮਿਲਪੀਟਸ

680 East Calaveras Blvd

ਆਰੰਭ ਅਖੰਡ ਪਾਠ ਸਾਹਿਬ : ਸਵੇਰੇ 9.00 ਵਜੇ

ਬੱਚਿਆਂ ਦੇ ਸਪੀਚ ਮੁਕਾਬਲੇ :

ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 4.00 ਵਜੇ ਤੱਕ

ਕੀਰਤਨ ਦਰਬਾਰ :

30 ਅਤੇ 31 ਮਈ, ਦੋਵੇਂ ਦਿਨ

ਸ਼ਾਮੀਂ 6.00 ਵਜੇ ਤੋਂ ਰਾਤ 9.00 ਵਜੇ ਤੱਕ

1 ਜੂਨ 2014, ਐਤਵਾਰ

ਭੋਗ ਅਖੰਡ ਪਾਠ ਸਾਹਿਬ : ਸਵੇਰੇ 8.00 ਵਜੇ

ਸਥਾਨ : ਕਾਰਡੋਜ਼ਾ ਪਾਰਕ ਮਿਲਪੀਟਸ

1325 East Claveras Boulevard Milpitas

ਕੀਰਤਨ ਦਰਬਾਰ

ਸਵੇਰੇ 9.00 ਵਜੇ ਤੋਂ 12.00 ਵਜੇ ਤੱਕ

ਰਾਗੀ ਜਥੇ : ਭਾਈ ਅਵਤਾਰ ਸਿੰਘ ਜਲੰਧਰ ਵਾਲੇ, ਭਾਈ ਦਿਲਬਾਗ ਸਿੰਘ ਅਤੇ ਭਾਈ ਹਰਪ੍ਰੀਤ ਸਿੰਘ ਫਰੀਮਾਂਟ ਵਾਲੇ

ਢਾਡੀ ਜਥਾ : ਭਾਈ ਵਰਿੰਦਰ ਸਿੰਘ ਫਰੀਮਾਂਟ

ਕਵੀਸ਼ਰੀ : ਗਿਆਨੀ ਸਰੂਪ ਸਿੰਘ ਸੁਰਵਿੰਡ

ਕਥਾਵਾਚਕ : ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲੇ

ਨਗਰ ਕੀਰਤਨ :

ਦੁਪਹਿਰ 12.00 ਵਜੇ ਤੋਂ 2.00 ਵਜੇ ਤੱਕ

ਧਾਰਮਿਕ ਗੀਤ, ਘੋੜ ਸਵਾਰੀ ਦੇ ਜੌਹਰ, ਤੀਰ-ਅੰਦਾਜ਼ੀ ਅਤੇ 1984 ਦੇ ਹਮਲੇ ਸਬੰਧੀ ਵੀਡੀਓ ਫਿਲਮ

ਦੁਪਹਿਰ 2.00 ਵਜੇ ਤੋਂ ਬਾਅਦ ਸ਼ਾਮ 5.00 ਵਜੇ ਤੱਕ

ਜਸਵੰਤ ਸਿੰਘ ਜੈਸੀ ਨਾਲ ਸੰਪਰਕ ਕਰੋ:

408-736-2451

ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਲੋਂ ਸਮੂਹ ਗੁਰਦੁਆਰਾ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸਾਧ ਸੰਗਤ ਨੂੰ ਇਸ ਨਗਰ ਕੀਰਤਨ ਵਿਚ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ

# ਪੰਜਾਬ ਦੇ ਭਾਜਪਾ ਆਗੂਆਂ ਨੇ ਅਕਾਲੀਆਂ ਮੂਹਰੇ ਲਾਏ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਦੇਸ਼ ਭਰ ਵਿਚ ਮਿਲੇ ਚੰਗੇ ਹੁੰਗਾਰੇ ਪਿੱਛੋਂ ਹੁਣ ਤੱਕ ਨੁੱਕਰੇ ਲੱਗੇ ਰਹੇ ਪੰਜਾਬ ਭਾਜਪਾ ਦੇ ਆਗੂਆਂ ਨੇ ਮੁੱਖ ਹਾਕਮ ਧਿਰ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਜਿਸ ਕਾਰਨ ਤਕਰੀਬਨ ਪੌਣੇ ਦੋ ਦਹਾਕਿਆਂ ਤੋਂ ਚੱਲੇ ਆ ਰਹੇ ਗਠਜੋੜ ਦਰਮਿਆਨ ਅਕਾਲੀ ਦਲ ਪਹਿਲੀ ਵਾਰ ਭਾਜਪਾ ਦੇ ਦਬਾਅ ਅਧੀਨ ਆਇਆ ਦਿਖਾਈ ਦੇ ਰਿਹਾ ਹੈ।




ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਭਾਜਪਾ ਆਗੂਆਂ ਦੀਆਂ ਅਕਾਲੀਆਂ ਪ੍ਰਤੀ ਤਿੱਖੀਆਂ ਟਿੱਪਣੀਆਂ 'ਤੇ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਹਨ। ਇਸ ਦੇ ਉਲਟ ਭਾਜਪਾ ਆਗੂਆਂ ਵੱਲੋਂ ਆਪਣੀ ਭਾਈਵਾਲ ਪਾਰਟੀ 'ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਇਸ ਰਾਜਸੀ ਘਟਨਾਕ੍ਰਮ ਦੌਰਾਨ ਦਿਲਚਸਪ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਪਿਛਲੇ ਸਮੇਂ ਦੌਰਾਨ ਅਕਾਲੀ ਆਗੂਆਂ ਵਿਰੁੱਧ ਖੁੱਲ੍ਹੇਆਮ ਬੋਲਣ ਵਾਲੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ (ਮੁੱਖ ਸੰਸਦੀ ਸਕੱਤਰ) ਨੇ ਇਕ ਤਰ੍ਹਾਂ ਨਾਲ ਮੁੜ ਤੋਂ ਭਾਈਵਾਲ ਤੇ ਆਪਣੀ ਪਾਰਟੀ ਦੇ ਆਗੂਆਂ ਵਿਰੁਧ ਮੋਰਚਾ ਖੋਲ੍ਹ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਭਾਜਪਾ ਦੀ ਪੰਜਾਬ ਮਾਮਲਿਆਂ ਬਾਰੇ ਕਮੇਟੀ ਦੇ ਮੁਖੀ ਸ਼ਾਂਤਾ ਕੁਮਾਰ ਨੇ ਨਸ਼ਿਆਂ ਦੀ ਸਮਗਲਿੰਗ ਤੇ ਰੇਤ ਬਜਰੀ ਦੇ ਮੁੱਦੇ 'ਤੇ ਅਕਾਲੀ ਆਗੂਆਂ ਵਿਰੁੱਧ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ। ਬਲਰਾਮਜੀ ਦਾਸ ਟੰਡਨ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਖ਼ਤਿਆਰ ਕੀਤੀ 'ਹਲਕਾ ਇੰਚਾਰਜਾਂ' ਦੀ ਪ੍ਰਣਾਲੀ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਇਸੇ ਤਰ੍ਹਾਂ ਪਾਰਟੀ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨੇ ਆਖ ਦਿੱਤਾ ਕਿ ਭਾਰਤੀ ਜਨਤਾ ਪਾਰਟੀ ਹੁਣ ਦੱਬੂ ਪਾਰਟੀ ਨਹੀਂ ਰਹੇਗੀ। ਭਾਜਪਾ ਆਗੂਆਂ ਦੀਆਂ ਇਨ੍ਹਾਂ ਟਿੱਪਣੀਆਂ ਨੇ ਅਕਾਲੀ ਦਲ ਦੇ ਆਗੂਆਂ ਦੇ ਮੂੰਹ ਬੰਦ ਕਰ ਦਿੱਤੇ ਹਨ। ਅਕਾਲੀ ਆਗੂ ਭਾਜਪਾ ਵਿਰੁੱਧ ਕੁਝ ਵੀ ਕਹਿਣ ਨੂੰ ਤਿਆਰ ਨਹੀਂ।

ਭਾਜਪਾ ਆਗੂਆਂ ਦੇ ਇਕ ਦਮ ਹਰਕਤ ਵਿਚ ਆਉਣ ਨਾਲ ਭਾਵੇਂ ਗਠਜੋੜ ਸਰਕਾਰ ਨੂੰ ਕੋਈ ਖ਼ਤਰਾ ਨਹੀਂ ਪਰ ਇਕ ਗੱਲ ਸਪੱਸ਼ਟ ਹੋ ਗਈ ਹੈ ਕਿ ਪਿਛਲੇ ਸੱਤਾਂ ਸਾਲਾਂ ਤੋਂ ਨੁਕਰੇ ਲੱਗੀ ਭਾਜਪਾ ਸੂਬੇ ਦੀ ਸੱਤਾ ਵਿਚ ਹੁਣ ਬਰਾਬਰ ਦੀ ਹਿੱਸੇਦਾਰ ਬਣੇਗੀ। ਅਕਾਲੀ ਦਲ ਤੇ ਭਾਜਪਾ ਦਾ ਗਠਜੋੜ 1997 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਣਿਆ ਸੀ ਤੇ ਉਦੋਂ ਤੋਂ ਹੀ ਚਲਦਾ ਆ ਰਿਹਾ ਹੈ। ਇਸ ਰਾਜਸੀ ਗਠਜੋੜ ਨੇ ਹੁਣ ਤੱਕ ਪੰਜ ਲੋਕ ਸਭਾ ਚੋਣਾਂ ਇਕੱਠਿਆਂ ਹੀ ਲੜੀਆਂ ਹਨ। ਇਸ ਰਾਜਸੀ ਗਠਜੋੜ ਨੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਵਿਚ 1997 ਤੇ 2007 ਵਿਚ ਸਰਕਾਰਾਂ ਬਣਾਉਣ ਤੋਂ ਬਾਅਦ ਤੀਜੀ ਵਾਰੀ 2012 ਵਿਚ ਸਰਕਾਰ ਬਣਾਈ ਹੈ। ਸਾਲ 2007 ਵਿਚ ਭਾਜਪਾ ਦੇ 23 ਉਮੀਦਵਾਰਾਂ ਵਿਚੋਂ 19 ਵਿਧਾਇਕ ਜਿੱਤ ਗਏ ਸਨ। ਸਾਲ 2012 ਦੀਆਂ ਚੋਣਾਂ ਨੇ ਰਾਜਸੀ ਦ੍ਰਿਸ਼ ਅਜਿਹਾ ਬਦਲਿਆ ਕਿ ਅਕਾਲੀ ਦਲ ਦੇ ਵਿਧਾਇਕਾਂ ਦੀ ਗਿਣਤੀ 56 ਹੋ ਗਈ ਤੇ ਭਾਜਪਾ ਦੇ ਵਿਧਾਇਕਾਂ ਦੀ ਘੱਟ ਕੇ 12 ਹੀ ਰਹਿ ਗਈ ਸੀ। ਸਾਲ 2012 ਤੋਂ ਬਾਅਦ ਅਕਾਲੀ ਦਲ ਦਾ ਹੱਥ ਉਪਰ ਹੀ ਰਿਹਾ ਹੈ ਪਰ ਤਾਜ਼ਾ ਚੋਣਾਂ ਨੇ ਸਥਿਤੀ ਬਦਲ ਦਿੱਤੀ ਹੈ। ਅਕਾਲੀ ਦਲ ਦੇ ਸੰਸਦ ਮੈਂਬਰ ਨੇ ਭਾਜਪਾ ਦੇ ਸੀਨੀਅਰ ਆਗੂਆਂ ਵੱਲੋਂ ਕੀਤੀਆਂ ਟਿੱਪਣੀਆਂ ਨੂੰ ਉਨ੍ਹਾਂ ਦੇ ਨਿੱਜੀ ਵਿਚਾਰ ਦੱਸਦਿਆਂ ਕਿਹਾ ਕਿ ਇਸ ਬਾਰੇ ਉਹ ਕੁਝ ਵੀ ਨਹੀਂ ਕਹਿਣਗੇ। ਸ. ਬ੍ਰਹਮਪੁਰਾ ਦਾ ਮੰਨਣਾ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਨਸ਼ਿਆਂ ਦੀ ਸਮਗਲਿੰਗ ਤੇ ਰੇਤ ਬਜਰੀ ਦੇ ਮੁੱਦੇ ਹਾਵੀ ਰਹੇ। ਇਨ੍ਹਾਂ ਲਈ ਕਿਸੇ ਖਾਸ ਵਿਅਕਤੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

## ਦੱਬੇ-ਘੁੱਟੇ ਜਵਾਬ ਦੇਣ ਲੱਗੇ ਅਕਾਲੀ ਆਗੂ

ਭਾਜਪਾ ਆਗੂਆਂ ਦੀਆਂ ਤਿੱਖੀਆਂ ਟਿੱਪਣੀਆਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਦਬੇ-ਘੁੱਟੇ ਜਵਾਬ ਦੇਣੇ ਸ਼ੁਰੂ ਕਰ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਆਗੂਆਂ ਨੂੰ ਅਕਾਲੀ-ਭਾਜਪਾ ਦੀ ਤਾਲਮੇਲ ਕਮੇਟੀ ਵਿਚ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਗਠਜੋੜ ਪਾਰਟੀਆਂ ਦੇ ਉਮੀਦਵਾਰਾਂ ਦੀ ਹਾਰ ਦੇ ਕਈ ਕਾਰਨ ਹੋ ਸਕਦੇ ਹਨ ਜਿਨ੍ਹਾਂ ਬਾਰੇ ਚਰਚਾ ਕੀਤੀ ਜਾਣੀ ਚਾਹੀਦੀ ਹੈ। ਡਾ. ਚੀਮਾ ਨੇ ਕਿਹਾ ਕਿ ਕਿਸੇ ਵੀ ਪਾਰਟੀ ਦੇ ਆਗੂ ਨੂੰ ਕੋਈ ਵੀ ਗੱਲ ਮੀਡੀਆ ਵਿਚ ਕਰਨ ਦੀ ਥਾਂ ਪਹਿਲਾਂ ਤਾਲਮੇਲ ਕਮੇਟੀ ਵਿਚ ਵਿਚਾਰ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਦਰਮਿਆਨ ਗਠਜੋੜ ਬਹੁਤ ਪੁਰਾਣਾ ਹੈ ਤੇ ਇਸ ਉਪਰ ਕੋਈ ਅਸਰ ਨਹੀਂ ਪੈਣ ਵਾਲਾ। ਪਾਰਟੀ ਦੇ ਇਕ ਹੋਰ ਸੀਨੀਅਰ ਆਗੂ ਤੇ ਨਵੇਂ ਚੁਣੇ ਐਮਪੀ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਕਹਿਣਾ ਹੈ ਕਿ ਅਕਾਲੀਆਂ ਤੇ ਭਾਜਪਾਈਆਂ ਦਰਮਿਆਨ ਅਕਸਰ ਤਿੱਖੀਆਂ ਗੱਲਾਂ ਚਲਦੀਆਂ ਰਹਿੰਦੀਆਂ ਹਨ ਪਰ ਇਸ ਦੇ ਅਰਥ ਇਹ ਨਹੀਂ ਕੱਢਣੇ ਚਾਹੀਦੇ ਕਿ ਗਠਜੋੜ ਨੂੰ ਕੋਈ ਖ਼ਤਰਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਤੇ ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪ੍ਰਾਪਰਟੀ ਟੈਕਸ ਤੇ ਰੇਤੇ ਦੀ ਮਾਈਨਿੰਗ ਵਿਭਾਗ ਭਾਜਪਾ ਦੇ ਮੰਤਰੀਆਂ ਅਧੀਨ ਆਉਂਦੇ ਹਨ। ਇਹ ਮੰਤਰੀ ਆਪਣੇ-ਆਪਣੇ ਵਿਭਾਗਾਂ ਵਿਚ ਆਜ਼ਾਦੀ ਨਾਲ ਕੰਮ ਕਰ ਰਹੇ ਹਨ। ਅਜਿਹੇ ਵਿਚ ਇਨ੍ਹਾਂ ਫ਼ੈਸਲਿਆਂ ਤੇ ਨੀਤੀਆਂ ਬਾਰੇ ਅਕਾਲੀ ਦਲ 'ਤੇ ਦੋਸ਼ ਲਾਉਣਾ ਗਲਤ ਹੈ।

# ਮਤਰੇਈ ਮਾਂ ਨੇ ਬੱਚੀ ਮਾਰ ਕੇ ਜ਼ਮੀਨ ਹੇਠ ਦੱਬੀ

**ਤਰਨ ਤਾਰਨ:** ਪਿੰਡ ਮਾੜੀ ਥੇਹਵਾਲੀ ਵਿਚ ਇਕ ਮਤਰੇਈ ਮਾਂ ਨੇ ਸਵਾ ਸਾਲ ਦੀ ਬੱਚੀ ਨੂੰ ਗ਼ਲਾ ਦਬਾ ਕੇ ਮਾਰਨ ਉਪਰੰਤ ਘਰ ਅੰਦਰ ਹੀ ਇਕ ਕਮਰੇ ਦੇ ਕੱਚੇ ਫਰਸ਼ ਹੇਠਾਂ ਦੱਬ ਦਿੱਤਾ। ਪੁਲਿਸ ਨੇ ਲਾਸ਼ ਬਰਾਮਦ ਕਰਨ ਤੋਂ ਬਾਅਦ ਅਮਨਦੀਪ ਕੌਰ (30) ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਜਾਣਕਾਰੀ ਮੁਤਾਬਕ ਪਿੰਡ ਵਾਸੀ ਮਲਕੀਅਤ ਸਿੰਘ ਦਾ ਤਕਰੀਬਨ ਅੱਠ ਸਾਲ ਪਹਿਲਾਂ ਲਖਵਿੰਦਰ ਕੌਰ ਨਾਂਅ ਦੀ ਔਰਤ ਨਾਲ ਵਿਆਹ ਹੋਇਆ ਸੀ ਜਿਸ ਵਿਚੋਂ ਉਸ ਦੀਆਂ ਦੋ ਲੜਕੀਆਂ ਪੈਦਾ ਹੋਈਆਂ। ਵੱਡੀ ਲੜਕੀ ਦੀ ਉਮਰ ਤਕਰੀਬਨ ਛੇ ਸਾਲ ਹੈ, ਜਦੋਂਕਿ ਛੋਟੀ ਲੜਕੀ ਕੋਮਲ ਸਵਾ ਕੁ ਸਾਲ ਦੀ ਸੀ। ਤਕਰੀਬਨ ਇਕ ਸਾਲ ਪਹਿਲਾਂ ਮਲਕੀਅਤ ਸਿੰਘ ਨੇ ਅਮਨਦੀਪ ਕੌਰ ਨਾਲ ਆਪਣੇ ਸਬੰਧਾਂ ਕਰਕੇ ਲਖਵਿੰਦਰ ਕੌਰ ਨੂੰ ਤਲਾਕ ਦੇ ਦਿੱਤਾ ਤੇ ਅਮਨਦੀਪ ਕੌਰ ਨਾਲ ਵਿਆਹ ਰਚਾ ਲਿਆ। ਘਟਨਾ ਵਾਲੇ ਦਿਨ ਜਦੋਂ ਮਲਕੀਅਤ ਸਿੰਘ ਆਪਣੇ ਘਰੋਂ ਕਿਧਰੇ ਬਾਹਰ ਗਿਆ ਹੋਇਆ ਸੀ ਤਾਂ ਉਸ ਦੀ ਦੂਜੀ ਪਤਨੀ ਅਮਨਦੀਪ ਕੌਰ ਨੇ ਕੋਮਲ ਦਾ ਗ਼ਲਾ ਦਬਾ ਕੇ ਉਸ ਮਾਰਨ ਉਪਰੰਤ ਉਸ ਦੀ ਲਾਸ਼ ਆਪਣੇ ਘਰ ਦੇ ਇਕ ਕਮਰੇ ਵਿਚ ਦਫ਼ਨਾ ਦਿੱਤੀ। ਉਸ ਨੇ ਆਪਣੇ ਪਤੀ ਦੇ ਘਰ ਪਰਤਣ 'ਤੇ ਉਸ ਨੂੰ ਕੋਮਲ ਦੇ ਕਿਧਰੇ ਗੁੰਮ ਹੋ ਜਾਣ ਬਾਰੇ ਆਖ ਦਿੱਤਾ।

# ਨਰੇਂਦਰ ਮੋਦੀ ਸੀ ਪਟਨਾ ਧਮਾਕਿਆਂ ਦਾ ਨਿਸ਼ਾਨਾ

**ਨਵੀਂ ਦਿੱਲੀ:** ਪਿਛਲੇ ਸਾਲ ਹੋਏ ਪਟਨਾ ਧਮਾਕਿਆਂ ਦਾ ਨਿਸ਼ਾਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਨ। ਇਹ ਦਾਅਵਾ ਕੌਮੀ ਜਾਂਚ ਏਜੰਸੀ (ਐਨ.ਆਈ.ਏ) ਨੇ ਇਸ ਕੇਸ ਵਿਚ ਗ੍ਰਿਫਤਾਰ ਕੀਤੇ ਚਾਰ ਮੁਲਜ਼ਮਾਂ ਤੋਂ ਕੀਤੀ ਪੁੱਛਗਿੱਛ ਦੇ ਆਧਾਰ 'ਤੇ ਕੀਤਾ ਹੈ। ਇਨ੍ਹਾਂ ਚਾਰਾਂ ਦਾ ਸਬੰਧ ਸਿਮੀ ਤੇ ਇੰਡੀਅਨ ਮੁਜਾਹਿਦੀਨ ਨਾਲ ਦੱਸਿਆ ਜਾ ਰਿਹਾ ਹੈ। ਇਨ੍ਹਾਂ ਵਿਚੋਂ ਇਕ ਨਾਬਾਲਗ ਹੈ। ਜਾਂਚ ਏਜੰਸੀ ਦੇ ਡਾਇਰੈਕਟਰ ਜਨਰਲ ਸ਼ਰਦ ਕੁਮਾਰ ਮੁਤਾਬਕ ਧਮਾਕਿਆਂ ਦੀ ਸਾਜ਼ਿਸ਼ ਮੋਦੀ ਨੂੰ ਨਿਸ਼ਾਨਾ ਬਣਾਉਣ ਲਈ ਘੜੀ ਗਈ ਸੀ। ਇਸ ਕੇਸ ਵਿਚ ਫੜੇ ਪਹਿਲੇ ਮੁਲਜ਼ਮਾਂ ਨੇ ਵੀ ਇਹੀ ਸੂਹ ਦਿੱਤੀ ਸੀ ਕਿ ਉਹ ਮੋਦੀ ਦੀਆਂ ਰੈਲੀਆਂ ਵਿਚ ਜਾ ਕੇ ਇਹ ਪਤਾ ਲਾਉਣ ਦਾ ਯਤਨ ਕਰਦੇ ਸਨ ਕਿ ਉਸ ਦੇ ਨੇੜੇ ਕਿਸ ਤਰ੍ਹਾਂ ਪੁੱਜਿਆ ਜਾ ਸਕਦਾ ਹੈ। ਉਨ੍ਹਾਂ ਹੁਣ ਵਾਲੀਆਂ ਗ੍ਰਿਫਤਾਰੀਆਂ ਨੂੰ ਇਸ ਕੇਸ ਦੀ ਵੱਡੀ ਸਫਲਤਾ ਗਰਦਾਨਿਆ ਹੈ। ਗ੍ਰਿਫਤਾਰ ਮੁਲਜ਼ਮਾਂ ਦੀ ਸ਼ਨਾਖਤ ਹੈਦਰ ਅਲੀ, ਮਜੀਬ-ਉਲਾ, ਨੁਮਾਨ ਅਨਸਾਰੀ ਵਜੋਂ ਹੋਈ ਹੈ।

# ਮੈਡੀਕਲ ਅਫਸਰਾਂ ਦੀ ਚੋਣ ਖਾਮੀਆਂ ਭਰਪੂਰ ਕਰਾਰ

**ਚੰਡੀਗੜ੍ਹ:** ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ 2008-09 ਵਿਚ ਮੈਡੀਕਲ ਅਫਸਰਾਂ ਦੀ ਕੀਤੀ ਗਈ ਚੋਣ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਉਸ ਸਮੇਂ ਦੇ ਕਮਿਸ਼ਨ ਦੇ ਚੇਅਰਮੈਨ ਐਸ.ਕੇ. ਸਿਨਹਾ ਤੇ ਕੁਝ ਮੈਂਬਰਾਂ ਨੂੰ ਦੋਸ਼ੀ ਕਿਹਾ ਹੈ ਤੇ ਇਨ੍ਹਾਂ ਉਤੇ 'ਪਹਿਲਾਂ ਹੀ ਤਿਆਰ ਨਤੀਜੇ' ਦੇਣ ਦੇ ਦੋਸ਼ ਲਾਏ ਹਨ। ਜਾਂਚ ਟੀਮ ਨੇ ਕਿਹਾ ਹੈ ਕਿ ਇਨ੍ਹਾਂ 312 ਡਾਕਟਰਾਂ ਦੀ ਚੋਣ ਪ੍ਰਕਿਰਿਆ ਖ਼ਾਮੀਆਂ ਭਰਪੂਰ ਹੈ।

ਜਾਂਚ ਟੀਮ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਮੁੱਢਲੇ ਤੌਰ 'ਤੇ ਤਾਂ ਭ੍ਰਿਸ਼ਟਾਚਾਰ ਰੋਕੂ ਐਕਟ ਤੇ ਆਈ.ਪੀ.ਸੀ ਦੀ ਸਬੰਧਤ ਧਾਰਾਵਾਂ ਤਹਿਤ ਕਮਿਸ਼ਨ ਦੇ ਚੇਅਰਮੈਨ ਤੇ ਮੈਂਬਰਾਂ ਡੀਐਸ ਗਰੇਵਾਲ, ਡਾ. ਸਤਵੰਤ ਸਿੰਘ ਮੋਹੀ, ਡੀ.ਐਸ. ਮਾਹਲ, ਰਵਿੰਦਰ ਕੌਰ, ਅਨਿਲ ਸਰੀਨ ਤੇ ਹੋਰਾਂ ਵਿਰੁੱਧ ਚੋਣ ਵਿਚ ਗੰਭੀਰ ਕੁਤਾਹੀਆਂ ਲਈ ਕੇਸ ਬਣਦਾ ਹੈ। ਇਸ ਦੇ ਨਾਲ ਹੀ ਵਿਸ਼ੇਸ਼ ਜਾਂਚ ਟੀਮ ਨੇ ਚਿਤਾਵਨੀ ਦਿੱਤੀ ਹੈ ਕਿ ਕੇਸ ਦਾ ਸਿੱਟਾ ਅਨਿਸ਼ਚਿਤਤ ਰਹਿ ਸਕਦਾ ਹੈ ਕਿਉਂਕਿ ਕਿਸੇ ਵੀ ਕਿਸਮ ਦਾ ਲੈਣ-ਦੇਣ ਹੋਣ ਦੇ ਸਿੱਧੇ ਸਬੂਤ ਉਪਲਬਧ ਨਹੀਂ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੀ.ਪੀ.ਐਸ.ਸੀ ਦੇ ਮੈਂਬਰਾਂ ਨੇ ਐਸ.ਕੇ. ਸਿਨਹਾ ਨਾਲ ਸਰਗਰਮ ਗੰਢਤੁੱਪ ਕਰ ਕੇ ਪੀ.ਸੀ.ਐਸ.ਐਸ ਚੋਣ 2008-09 ਤੋਂ ਬਿਲਕੁਲ ਪਹਿਲਾਂ ਸਾਰਾ ਚੋਣ ਅਮਲ ਬਦਲਣ ਦਾ ਫੈਸਲਾ ਕਰਦਿਆਂ ਪੱਖਪਾਤੀ ਢੰਗ ਨਾਲ ਸਾਰਾ ਕੰਮ ਕਰਨ ਦੀ ਧਾਰ ਲਈ। ਸਿਨਹਾ ਦੀ 62 ਸਾਲ ਦੀ ਉਮਰੇ ਮੌਤ ਤੋਂ ਤਿੰਨ ਸਾਲ ਮਗਰੋਂ ਇਹ ਰਿਪੋਰਟ ਆਈ ਹੈ। ਵਿਸ਼ੇਸ਼ ਜਾਂਚ ਟੀਮ ਨੇ ਨੌਂ ਮਈ 2006 ਤੋਂ ਦਸੰਬਰ 16, 2011 ਤੱਕ ਡਾ. ਐਸ. ਐਸ. ਮੋਹੀ ਨੇ ਕਮਿਸ਼ਨ ਮੈਂਬਰ ਹੋਣ ਦੌਰਾਨ ਉਸ ਵਿਰੁੱਧ ਮੁੱਢਲੇ ਰੂਪ ਵਿਚ ਅਸਾਸਿਆਂ ਤੋਂ ਜ਼ਿਆਦਾ ਸੰਪਤੀ ਇਕੱਠੀ ਕਰਨ ਦਾ ਕੇਸ ਦਰਜ ਕਰਕੇ ਜਾਂਚ ਕੀਤੇ ਜਾਣ ਦੀ ਸਿਫਾਰਸ਼ ਕੀਤੀ ਹੈ। ਡਾਕਟਰੀ ਦੇ ਖੇਤਰ ਵਿਚ ਸਮਾਜਕ ਕਾਰਜ ਕਰਨ ਦਾ ਲਾਭ ਲੈਣ ਲਈ ਫਰਜ਼ੀ ਸਰਟੀਫਿਕੇਟ ਵਰਤਣ ਵਾਲੇ ਸਾਰੇ ਉਮੀਦਵਾਰਾਂ ਵਿਰੁੱਧ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ ਤੇ ਧੋਖਾਧੜੀ, ਜਾਅਲਸਾਜ਼ੀ (ਸੈਕਸ਼ਨ 120-ਬੀ, 420, 468 ਤੇ 471 ਅਧੀਨ) ਲਾ ਕੇ ਕੇਸ ਦਰਜ ਕਰਕੇ ਜਾਂਚ ਦੀ ਸਿਫਾਰਸ਼ ਕੀਤੀ ਗਈ ਹੈ।

ਚੀਫ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਅਰੁਨ ਪੱਲੀ 'ਤੇ ਆਧਾਰਤ ਬੈਂਚ ਅੱਗੇ ਇਹ ਰਿਪੋਰਟ ਸੀਲਬੰਦ ਲਿਫਾਫੇ ਵਿਚ ਪੇਸ਼ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਚੁਣੇ ਗਏ ਡਾਕਟਰਾਂ ਵਿਚੋਂ 12 ਤਾਂ ਬਹੁਤ ਪ੍ਰਭਾਵਸ਼ਾਲੀ ਪਿਛੋਕੜ ਵਾਲੇ ਸਨ। ਰੱਦ ਕੀਤੇ ਗਏ ਛੇ ਉਮੀਦਵਾਰ ਆਈਏਐਸ, ਆਈਪੀਐਸ ਚੁਣੇ ਗਏ ਸਨ। ਮਾਮਲੇ ਦੀ ਅਗਲੀ ਸੁਣਵਾਈ ਪਹਿਲੀ ਜੁਲਾਈ ਨੂੰ ਹੋਵੇਗੀ।

# ਪਿਤਾ ਨੇ ਦੋ ਬੱਚਿਆਂ ਸਣੇ ਨਹਿਰ ਵਿਚ ਛਾਲ ਮਾਰੀ

**ਬਰਨਾਲਾ:** ਇਥੋਂ ਨੇੜਲੇ ਪਿੰਡ ਹੰਡਿਆਇਆ ਵਾਸੀ ਗੋਪਾਲ ਸਿੰਗਲਾ (29) ਪੁੱਤਰ ਫ਼ਕੀਰ ਚੰਦ ਸਿੰਗਲਾ ਨੇ ਘਰੇਲੂ ਕਲੇਸ਼ ਕਾਰਨ ਆਪਣੇ ਦੋ ਬੱਚਿਆਂ ਸਮੇਤ ਨਹਿਰ ਵਿਚ ਛਾਲ ਮਾਰ ਦਿੱਤੀ। ਪੁਲਿਸ ਨੂੰ ਨਹਿਰ ਕੋਲੋਂ ਇਕ ਖ਼ੁਦਕਸ਼ੀ ਨੋਟ ਵੀ ਮਿਲਿਆ ਹੈ।

ਇਸ ਵਿਚ ਗੋਪਾਲ ਸਿੰਗਲਾ ਨੇ ਆਪਣੇ ਸਹੁਰੇ ਪਰਿਵਾਰ 'ਤੇ ਉਸ ਦੇ ਘਰ ਵਿਚ ਬੇਲੋੜੀ ਦਖ਼ਲਅੰਦਾਜ਼ੀ ਕਰਨ ਦਾ ਦੋਸ਼ ਲਾਇਆ ਹੈ। ਧਨੌਲਾ ਪੁਲਿਸ ਨੇ ਖ਼ੁਦਕੁਸ਼ੀ ਨੋਟ ਦੇ ਆਧਾਰ 'ਤੇ ਸਹੁਰੇ ਪ੍ਰੇਮ ਚੰਦ, ਸੱਸ ਆਸ਼ਾ ਦੇਵੀ, ਪਤਨੀ ਅਨੀਤਾ ਤੇ ਉਸ ਦੇ ਭਰਾਵਾਂ ਰਵੀ ਤੇ ਰਾਜੂ ਖ਼ਿਲਾਫ਼ ਧਾਰਾ 306 ਤਹਿਤ ਕੇਸ ਦਰਜ ਕੀਤਾ ਹੈ।

# ਸਰਕਾਰ ਸਿਰ ਕਬੱਡੀ ਕੱਪ ਦਾ ਉਧਾਰ ਅਜੇ ਵੀ ਬਾਕੀ

**ਬਠਿੰਡਾ:** ਚੌਥੇ ਵਿਸ਼ਵ ਕਬੱਡੀ ਕੱਪ ਦੇ ਛੇ ਮਹੀਨਿਆਂ ਬਾਅਦ ਵੀ ਪੰਜਾਬ ਸਰਕਾਰ ਪ੍ਰਬੰਧਕਾਂ ਦਾ ਉਧਾਰ ਚੁਕਾਉਣ ਵਿਚ ਨਾਕਾਮ ਰਹੀ ਹੈ ਤੇ ਇਹ ਕਾਰੋਬਾਰੀ ਅੱਜ ਵੀ ਸਰਕਾਰੀ ਦਫਤਰਾਂ ਦੇ ਚੱਕਰ ਕੱਟ ਰਹੇ ਹਨ। ਇਥੋਂ ਤੱਕ ਕਿ ਕਬੱਡੀ ਕੱਪ ਵਿਚ ਮਹਿਮਾਨਨਿਵਾਜ਼ੀ ਕਰਨ ਵਾਲੇ ਕਾਰੋਬਾਰੀਆਂ ਦੇ ਤਕਰੀਬਨ ਇਕ ਕਰੋੜ ਰੁਪਏ ਦੇ ਬਕਾਏ ਸਰਕਾਰ ਵੱਲ ਫਸੇ ਹੋਏ ਹਨ। ਵੱਡੀ ਸੱਟ ਬਠਿੰਡਾ ਜ਼ਿਲ੍ਹੇ ਦੇ ਹੋਟਲ ਮਾਲਕਾਂ ਨੂੰ ਵੱਜੀ ਜਿਨ੍ਹਾਂ ਦੀ ਤਕਰੀਬਨ 37.21 ਲੱਖ ਰੁਪਏ ਦੀ ਰਕਮ ਸਰਕਾਰ ਨੇ ਅਜੇ ਤੱਕ ਨਹੀਂ ਤਾਰੀ।



ਬਠਿੰਡੇ ਦੇ ਨੌਂ ਹੋਟਲ ਮਾਲਕਾਂ ਦੇ ਤਕਰੀਬਨ 37.21 ਲੱਖ ਰੁਪਏ ਦੇ ਬਕਾਏ ਸਰਕਾਰ ਵੱਲ ਖੜ੍ਹੇ ਹਨ। ਹੋਟਲ ਮਾਲਕਾਂ ਨੇ ਪਿਛਲੇ ਕਬੱਡੀ ਕੱਪਾਂ ਦੇ ਬਕਾਏ ਵੀ ਸੰਘਰਸ਼ ਕਰਕੇ ਹੀ ਵਸੂਲੇ ਸਨ। ਐਤਕੀਂ ਜਦੋਂ ਚੌਥਾ ਕਬੱਡੀ ਕੱਪ ਸ਼ੁਰੂ ਹੋਇਆ ਸੀ ਤਾਂ ਹੋਟਲ ਮਾਲਕਾਂ ਨੇ ਪਹਿਲਾਂ ਹੀ ਪ੍ਰਸ਼ਾਸਨ ਨਾਲ ਗੱਲ ਖੋਲ੍ਹ ਲਈ ਸੀ। ਪ੍ਰਸ਼ਾਸਨ ਨੇ ਭਰੋਸਾ ਦਿੱਤਾ ਸੀ ਕਿ ਅਦਾਇਗੀ ਪੱਖੋਂ ਕੋਈ ਦਿੱਕਤ ਨਹੀਂ ਆਵੇਗੀ। ਹੁਣ ਹੋਟਲ ਮਾਲਕ ਸਰਕਾਰੀ ਦਫ਼ਤਰਾਂ ਦੇ ਗੇੜੇ ਮਾਰ ਰਹੇ ਹਨ। ਬਠਿੰਡਾ ਦੇ ਐਚ.ਬੀ.ਐਨ ਗਰੁੱਪ ਦੇ ਕੰਟਰੀ ਇਨ ਹੋਟਲ ਦਾ ਸਭ ਤੋਂ ਜ਼ਿਆਦਾ ਬਕਾਇਆ 10.93 ਲੱਖ ਰੁਪਏ ਦਾ ਖੜ੍ਹਾ ਹੈ।

ਇਸੇ ਤਰ੍ਹਾਂ ਹੋਟਲ ਸਟੈਲਾ ਦੇ 6.20 ਲੱਖ ਰੁਪਏ ਤੇ ਕਮਫਰਟ ਇਨ ਦੇ 6.30 ਲੱਖ ਰੁਪਏ ਦੇ ਬਕਾਏ ਖੜ੍ਹੇ ਹਨ। ਬਾਹੀਆ ਰਿਜ਼ੌਰਟ ਦੇ 5.70 ਲੱਖ ਰੁਪਏ ਤੇ ਹੋਟਲ ਸੈਪਲ ਦੇ 5.40 ਲੱਖ ਰੁਪਏ ਦੇ ਬਕਾਏ ਖੜ੍ਹੇ ਹਨ। ਇਵੇਂ ਹੀ ਕ੍ਰਿਸ਼ਨਾ ਕਾਂਟੀਨੈਂਟਲ ਦੇ 1.64 ਲੱਖ, ਹੋਟਲ ਹਾਈਵੇਅ ਦੇ 43,900 ਰੁਪਏ, ਸੈਲੀਬਰੇਸ਼ਨ ਦੇ 30 ਹਜ਼ਾਰ ਤੇ ਸਨਸਿਟੀ ਕਲਾਸਿਕ ਦੇ ਵੀ 30 ਹਜ਼ਾਰ ਦੇ ਬਕਾਏ ਪ੍ਰਸ਼ਾਸਨ ਨੇ ਕਲੀਅਰ ਨਹੀਂ ਕੀਤੇ।

ਮਿਲੀ ਜਾਣਕਾਰੀ ਮੁਤਾਬਕ ਹੋਟਲ ਮਾਲਕਾਂ, ਟੈਂਟ ਮਾਲਕਾਂ ਤੇ ਹੋਰ ਕਈ ਕਾਰੋਬਾਰੀ ਲੋਕਾਂ ਦੇ 84 ਲੱਖ ਰੁਪਏ ਦੇ ਬਕਾਏ ਜਿਲ੍ਹਾ ਪ੍ਰਸ਼ਾਸਨ ਵੱਲ ਫਸੇ ਹੋਏ ਹਨ। ਇਸ ਤੋਂ ਇਲਾਵਾ ਤਕਰੀਬਨ 12 ਲੱਖ ਰੁਪਏ ਪ੍ਰਾਈਵੇਟ ਟਰਾਂਸਪੋਰਟਰਾਂ ਦੇ ਹਨ। ਜ਼ਿਲ੍ਹਾ ਟਰਾਂਸਪੋਰਟ ਦਫ਼ਤਰ ਨੇ ਹਾਲੇ ਤੱਕ ਟਰਾਂਸਪੋਰਟਰਾਂ ਦੇ ਬਿੱਲ ਹੀ ਸਰਕਾਰ ਨੂੰ ਨਹੀਂ ਭੇਜੇ। ਗੁਰੂ ਨਾਨਕ ਟਰੈਵਲਜ ਕੰਪਨੀ ਨੇ 20 ਬੱਸਾਂ ਚੌਥੇ ਕਬੱਡੀ ਕੱਪ ਲਈ ਦਿੱਤੀਆਂ ਸਨ ਜਿਨ੍ਹਾਂ ਦੇ ਤਕਰੀਬਨ ਸੱਤ ਲੱਖ ਰੁਪਏ ਦੇ ਬਕਾਏ ਸਰਕਾਰ ਵੱਲ ਖੜ੍ਹੇ ਹਨ। ਇਸੇ ਤਰ੍ਹਾਂ ਹੋਰ ਕਈ ਟਰਾਂਸਪੋਰਟਰਾਂ ਦੇ ਪੰਜ ਲੱਖ ਰੁਪਏ ਦੇ ਬਕਾਏ ਹਾਲੇ ਤੱਕ ਸਰਕਾਰ ਨੇ ਤਾਰੇ ਨਹੀਂ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਤੀਸਰੇ ਕਬੱਡੀ ਕੱਪ (2012) ਦੇ ਡੇਢ ਲੱਖ ਰੁਪਏ ਦੇ ਬਕਾਏ ਵੀ ਟਰਾਂਸਪੋਰਟਰਾਂ ਦੇ ਹਾਲੇ ਤੱਕ ਨਹੀਂ ਦਿੱਤੇ ਗਏ ਹਨ। ਛੇ ਏ.ਸੀ. ਬੱਸਾਂ ਦਸਮੇਸ਼ ਕੰਪਨੀ ਤੇ ਗੁਰੂ ਨਾਨਕ ਕੰਪਨੀ ਨੇ ਦਿੱਤੀਆਂ ਸਨ ਜਿਨ੍ਹਾਂ ਦੇ 1.50 ਲੱਖ ਰੁਪਏ ਹਾਲੇ ਤੱਕ ਸਰਕਾਰ ਨੇ ਦਿੱਤੇ ਨਹੀਂ ਹਨ। ਟੈਂਟ ਮਾਲਕਾਂ ਦੇ ਤਕਰੀਬਨ ਨੌਂ ਲੱਖ ਰੁਪਏ ਦੇ ਬਕਾਏ ਖੜ੍ਹੇ ਹਨ। ਇਸੇ ਤਰ੍ਹਾਂ ਕੇਟਰਿੰਗ ਵਾਲਿਆਂ ਦਾ ਪੈਸਾ ਵੀ ਬਕਾਇਆ ਹੀ ਪਿਆ ਹੈ। ਜਿਲ੍ਹਾ ਖੇਡ ਅਫਸਰ ਬਠਿੰਡਾ ਦਰਸ਼ਨ ਸਿੰਘ ਭੁੱਲਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਵੱਖਰੇ ਬਿੱਲ ਖੇਡ ਵਿਭਾਗ ਪੰਜਾਬ ਕੋਲ ਭੇਜੇ ਹੋਏ ਹਨ ਜੋ ਕਿ ਹਾਲੇ ਤੱਕ ਪਾਸ ਹੋ ਕੇ ਨਹੀਂ ਆਏ ਹਨ।

ਇਸ ਬਾਰੇ ਡਿਪਟੀ ਕਮਿਸ਼ਨਰ ਕਮਲ ਕਿਸ਼ੋਰ ਯਾਦਵ ਦਾ ਕਹਿਣਾ ਸੀ ਕਿ ਹੋਟਲ ਮਾਲਕਾਂ ਤੇ ਹੋਰਨਾਂ ਦੀ ਵੀ ਬਕਾਇਆ ਅਦਾਇਗੀ ਜ਼ਿਲ੍ਹਾ ਪ੍ਰਸ਼ਾਸਨ ਕੋਲ ਆ ਚੁੱਕੀ ਹੈ। ਤਕਰੀਬਨ 84 ਲੱਖ ਰੁਪਏ ਦੀ ਰਕਮ ਸਰਕਾਰ ਤੋਂ ਹੁਣ ਪ੍ਰਾਪਤ ਹੋ ਚੁੱਕੀ ਹੈ। ਅਗਲੇ ਹਫਤੇ ਉਹ ਚੌਥੇ ਵਿਸ਼ਵ ਕਬੱਡੀ ਕੱਪ ਦੀ ਹਰ ਅਦਾਇਗੀ ਕਲੀਅਰ ਕਰ ਦੇਣਗੇ।

## ਹੋਟਲ ਮਾਲਕ ਐਸੋਸੀਏਸ਼ਨ ਵੱਲੋਂ ਸੰਘਰਸ਼ ਦੀ ਚਿਤਾਵਨੀ

ਹੋਟਲ ਮਾਲਕ ਐਸੋਸੀਏਸ਼ਨ ਨੇ ਇਨ੍ਹਾਂ ਬਕਾਇਆਂ ਦੀ ਸੂਚੀ ਦਿੰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੂੰ 15 ਦਿਨਾਂ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜੇ ਦੋ ਹਫਤਿਆਂ ਵਿਚ ਬਕਾਏ ਨਾ ਦਿੱਤੇ ਤਾਂ ਉਹ ਸੰਘਰਸ਼ ਵਿੱਢਣਗੇ। ਉਨ੍ਹਾਂ ਆਖਿਆ ਕਿ ਸਰਕਾਰ ਹੋਟਲ ਮਾਲਕਾਂ ਤੋਂ ਟੈਕਸ ਤਾਂ ਹੱਥੋ-ਹੱਥ ਵਸੂਲਦੀ ਹੈ, ਇਕ ਦਿਨ ਦੀ ਦੇਰੀ 'ਤੇ ਵੀ ਜੁਰਮਾਨਾ ਪਾਇਆ ਜਾਂਦਾ ਹੈ ਪਰ ਉਨ੍ਹਾਂ ਦੇ ਬਕਾਏ ਛੇ ਮਹੀਨੇ ਤੋਂ ਲਟਕ ਰਹੇ ਹਨ।

# ਯੂਕਰੇਨ ਵੱਲੋਂ ਦੋਨੇਤਸਕ ਦੇ ਹਵਾਈ ਅੱਡੇ 'ਤੇ ਮੁੜ ਕਬਜ਼ੇ ਦਾ ਦਾਅਵਾ

**ਦੋਨੇਤਸਕ (ਯੂਕਰੇਨ):** ਯੂਕਰੇਨ ਨੇ ਦੇਸ਼ ਦੇ ਪੂਰਬੀ ਸ਼ਹਿਰ ਦੋਨੇਤਸਕ ਦੇ ਹਵਾਈ ਅੱਡੇ 'ਤੇ ਮੁੜ ਕਬਜ਼ਾ ਕਰ ਲੈਣ ਦਾ ਦਾਅਵਾ ਕੀਤਾ ਹੈ। ਬਾਗੀਆਂ ਦੇ ਕਬਜ਼ੇ ਹੇਠਲੇ ਇਸ ਸ਼ਹਿਰ ਵਿਚ ਲੜਾਈ ਭੜਕ ਪਈ ਸੀ ਤੇ ਯੂਕਰੇਨ ਵੱਲੋਂ ਕੀਤੇ ਹਵਾਈ ਹਮਲੇ ਵਿਚ ਕੁਝ ਦਰਜਨਾਂ ਲੋਕ ਮਾਰੇ ਜਾਣ ਦੀ ਸੂਚਨਾ ਮਿਲੀ ਸੀ। ਗ੍ਰਹਿ ਮੰਤਰੀ ਆਰਸਨ ਅਵਾਕੋਵ ਨੇ ਇਕ ਬਿਆਨ ਵਿਚ ਦੱਸਿਆ ਕਿ ਹਵਾਈ ਅੱਡਾ ਪੂਰੀ ਤਰ੍ਹਾਂ ਸਾਡੇ ਕੰਟਰੋਲ ਹੇਠ ਹੈ ਤੇ ਦੁਸ਼ਮਣ ਦਾ ਭਾਰੀ ਨੁਕਸਾਨ ਹੋਇਆ ਹੈ। ਮਾਸਕੋ ਵਿਚ ਰੂਸੀ ਵਿਦੇਸ਼ ਮੰਤਰੀ ਸਰਗੇਈ ਲੈਵਰਾਵ ਨੇ ਸਾਰੀਆਂ ਧਿਰਾਂ ਨੂੰ ਹਿੰਸਾ ਬੰਦ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕੀਵ ਦੇ ਅਧਿਕਾਰੀਆਂ ਦਾ ਪਹਿਲਾ ਕੰਮ ਤੇ ਰਾਸ਼ਟਰਪਤੀ ਦੀ ਚੋਣ ਦੇ ਮੱਦੇਨਜ਼ਰ ਉਨ੍ਹਾਂ ਦੀ ਦੀਰਘਤਾ ਦੀ ਅਜ਼ਮਾਇਸ਼ ਇਹ ਹੈ ਕਿ ਲੋਕਾਂ ਖਿਲਾਫ ਫੌਜ ਦੀ ਵਰਤੋਂ ਬੰਦ ਕੀਤੀ ਜਾਵੇ ਤੇ ਸਾਰੀਆਂ ਧਿਰਾਂ ਵੱਲੋਂ ਹਰ ਤਰ੍ਹਾਂ ਦੀ ਹਿੰਸਾ ਰੋਕੀ ਜਾਵੇ।

ਯੂਕਰੇਨੀ ਲੜਾਕੂ ਜਹਾਜ਼ਾਂ ਤੇ ਹੈਲੀਕਾਪਟਰ ਗੰਨਸ਼ਿਪਾਂ ਵੱਲੋਂ ਦੋਨੇਤਸਕ ਦੇ ਹਵਾਈ ਅੱਡੇ 'ਤੇ ਹਮਲਾ ਕੀਤਾ ਗਿਆ ਸੀ। ਦਰਜਨਾਂ ਹਥਿਆਰਬੰਦ ਬੰਦਿਆਂ ਨੇ ਹਵਾਈ ਅੱਡੇ ਨੂੰ ਘੇਰਾ ਪਾ ਲਿਆ ਸੀ। ਇਹ ਹਮਲਾ ਕੀਵ ਦੀ ਬਾਗੀਆਂ ਖਿਲਾਫ ਹੁਣ ਤੱਕ ਦੀ ਸਭ ਤੋਂ ਸਖਤ ਕਾਰਵਾਈ ਮੰਨੀ ਜਾ ਰਹੀ ਹੈ। ਯੂਕਰੇਨ ਦੇ ਕਈ ਸ਼ਹਿਰਾਂ ਵਿਚ ਮਾਸਕੋ ਪੱਖੀ ਬਾਗੀ ਸਰਗਰਮ ਹਨ ਜੋ ਕੀਵ ਦੀ ਪ੍ਰਭੁਤਾ ਨੂੰ ਚੁਣੌਤੀ ਦੇ ਰਹੇ ਹਨ।

# ਓਬਾਮਾ ਨੇ ਪੁੱਛਿਆ ਜਵਾਨਾਂ ਦਾ ਹਾਲਚਾਲ

**ਕਾਬੁਲ:** ਰਾਸ਼ਟਰਪਤੀ ਬਰਾਕ ਓਬਾਮਾ ਅਫਗਾਨਿਸਤਾਨ ਵਿਚ ਤਾਇਨਾਤ ਅਮਰੀਕੀ ਫੌਜੀਆਂ ਨਾਲ ਯਾਦਗਾਰੀ ਦਿਵਸ ਮਨਾਉਣ ਲਈ ਅਚਨਚੇਤ ਇਥੇ ਪੁੱਜੇ।

ਅਮਰੀਕੀ ਫੌਜ 13 ਸਾਲ ਤਾਇਨਾਤ ਰਹਿਣ ਪਿੱਛੋਂ ਹੁਣ ਅਫਗਾਨਿਸਤਾਨ ਛੱਡਣ ਦੀ ਤਿਆਰੀ ਵਿਚ ਹੈ। ਸ੍ਰੀ ਓਬਾਮਾ ਨੇ ਜ਼ਖਮੀ ਫੌਜੀਆਂ ਦਾ ਹਾਲਚਾਲ ਪੁੱਛਿਆ ਤੇ ਹੋਰ ਅਮਰੀਕੀ ਫੌਜੀਆਂ ਨਾਲ ਗੱਲਬਾਤ ਵੀ ਕੀਤੀ। ਫੌਜੀਆਂ ਦੇ ਮਨੋਰੰਜਨ ਲਈ ਉਹ ਸੰਗੀਤ ਸਟਾਰ ਬਰੈਡ ਪੈਸਲੇ ਨੂੰ ਨਾਲ ਲੈ ਕੇ ਆਏ ਹਨ।

# ਮੋਦੀ ਸਰਕਾਰ ਧਾਰਾ 370 ਬਾਰੇ ਬਹਿਸ ਲਈ ਤਿਆਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦਫਤਰ ਦੇ ਰਾਜ ਮੰਤਰੀ ਜਤੇਂਦਰ ਸਿੰਘ ਨੇ ਕਿਹਾ ਹੈ ਕਿ ਨਰਿੰਦਰ ਮੋਦੀ ਸਰਕਾਰ ਜੰਮੂ-ਕਸ਼ਮੀਰ ਵਿਚ ਧਾਰਾ 370 ਬਾਰੇ ਬਹਿਸ ਲਈ ਤਿਆਰ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਇਸ ਮੁੱਦੇ ਬਾਰੇ ਬਹੁਤ ਸਾਰੇ ਤੱਥ ਪਬਲਿਕ ਨੂੰ ਜਚਾਉਣੇ ਅਜੇ ਬਾਕੀ ਹਨ। ਗੌਰਤਲਬ ਹੈ ਕਿ ਸ੍ਰੀ ਮੋਦੀ ਨੇ ਪਿਛਲੇ ਸਾਲ ਦਸੰਬਰ ਵਿਚ ਆਪਣੀ ਰੈਲੀ ਦੌਰਾਨ ਕਿਹਾ ਸੀ ਕਿ ਧਾਰਾ 370 ਬਾਰੇ ਬਹਿਸ ਕੀਤੀ ਜਾ ਸਕਦੀ ਹੈ। ਉਦੋਂ ਉਨ੍ਹਾਂ ਦੇ ਇਸ ਬਿਆਨ ਨੂੰ ਭਾਜਪਾ ਦੇ ਰੁਖ ਵਿਚ ਆਈ ਨਰਮੀ ਵਜੋਂ ਉਭਾਰਿਆ ਗਿਆ ਸੀ।

ਸ੍ਰੀ ਜਤੇਂਦਰ ਸਿੰਘ ਨੇ ਕਿਹਾ ਕਿ ਜੇਕਰ ਅਸੀਂ ਇਸ ਮਸਲੇ ਬਾਰੇ ਬਹਿਸ ਹੀ ਨਹੀਂ ਕਰਾਂਗੇ ਤਾਂ ਇਸ ਮਸਲੇ ਨੂੰ ਸਮਝ ਕਿੰਝ ਸਕਾਂਗੇ ਤੇ ਇਸ ਦਾ ਕੋਈ ਹੱਲ ਕਿੰਝ ਕੱਢਿਆ ਜਾ ਸਕੇਗਾ। ਇਸੇ ਲਈ ਅਸੀਂ ਕਹਿ ਰਹੇ ਹਾਂ ਕਿ ਮਸਲੇ ਬਾਰੇ ਹਰ ਧਿਰ ਨਾਲ ਗੱਲਬਾਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਵਿਚ ਐਤਕੀਂ ਭਾਜਪਾ ਨੇ ਚੋਣਾਂ ਦੌਰਾਨ ਤਕੜੀ ਹਾਜ਼ਰੀ ਲਵਾਈ ਹੈ ਤੇ ਹੁਣ ਕੇਂਦਰ ਸਰਕਾਰ ਸੂਬੇ ਵਲ ਧਿਆਨ ਦੇਵੇਗੀ। ਐਤਕੀਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਤਿੰਨ ਸੀਟਾਂ ਉੱਤੇ ਜਿੱਤ ਹਾਸਲ ਕੀਤੀ ਹੈ। ਬਾਕੀ ਦੀਆਂ ਤਿੰਨ ਸੀਟਾਂ ਉੱਤੇ ਪੀ.ਡੀ.ਪੀ ਨੇ ਕਬਜ਼ਾ ਕੀਤਾ ਹੈ। ਕਾਂਗਰਸ ਤੇ ਨੈਸ਼ਨਲ ਕਾਨਫਰੰਸ ਦੇ ਗੱਠਜੋੜ ਦਾ ਸੂਬੇ ਵਿਚ ਖਾਤਾ ਵੀ ਖੁੱਲ੍ਹਿਆ।

ਉਧਰ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਧਾਰਾ 370 ਰੱਦ ਕਰਨ ਦੀਆਂ ਗੱਲਾਂ ਨੂੰ ਗੈਰ-ਜ਼ਿੰਮੇਵਾਰਾਨਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਧਾਰਾ 370 ਰਾਜ ਤੇ ਬਾਕੀ ਦੇਸ਼ ਵਿਚਕਾਰ ਇਕੋ-ਇਕ ਸੰਵਿਧਾਨਕ ਪੁਲ ਦਾ ਕੰਮ ਕਰਦੀ ਹੈ। ਪੀਪਲਜ਼ ਡੈਮੋਕਰੇਟਿਕ ਪਾਰਟੀ ਦੀ ਆਗੂ ਮਹਿਬੂਬਾ ਨੇ ਵੀ ਇਸ ਬਿਆਨ ਦੀ ਸਖ਼ਤ ਅਲੋਚਨਾ ਕੀਤੀ ਹੈ।

ਨਾਰਦਰਨ ਨੇਵਾਡਾ ਵਿਚ
ਦੋ ਲਿੱਕਰ ਤੇ ਕਨਵੀਨੀਐਂਸ ਸਟੋਰ

ਵਿਕਾਊ ਹਨ

(1) ਮਹੀਨਾਵਾਰ ਸੇਲ: 100,000 ਡਾਲਰ
12 ਏਕੜ ਜ਼ਮੀਨ ਤੇ 3 ਬੈਡਰੂਮ ਘਰ ਸਣੇ ਵਿਕਾਊ

(2) ਮਹੀਨਾਵਾਰ ਸੇਲ: $70,000
ਲੰਮੀ ਲੀਜ਼ 'ਤੇ ਸਿਰਫ $800 ਕਿਰਾਇਆ

ਸੰਪਰਕ ਕਰੋ:
ਫੋਨ: 702-403-9650



Security Cameras
Special promotion
for limited time only

1000 TVL camera for the price of 700 TVL camera
Limit 4 for each customer only

*For more Details, Contact:*
Balbir S Sidhu-209-495-3905 (Cell)
Toll Free (888) 233-4566

DVRunlimited Inc. Fax-(209) 982-9133

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863
Transportation Funding Group, Inc.
Minneapolis , MN 55426

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।


**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹਰਿਮੰਦਰ ਦਾ ਚੌਗਿਰਦਾ ਸਾਫ ਰੱਖਣ ਲਈ ਸਰਕਾਰ ਸਰਗਰਮ



**ਚੰਡੀਗੜ੍ਹ:** ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਸਵੱਛ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਕੰਪਲੈਕਸ ਨੇੜਲੇ ਵਪਾਰਕ ਅਦਾਰਿਆਂ ਨੂੰ ਬਿਨਾਂ ਰੁਕਾਵਟ ਬਿਜਲੀ ਸਪਲਾਈ ਯਕੀਨੀ ਬਣਾਈ ਜਾ ਰਹੀ ਹੈ ਤਾਂ ਜੋ ਇਨ੍ਹਾਂ ਅਦਾਰਿਆਂ ਨੂੰ ਬਿਜਲੀ ਲਈ ਹੋਰ ਸਾਧਨਾਂ ਜਿਵੇਂ ਜਨਰੇਟਰਾਂ ਆਦਿ 'ਤੇ ਨਿਰਭਰ ਨਾ ਹੋਣਾ ਪਵੇ। ਇਸ ਮਕਸਦ ਲਈ 66 ਕੇ.ਵੀ. ਦਾ ਸਬ-ਸਟੇਸ਼ਨ ਸਥਾਪਤ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਇਸ ਕੰਮ 'ਤੇ ਕੁੱਲ 32.40 ਕਰੋੜ ਰੁਪਏ ਖਰਚੇ ਜਾਣ ਦਾ ਪ੍ਰਸਤਾਵ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਬੰਧਤ ਅਧਿਕਾਰੀਆਂ ਵੱਲੋਂ ਪਹਿਲਾਂ ਹੀ ਕਈ ਕਦਮ ਚੁੱਕੇ ਗਏ ਹਨ, ਜਿਨ੍ਹਾਂ ਵਿਚ ਬਿਜਲੀ ਨਾਲ ਚੱਲਣ ਵਾਲੇ ਚਾਰ ਪਹੀਆ ਵਾਹਨ ਵੀ ਸ਼ਾਮਲ ਹਨ।

ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਣ ਲਈ ਪਾਈ ਗਈ ਜਨ ਹਿੱਤ ਪਟੀਸ਼ਨ ਦੀ ਸੁਣਵਾਈ ਮੌਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਬਿਜਲੀ ਨਾਲ ਚੱਲਣ ਵਾਲੇ ਇਹ ਚਾਰ ਪਹੀਆ ਵਾਹਨ ਸੰਗਤ ਨੂੰ ਫੁਹਾਰਾ ਚੌਕ ਤੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੱਕ ਲੈ ਕੇ ਆਉਂਦੇ ਹਨ। ਹਾਈ ਕੋਰਟ ਨੂੰ ਇਹ ਵੀ ਦੱਸਿਆ ਗਿਆ ਕਿ ਜ਼ਿਲ੍ਹਾ ਟਰਾਂਸਪੋਰਟ ਅਫਸਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਕੇ ਖੇਤਰ ਵਿਚ 15 ਸਾਲ ਤੋਂ ਪੁਰਾਣੇ ਵਾਹਨਾਂ ਦੇ ਚੱਲਣ 'ਤੇ ਪਾਬੰਦੀ ਲਾਈ ਗਈ ਹੈ। ਭਾਰੀ ਵਾਹਨਾਂ ਦੀ ਆਵਾਜਾਈ ਵੀ ਘੱਟ ਕੀਤੀ ਗਈ ਹੈ। ਅਜਿਹੇ ਵਾਹਨਾਂ 'ਤੇ ਸਵੇਰੇ ਅੱਠ ਵਜੇ ਤੋਂ ਰਾਤ ਅੱਠ ਵਜੇ ਤੱਕ ਆਸ ਪਾਸ ਦੇ ਖੇਤਰ ਵਿਚ ਚੱਲਣ 'ਤੇ ਪਾਬੰਦੀ ਲਾਈ ਹੋਈ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਸੁਝਾਅ ਦਿੱਤਾ ਗਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਦੇ ਖੇਤਰ ਵਿਚ ਵਾਹਨਾਂ ਦੇ ਦਾਖ਼ਲੇ 'ਤੇ ਪੂਰਨ ਪਾਬੰਦੀ ਲਾਈ ਜਾਵੇ। ਕਮੇਟੀ ਨੇ ਹਾਈ ਕੋਰਟ ਨੂੰ ਬੇਨਤੀ ਕੀਤੀ ਸੀ ਕਿ ਅੰਮ੍ਰਿਤਸਰ ਸ਼ਹਿਰ ਵਿਚ ਭਾਰੀ ਵਾਹਨਾਂ ਦੇ ਦਾਖ਼ਲੇ 'ਤੇ ਪਾਬੰਦੀ ਲਾਈ ਜਾਵੇ।

ਇਹ ਸੁਝਾਅ ਪ੍ਰਦੂਸ਼ਣ ਕਾਰਨ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਕੋਈ ਮਾੜਾ ਅਸਰ ਨਾ ਪੈਣ ਬਾਰੇ ਪਾਈ ਗਈ ਪਟੀਸ਼ਨ 'ਤੇ ਦਿੱਤਾ ਗਿਆ।

## ਕਮਾਂਡੋ ਫੋਰਸ ਖਾੜਕੂ ਤਾਰੀ ਦੋ ਸਾਥੀਆਂ ਸਣੇ ਗ੍ਰਿਫਤਾਰ

**ਲੁਧਿਆਣਾ:** ਪੁਲਿਸ ਨੇ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਖਾੜਕੂ ਅਵਤਾਰ ਸਿੰਘ ਤਾਰੀ ਨੂੰ ਦੋ ਸਾਥੀਆਂ ਸਣੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿਚੋਂ ਹੈਰੋਇਨ ਤੇ ਨਸ਼ੀਲਾ ਪਾਊਡਰ ਵੀ ਬਰਾਮਦ ਕੀਤਾ ਹੈ। ਪੁਲਿਸ ਮੁਤਾਬਕ ਤਾਰੀ ਤੇ ਉਸ ਦੇ ਸਾਥੀਆਂ ਨੂੰ ਸੱਗੂ ਚੌਕ ਨੇੜਿਓਂ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਹੈਰੋਇਨ ਦੀ ਸਪਲਾਈ ਕਰਨ ਲਈ ਜਾ ਰਹੇ ਸਨ। ਪੁਲਿਸ ਨੇ ਨਾਕਾਬੰਦੀ ਦੌਰਾਨ ਉਨ੍ਹਾਂ ਕੋਲੋਂ 20 ਗ੍ਰਾਮ ਹੈਰੋਇਨ ਤੇ 125 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ। ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਕਾਬੂ ਕੀਤਾ ਮੁਲਜ਼ਮ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਅਤਿਵਾਦੀ ਅਵਤਾਰ ਸਿੰਘ ਤਾਰੀ (52) ਹੈ। ਤਾਰੀ ਨੇ 1991 ਵਿਚ ਲੁਧਿਆਣਾ ਵਿਚ ਸਨਅਤਕਾਰ ਦਾ ਬੱਚਾ ਅਗਵਾ ਕੀਤਾ ਸੀ ਤੇ ਲੱਖਾਂ ਰੁਪਏ ਦੀ ਫਿਰੌਤੀ ਵੀ ਲਈ ਸੀ। ਉਹ ਕੁਝ ਸਮਾਂ ਜੇਲ੍ਹ ਵੀ ਕੱਟ ਕੇ ਆਇਆ ਹੈ। ਉਹ ਪਿਛਲੇ ਦੋ ਸਾਲਾਂ ਤੋਂ ਹੈਰੋਇਨ ਦੀ ਸਮਗਲਿੰਗ ਕਰਨ ਦਾ ਕੰਮ ਕਰ ਰਿਹਾ ਸੀ।

# ਹਾਈ ਕੋਰਟ ਨੇ ਰਸੂਖ ਵਾਲੇ ਕੈਦੀਆਂ ਨੂੰ ਪੈਰੋਲ ਦੇ ਮਾਮਲੇ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੈਰੋਲ ਦਿੱਤੇ ਜਾਣ ਦੇ ਮਾਮਲੇ 'ਤੇ ਕੁਝ ਕੈਦੀਆਂ ਨੂੰ ਬਾਕੀਆਂ ਨਾਲੋਂ ਵਧੇਰੇ ਲਾਭ ਦਿੱਤੇ ਜਾਣ ਦੀ ਨੀਤੀ ਖ਼ਤਮ ਕਰਨ ਲਈ ਕਿਹਾ ਹੈ। ਅਦਾਲਤ ਨੇ ਪਾਇਆ ਕਿ ਪ੍ਰਭਾਵਸ਼ਾਲੀ ਕੈਦੀ ਤਾਂ ਆਪਣੀ ਦੌਲਤ ਦੀ ਚਾਬੀ ਨਾਲ ਪੈਰੋਲ ਲੈਣ ਵਿਚ ਕਾਮਯਾਬ ਹੋ ਜਾਂਦੇ ਹਨ ਜਦਕਿ ਗਰੀਬ ਕੈਦੀ ਅਜਿਹਾ ਕਰਨ ਵਿਚ ਅਸਫਲ ਰਹਿੰਦੇ ਹਨ।

ਇਸ ਬਾਰੇ ਨਿਯਮ ਬਣਾਉਂਦਿਆਂ ਜਸਟਿਸ ਸਤੀਸ਼ ਕੁਮਾਰ ਮਿੱਤਲ ਤੇ ਜਸਟਿਸ ਕੁਲਦੀਪ ਸਿੰਘ 'ਤੇ ਆਧਾਰਤ ਬੈਂਚ ਨੇ ਆਦੇਸ਼ ਦਿੱਤਾ ਕਿ ਪੈਰੋਲ ਦਿੱਤੇ ਜਾਣ ਸਬੰਧੀ ਬਣਾਏ ਗਏ ਆਧਾਰ ਦੀ ਜਾਂਚ ਹੋਵੇ।

"ਮੈਡੀਕਲ ਆਧਾਰ ਦੇ ਮਾਮਲੇ ਵਿਚ ਮਾਨਤਾ ਪ੍ਰਾਪਤ ਸਰਕਾਰੀ ਹਸਪਤਾਲ ਤੋਂ ਬੀਮਾਰੀ ਬਾਰੇ ਪੁਸ਼ਟੀ ਕੀਤੀ ਜਾਵੇ ਤਾਂ ਜੋ ਕਿਸੇ ਪ੍ਰਾਈਵੇਟ ਹਸਪਤਾਲ ਤੋਂ ਜਾਅਲੀ ਮੈਡੀਕਲ ਸਰਟੀਫਿਕੇਟ ਹਾਸਲ ਕਰਨ ਵਾਲਾ ਵਿਅਕਤੀ ਇਸ ਆਧਾਰ 'ਤੇ ਪੈਰੋਲ ਹਾਸਲ ਨਾ ਕਰ ਸਕੇ।" ਬੈਂਚ ਨੇ ਪ੍ਰਾਈਵੇਟ ਹਸਪਤਾਲਾਂ ਵਿਸ਼ੇਸ਼ ਤੌਰ 'ਤੇ ਮੁਹਾਲੀ ਸਥਿਤ ਗਰੇਸ਼ੀਅਨ ਸੁਪਰ ਸਪੈਸ਼ਲਿਟੀ ਹਸਪਤਾਲ 'ਤੇ ਕਰੜੀ ਨਜ਼ਰ ਰੱਖਣ ਲਈ ਕਿਹਾ ਹੈ। ਇਸ ਹਸਪਤਾਲ ਨੇ "ਜਾਂ ਤਾਂ ਲਾਪ੍ਰਵਾਹੀ ਨਾਲ ਤੇ ਜਾਂ ਫਿਰ ਅਪਰਾਧੀ ਤੱਤਾਂ ਦੀ ਮੱਦਦ ਕਰਨ ਲਈ" ਮੈਡੀਕਲ ਸਰਟੀਫਿਕੇਟ ਜਾਰੀ ਕੀਤੇ ਹਨ, ਜੋ ਕਿ ਬਹੁਤ ਗੰਭੀਰ ਮਾਮਲਾ ਹੈ।

ਇਹ ਹਦਾਇਤਾਂ ਬਲਾਤਕਾਰ ਮਾਮਲੇ ਦੇ ਦੋਸ਼ੀ ਮਨਜੀਤ ਸਿੰਘ ਨੂੰ ਦੋ ਮਹੀਨਿਆਂ ਵਿਚ ਦੋ ਵਾਰ ਪੈਰੋਲ ਦਿੱਤੇ ਜਾਣ ਦੇ ਮਾਮਲੇ 'ਤੇ ਦਿੱਤੀਆਂ ਗਈਆਂ। ਮਾਮਲੇ 'ਤੇ ਸੁਣਵਾਈ ਕਰਦਿਆਂ ਬੈਂਚ ਨੇ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ "ਦੂਜੀ ਵਾਰ ਪੈਰੋਲ ਦਿੱਤੇ ਜਾਣ ਵੇਲੇ ਗਲਤ ਰਿਪੋਰਟ ਬਣਾਉਣ ਬਾਰੇ ਵਧੀਕ ਆਈ.ਜੀ. (ਜੇਲ੍ਹ)-ਕਮ- ਸੁਪਰਡੈਂਟ (ਜੇਲ੍ਹ) ਦੇ ਕਾਰਜ ਢੰਗ ਦੀ ਜਾਂਚ ਕੀਤੀ ਜਾਵੇ। ਬੈਂਚ ਨੇ ਅੱਗੇ ਕਿਹਾ ਕਿ ਭਵਿੱਖ ਵਿਚ ਅਜਹਾ ਹੋਣ ਤੋਂ ਰੋਕਣ ਲਈ ਇਸ ਬਾਰੇ ਲੋੜੀਂਦੀ ਕਾਰਵਾਈ ਤੇ ਢੁਕਵੇਂ ਕਦਮ ਚੁੱਕੇ ਜਾਣ।

ਬੈਂਚ ਨੇ ਜ਼ੋਰ ਦੇ ਕੇ ਕਿਹਾ ਕਿ" ਜੇਲ੍ਹ ਵਿਚ ਹਜ਼ਾਰਾਂ ਕੈਦੀ ਬੰਦ ਹਨ। ਅਦਾਲਤ ਵਿਚ ਕੇਸਾਂ ਦਾ ਹੜ੍ਹ ਆਇਆ ਰਹਿੰਦਾ ਹੈ, ਜਿਥੇ ਕੈਦੀਆਂ ਦੀ ਐਮਰਜੈਂਸੀ ਪੈਰੋਲ ਦੀਆਂ ਅਰਜ਼ੀਆਂ ਜਾਂ ਤਾਂ ਜੇਲ੍ਹ ਸੁਪਰਡੈਂਟ ਕੋਲ ਜਾਂ ਜ਼ਿਲ੍ਹਾ ਮੈਜਿਸਟਰੇਟ ਕੋਲ ਜਾਂ ਐਸ.ਐਸ.ਪੀ. ਕੋਲ ਮਹੀਨਿਆਂ ਬੱਧੀ ਲਟਕਦੀਆਂ ਰਹਿੰਦੀਆਂ ਹਨ ਤੇ ਅਜਿਹੀਆਂ ਅਰਜ਼ੀਆਂ ਦੇ ਜਲਦ ਨਿਬੇੜੇ ਲਈ ਨਿਰਦੇਸ਼ ਦੀ ਮੰਗ ਕੀਤੀ ਜਾਂਦੀ ਹੈ ਪਰ ਜਦੋਂ ਕੋਈ ਕੈਦੀ ਅਮੀਰ ਜਾਂ ਪ੍ਰਭਾਵਸ਼ਾਲੀ ਹੁੰਦਾ ਹੈ ਤਾਂ ਇਹ ਸਾਰੀ ਕਾਰਵਾਈ ਉਸਦੇ ਮੁਤਾਬਕ ਹੁੰਦੀ ਹੈ।" ਜ਼ਿਕਰਯੋਗ ਹੈ ਕਿ ਯੂ.ਟੀ.ਦੇ ਵਧੀਕ ਸੈਸ਼ਨਜ਼ ਜੱਜ ਨੇ ਮਨਜੀਤ ਸਿੰਘ ਨੂੰ 18 ਨਵੰਬਰ 2013 ਨੂੰ ਆਪਣੀ ਨਾਬਾਲਗ ਨੌਕਰਾਣੀ ਨਾਲ ਬਲਾਤਕਾਰ ਕਰਨ ਦੇ ਮਾਮਲੇ ਵਿਚ 12 ਸਾਲਾਂ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਸੀ।

# ਛੋਹਲੇ ਕਦਮ ਦਿਖਾਏ

*(ਸਫਾ ਇਕ ਦੀ ਬਾਕੀ)*

ਵੈਂਕਈਆ ਨਾਇਡੂ, ਨਿਤਿਨ ਗਡਕਰੀ, ਉਮਾ ਭਾਰਤੀ, ਮੇਨਕਾ ਗਾਂਧੀ, ਅਨੰਤ ਕੁਮਾਰ, ਰਵੀ ਸ਼ੰਕਰ ਪ੍ਰਸਾਦ, ਸਮ੍ਰਿਤੀ ਇਰਾਨੀ ਤੇ ਹਰਸ਼ਵਰਧਨ ਅਹਿਮ ਚਿਹਰੇ ਹਨ। ਇਸ ਤੋਂ ਇਲਾਵਾ ਕੌਮੀ ਜਮਹੂਰੀ ਗੱਠਜੋੜ ਦੇ ਭਾਈਵਾਲਾਂ ਵਿਚੋਂ ਰਾਮ ਵਿਲਾਸ ਪਾਸਵਾਨ (ਲੋਕ ਜਨ ਸ਼ਕਤੀ ਪਾਰਟੀ), ਹਰਸਿਮਰਤ ਕੌਰ ਬਾਦਲ (ਅਕਾਲੀ ਦਲ), ਅਨੰਤ ਗੀਤੇ (ਸ਼ਿਵ ਸੈਨਾ) ਤੇ ਅਸ਼ੋਕ ਰਾਜਪਤੀ ਰਾਜੂ (ਤੇਲਗੂ ਦੇਸਮ ਪਾਰਟੀ) ਨੂੰ ਮੰਤਰੀ ਮੰਡਲ ਵਿਚ ਲਿਆ ਗਿਆ ਹੈ।

ਸ੍ਰੀ ਮੋਦੀ ਦੀ ਟੀਮ ਵਿਚ ਔਰਤਾਂ ਨੂੰ ਭਾਵੇਂ 35 ਫੀਸਦੀ ਨੁਮਾਇੰਦਗੀ ਤਾਂ ਨਹੀਂ ਮਿਲੀ, ਫਿਰ ਵੀ ਸੱਤ ਇਸਤਰੀਆਂ ਨੂੰ ਮੰਤਰੀ ਮੰਡਲ ਵਿਚ ਲੈ ਕੇ ਪ੍ਰਧਾਨ ਮੰਤਰੀ ਨੇ ਇਹ ਦਰਸਾ ਦਿੱਤਾ ਕਿ ਉਹ ਨਾਰੀ ਜਾਤੀ ਨੂੰ ਬਣਦਾ ਮਾਣ-ਸਨਮਾਨ ਦੇਣ ਦੇ ਚਾਹਵਾਨ ਹਨ। ਮੰਤਰੀ ਮੰਡਲ ਵਿਚ ਜਿਨ੍ਹਾਂ ਮਹਿਲਾ ਨੇਤਾਵਾਂ ਨੂੰ ਲਿਆ ਗਿਆ ਹੈ, ਉਨ੍ਹਾਂ ਵਿਚ ਸੁਸ਼ਮਾ ਸਵਰਾਜ, ਉਮਾ ਭਾਰਤੀ ਤੇ ਮੇਨਕਾ ਗਾਂਧੀ ਤੋਂ ਇਲਾਵਾ ਨਜਮਾ ਹੈਪਤੁੱਲਾ, ਹਰਸਿਮਰਤ ਕੌਰ ਬਾਦਲ, ਸਮ੍ਰਿਤੀ ਇਰਾਨੀ ਤੇ ਨਿਰਮਲਾ ਸੀਤਾਰਾਮਨ ਸ਼ਾਮਲ ਹਨ। ਸ੍ਰੀ ਮੋਦੀ ਦੀ ਟੀਮ ਵਿਚ ਇਕੋ ਇਕ ਮੁਸਲਿਮ ਚਿਹਰਾ ਨਜਮਾ ਹੈਪਤੁੱਲਾ ਹੈ। ਹੈਰਾਨੀ ਦੀ ਗੱਲ ਹੈ ਕਿ ਭਾਜਪਾ ਨੇ ਆਪਣੇ ਸੀਨੀਅਰ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਨੂੰ ਮੰਤਰੀ ਮੰਡਲ ਵਿਚ ਕੋਈ ਥਾਂ ਨਹੀਂ ਦਿੱਤੀ ਹੈ। ਇਹ ਦੋਵੇਂ ਆਗੂਆਂ ਨੇ ਕਈ ਵਾਰ ਖੁੱਲ੍ਹੇ ਤੌਰ 'ਤੇ ਸ੍ਰੀ ਮੋਦੀ ਦਾ ਵਿਰੋਧ ਕੀਤਾ ਸੀ।

ਸ੍ਰੀ ਮੋਦੀ ਦੀ ਅਗਵਾਈ ਹੇਠ ਕਾਇਮ ਹੋਏ ਕੇਂਦਰੀ ਮੰਤਰੀ ਮੰਡਲ ਵਿਚ ਪੰਜਾਬੀ ਚੰਗਾ ਮੋਰਚਾ ਮਾਰ ਗਏ। ਅੰਮ੍ਰਿਤਸਰ ਤੋਂ ਚੋਣ ਲੜਨ ਵਾਲੇ ਅਰੁਣ ਜੇਤਲੀ ਜਿੱਥੇ ਵਿੱਤ ਤੇ ਰੱਖਿਆ ਮੰਤਰੀ ਬਣੇ ਹਨ, ਉੱਥੇ ਸੁਸ਼ਮਾ ਸਵਰਾਜ ਨੂੰ ਵਿਦੇਸ਼ ਮੰਤਰੀ ਦਾ ਅਹੁਦਾ ਮਿਲਿਆ ਹੈ। ਸੁਸ਼ਮਾ ਸਵਰਾਜ ਅਣਵੰਡੇ ਪੰਜਾਬ ਦੇ ਅੰਬਾਲਾ ਜ਼ਿਲ੍ਹੇ ਦੇ ਜੰਮਪਲ ਹਨ। ਉਨ੍ਹਾਂ ਦੇ ਪਤੀ ਸਵਾਰਜ ਕੌਸ਼ਲ ਪਟਿਆਲੇ ਜ਼ਿਲ੍ਹੇ ਨਾਲ ਸਬੰਧਤ ਹਨ। ਔਰਤਾਂ ਤੇ ਬੱਚਿਆਂ ਦੇ ਕਲਿਆਣ ਬਾਰੇ ਮੰਤਰੀ ਮੇਨਕਾ ਗਾਂਧੀ ਸਿੱਖ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਦੇ ਪਿਤਾ ਟੀ.ਐਸ. ਆਨੰਦ ਫੌਜ ਵਿਚ ਲੈਫਟੀਨੈਂਟ ਕਰਨਲ ਸਨ। ਨਾਨਕਿਆਂ ਵੱਲੋਂ ਉਸ ਦਾ ਸਬੰਧ ਸਰ ਦਾਤਾਰ ਸਿੰਘ ਨਾਲ ਹੈ ਜੋ ਅੰਗਰੇਜ਼ਾਂ ਦੇ ਰਾਜਕਾਲ ਸਮੇਂ ਸਨਮਾਨੇ ਗਏ ਭਾਰਤੀਆਂ ਵਿਚੋਂ ਇਕ ਸਨ ਤੇ ਉਨ੍ਹਾਂ ਨੇ ਨਵੀਂ ਦਿੱਲੀ ਦੀ ਉਸਾਰੀ ਵਿਚ ਮੁੱਖ ਭੂਮਿਕਾ ਨਿਭਾਈ ਸੀ। ਇਸ ਤੋਂ ਇਲਾਵਾ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਵੀ ਕੈਬਨਿਟ ਮੰਤਰੀ ਬਣੇ ਹਨ। ਉਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਤਨੀ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਹੋਣ ਤੋਂ ਇਲਾਵਾ ਪੰਡਿਤ ਜਵਾਹਰ ਲਾਲ ਨਹਿਰੂ ਦੇ ਰਾਜਕਾਲ ਸਮੇਂ ਕੇਂਦਰੀ ਮੰਤਰੀ ਰਹੇ ਸਰਦਾਰ ਸੁਰਜੀਤ ਸਿੰਘ ਮਜੀਠੀਆ ਦੀ ਪੋਤਰੀ ਹਨ।

## ਮੋਦੀ ਦੇ ਕੂਹਣੀ ਮੋੜ ਨਾਲ ਸਭ ਵਿਰੋਧੀ ਚਿਤ

*(ਸਫਾ ਇਕ ਦੀ ਬਾਕੀ)*

ਸੀ.ਬੀ.ਆਈ. ਤੇ ਆਈ.ਬੀ. ਦੇ ਡਾਇਰੈਕਟਰ, ਐਨਫੋਰਸਮੈਂਟ ਡਾਇਰੈਕਟੋਰੇਟ ਅਧਿਕਾਰੀ, ਸੀ.ਬੀ.ਡੀ.ਟੀ. ਦੀ ਚੇਅਰਮੈਨ ਤੇ ਆਰ.ਬੀ.ਆਈ. ਦੇ ਡਿਪਟੀ ਗਵਰਨਰ ਹਿੱਸਾ ਹੋਣਗੇ। ਸੁਪਰੀਮ ਕੋਰਟ ਨੇ ਬੀਤੇ ਹਫਤੇ ਕੇਂਦਰ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਹਫਤੇ ਕਾਲੇ ਧਨ ਦੇ ਸਾਰੇ ਕੇਸਾਂ ਦੀ ਨਿਗਰਾਨੀ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਜਾਵੇ।

## ਬਾਦਲਾਂ ਨੂੰ ਭਾਰਤੀ ਜਨਤਾ ਪਾਰਟੀ ਦੀ ਵੰਗਾਰ !

*(ਸਫਾ ਇਕ ਦੀ ਬਾਕੀ)*

ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਸਿੱਧਾ ਦਖ਼ਲ ਹੈ।

ਪੰਜਾਬ ਭਾਜਪਾ ਦੇ ਆਗੂਆਂ ਨੇ ਸਪਸ਼ਟ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਹੋਰ ਸੂਬਿਆਂ ਵਿਚ ਜਿੱਥੇ ਕਾਂਗਰਸ ਵਿਰੋਧੀ ਲਹਿਰ ਸੀ, ਉਥੇ ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਖ਼ਿਲਾਫ਼ ਲੋਕ ਰੋਹ ਸੀ। ਇਸ ਰੋਹ ਦਾ ਕਾਰਨ ਨਸ਼ਾ ਤਸਕਰੀ, ਪ੍ਰਾਪਰਟੀ ਟੈਕਸ, ਸ਼ਹਿਰੀ ਤੇ ਦਿਹਾਤੀ ਖੇਤਰ ਦੇ ਲੋਕਾਂ ਦਰਮਿਆਨ ਵਿਤਕਰਾ, ਰੇਤ-ਬੱਜਰੀ ਦੀ ਕਾਲਾਬਾਜ਼ਾਰੀ, ਮੈਰਿਜ ਪੈਲੇਸਾਂ ਵਿਚ ਆਬਕਾਰੀ ਵਿਭਾਗ ਦੇ ਠੇਕੇਦਾਰਾਂ ਦੀ ਦਹਿਸ਼ਤ ਤੇ ਵੈਟ ਹਨ। ਉਨ੍ਹਾਂ ਮੰਨਿਆ ਕਿ ਰੇਤ-ਬੱਜਰੀ ਦੀ ਮਾਈਨਿੰਗ ਦਾ ਵਿਭਾਗ ਤਾਂ ਭਾਜਪਾ ਦੇ ਮੰਤਰੀ ਕੋਲ ਹੈ ਪਰ ਇਸ ਧੰਦੇ 'ਤੇ ਕੰਟਰੋਲ ਅਕਾਲੀ ਦਲ ਨਾਲ ਸਬੰਧਤ ਵਿਅਕਤੀਆਂ ਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਮਾਮਲੇ 'ਤੇ ਅਕਾਲੀ ਦਲ ਦੇ ਆਗੂਆਂ ਨੇ ਕਦੀ ਕੋਈ ਲੜ-ਪੱਲਾ ਨਹੀਂ ਫੜਾਇਆ ਹੈ।


**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਨਾਟਕ 'ਧੀਆਂ ਮਰਜਾਣੀਆਂ' ਦੇ ਸਫਲ ਮੰਚਨ ਨੇ ਛੱਡੀ ਅਮਿੱਟ ਛਾਪ

**ਮਾਡੈਸਟੋ (ਬਿਊਰੋ):** ਇੰਡੋ ਅਮੈਰੀਕਨ ਮੋਸ਼ਨ ਪਿਕਚਰਜ਼ ਪ੍ਰੋਡਕਸ਼ਨ ਦੇ ਪ੍ਰੋਡਿਊਸਰ ਰੇਅ ਵਾਲੀਆ ਦੀ ਪੇਸ਼ਕਸ਼ ਤੇ ਉਘੇ ਐਕਟਰ, ਵਿਚ ਅਜਮੇਰ ਸਿੰਘ ਔਲਖ ਦੇ ਲਿਖੇ ਇਸ ਨਾਟਕ ਨੂੰ ਨਿਰਦੇਸ਼ਕ ਅਸ਼ੋਕ ਟਾਂਗਰੀ ਦੀ ਟੀਮ ਨੇ ਇੰਨੀ ਬਾਖੂਬੀ ਖੇਡਿਆ ਕਿ ਦਰਸ਼ਕ ਅਸ਼ ਅਸ਼ ਕਰ ਰਾਹੀਂ ਕੀਤਾ ਗਿਆ ਕਿ ਕੋਈ ਵੀ ਅੱਖ ਛਲਕੇ ਬਿਨਾ ਨਾ ਰਹਿ ਸਕੀ। ਨਾਟਕੀ ਕਹਾਣੀ ਅਤੇ ਉਸ ਦਾ ਨਾਟਕੀ ਰੁਪਾਂਤਰ ਸ਼ੁਰੂ ਤੋਂ ਲੈ ਕੇ ਆਖੀਰ







ਡਾਇਰੈਕਟਰ ਅਸ਼ੋਕ ਟਾਂਗਰੀ ਦੁਆਰਾ ਨਿਰਦੇਸ਼ਤ ਬਹੁ ਚਰਚਿਤ ਨਾਟਕ 'ਧੀਆਂ ਮਰਜਾਣੀਆਂ' ਦਾ ਇਥੋਂ ਦੇ 'ਸਟੇਟ ਥੀਏਟਰ ਆਫ ਮਾਡੈਸਟੋ' ਵਿਚ ਲੰਘੇ ਦਿਨੀਂ ਬਹੁਤ ਹੀ ਸਫਲ ਮੰਚਨ ਕੀਤਾ ਗਿਆ। ਡਾ. ਦਵਿੰਦਰ ਸੰਧੂ ਤੇ ਮਨਮੀਤ ਗਰੇਵਾਲ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਉਠੇ। ਮਾਦਾ ਭਰੂਣ ਹੱਤਿਆ ਦੇ ਵਿਸ਼ੇ 'ਤੇ ਅਧਾਰਿਤ ਇਸ ਨਾਟਕ ਵਿਚ ਸਮਾਜਿਕ ਤਾਣੇ-ਬਾਣੇ ਵਿਚ ਉਲਝੇ ਆਮ ਆਦਮੀ ਦੀ ਮਾਨਸਿਕ ਹਾਲਤ ਦਾ ਬਾਖੂਬੀ ਚਿਤਰਣ ਕੀਤਾ ਗਿਆ। ਸਾਡੇ ਸਮਾਜ ਨੂੰ ਕੋਹੜ ਬਣ ਕੇ ਚਿੰਬੜੀ ਇਸ ਬਿਮਾਰੀ ਦੇ ਲੱਛਣਾਂ ਦਾ ਰੁਪਾਂਤਰ ਇੰਨੇ ਦਿਲ ਵਿੰਨੇ ਦ੍ਰਿਸ਼ਾਂ ਤੱਕ ਦਰਸ਼ਕ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ। ਪਾਤਰਾਂ ਦੇ ਵੱਖ ਵੱਖ ਕਿਰਦਾਰ ਜਿੱਥੇ ਦਰਸ਼ਕਾਂ ਨੂੰ ਹਸਾਉਂਦੇ ਤੇ ਰਵਾਉਂਦੇ ਰਹੇ ਉਥੇ ਨਾਲ ਹੀ ਕਈ ਅਜਿਹੇ ਸਵਾਲ ਵੀ ਖੜੇ ਕਰਦੇ ਰਹੇ ਜਿਨ੍ਹਾਂ ਦੇ ਉਤਰ ਸਾਡੇ ਸਮਾਜ ਨੇ ਹਾਲੇ ਲਭਣੇ ਹਨ।

ਤਕਰੀਬਨ ਸਾਰੇ ਹੀ ਪਾਤਰਾਂ ਦੀ ਮੰਝੀ ਹੋਈ ਅਦਾਕਾਰੀ ਨੇ ਨਾਟਕ ਦੀ ਪੇਸ਼ਕਾਰੀ ਨੂੰ ਚਾਰ ਚੰਦ ਲਾਏ। ਮੁਖ ਪਾਤਰ ਕੁਲਬੀਰ ਦੇ ਰੂਪ ਵਿਚ ਜਸਵੰਤ ਸਿੰਘ ਸ਼ਾਦ ਨੇ ਇੱਕ ਲੰਬਾ ਕਿਰਦਾਰ ਬਾਖੂਬੀ ਨਿਭਾਇਆ। ਕੁਲਬੀਰ ਦੀ ਪਹਿਲੀ ਪਤਨੀ ਦੇ ਰੂਪ 'ਚ ਮੰਝੀ ਹੋਈ ਕਲਾਕਾਰ ਜਸਵਿੰਦਰ ਬੀਸਲਾ ਨੇ ਇੱਕ ਵਾਰ ਫਿਰ ਆਪਣੀ ਕਲਾ ਦਾ ਲੋਹਾ ਮਨਵਾਇਆ। ਉਸ ਦੀ ਦੂਜੀ ਪਤਨੀ ਦੇ ਰੂਪ 'ਚ ਡਿੰਪਲ ਬੈਂਸ ਨੇ ਚੁਸਤ ਚਲਾਕ ਤੇ ਫਫੇ ਕੁੱਟਣੀ ਤੀਵੀਂ ਦੇ ਰੋਲ ਰਾਹੀਂ ਉਹ ਕਮਾਲ ਕੀਤੀ ਕਿ ਦਰਸ਼ਕ ਅਸ਼ ਅਸ਼ ਕਰ ਉਠੇ। ਸੱਸ ਦੇ ਰੋਲ ਵਿਚ ਕੁਲਵਿੰਦਰ ਵਾਲੀਆ ਨੇ ਅਜਿਹੀ ਛਾਪ ਛੱਡੀ ਜੋ ਦਰਸ਼ਕਾਂ ਨੂੰ ਚਿਰਾਂ ਤੱਕ ਯਾਦ ਰਹੇਗੀ। ਕੁਲਬੀਰ ਦੇ ਵਿਗੜੇ ਮੁੰਡੇ ਦੇ ਰੂਪ 'ਚ ਨਿਤਿਨ ਕਪੂਰ ਅਤੇ ਵੱਡੀ ਧੀ ਦੇ ਰੂਪ 'ਚ ਸਿਮਰਨ ਸੰਘਾ ਨੇ ਆਪਣੇ ਛੋਟੇ ਜਿਹੇ ਰੋਲ ਵਿਚ ਹੀ ਦਰਸਾ ਦਿੱਤਾ ਕਿ ਉਹ ਕਿੱਡੇ ਵੱਡੇ ਕਲਾਕਾਰ ਹਨ। ਕੁਲਬੀਰ ਦੇ ਮਾਸਟਰ ਤੇ ਉਸ ਦੀ ਪਤਨੀ ਦੇ ਰੂਪ ਵਿਚ ਰੇਅ ਵਾਲੀਆ ਤੇ ਨਰਿੰਦਰ ਕੌਰ ਸੰਘਾ ਨੇ ਵੀ ਆਪਣੇ ਪ੍ਰਭਾਵਸ਼ਾਲੀ ਕਿਰਦਾਰ ਰਾਹੀਂ ਦਰਸ਼ਕਾਂ ਤੋਂ ਵਾਹ ਵਾਹ ਖੱਟੀ। ਵਿਚੋਲਣ ਦੇ ਰੂਪ 'ਚ ਰਾਜ ਢਿਲੋਂ ਨੇ ਦਰਸ਼ਕਾਂ ਨੂੰ ਹਸਾ ਹਸਾ ਲੋਟ ਪੋਟ ਕਰ ਦਿੱਤਾ। ਜਾਨਵੀ ਬੈਂਸ ਨੂੰ ਬੇਬੀ ਏਂਜਲ ਦੇ ਰੂਪ 'ਚ ਦਰਸ਼ਕਾਂ ਨੇ ਭਰਪੂਰ ਪਿਆਰ ਦਿੱਤਾ। ਨਾਨੇ ਦੇ ਕਿਰਦਾਰ ਵਿਚ ਡਾਇਰੈਕਟਰ ਅਸ਼ੋਕ ਟਾਂਗਰੀ ਨੇ ਵੀ ਹਾਜਰੀ ਲਵਾਈ। ਬੇਹੱਦ ਦਿਲ ਟੁੰਬਵੇਂ ਤੇ ਢੁੱਕਵੇਂ ਸੰਗੀਤ ਅਤੇ ਰੌਸ਼ਨੀ ਨੇ ਨਾਟਕ ਦੀ ਖੂਬਸੂਰਤੀ 'ਚ ਹੋਰ ਵੀ ਵਾਧਾ ਕੀਤਾ। ਦਰਸ਼ਕਾਂ ਨੇ ਨਾਟਕ ਨੂੰ ਇੰਨਾ ਖੁਭ ਕੇ ਮਾਣਿਆਂ ਕਿ ਨਾਟਕ ਦੇ ਖਤਮ ਹੋਣ ਪਿੱਛੋਂ ਕਲਾਕਾਰਾਂ ਨਾਲ ਜਾਣ ਪਹਿਚਾਣ ਕਰਵਾਉਣ ਤੋਂ ਬਾਅਦ ਵੀ ਦਰਸ਼ਕ ਆਪਣੀਆਂ ਸੀਟਾਂ ਤੇ ਬੈਠੇ ਰਹੇ।

ਅੰਤ ਵਿਚ ਬੇਹੱਦ ਸਫਲ ਰਹੇ ਇਸ ਨਾਟਕ ਦੇ ਪ੍ਰੋਡਿਊਸਰ ਰੇਅ ਵਾਲੀਆ ਤੇ ਡਾਇਰੈਕਟਰ ਅਸ਼ੋਕ ਟਾਂਗਰੀ ਨੇ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਨਾਟਕ ਦੇ 4 ਹੋਰ ਸ਼ੋਅ ਫਰਿਜ਼ਨੋ, ਟਰੇਸੀ, ਯੂਬਾ ਸਿਟੀ ਤੇ ਹੇਵਰਡ 'ਚ ਜੁਲਾਈ-ਅਗਸਤ 'ਚ ਕਰਵਾਏ ਜਾ ਰਹੇ ਹਨ।

# ਜੀਓ ਟੀ.ਵੀ. ਨੇ ਪਾਕਿਸਤਾਨੀ ਫੌਜ ਤੇ ਆਈ.ਐਸ.ਆਈ. ਤੋਂ ਮੁਆਫ਼ੀ ਮੰਗੀ

**ਇਸਲਾਮਾਬਾਦ:** ਜੰਗ ਗਰੁੱਪ ਦੀ ਮਾਲਕੀ ਵਾਲੇ ਜੀਓ ਟੀ.ਵੀ. ਨੈੱਟਵਰਕ ਨੇ ਆਪਣੇ ਪ੍ਰਮੁੱਖ ਐਂਕਰ ਹਾਮਿਦ ਮੀਰ 'ਤੇ ਕਾਤਲਾਨਾ ਹਮਲੇ ਲਈ ਲਾਏ ਦੋਸ਼ਾਂ ਬਦਲੇ ਪਾਕਿਸਤਾਨੀ ਫੌਜ, ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਤੇ ਇਸ ਦੇ ਮੁਖੀ ਤੋਂ ਮੁਆਫ਼ੀ ਮੰਗੀ ਹੈ।

ਅੰਗਰੇਜ਼ੀ ਅਖ਼ਬਾਰ 'ਦਿ ਨਿਊਜ਼' ਤੇ ਉਰਦੂ ਅਖ਼ਬਾਰ 'ਜੰਗ' ਵਿਚ ਛਾਪੀ ਗਈ ਮੁਆਫ਼ੀ ਵਿਚ ਮੀਡੀਆ ਗਰੁੱਪ ਨੇ ਸਪਸ਼ਟ ਕੀਤਾ ਕਿ ਉਹ ਪਾਕਿਸਤਾਨੀ ਦਸਤਿਆਂ ਤੇ ਇਨ੍ਹਾਂ ਦੀ ਲੀਡਰਸ਼ਿਪ ਦਾ ਪੂਰਾ ਸਤਿਕਾਰ ਕਰਦਾ ਹੈ। ਮੀਡੀਆ ਗਰੁੱਪ ਨੇ ਆਖਿਆ ਕਿ ਕਾਫੀ ਸੋਚ-ਵਿਚਾਰ, ਸੰਪਾਦਕੀ ਬਹਿਸ ਮੁਬਾਹਿਸੇ, ਫੀਡਬੈਕ ਤੇ ਸਾਰੀਆਂ ਧਿਰਾਂ ਨਾਲ ਅੰਤਰ-ਕਿਰਿਆ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪੁੱਜੇ ਹਾਂ ਕਿ 19 ਅਪਰੈਲ ਨੂੰ ਹਾਮਿਦ ਮੀਰ 'ਤੇ ਤਰਾਸਦਿਕ ਤੇ ਖ਼ੌਫ਼ਨਾਕ ਹਮਲੇ ਤੋਂ ਫੌਰੀ ਬਾਅਦ ਸਾਡੀ ਕਵਰੇਜ ਬੇਲੋੜੀ ਅਤੇ ਭਾਵੁਕ ਸੀ।

40 ਟਰੱਕ ਰਿਪੇਅਰ-ਓਕਲਹੋਮਾ

ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 832-512-7172

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

Want to Sell Your Home

We can sell your home fast @ best price.

ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*
@916-612-5773

Serving from Bay Area to Sacramento

Multi-Million Dollars Producer-2007 to 2012

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

# ਪੰਜਾਬ ਵਿਚ ਸਰਗਰਮ ਨਸ਼ਿਆਂ ਦੇ ਸਮਗਲਰਾਂ ਦੀ ਆਈ ਸ਼ਾਮਤ

**ਚੰਡੀਗੜ੍ਹ:** ਪੰਜਾਬ ਵਿਚ ਹੁਕਮਰਾਨ ਅਕਾਲੀ-ਭਾਜਪਾ ਗਠਜੋੜ ਨੇ ਲੋਕ ਸਭਾ ਚੋਣਾਂ ਵਿਚ ਨਸ਼ਿਆਂ ਨੂੰ ਆਪਣੀ ਮਾੜੀ ਕਾਰਗੁਜ਼ਾਰੀ ਦਾ ਕਾਰਨ ਮੰਨਦੇ ਹੋਏ ਨਸ਼ਾ ਤਸਕਰਾਂ ਖ਼ਿਲਾਫ਼ ਵਿਆਪਕ ਮੁਹਿੰਮ ਛੇੜ ਦਿੱਤੀ ਹੈ। ਚੋਣਾਂ ਵਿਚ ਝਟਕੇ ਤੋਂ ਬਾਅਦ ਸਰਕਾਰ ਨੇ ਜਿਥੇ ਜੇਲ੍ਹ ਤੇ ਸਭਿਆਚਾਰਕ ਮੰਤਰੀ ਸਰਵਣ ਸਿੰਘ ਫਿਲੌਰ ਦੀ ਛੁੱਟੀ ਕਰ ਦਿੱਤੀ ਹੈ ਉਥੇ ਪੁਲਿਸ ਵੱਲੋਂ ਸੂਬੇ ਭਰ ਵਿਚ ਤਸਕਰਾਂ ਦੀ ਸ਼ਾਮਤ ਲਿਆਂਦੀ ਹੋਈ ਹੈ।

ਸੂਤਰਾਂ ਮੁਤਾਬਕ ਡੀ.ਜੀ.ਪੀ ਸੁਮੇਧ ਸਿੰਘ ਸੈਣੀ ਵੱਲੋਂ ਚੋਣ ਪ੍ਰਕਿਰਿਆ ਖ਼ਤਮ ਹੋਣ ਤੋਂ ਬਾਅਦ 20 ਮਈ ਨੂੰ ਮੁੜ ਪੁਲਿਸ ਮੁਖੀ ਦਾ ਅਹੁਦਾ ਸਾਂਭਦਿਆਂ ਹੀ ਸਮੂਹ ਐਸ.ਐਸ.ਪੀਜ਼ ਨੂੰ ਡਰੱਗ ਮਾਫੀਏ ਨੂੰ ਜੜ੍ਹੋਂ ਵੱਢਣ ਦੇ ਸਖ਼ਤ ਹੁਕਮ ਦਿੱਤੇ ਗਏ ਹਨ। ਇਸ ਤਹਿਤ ਸਮੂਹ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਨੇ ਡਰੱਗ ਮਾਫੀਏ ਵਿਰੁੱਧ ਵਿਆਪਕ ਮੁਹਿੰਮ ਛੇੜ ਕੇ ਇਕ ਹਫਤੇ ਦੌਰਾਨ ਐਨ.ਡੀ.ਪੀ.ਐਸ. ਐਕਟ ਤਹਿਤ ਰਿਕਾਰਡ ਕੇਸ ਦਰਜ ਕੀਤੇ ਹਨ। ਸਭ ਤੋਂ ਵੱਧ ਜਲੰਧਰ ਜ਼ਿਲ੍ਹੇ ਵਿਚ 50 ਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ 39 ਐਨ.ਡੀ.ਪੀ.ਐਸ ਐਕਟ ਤਹਿਤ ਕੇਸ ਦਰਜ ਕੀਤੇ ਗਏ ਹਨ। ਉਂਜ ਬਠਿੰਡਾ ਜ਼ਿਲ੍ਹੇ ਵਿਚ ਇਕ ਵੀ ਅਜਿਹਾ ਕੇਸ ਦਰਜ ਨਹੀਂ ਕੀਤਾ ਗਿਆ। ਵੇਰਵਿਆਂ ਮੁਤਾਬਕ ਪੰਜਾਬ ਵਿਚ ਪਿਛਲੇ ਇਕ ਹਫਤੇ ਦੌਰਾਨ ਤਕਰੀਬਨ 700 ਤਸਕਰਾਂ ਨੂੰ ਹਿਰਾਸਤ ਵਿਚ ਲਿਆ ਹੈ।23 ਮਈ ਵਾਲੇ ਦਿਨ ਬਠਿੰਡਾ ਜ਼ੋਨ ਵਿਚ ਇਕੋ ਦਿਨ ਵਿਚ 72 ਪੁਲਿਸ ਕੇਸ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤੇ ਗਏ ਹਨ। ਬਠਿੰਡਾ ਜ਼ੋਨ ਦੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਦਾ ਕਹਿਣਾ ਸੀ ਕਿ ਉਹ ਬਠਿੰਡਾ ਜ਼ੋਨ ਨੂੰ ਨਸ਼ਿਆਂ ਤੋਂ ਮੁਕਤ ਕਰਨ ਵਾਸਤੇ ਪੰਚਾਇਤਾਂ ਤੇ ਸਮਾਜ ਸੇਵੀ ਸੰਸਥਾਵਾਂ ਦਾ ਸਹਿਯੋਗ ਲੈ ਰਹੇ ਹਨ। ਦੱਸਣਯੋਗ ਹੈ ਕਿ ਉਪ ਮੁੱਖ ਮੰਤਰੀ ਤੇ ਗ੍ਰਹਿ ਵਿਭਾਗ ਦੇ ਇੰਚਾਰਜ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ 'ਤੇ ਪਿਛਲੇ ਵਰ੍ਹੇ ਡਰੱਗ ਮਾਫੀਏ ਵਿਰੁੱਧ ਵੱਡੀ ਮੁਹਿੰਮ ਚਲਾਈ ਗਈ ਸੀ। ਇਸ ਤਹਿਤ 2013 ਦੌਰਾਨ ਡਰੱਗ ਮਾਫੀਏ ਵਿਰੁੱਧ ਐਨ.ਡੀ.ਪੀ.ਐਸ ਐਕਟ ਤਹਿਤ ਕੁੱਲ 14,650 ਐਫ.ਆਈ.ਆਰਜ਼ ਦਰਜ ਕਰਕੇ 16,820 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤਰ੍ਹਾਂ ਪਿਛਲੇ ਵਰ੍ਹੇ ਸੂਬੇ ਦੇ ਸਮੂਹ ਥਾਣਿਆਂ ਵਿਚ ਪ੍ਰਤੀ ਦਿਨ ਔਸਤਨ 40 ਐਨ.ਡੀ.ਪੀ.ਐਸ ਐਕਟ ਤਹਿਤ ਕੇਸ ਦਰਜ ਕੀਤੇ ਗਏ ਹਨ। ਇਕ ਪੁਲਿਸ ਅਧਿਕਾਰੀ ਮੁਤਾਬਕ ਭਾਵੇਂ ਪੁਲਿਸ ਕਾਨੂੰਨ ਮੁਤਾਬਕ ਪਾਬੰਦੀਸ਼ੁਦਾ ਨਸ਼ਾ ਕਰਨ ਵਾਲਿਆਂ ਵਿਰੁੱਧ ਵੀ ਕੇਸ ਦਰਜ ਕਰ ਸਕਦੀ ਹੈ ਪਰ ਫਿਲਹਾਲ ਨਸ਼ੇ ਦੀਆਂ ਪੁੜੀਆਂ ਵੇਚਣ ਵਾਲਿਆਂ ਵਿਰੁੱਧ ਹੀ ਮੁਹਿੰਮ ਚਲਾਈ ਗਈ ਹੈ।ਅਗਲੇ ਪੜਾਅ ਵਿਚ ਨਸ਼ੇ ਕਰਨ ਵਾਲਿਆਂ ਵਿਰੁੱਧ ਵੀ ਮੁਹਿੰਮ ਚਲਾਉਣ ਦੇ ਸੰਕੇਤ ਮਿਲੇ ਹਨ। ਪੰਜਾਬ ਭਰ ਵਿਚ ਪੁਲਿਸ ਅਧਿਕਾਰੀ ਨਸ਼ੇ ਵੇਚਣ ਵਾਲੇ ਵਿਅਕਤੀਆਂ ਦੀਆਂ ਸੂਚੀਆਂ ਫਰੋਲ ਰਹੇ ਹਨ। ਪੁਲਿਸ ਵੱਲੋਂ ਡਰੱਗ ਮਾਫੀਆ ਨੂੰ ਵੱਖ-ਵੱਖ ਵਰਗਾਂ ਵਿਚ ਵੰਡ ਕੇ ਕੰਮ ਕੀਤਾ ਜਾ ਰਿਹਾ ਹੈ। ਫਿਲਹਾਲ ਪੁਲਿਸ ਪ੍ਰਚੂਨ ਵਿਚ ਨਸ਼ਿਆਂ ਦੀਆਂ ਪੁੜੀਆਂ ਵੇਚਣ ਵਾਲਿਆਂ 'ਤੇ ਨਕੇਲ ਕੱਸਣ ਤੱਕ ਹੀ ਸੀਮਤ ਹੈ। ਪੁਲਿਸ ਨੇ ਇਸ ਮੁਹਿੰਮ ਤਹਿਤ ਫਿਲਹਾਲ ਕਿਸੇ ਵੱਡੇ ਡਰੱਗ ਮਾਫੀਆ ਨੂੰ ਹੱਥ ਨਹੀਂ ਪਾਇਆ ਹੈ। ਸੂਤਰਾਂ ਮੁਤਾਬਕ ਪੰਜਾਬ ਦਾ ਖੁਫੀਆ ਵਿੰਗ ਵੱਖ-ਵੱਖ ਜ਼ਿਲ੍ਹਿਆਂ ਦੀ ਪੁਲਿਸ ਵੱਲੋਂ ਡਰੱਗ ਮਾਫੀਆ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਤੇ ਗੁਪਤ ਅੱਖ ਰੱਖ ਰਿਹਾ ਹੈ ਕਿਉਂਕਿ ਅਜਿਹੀਆਂ ਵੀ ਸੂਚਨਾਵਾਂ ਹਨ ਕਿ ਕਈ ਥਾਈਂ ਪੁਲਿਸ ਦੀ ਮਿਲੀਭੁਗਤ ਨਾਲ ਹੀ ਡਰੱਗ ਦਾ ਧੰਦਾ ਚੱਲ ਰਿਹਾ ਹੈ।



## ਜੇਲ੍ਹਾਂ ਵਿਚ ਪ੍ਰਬੰਧ ਮੁਕੰਮਲ ਹੋਣ ਦਾ ਦਾਅਵਾ

ਜੇਲ੍ਹ ਵਿਭਾਗ ਪੰਜਾਬ ਦੇ ਆਈ.ਜੀ ਜਗਜੀਤ ਸਿੰਘ ਦਾ ਕਹਿਣਾ ਸੀ ਕਿ ਪੁਲਿਸ ਦੀ ਮੁਹਿੰਮ ਤਹਿਤ ਫੜੇ ਤਸਕਰ ਤਾਂ ਹਾਲੇ ਥਾਣਿਆਂ ਵਿਚ ਹੀ ਹਨ। ਉਹ ਜੇਲ੍ਹਾਂ ਤੱਕ ਪੁੱਜਣੇ ਸ਼ੁਰੂ ਨਹੀਂ ਹੋਏ ਹਨ। ਜੇਲ੍ਹ ਵਿਭਾਗ ਵੱਲੋਂ ਪਹਿਲਾਂ ਵੀ ਚਿਤਾਵਨੀ ਪੱਤਰ ਜਾਰੀ ਕੀਤੇ ਜਾਂਦੇ ਹਨ। ਜਾਣਕਾਰੀ ਮੁਤਾਬਕ ਜੇਲ੍ਹ ਵਿਭਾਗ ਵੱਲੋਂ ਹੁਣ ਜੇਲ੍ਹਾਂ ਦੇ ਬੰਦੀਆਂ ਨੂੰ ਨਸ਼ਿਆਂ ਆਦਿ ਤੋਂ ਜਾਗਰੂਕ ਕਰਨ ਵਾਸਤੇ ਨਾਟਕ ਆਦਿ ਕਰਾਉਣ ਦਾ ਪ੍ਰੋਗਰਾਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ।

## ਜੇਲ੍ਹ ਵਿਭਾਗ ਨੂੰ ਸਤਾਉਣ ਲੱਗਾ ਨਸ਼ੇੜੀ ਸਾਂਭਣ ਦਾ ਡਰ

**ਬਠਿੰਡਾ:** ਪੰਜਾਬ ਪੁਲਿਸ ਦੀ ਨਸ਼ਿਆਂ ਖ਼ਿਲਾਫ਼ ਮੁਹਿੰਮ ਨੇ ਜੇਲ੍ਹ ਵਿਭਾਗ ਦੀ ਜਾਨ ਸੁੱਕਣੇ ਪਾ ਦਿੱਤੀ ਹੈ। ਜੇਲ੍ਹਾਂ ਵਿਚ ਪਹਿਲਾਂ ਹੀ ਸਮਰੱਥਾ ਘੱਟ ਹੈ, ਉਪਰੋਂ ਇਸ ਮੁਹਿੰਮ ਤਹਿਤ ਜੇਲ੍ਹਾਂ ਵਿਚ ਵੱਡੀ ਗਿਣਤੀ ਵਿਚ ਨਸ਼ੇੜੀ ਪੁੱਜਣੇ ਸ਼ੁਰੂ ਹੋ ਗਏ ਹਨ। ਪੁਲਿਸ ਵੱਲੋਂ ਵੱਡੇ ਤਸਕਰਾਂ ਦੀ ਥਾਂ ਛੋਟੇ-ਛੋਟੇ ਨਸ਼ੇੜੀ ਫੜ ਕੇ ਜੇਲ੍ਹਾਂ ਵਿਚ ਬੰਦ ਕਰਵਾਏ ਜਾ ਰਹੇ ਹਨ। ਜੇਲ੍ਹ ਵਿਭਾਗ ਫਿਕਰਮੰਦ ਹੋ ਗਿਆ ਹੈ ਕਿਉਂਕਿ ਇਕੋ ਦਮ ਨਸ਼ਾ ਬੰਦ ਹੋਣ ਕਰਕੇ ਇਹ ਨਸ਼ੇੜੀ ਜੇਲ੍ਹਾਂ ਲਈ ਸਮੱਸਿਆ ਪੈਦਾ ਕਰ ਸਕਦੇ ਹਨ।ਜੇਲ੍ਹਾਂ ਨੂੰ ਨਸ਼ੇੜੀਆਂ ਬਾਰੇ ਰੋਜ਼ਾਨਾ ਦੀ ਰਿਪੋਰਟ ਵੀ ਦੇਣ ਲਈ ਆਖਿਆ ਗਿਆ ਹੈ। ਪੰਜਾਬ ਦੀਆਂ ਅੱਠ ਜੇਲ੍ਹਾਂ ਵਿਚ ਨਸ਼ਾ ਛੁਡਾਊ ਕੇਂਦਰ ਹਨ, ਜਿਨ੍ਹਾਂ ਦਾ ਹੁਣ ਇਕ ਡੀ.ਆਈ.ਜੀ ਨੂੰ ਨੋਡਲ ਅਫਸਰ ਲਗਾਇਆ ਗਿਆ ਹੈ ਜੋ ਕਿ ਰੋਜ਼ਾਨਾ ਇਨ੍ਹਾਂ ਕੇਂਦਰਾਂ ਦੀ ਨਿਗਰਾਨੀ ਕਰੇਗਾ। ਜੇਲ੍ਹਾਂ ਨੂੰ ਦਵਾਈ ਆਦਿ ਦੇ ਪ੍ਰਬੰਧ ਪੂਰੇ ਕਰਨ ਵਾਸਤੇ ਆਖਿਆ ਗਿਆ ਹੈ। ਪਤਾ ਲੱਗਾ ਹੈ ਕਿ ਮਈ ਦੇ ਸ਼ੁਰੂ ਵਿਚ ਪੰਜਾਬ ਦੀਆਂ 26 ਜੇਲ੍ਹਾਂ ਤੇ ਇੱਕ ਖੁੱਲ੍ਹੀ ਜੇਲ੍ਹ ਵਿਚ 26990 ਹਵਾਲਾਤੀ ਤੇ ਕੈਦੀ ਬੰਦ ਸਨ। ਇਸ ਵੇਲੇ ਇਨ੍ਹਾਂ ਦੀ ਗਿਣਤੀ ਤਕਰੀਬਨ 28 ਹਜ਼ਾਰ ਦੱਸੀ ਜਾ ਰਹੀ ਹੈ। ਪੰਜਾਬ ਵਿਚ ਨੌਂ ਕੇਂਦਰੀ ਜੇਲ੍ਹਾਂ ਤੇ ਅੱਠ ਜ਼ਿਲ੍ਹਾ ਜੇਲ੍ਹਾਂ ਹਨ। ਇਨ੍ਹਾਂ ਸਾਰੀਆਂ ਜੇਲ੍ਹਾਂ ਦੀ ਸਮਰੱਥਾ ਤਕਰੀਬਨ 18 ਹਜ਼ਾਰ ਬੰਦੀਆਂ ਦੀ ਹੈ। ਸਮਰੱਥਾ ਤੋਂ ਜ਼ਿਆਦਾ ਬੰਦੀ ਤਾਂ ਪਹਿਲਾਂ ਹੀ ਜੇਲ੍ਹਾਂ ਵਿਚ ਹਨ।

# ਪੰਜਾਬ ਵਿਚ 'ਆਪ' ਦੇ ਜਥੇਬੰਦਕ ਢਾਂਚੇ ਦਾ ਕੰਮ ਲਟਕਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਦੀ ਇਕ ਅਦਾਲਤ ਵੱਲੋਂ ਜੇਲ੍ਹ ਭੇਜੇ ਜਾਣ ਕਾਰਨ ਪਾਰਟੀ ਦੇ ਪੰਜਾਬ ਵਿਚ ਬਣਾਏ ਜਾਣ ਵਾਲੇ ਜਥੇਬੰਦਕ ਢਾਂਚੇ ਦਾ ਕੰਮ ਹੁਣ ਹੋਰ ਲਟਕ ਸਕਦਾ ਹੈ। ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਸੂਬੇ ਵਿਚ ਸਾਰੇ ਪ੍ਰੋਗਰਾਮ ਸੁਮੇਲ ਸਿੰਘ ਸਿੱਧੂ ਦੀ ਅਗਵਾਈ ਹੇਠ ਬਣੀ 17 ਮੈਂਬਰੀ ਚੋਣ ਪ੍ਰਚਾਰ ਕਮੇਟੀ ਉਲੀਕਦੀ ਰਹੀ। ਇਸੇ ਕਮੇਟੀ ਦੇ ਮੈਂਬਰਾਂ ਵੱਲੋਂ ਸਕਰੀਨਿੰਗ ਕਮੇਟੀ ਦੀ ਸਹਾਇਤਾ ਨਾਲ ਉਮੀਦਵਾਰਾਂ ਦੀ ਚੋਣ ਲਈ ਸਿਫ਼ਾਰਸ਼ਾਂ ਭੇਜਣ ਦਾ ਕੰਮ ਵੀ ਕੀਤਾ ਗਿਆ ਸੀ।

ਭਾਵੇਂ ਅਧਿਕਾਰਤ ਤੌਰ ਉੱਤੇ ਇਸ ਕਮੇਟੀ ਦੀ ਮਿਆਦ 30 ਅਪਰੈਲ ਤੱਕ ਹੀ ਸੀ, ਪਰ ਹਾਲੇ ਨਵੀਂ ਚੋਣ ਨਾ ਹੋਣ ਕਾਰਨ ਇਸ ਕਮੇਟੀ ਦੇ ਮੈਂਬਰ ਆਪੋ-ਆਪਣੇ ਖੇਤਰਾਂ ਵਿਚ ਕਾਰਜਸ਼ੀਲ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਕਨਵੀਨਰ, ਪਾਰਟੀ ਦੇ ਲੋਕ ਸਭਾ ਚੋਣਾਂ ਜਿੱਤੇ ਤੇ ਹਾਰੇ ਹੋਏ ਉਮੀਦਵਾਰਾਂ ਵੱਲੋਂ ਵੀ ਆਪੋ-ਆਪਣੇ ਹਲਕਿਆਂ ਵਿਚ ਪਾਰਟੀ ਵਾਲੰਟੀਅਰਾਂ ਨਾਲ ਤਾਲਮੇਲ ਰੱਖਿਆ ਜਾ ਰਿਹਾ ਹੈ।

'ਆਪ' ਨੂੰ ਲੋਕ ਸਭਾ ਚੋਣਾਂ ਵਿਚ ਮਿਲੇ ਭਰਵੇਂ ਹੁੰਗਾਰੇ ਮਗਰੋਂ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਸੂਬੇ ਵਿਚ ਹੇਠਲੇ ਪੱਧਰ ਉੱਤੇ ਸੰਗਠਨ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ। ਇਸ ਬਾਰੇ ਜੇਲ੍ਹ ਜਾਣ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਵੱਲੋਂ ਵੀ ਸੀਨੀਅਰ ਲੀਡਰਸ਼ਿਪ ਦੀ ਹਾਜ਼ਰੀ ਵਿਚ ਪੰਜਾਬ ਦੇ ਚੋਣਾਂ ਜਿੱਤਣ ਤੇ ਹਾਰਨ ਵਾਲੇ ਪਾਰਟੀ ਉਮੀਦਵਾਰਾਂ ਨਾਲ ਦੋ ਘੰਟੇ ਮੀਟਿੰਗ ਕਰਕੇ ਉਨ੍ਹਾਂ ਦੀ ਰਾਏ ਲਈ ਗਈ ਸੀ। ਇਸੇ ਤਰ੍ਹਾਂ ਪਿਛਲੇ ਦਿਨੀਂ ਪਾਰਟੀ ਦੀ ਸਟੇਟ ਕੌਂਸਲ ਦੀ ਮੀਟਿੰਗ ਵਿਚ ਵੀ ਜਥੇਬੰਦਕ ਢਾਂਚੇ ਬਾਰੇ ਲੰਮਾ-ਚੌੜਾ ਵਿਚਾਰ-ਵਟਾਂਦਰਾ ਹੋਇਆ।

## ਦੋ ਮਹੀਨਿਆਂ ਅੰਦਰ ਹੋ ਜਾਵੇਗਾ ਨਵੇਂ ਢਾਂਚੇ ਦਾ ਐਲਾਨ: ਭਗਵੰਤ ਮਾਨ

**ਸੰਗਰੂਰ:** ਆਮ ਆਦਮੀ ਪਾਰਟੀ 'ਆਪ' ਦੇ ਨਵੇਂ ਚੁਣੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਵਿਚ ਪਾਰਟੀ ਦਾ ਜਥੇਬੰਦਕ ਢਾਂਚਾ ਦੋ ਮਹੀਨਿਆਂ ਦੇ ਅੰਦਰ-ਅੰਦਰ ਬਣਾ ਦਿੱਤਾ ਜਾਵੇਗਾ।



ਪਾਰਟੀ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਤੇ ਨਗਰ ਕੌਂਸਲ ਚੋਣਾਂ ਪੂਰੇ ਜੋਸ਼ ਨਾਲ ਲੜੇਗੀ। ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਭੇਜਣ ਦੇ ਮਾਮਲੇ 'ਤੇ ਸ੍ਰੀ ਮਾਨ ਨੇ ਕਿਹਾ ਕਿ ਮਸਲਾ ਦਸ ਹਜ਼ਾਰ ਰੁਪਏ ਦੇ ਜ਼ਮਾਨਤੀ ਬੌਂਡ ਦਾ ਨਹੀਂ ਸਗੋਂ ਮਸਲਾ ਅਸੂਲਾ ਦਾ ਹੈ। ਜੇਕਰ ਭ੍ਰਿਸ਼ਟਾਚਾਰ ਦਾ ਦੋਸ਼ ਲਾਉਣ 'ਤੇ ਜੇਲ੍ਹ ਜਾਣਾ ਪਵੇਗਾ ਤਾਂ ਸਭ ਤੋਂ ਵੱਧ 'ਆਪ' ਦੇ ਵਰਕਰ ਜੇਲ੍ਹ ਜਾਣਗੇ। ਉਨ੍ਹਾਂ ਕਿਹਾ ਕਿ ਪਾਰਟੀ ਨਾਲ ਸਬੰਧਤ ਪੰਜਾਬ ਦੇ ਚਾਰ ਸੰਸਦ ਮੈਂਬਰ ਲੋਕ ਸਭਾ ਵਿਚ ਪੰਜਾਬ ਦੇ ਹੀ ਨਹੀਂ ਸਗੋਂ ਮੁਲਕ ਭਰ ਦੇ ਮਸਲੇ ਉਠਾਉਣਗੇ।

ਪਾਰਟੀ ਵੱਲੋਂ ਇਕ ਵਿਸ਼ੇਸ਼ ਕਮੇਟੀ ਬਣਾਈ ਜਾ ਰਹੀ ਹੈ ਜੋ ਕਿ ਇਨ੍ਹਾਂ ਚਾਰ ਸੰਸਦ ਮੈਂਬਰਾਂ ਨੂੰ ਵੱਖ-ਵੱਖ ਮਸਲਿਆਂ ਬਾਰੇ ਸੇਧਾਂ ਦੇਵੇਗੀ।

# ਜ਼ਮਾਨਤ ਨਾ ਬਚਾ ਸਕੇ ਪੰਜਾਬ ਦੇ 218 ਉਮੀਦਵਾਰ

**ਸੰਗਰੂਰ:** ਪੰਜਾਬ ਦੇ 13 ਹਲਕਿਆਂ ਵਿਚੋਂ 16ਵੀਆਂ ਲੋਕ ਸਭਾ ਚੋਣਾਂ ਦੌਰਾਨ 218 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਸਿਰਫ਼ 35 ਉਮੀਦਵਾਰ ਹੀ ਆਪਣੀਆਂ ਜ਼ਮਾਨਤਾਂ ਬਚਾਉਣ ਵਿਚ ਸਫ਼ਲ ਰਹੇ ਹਨ। 13 ਹਲਕਿਆਂ ਵਿਚੋਂ ਪਹਿਲੇ ਤੇ ਦੂਜੇ ਸਥਾਨ 'ਤੇ ਆਉਣ ਵਾਲੇ 26 ਉਮੀਦਵਾਰਾਂ ਤੋਂ ਇਲਾਵਾ ਨੌਂ ਹੋਰ ਉਮੀਦਵਾਰ ਹੀ ਆਪਣੀ ਜ਼ਮਾਨਤ ਬਚਾ ਸਕੇ ਹਨ।

ਜ਼ਿਕਰਯੋਗ ਹੈ ਕਿ 2009 ਦੀਆਂ 15ਵੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿਚੋਂ ਪਹਿਲੇ ਤੇ ਦੂਜੇ ਸਥਾਨ ਵਾਲੇ 26 ਉਮੀਦਵਾਰਾਂ ਨੂੰ ਛੱਡ ਕੇ ਬਾਕੀ ਸਾਰੇ 192 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਸੀ ਤੇ ਕਿਸੇ ਵੀ ਹਲਕੇ ਵਿਚੋਂ ਤੀਜਾ ਉਮੀਦਵਾਰ ਆਪਣੀ ਜ਼ਮਾਨਤ ਨਹੀਂ ਸੀ ਬਚਾ ਸਕਿਆ। ਜਿਹੜੇ ਹਲਕਿਆਂ ਵਿਚੋਂ ਤੀਜੇ ਉਮੀਦਵਾਰ ਦੀ ਜ਼ਮਾਨਤ ਬਚ ਸਕੀ ਹੈ, ਉਨ੍ਹਾਂ ਵਿਚ ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਆਨੰਦਪੁਰ ਸਾਹਿਬ, ਫਤਹਿਗੜ੍ਹ ਸਾਹਿਬ, ਫਰੀਦਕੋਟ ਤੇ ਪਟਿਆਲਾ ਵਿਚੋਂ ਇਕ-ਇਕ ਉਮੀਦਵਾਰ ਜਦੋਂਕਿ ਹਲਕਾ ਲੁਧਿਆਣਾ ਵਿਚੋਂ ਦੋ ਉਮੀਦਵਾਰ ਸ਼ਾਮਲ ਹਨ।

ਇਸ ਵਾਰ 13 ਲੋਕ ਸਭਾ ਹਲਕਿਆਂ ਵਿਚ ਕੁੱਲ 253 ਉਮੀਦਵਾਰ ਆਪਣੀ ਕਿਸਮਤ ਅਜ਼ਮਾਉਣ ਲਈ ਚੋਣ ਪਿੜ ਵਿਚ ਉਤਰੇ ਸਨ। ਇਨ੍ਹਾਂ ਵਿਚੋਂ 218 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ।

ਲੋਕ ਸਭਾ ਚੋਣ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਜ਼ਮਾਨਤੀ ਰਕਮ ਵਜੋਂ ਉਮੀਦਵਾਰ ਨੂੰ 25 ਹਜ਼ਾਰ ਰੁਪਏ ਫੀਸ ਜਮ੍ਹਾਂ ਕਰਵਾਉਣੀ ਪੈਂਦੀ ਹੈ। ਪਿਛਲੀਆਂ ਚੋਣਾਂ ਸਮੇਂ 192 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਸੀ, ਜਿਸ ਦੀ ਕੁੱਲ ਰਕਮ 48 ਲੱਖ ਰੁਪਏ ਬਣੀ ਸੀ। ਇਸ ਵਾਰ 218 ਉਮੀਦਵਾਰਾਂ ਦੀ ਜ਼ਮਾਨਤੀ ਰਕਮ 54 ਲੱਖ 50 ਹਜ਼ਾਰ ਰੁਪਏ ਬਣਦੀ ਹੈ ਜੋ ਜ਼ਬਤ ਹੋ ਗਈ ਹੈ।

## ਇਨ੍ਹਾਂ ਹਲਕਿਆਂ 'ਚ ਰਹੀ ਮਾੜੀ ਕਾਰਗੁਜ਼ਾਰੀ...


ਚੋਣਾਂ ਵਿਚ ਭਾਵੇਂ ਜ਼ਮਾਨਤ ਜ਼ਬਤ ਹੋਣ ਨੂੰ ਸਿਆਸੀ ਤੌਰ 'ਤੇ ਕਰਾਰਾ ਝਟਕਾ ਮੰਨਿਆ ਜਾਂਦਾ ਹੈ ਪਰ ਪਿਛਲੀਆਂ ਪੰਜ ਲੋਕ ਸਭਾ ਚੋਣਾਂ ਤੋਂ ਜ਼ਮਾਨਤ ਜ਼ਬਤ ਹੋਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਹਲਕਾ ਗੁਰਦਾਸਪੁਰ ਦੇ ਕੁੱਲ 13 ਉਮੀਦਵਾਰਾਂ ਵਿਚੋਂ 10 ਦੀ ਜ਼ਮਾਨਤ ਜ਼ਬਤ ਹੋਈ, ਹਲਕਾ ਅੰਮ੍ਰਿਤਸਰ ਦੇ ਕੁੱਲ 23 ਵਿਚੋਂ 21, ਹਲਕਾ ਖਡੂਰ ਸਾਹਿਬ ਦੇ 17 ਵਿਚੋਂ 15, ਹਲਕਾ ਜਲੰਧਰ ਦੇ 24 ਵਿਚੋਂ 21, ਹੁਸ਼ਿਆਰਪੁਰ ਦੇ 17 ਵਿਚੋਂ 14, ਆਨੰਦਪੁਰ ਸਾਹਿਬ ਦੇ 18 ਵਿਚੋਂ 15, ਲੁਧਿਆਣਾ ਦੇ 22 ਵਿਚੋਂ 18, ਫਤਹਿਗੜ੍ਹ ਸਾਹਿਬ ਦੇ 15 ਵਿਚੋਂ 12, ਫਰੀਦਕੋਟ ਦੇ 19 ਵਿਚੋਂ 16, ਫਿਰੋਜ਼ਪੁਰ ਦੇ 15 ਵਿਚੋਂ 13, ਬਠਿੰਡਾ ਦੇ 29 ਵਿਚੋਂ 27, ਸੰਗਰੂਰ ਦੇ 21 ਵਿਚੋਂ 19 ਤੇ ਪਟਿਆਲਾ ਦੇ 20 ਵਿਚੋਂ 17 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। 1998 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਕੁੱਲ 102 ਉਮੀਦਵਾਰਾਂ ਵਿਚੋਂ 75 ਦੀ ਜ਼ਮਾਨਤ ਜ਼ਬਤ ਹੋਈ। 1999 ਵਿਚ ਕੁੱਲ 120 ਉਮੀਦਵਾਰਾਂ ਵਿਚੋਂ 89 ਤੇ 2004 ਦੀਆਂ ਚੋਣਾਂ ਵਿਚ 142 ਉਮੀਦਵਾਰਾਂ ਵਿਚੋਂ 117 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ। 2009 ਦੀ ਚੋਣ ਵਿਚ 218 ਵਿਚੋਂ 192 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ। ਇਸ ਵਾਰ ਇਹ ਅੰਕੜਾ ਵਧ ਕੇ 218 ਤੱਕ ਪੁੱਜ ਗਿਆ ਹੈ।

# ਸਿਆਸਤ ਵਿਚ ਮੁੜ ਪੈਂਠ ਨਾ ਪਾ ਸਕਿਆ ਬਰਨਾਲਾ ਪਰਿਵਾਰ

**ਬਰਨਾਲਾ:** ਆਪਣੇ ਰਵਾਇਤੀ ਵਿਰੋਧੀ ਸੁਖਦੇਵ ਸਿੰਘ ਢੀਂਡਸਾ ਦੀ ਹਾਰ ਦੇ ਬਾਵਜੂਦ ਬਰਨਾਲਾ ਪਰਿਵਾਰ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਕਿਸੇ ਵੀ ਤਰ੍ਹਾਂ ਦਾ ਅਸਰ ਛੱਡਣ ਵਿਚ ਅਸਫ਼ਲ ਰਿਹਾ ਹੈ। ਤਕਰੀਬਨ ਦੋ ਦਹਾਕਿਆਂ ਤੋਂ ਪੰਜਾਬ ਦੀ ਰਾਜਨੀਤੀ ਵਿਚ ਆਪਣੀ ਹੋਂਦ ਬਚਾਉਣ ਦੀ ਜੱਦੋਜਹਿਦ ਵਿਚ ਲੱਗੇ ਬਰਨਾਲਾ ਪਰਿਵਾਰ ਵੱਲੋਂ ਸਥਾਪਤ ਅਕਾਲੀ ਦਲ (ਲੌਂਗੋਵਾਲ) ਨੂੰ ਕਾਂਗਰਸ ਨਾਲ ਸਮਝੌਤਾ ਕਰਨਾ ਪਿਆ।

ਹਕੀਕੀ ਤੌਰ 'ਤੇ ਸਿਰਫ਼ ਸੰਗਰੂਰ ਲੋਕ ਸਭਾ ਹਲਕੇ ਵਿਚ ਆਪਣੀਆਂ ਸਰਗਰਮੀਆਂ ਚਲਾ ਰਹੇ ਇਸ ਅਕਾਲੀ ਦਲ ਨੇ ਕਾਂਗਰਸੀ ਉਮੀਦਵਾਰ ਵਿਜੈਇੰਦਰ ਸਿੰਗਲਾ ਦੀ ਹਮਾਇਤ ਦਾ ਐਲਾਨ ਕੀਤਾ। ਆਪਣੇ ਉਮੀਦਵਾਰ ਵਾਸਤੇ ਚੋਣ ਪ੍ਰਚਾਰ ਕਰਨ ਬਰਨਾਲਾ ਆਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਆਪਣੀ ਰੈਲੀ ਵਾਲੀ ਸਟੇਜ 'ਤੇ ਸੁਰਜੀਤ ਕੌਰ ਬਰਨਾਲਾ ਨੂੰ ਪੂਰਾ ਮਾਣ-ਸਨਮਾਨ ਦਿੱਤਾ ਪਰ ਕਾਂਗਰਸੀ ਉਮੀਦਵਾਰ ਦੀ ਜ਼ਮਾਨਤ ਜ਼ਬਤ ਹੋਣ ਨਾਲ ਬਰਨਾਲਾ ਜ਼ਿਲ੍ਹੇ ਅੰਦਰ ਸੁਰਜੀਤ ਸਿੰਘ ਬਰਨਾਲਾ ਦੇ ਪਰਿਵਾਰ ਦੇ ਪ੍ਰਭਾਵ ਤੇ ਅਸਰ-ਰਸੂਖ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ।

ਸਰੀਰਕ ਤੌਰ 'ਤੇ ਬੇਹੱਦ ਕਮਜ਼ੋਰ ਹੋ ਚੁੱਕੇ ਸੁਰਜੀਤ ਸਿੰਘ ਬਰਨਾਲਾ ਭਾਵੇਂ ਕਾਫ਼ੀ ਲੰਮੇ ਸਮੇਂ ਤੋਂ ਸਰਗਰਮ ਰਾਜਨੀਤੀ ਤੋਂ ਦੂਰ ਹਨ, ਪਰ ਉਨ੍ਹਾਂ ਦੇ ਨਾਂਅ ਦਾ ਸਹਾਰਾ ਲੈ ਕੇ ਬਾਕੀ ਪਰਿਵਾਰਕ ਮੈਂਬਰ ਹਾਲੇ ਵੀ ਸਥਾਨਕ ਸਿਆਸਤ ਵਿਚ ਆਪਣਾ ਦਬਦਬਾ ਰੱਖਣ ਦੇ ਚਾਹਵਾਨ ਹਨ। ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਸੁਰਜੀਤ ਕੌਰ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਹਨ ਜਦਕਿ ਬੇਟਾ ਗਗਨਦੀਪ ਸਿੰਘ ਬਰਨਾਲਾ ਧੂਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਰਹਿ ਚੁੱਕਾ ਹੈ। ਸੁਰਜੀਤ ਸਿੰਘ ਬਰਨਾਲਾ 1977 ਵਿਚ ਸੰਗਰੂਰ ਲੋਕ ਸਭਾ ਸੀਟ ਜਿੱਤ ਕੇ ਕੇਂਦਰ ਵਿਚ ਮੰਤਰੀ ਬਣੇ ਸਨ। ਇਸ ਤੋਂ ਬਾਅਦ ਇਕ ਵਾਰ ਫਿਰ ਉਹ ਸੰਗਰੂਰ ਸੀਟ ਤੋਂ ਜੇਤੂ ਰਹੇ ਸਨ।



ਉਨ੍ਹਾਂ ਬਰਨਾਲਾ ਵਿਧਾਨ ਸਭਾ ਹਲਕੇ ਦੀ ਪ੍ਰਤੀਨਿਧਤਾ ਕਰਦੇ ਹੋਏ 1985 ਵਿਚ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਵੀ ਸੰਭਾਲੀ। ਅਕਾਲੀ ਦਲ ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਦਾਰੀ ਸਥਾਪਤ ਹੋਣ ਮਗਰੋਂ ਸੁਰਜੀਤ ਸਿੰਘ ਬਰਨਾਲਾ ਦੀ ਪੁੱਛ-ਪੜਤਾਲ ਘਟਣ ਲੱਗੀ। ਲੋਕ ਸਭਾ ਹਲਕਾ ਸੰਗਰੂਰ ਵਿਚ ਬਰਨਾਲਾ ਦੇ ਕੱਟੜ ਵਿਰੋਧੀ ਸੁਖਦੇਵ ਸਿੰਘ ਢੀਂਡਸਾ ਦਾ ਸ. ਬਾਦਲ ਦੇ ਆਸ਼ੀਰਵਾਦ ਨਾਲ ਬੜੀ ਤੇਜ਼ੀ ਨਾਲ ਕੱਦ ਵਧਿਆ, ਜੋ ਅਜੇ ਤੱਕ ਕਾਇਮ ਹੈ। ਅਟਲ ਬਿਹਾਰੀ ਵਾਜਪਈ ਦੀ ਸਰਕਾਰ ਸਮੇਂ ਸੁਰਜੀਤ ਸਿੰਘ ਬਰਨਾਲਾ ਨੂੰ ਤਾਮਿਲਨਾਡੂ ਦਾ ਰਾਜਪਾਲ ਬਣਾ ਕੇ ਪੰਜਾਬ ਤੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ ਸੀ। ਬਾਅਦ ਵਿਚ ਯੂਪੀਏ ਸਰਕਾਰ ਤੋਂ ਵੀ ਉਨ੍ਹਾਂ ਨੂੰ ਮਾਨਤਾ ਮਿਲੀ। ਇਸ ਮਾਨਤਾ ਦੀ ਇਕ ਵਜ੍ਹਾ ਸੀ ਕਿ ਉਨ੍ਹਾਂ ਨੂੰ ਸ. ਬਾਦਲ ਦੇ ਵਿਰੋਧੀ ਵਜੋਂ ਦੇਖਿਆ ਜਾਂਦਾ ਸੀ, ਹਾਲਾਂਕਿ ਅਸਲੀਅਤ ਇਹ ਸੀ ਕਿ ਪੰਜਾਬ ਦੀ ਸਿਆਸਤ ਵਿਚ ਉਨ੍ਹਾਂ ਦਾ ਪ੍ਰਭਾਵ ਖੇਤਰ ਲਗਾਤਾਰ ਸੁੰਗੜਦਾ ਜਾ ਰਿਹਾ ਸੀ। ਪਿਛਲੇ ਕਾਫ਼ੀ ਲੰਮੇ ਸਮੇਂ ਤੋਂ ਸੱਤਾ ਤੋਂ ਦੂਰ ਰਹਿ ਰਹੇ ਇਸ ਪਰਿਵਾਰ ਦੇ ਬਹੁਤੇ ਕੱਟੜ ਸਮਰਥਕ ਵੀ ਹੁਣ ਇਸ ਪਰਿਵਾਰ ਦਾ ਸਾਥ ਛੱਡ ਚੁੱਕੇ ਹਨ। ਇਨ੍ਹਾਂ ਚੋਣਾਂ ਦੌਰਾਨ ਬਰਨਾਲਾ ਪਰਿਵਾਰ ਦਾ ਕਾਂਗਰਸੀ ਉਮੀਦਵਾਰ ਨੂੰ ਖੁੱਲ੍ਹ ਕੇ ਸਮਰਥਨ ਦੇਣਾ ਤੇ ਕਾਂਗਰਸੀ ਉਮੀਦਵਾਰ ਦੀ ਜ਼ਮਾਨਤ ਜ਼ਬਤ ਹੋਣ ਨਾਲ ਰਾਜਨੀਤਕ ਤੌਰ 'ਤੇ ਇਹ ਪਰਿਵਾਰ ਹਾਸ਼ੀਏ 'ਤੇ ਪਹੁੰਚ ਗਿਆ।

# ਗੁਰਦਿਆਲ ਸਿੰਘ ਸੰਘਾ ਦੀ ਯਾਦ ਵਿਚ ਸਾਹਿਤਕ ਸਮਾਗਮ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਦੇ ਸਟਾਕਟਨ ਯੂਨਿਟ ਵਲੋਂ ਕ੍ਰਾਂਤੀਕਾਰੀ ਯੋਧੇ ਗੁਰਦਿਆਲ ਸਿੰਘ ਸੰਘਾ ਦੀ ਯਾਦ ਵਿਚ ਇਕ ਸਾਹਿਤਕ ਸਮਾਗਮ ਮਨਟਿਕਾ ਵਿਚ ਕਰਵਾਇਆ ਗਿਆ। ਸਮਾਗਮ ਦੇ ਅਰੰਭ ਵਿਚ ਹਰਜਿੰਦਰ



ਪੰਧੇਰ ਨੇ ਗੁਰਦਿਆਲ ਸੰਘਾ ਦੀ ਯਾਦ ਵਿਚ ਚੰਦ ਸ਼ਬਦ ਕਹਿਣ ਤੋਂ ਮਗਰੋਂ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ 'ਪੰਖ, ਪਿੰਜਰ ਤੇ ਪਰਵਾਜ਼' ਵਿਚ ਪ੍ਰਕਾਸ਼ਿਤ ਉਸ ਦੀ ਕਹਾਣੀ 'ਕੱਚਾ ਮਕਾਨ' ਅਤੇ ਇਕ ਕਵਿਤਾ 'ਅਸੀਂ ਵਜਾਉਂਦੇ ਰਹਾਂਗੇ ਵੰਝਲੀ' ਪੜ੍ਹ ਕੇ ਸੁਣਾਈ। ਤਾਰਾ ਸਿੰਘ ਸਾਗਰ ਨੇ ਮਰਹੂਮ ਸੰਘਾ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਸਿਰੜੀ ਤੇ ਨਿਡਰ ਯੋਧਾ ਅਤੇ ਪ੍ਰਤੀਬੱਧ ਸਾਹਤਿਕ ਸਭਿਆਚਾਰਕ ਕਾਮਾ ਤੇ ਯਾਰਾਂ ਦਾ ਯਾਰ ਸੀ। ਸਾਗਰ ਨੇ ਅਮਰੀਕੀ ਪੰਜਾਬੀ ਕਾਵਿ-ਸੰਗ੍ਰਿਹ 'ਉਧਰ ਲਏ ਪਲਾਂ ਦੀ ਦਾਸਤਾਨ' ਵਿਚ ਪ੍ਰਕਾਸ਼ਿਤ ਉਨ੍ਹਾਂ ਦੀਆਂ ਦੋ ਕਵਿਤਾਵਾਂ 'ਚੜ੍ਹਦਾ ਸੂਰਜ' ਅਤੇ 'ਹਾਦਸੇ' ਦਾ ਪਾਠ ਵੀ ਕੀਤਾ।

ਪ੍ਰੋ. ਹਰਭਜਨ ਸਿੰਘ ਨੇ ਗੁਰਦਿਆਲ ਸੰਘਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਾਲਾ ਸੰਘਿਆਂ ਲੋਕ ਸੰਘਰਸ਼ (ਸੰਨ 1969-1975) ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਦੱਸਿਆ ਕਿ ਇਨਕਲਾਬ ਦੀ ਜਿੱਤ ਦੀ ਚਾਹ ਉਹਦੇ ਰੋਮ ਰੋਮ ਵਿਚ ਵਸੀ ਹੋਈ ਸੀ।

ਦੂਜੇ ਸੈਸ਼ਨ ਵਿਚ ਪ੍ਰਿੰ. ਹਰਨੇਕ ਸਿੰਘ ਨੇ ਆਪਣੀ ਨਵੀਂ ਕਹਾਣੀ 'ਆ ਬਲਾਏ ਦੁਪਹਿਰਾ ਕੱਟ' ਪੜ੍ਹ ਕੇ ਸੁਣਾਈ। ਇਸ ਉਪਰ ਸਾਰਥਕ ਅਤੇ ਉਸਾਰੂ ਗੱਲਬਾਤ ਹੋਈ। ਪ੍ਰੋ. ਹਰਭਜਨ ਸਿੰਘ ਨੇ ਇਸ ਕਹਾਣੀ ਬਾਰੇ ਬਹਿਸ ਸ਼ੁਰੂ ਕਰਦਿਆਂ ਇਸ ਨੂੰ ਸਫਲ ਕਹਾਣੀ ਕਿਹਾ ਪਰ ਘਟਨਾਵਾਂ ਦੇ ਗਪਲੀਕਰਨ ਅਤੇ ਯਥਾਰਥ ਦੇ ਪੁਨਰ-ਸਿਰਜਨ ਉਪਰ ਜ਼ੋਰ ਦਿੰਦਿਆਂ, ਪਾਤਰ ਚਿਤਰਨ ਦੀ ਕਲਾਤਮਕ ਲੋੜ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਕਹਾਣੀ ਉਪਰ ਹੋਈ ਅਗਲੀ ਚਰਚਾ ਵਿਚ ਹਰਜਿੰਦਰ ਪੰਧੇਰ, ਮਨਜੀਤ ਕੌਰ ਸਿੱਧੂ, ਤਾਰਾ ਸਿੰਘ ਸਾਗਰ, ਅਸ਼ੋਕ ਭੌਰਾ, ਕੁਲਦੀਪ ਤੱਖਰ ਅਤੇ ਮਨਦੀਪ ਗੋਰਾ ਨੇ ਹਿੱਸਾ ਲਿਆ।

ਰਵਨੀਤ ਕੌਰ ਨੇ ਆਪਣੀ ਵਾਰਤਕ ਰਚਨਾ 'ਘਰ' ਰਾਹੀਂ ਇਹ ਭਾਵ ਅਤੇ ਸਾਰ-ਅੰਸ਼ ਪੇਸ਼ ਕੀਤਾ ਕਿ 'ਘਰ ਇੱਟਾਂ ਜਾਂ ਲੱਕੜ ਦੇ ਮਕਾਨ ਨੂੰ ਨਹੀਂ ਕਹਿੰਦੇ, ਘਰ ਤਾਂ ਉਹ ਥਾਂ ਹੈ ਜਿਥੇ ਸਾਡੀਆਂ ਸੱਧਰਾਂ ਪਲਦੀਆਂ ਹਨ।' ਇਸ ਤੋਂ ਬਾਅਦ ਕਾਵਿ-ਮਹਿਫਿਲ ਦੀ ਆਗਾਜ਼ ਕਰਦਿਆਂ ਹਰਜੀਤ ਹਠੂਰ ਨੇ ਗਜ਼ਲਾਂ ਅਤੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕੀਤਾ।

ਅਸ਼ੋਕ ਭੌਰਾ, ਮਨਦੀਪ ਗੋਰਾ, ਤਾਰਾ ਸਾਗਰ, ਪ੍ਰੋ. ਹਰਭਜਨ ਸਿੰਘ, ਰਵਨੀਤ ਕੌਰ, ਕੁਲਦੀਪ ਤੱਖਰ ਆਦਿ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋ. ਬਲਜਿੰਦਰ ਸਿੰਘ, ਲਖਵੀਰ ਸਿੰਘ, ਸੁਖਦੇਵ ਸਿੰਘ, ਮੱਖਣ ਸਿੰਘ, ਮਨਜੀਤ ਕੌਰ ਵੀ ਹਾਜ਼ਰ ਸਨ। ਮੰਚ ਸੰਚਾਲਨ ਮਨਦੀਪ ਗੋਰਾ ਨੇ ਕਾਵਿਕ ਅੰਦਾਜ਼ ਵਿਚ ਕੀਤਾ।

# ਖਾੜਕੂ ਨੂੰ ਭਜਾਉਣ ਵਾਲੇ ਪੁਲਿਸ ਮੁਲਾਜ਼ਮ ਲਾਈਨ ਹਾਜ਼ਰ

**ਨਵੀਂ ਦਿੱਲੀ:** ਭਿੰਡਰਾਂਵਾਲਾ ਟਾਈਗਰਜ਼ ਫੋਰਸ ਦੇ ਖਾੜਕੂ ਤੋਂ ਪੈਸੇ ਲੈ ਕੇ ਉਸ ਨੂੰ ਛੱਡਣ ਦੇ ਦੋਸ਼ ਵਿਚ ਤਿੰਨ ਪੁਲਿਸ ਕਰਮੀਆਂ ਨੂੰ ਲਾਈਨ ਹਾਜ਼ਰ ਕੀਤਾ ਗਿਆ ਹੈ। ਮਸ਼ਕੂਕ ਖਾੜਕੂ ਤੇ ਭਿੰਡਰਾਂਵਾਲਾ ਟਾਈਗਰਜ਼ ਫੋਰਸ ਦੇ ਮੈਂਬਰ ਅਵਤਾਰ ਸਿੰਘ ਵੱਲੋਂ ਕੀਤੇ ਗਏ ਖੁਲਾਸੇ ਮਗਰੋਂ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ।

ਅਵਤਾਰ ਸਿੰਘ ਹਾਲ ਹੀ ਵਿਚ ਕਰੋਲ ਬਾਗ ਇਲਾਕੇ ਵਿਚ ਹੋਈ ਇਕ ਕਰੋੜ ਰੁਪਏ ਦੀ ਲੁੱਟ ਵਿਚ ਸ਼ਾਮਲ ਦੱਸਿਆ ਜਾਂਦਾ ਹੈ। ਕੇਂਦਰੀ ਜ਼ਿਲ੍ਹਾ ਪੁਲਿਸ ਵੱਲੋਂ ਕਾਬੂ ਕੀਤੇ ਗਏ ਅਵਤਾਰ ਸਿੰਘ ਨੇ ਜਾਂਚਕਾਰਾਂ ਨੂੰ ਦੱਸਿਆ ਕਿ ਪਿਛਲੇ ਹਫਤੇ ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਦੀ ਵਿਸ਼ੇਸ਼ ਜਾਂਚ ਟੀਮ ਨੇ ਉਸ ਨੂੰ ਫੜ ਲਿਆ ਸੀ, ਪਰ ਉਸ ਨੇ ਇਕ ਸਬ-ਇੰਸਪੈਕਟਰ ਨੂੰ ਲੁੱਟ ਦੇ ਮਾਲ ਵਿਚੋਂ ਪੰਜ ਲੱਖ ਰੁਪਏ ਦੇ ਦਿਤੇ ਸਨ ਤੇ ਉਨ੍ਹਾਂ ਨੇ ਉਸ ਨੂੰ ਛੱਡ ਦਿੱਤਾ ਸੀ। ਇਨ੍ਹਾਂ ਧਮਾਕਾਖੇਜ਼ ਖੁਲਾਸਿਆਂ ਨੇ ਪੁਲਿਸ ਨੂੰ ਵੱਡੀ ਨਮੋਸ਼ੀ ਦਿਵਾਈ ਹੈ ਤੇ ਨਾਲ ਦੀ ਨਾਲ ਤਿੰਨ ਪੁਲਿਸ ਕਰਮੀਆਂ ਇੰਸਪੈਕਟਰ ਰਾਜਬੀਰ ਸਿੰਘ, ਐਸ.ਆਈ ਰਮੇਸ਼ ਤੇ ਕਾਂਸਟੇਬਲ ਪ੍ਰਵੇਜ਼ ਆਲਮ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਵਿਰੁੱਧ ਵਿਭਾਗੀ ਜਾਂਚ ਵੀ ਸ਼ੁਰੂ ਕੀਤੀ ਗਈ ਹੈ। ਸੂਤਰਾਂ ਮੁਤਾਬਕ ਕਾਂਸਟੇਬਲ ਪਰਵੇਜ਼ ਆਲਮ ਨੂੰ ਗਰੋਹ ਬਾਰੇ ਸੂਹ ਮਿਲੀ ਸੀ, ਜਿਸ ਮਗਰੋਂ ਗ੍ਰਿਫਤਾਰੀ ਦਾ ਹੀਲਾ ਕੀਤਾ ਗਿਆ ਸੀ। ਇਸੇ ਕੇਸ ਵਿਚ ਗ੍ਰਿਫਤਾਰ ਜੁਗਲ ਤੋਂ ਪੁਲਿਸ ਨੂੰ ਪਤਾ ਲੱਗਿਆ ਸੀ ਕਿ ਉਸ ਨੇ ਲੁੱਟ ਦਾ ਮਾਲ ਇਕ ਸਹਾਇਕ ਕਮਿਸ਼ਨਰ (ਪੁਲਿਸ) ਨੂੰ ਇਸ ਭਰੋਸੇ ਦੇ ਦਿੱਤਾ ਸੀ ਕਿ ਉਸ ਨੂੰ ਬਚਾਅ ਲਿਆ ਜਾਏਗਾ।

# ਨਿਕੀ ਹੇਲੀ ਤੇ ਨੀਰਾ ਟੰਡਨ 50 ਸਭ ਤੋਂ ਸ਼ਕਤੀਸ਼ਾਲੀ ਮਾਂਵਾਂ 'ਚ ਸ਼ੁਮਾਰ

**ਵਾਸ਼ਿੰਗਟਨ:** ਦੱਖਣੀ ਕੈਰੋਲੀਨਾ ਸੂਬੇ ਦੀ ਗਵਰਨਰ ਨਿਕੀ ਹੇਲੀ ਤੇ ਉਦਾਰਵਾਦੀ ਵਿਚਾਰਸ਼ੀਲ ਸੰਸਥਾ ਸੈਂਟਰ ਫਾਰ ਅਮੇਰਿਕਨ ਪ੍ਰੋਗ੍ਰੈਸ ਦੀ ਮੁਖੀ ਨੀਰਾ ਟੰਡਨ ਵਰਕਿੰਗ ਮਦਰ ਮੈਗਜ਼ੀਨ ਵੱਲੋਂ ਜਾਰੀ ਕੀਤੀ 50 ਸਭ ਤੋਂ ਸ਼ਕਤੀਸ਼ਾਲੀ ਮਾਵਾਂ ਦੀ ਸੂਚੀ ਵਿਚ ਸ਼ਾਮਲ ਹਨ। ਭਾਰਤ ਤੋਂ ਆਏ ਸਿੱਖ ਜੋੜੇ ਦੀ ਧੀ ਨਿਮਰਤਾ ਨਿਕੀ ਰੰਧਾਵਾ ਉਰਫ ਨਿਕੀ ਹੇਲੀ ਰਿਪਬਲਿਕਨ ਪਾਰਟੀ ਦੀ ਅਹਿਮ ਕਾਰਕੁਨ ਹੈ ਜਦਕਿ ਨੀਰਾ ਟੰਡਨ ਹਿਲੇਰੀ ਕਲਿੰਟਨ ਦੀ ਰਾਸ਼ਟਰਪਤੀ ਲਈ ਮੁਹਿੰਮ ਦੌਰਾਨ ਨੀਤੀ ਨਿਰਦੇਸ਼ਕ ਵਜੋਂ ਕੰਮ ਕਰਦੀ ਰਹੀ ਹੈ ਤੇ ਫਾਰਚਿਊਨ ਮੈਗਜ਼ੀਨ ਵੱਲੋਂ ਉਸ ਨੂੰ ਸਿਆਸਤ ਵਿਚ ਸਰਗਰਮ ਸਭ ਤੋਂ ਸ਼ਕਤੀਸ਼ਾਲੀ ਔਰਤਾਂ ਵਿਚ ਸ਼ੁਮਾਰ ਕੀਤਾ ਗਿਆ ਸੀ।

ਜ਼ਮੀਨ ਵਿਕਾਊ ਹੈ

ਮੋਹਾਲੀ ਜਿਲ੍ਹੇ ਵਿਚ ਮੇਨ ਸੜਕ ਦੇ ਨਜ਼ਦੀਕ 5 ਏਕੜ ਉਪਜਾਊ ਜ਼ਮੀਨ ਸਾਢੇ 12 ਹਾਰਸ ਪਾਵਰ ਦੀ ਮੋਟਰ ਸਮੇਤ ਵਿਕਾਊ ਹੈ
ਪੈਸੇ ਅਮਰੀਕਾ ਵਿਚ ਵੀ ਦੇ ਸਕਦੇ ਹੋ
ਚਾਹਵਾਨ ਸੰਪਰਕ ਕਰੋ
ਫੋਨ: 209-483-9783

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply

Gurdip Singh Sandhu
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

# ਆਸਟਰੇਲੀਆ ਦੇ ਸਭ ਤੋਂ ਵੱਡੇ ਗੁਰਦੁਆਰੇ ਦੀ ਚੋਣ ਵਿਚ ਕੈਪਟਨ ਸੰਧੂ ਧਿਰ ਜੇਤੂ

**ਸਿਡਨੀ:** ਆਸਟਰੇਲੀਆ ਦੇ ਸਭ ਤੋਂ ਵੱਡੇ ਗੁਰਦੁਆਰੇ ਪਾਰਕਲੀ ਦੀ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਸਿੱਖਸ ਫਾਰ ਟਰੁੱਥ ਐਂਡ ਡੈਮੋਕਰੇਸੀ ਨੇ ਹੂੰਝਾ-ਫੇਰੂ ਜਿੱਤ ਹਾਸਲ ਕਰਦਿਆਂ ਕੈਪਟਨ ਸਰਜਿੰਦਰ ਸਿੰਘ ਸੰਧੂ ਨੂੰ ਪ੍ਰਧਾਨ ਬਣਾਇਆ ਹਨ। ਕੈਪਟਨ ਸੰਧੂ ਨੇ ਆਪਣੀ ਵਿਰੋਧੀ ਧਿਰ ਸਿੱਖ ਸੰਗਤ ਸੇਵਾ ਗਰੁੱਪ ਤੇ ਸਿਡਨੀ ਸਿੱਖ ਯੂਥ ਦੇ ਸਾਂਝੇ ਉਮੀਦਵਾਰ ਸੁਰਿੰਦਰ ਸਿੰਘ ਮੁਲਤਾਨੀ ਨੂੰ 330 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਕੁੱਲ ਪੋਲ ਹੋਈਆਂ ਵੋਟਾਂ 1796 ਸਨ। ਇੰਨਾ ਹੀ ਨਹੀਂ ਦਸ ਮੈਂਬਰੀ ਕਾਰਜਕਾਰਨੀ ਵਿਚੋਂ ਸਿੱਧੇ ਤੌਰ 'ਤੇ ਅੱਠ ਅਹੁਦੇਦਾਰ ਕੈਪਟਨ ਸੰਧੂ ਦੀ ਧਿਰ ਦੇ ਚੋਣ ਜਿੱਤੇ ਹਨ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਜਨਰਲ ਸਕੱਤਰ ਜਗਤਾਰ ਸਿੰਘ ਸ਼ਾਮਲ ਹਨ। ਗੁਰਦੁਆਰੇ ਦੇ ਬੋਰਡ ਆਫ ਟਰੱਸਟੀ ਦੇ ਕੁੱਲ ਨੌਂ ਟਰੱਸਟੀਆਂ ਵਿਚੋਂ ਹਰ ਸਾਲ ਤਿੰਨ ਟਰੱਸਟੀਆਂ ਦੀ ਚੋਣ ਵਿਚ ਵੀ ਤਿੰਨੇ ਟਰੱਸਟੀ ਕੈਪਟਨ ਸੰਧੂ ਦੇ ਖੇਮੇ ਦੇ ਜਿੱਤੇ ਹਨ। ਸਿੱਖ ਸੰਗਤ ਸੇਵਾ ਗਰੁੱਪ ਤੇ ਸਿਡਨੀ ਸਿੱਖ ਯੂਥ ਦੇ ਉਮੀਦਵਾਰਾਂ ਵਿਚੋਂ ਜਸਪਾਲ ਸਿੰਘ ਖਜ਼ਾਨਚੀ ਤੇ ਐਸ਼ਪ੍ਰੀਤ ਕੌਰ ਸਰਵਿੰਗ ਮੈਂਬਰ ਚੋਣ ਜਿੱਤੇ ਹਨ।

ਜ਼ਿਕਰਯੋਗ ਹੈ ਕਿ ਸਿਡਨੀ ਦੇ ਇਸ ਗੁਰਦੁਆਰੇ ਦੀ ਸਾਲਾਨਾ ਆਮਦਨ 20 ਲੱਖ ਡਾਲਰ ਦੇ ਨੇੜੇ-ਤੇੜੇ ਹੈ, ਜਿਸ ਬਾਰੇ ਪਿਛਲੇ ਸਮੇਂ ਵਿਚ ਦੋਸ਼ ਲੱਗਦੇ ਰਹੇ ਹਨ ਕਿ ਪ੍ਰਬੰਧਕ ਇਸ ਦੀ ਸੁਚੱਜੀ ਵਰਤੋਂ ਨਹੀਂ ਕਰਦੇ। ਤਕਰੀਬਨ ਛੇ ਮਹੀਨੇ ਤੋਂ ਚੋਣ ਹੋਣੀ ਨੀਅਤ ਸੀ, ਜਿਸ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਇਸ ਦੇ ਆਗੂ ਜ਼ੋਰ ਲਗਾ ਰਹੇ ਸਨ।



# ਆਜ਼ਾਦੀ ਸੰਗਰਾਮੀਆਂ ਦੇ ਪਿੰਡਾਂ ਦੀ ਕਿਸੇ ਨੇ ਸਾਰ ਹੀ ਨਾ ਲਈ

**ਜਲੰਧਰ:** ਦੇਸ਼ ਨੂੰ ਬਰਤਾਨਵੀ ਸ਼ਾਸਕਾਂ ਤੋਂ ਆਜ਼ਾਦ ਕਰਾਉਣ ਵਿਚ ਵੱਡੀ ਭੂਮਿਕਾ ਨਿਭਾਉਣ ਵਾਲੇ ਦੋਆਬਾ ਖੇਤਰ ਦੀ ਕੰਢੀ ਪੱਟੀ ਵਾਲੇ ਕਈ ਪਿੰਡ ਆਜ਼ਾਦੀ ਦੇ 68 ਸਾਲ ਬਾਅਦ ਵੀ ਮੁਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਇਥੋਂ ਦੇ ਵਸਨੀਕਾਂ ਨੇ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਨਾ ਮਿਲਵਰਤਨ ਲਹਿਰ, ਆਜ਼ਾਦ ਹਿੰਦ ਫੌਜ ਵਰਗੀਆਂ ਲਹਿਰਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਤੇ ਫਾਂਸੀਆਂ ਦੇ ਰੱਸੇ ਚੁੰਮੇ, ਕਾਲੇਪਾਣੀ ਦੀਆਂ ਸਜ਼ਾਵਾਂ ਕੱਟੀਆਂ, ਜ਼ਮੀਨਾਂ ਦੀਆਂ ਕੁਰਕੀਆਂ ਕਰਵਾਈਆਂ ਪਰ ਅੰਗਰੇਜ਼ੀ ਸ਼ਾਸਕਾਂ ਦੀ ਈਨ ਨਾ ਮੰਨੀ।



ਇਨ੍ਹਾਂ ਪਿੰਡਾਂ ਵਿਚ ਬਿਜਲੀ, ਪਾਣੀ, ਸਿਹਤ ਸਹੂਲਤਾਂ, ਟਰਾਂਸਪੋਰਟ ਦਾ ਮੰਦਾ ਹਾਲ ਹੈ। ਖੇਤੀਬਾੜੀ ਮੀਂਹ 'ਤੇ ਨਿਰਭਰ ਹੈ। ਇਥੇ ਜ਼ਮੀਨ ਹੇਠਲਾ ਪਾਣੀ 500-600 ਫੁੱਟ ਡੂੰਘਾ ਹੈ। ਜ਼ਮੀਨ ਉਪਜਾਊ ਹੈ ਪਰ ਸਰਕਾਰ ਕੋਲ ਖਿੱਤੇ ਦੇ ਵਿਕਾਸ ਦੀ ਯੋਜਨਾਬੰਦੀ ਨਾ ਹੋਣ ਕਰਕੇ ਇਸ ਖੇਤਰ ਦੀ ਵਿਲੱਖਣਤਾ ਨੂੰ ਰੁਜ਼ਗਾਰ ਮੁਖੀ ਬਣਾਉਣ ਵਿਚ ਕੋਈ ਪੇਸ਼ਕਦਮੀ ਨਹੀਂ ਹੋ ਰਹੀ। ਫਤਿਹਪੁਰ ਕੋਠੀ ਪਿੰਡ ਦੀ ਡਿਸਪੈਂਸਰੀ ਜੋ ਡਾਕਟਰ ਨਾ ਆਉਣ ਕਾਰਨ ਬੰਦ ਪਈ ਹੈ।ਪਿੰਡ ਫਤਿਹਪੁਰ ਕੋਠੀ ਤਹਿਸੀਲ ਗੜ੍ਹਸ਼ੰਕਰ ਦੇ ਬਲਾਕ ਮਾਹਿਲਪੁਰ ਦਾ ਅਜਿਹਾ ਹੀ ਇਕ ਪਛੜਿਆ ਪਿੰਡ ਹੈ ਜਿਥੇ ਜਾ ਕੇ ਕੋਈ ਵੀ ਆਮ ਸੂਝ-ਬੂਝ ਵਾਲਾ ਵਿਅਕਤੀ ਲੋਕਾਂ ਦਾ ਜੀਵਨ ਪੱਧਰ ਦੇਖ ਕੇ ਝੰਜੋੜਿਆ ਜਾਂਦਾ ਹੈ।

ਬੱਬਰ ਅਕਾਲੀ ਲਹਿਰ ਦੀ ਫਿਰਤੂ 'ਪ੍ਰੈੱਸ' ਇਥੇ ਹੀ ਕੰਮ ਕਰਦੀ ਸੀ। ਇਸ ਪਿੰਡ ਦੀ ਫਿਜ਼ਾ ਵਿਚੋਂ ਬੱਬਰ ਅਕਾਲੀ ਦੋਆਬਾ ਅਖ਼ਬਾਰ ਦੇ ਇਨਕਲਾਬੀ ਪੰਨੇ ਤਹਿ ਦਰ ਤਹਿ ਛਪਦੇ ਸਨ ਤੇ ਦੋਆਬੇ ਦੇ ਬੱਬਰਾਂ ਦੇ ਆਪਸੀ ਸੰਦੇਸ਼, ਲੋਕਾਂ ਤੱਕ ਪਹੁੰਚਾਉਣ ਵਾਲੇ ਫੈਸਲੇ ਤੇ ਅੰਗਰੇਜ਼ਾਂ ਖਿਲਾਫ਼ ਅੱਗ ਉਗਲਦੇ ਸ਼ਬਦ ਇਸੇ ਪਿੰਡ ਦੀਆਂ ਜੂਹਾਂ ਵਿਚੋਂ ਨਿਕਲਦੇ ਸਨ। ਸੰਨ 1921 ਤੋਂ 1923 ਤੱਕ ਅੰਗਰੇਜ਼ਾਂ ਦੇ ਨੱਕ ਵਿਚ ਦਮ ਕਰਨ ਵਾਲੀ ਤੇ ਇਸ ਪਿੱਛੋਂ ਲਗਾਤਾਰ ਸੁਲਘਣ ਵਾਲੀ ਬੱਬਰ ਅਕਾਲੀ ਲਹਿਰ ਨੂੰ ਪਿੰਡ ਫਤਿਹਪੁਰ ਕੋਠੀ ਦੀ ਵੱਡੀ ਦੇਣ ਹੈ।

1923 ਵਿਚ ਇਸ ਪਿੰਡ ਤੋਂ ਫੜੀ ਉਡਾਰੂ ਪ੍ਰੈੱਸ ਨੂੰ ਹਾਸਲ ਕਰਕੇ ਅੰਗਰੇਜ਼ਾਂ ਨੇ 'ਵੱਡਾ ਮੋਰਚਾ' ਜਿੱਤ ਲਿਆ ਸਮਝਦੇ ਸਨ। ਉਸ ਸਮੇਂ ਦੀਆਂ ਸਰਕਾਰੀ ਫਾਈਲਾਂ ਵਿਚ ਫਤਿਹਪੁਰ ਕੋਠੀ ਦਾ ਜ਼ਿਕਰ ਆਉਂਦਾ ਹੈ। ਅਸਲ ਵਿਚ ਦੂਜੀ ਉਡਾਰੂ ਪ੍ਰੈੱਸ ਬੱਬਰ ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਝੁੰਗੀਆਂ ਤੇ ਸਾਥੀਆਂ ਦੇ ਕਬਜ਼ੇ ਹੇਠ ਕੰਢੀ ਦੀ ਇਸੇ ਤਹਿਸੀਲ ਦੇ ਦੂਜੇ ਪਿੰਡ ਹਿਆਤਪੁਰ ਰੁੜਕੀ ਵਿਖੇ ਸੀ। ਸਮੇਂ ਦਾ ਦੁਖਾਂਤ ਹੋਰ ਕੀ ਹੋ ਸਕਦਾ ਹੈ ਕਿ ਇਹ ਪਿੰਡ ਬੱਬਰਾਂ ਦੀ ਯਾਦਗਾਰ ਵਜੋਂ ਪ੍ਰਫੁੱਲਤ ਕਰਨ ਦੀ ਥਾਂ ਸਰਕਾਰਾਂ ਨੇ ਮਿੱਟੀ ਵਿਚ ਮਿਲਾ ਦਿੱਤੇ ਹਨ। ਅੰਗਰੇਜ਼ਾਂ ਦੀ ਛੇ ਮਹੀਨੇ ਦੀ ਮਿਲਟਰੀ ਚੌਕੀ ਇਥੇ ਰਹੀ। ਇਥੋਂ ਤੱਕ ਕਿ ਪਿੰਡ ਦੇ ਲੋਕਾਂ ਦੇ ਮੁਖ਼ਬਰ ਨਾ ਬਣਨ ਤੇ ਬੱਬਰਾਂ ਨੂੰ ਪਨਾਹ ਦੇਣ ਤੋਂ ਚਿੜ ਕੇ ਅੰਗਰੇਜ਼ ਇਥੋਂ ਦੇ ਘਰਾਂ ਨੂੰ ਤੋਪਾਂ ਨਾਲ ਉਡਾਉਣ ਦਾ ਫੈਸਲਾ ਕਰ ਚੁੱਕੇ ਸਨ। ਰੋਜ਼ਾਨਾ ਲੋਕਾਂ ਨੂੰ ਪਿੰਡ ਦੀ ਸਾਂਝੀ ਥਾਂ ਬਿਠਾ ਕੇ ਰਾਤ ਨੂੰ ਛੱਡਣਾ ਆਮ ਗੱਲ ਹੋ ਗਈ ਸੀ।

ਫਤਿਹਪੁਰ ਕੋਠੀ ਦੇ ਆਜ਼ਾਦੀ ਸੰਗਰਾਮੀਆਂ ਦੀ ਸੂਚੀ ਬੜੀ ਲੰਬੀ ਹੈ। ਗ਼ਦਰ ਲਹਿਰ ਸਮੇਂ ਇਥੋਂ ਦੇ ਸੰਤ ਰਾਮ, ਦਲੀਪ ਸਿੰਘ, ਹਰਨਾਮ ਸਿੰਘ ਤੋਂ ਇਲਾਵਾ ਆਜ਼ਾਦ ਹਿੰਦ ਫੌਜ ਵਿਚ ਬਲਦੇਵ ਸਿੰਘ, ਬੰਤਾ ਸਿੰਘ (ਕੈਦ ਇਕ ਸਾਲ), ਗੁਰਬਚਨ ਸਿੰਘ (ਜੰਗੀ ਕੈਦੀ), ਗੁਰਮੀਤ ਸਿੰਘ, ਪਿਆਰਾ ਸਿੰਘ (ਜੰਗੀ ਕੈਦੀ) ਹੋਏ ਹਨ। ਇਥੋਂ ਦਾ ਹੁਸ਼ਿਆਰ ਸਿੰਘ ਬੱਬਰ ਅਕਾਲੀ ਲਹਿਰ ਸਮੇਂ ਫਾਂਸੀ ਦਾ ਰੱਸਾ ਚੁੰਮ ਗਿਆ। ਜਵਾਲਾ ਸਿੰਘ ਮੰਡੇਰ ਸਾਕੇ ਵਿਚ ਜ਼ਿੰਦਾ ਸਾੜ ਕੇ ਸ਼ਹੀਦ ਕਰ ਦਿੱਤਾ ਗਿਆ। ਪ੍ਰਸ਼ੋਤਮ ਸਿੰਘ, ਭਗਵਾਨ ਸਿੰਘ ਸੱਤ ਸਾਲ ਦੀ ਕੈਦ ਕੱਟਣ ਵਾਲੇ ਸੰਗਰਾਮੀਏ ਸਨ। ਜਰਨੈਲ ਸਿੰਘ ਜੈਤੋ ਮੋਰਚੇ ਵਿਚ ਕੈਦ ਹੋਇਆ।

## ਪਿੰਡ ਵਾਸੀਆਂ ਨੂੰ ਸਰਕਾਰ ਨਾਲ ਡਾਢਾ ਗਿਲਾ

ਇਨ੍ਹਾਂ ਪਿੰਡਾਂ ਦੇ ਲੋਕ ਸਰਕਾਰ ਦੀ ਅਣਦੇਖੀ ਕਾਰਨ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਲੋਕਾਂ ਦਾ ਮੁੱਖ ਕਿੱਤਾ ਖੇਤੀ, ਪਸ਼ੂ-ਧਨ, ਮਜ਼ਦੂਰੀ ਤੇ ਨੇੜਲੇ, ਜੰਗਲਾਂ 'ਤੇ ਟਿਕਿਆ ਹੈ। ਜ਼ਮੀਨ ਹੇਠਲਾ ਪਾਣੀ ਬੇਹੱਦ ਡੂੰਘਾ ਹੈ, ਜ਼ਮੀਨ ਉੱਚੀ ਨੀਵੀਂ ਹੈ ਪਰ ਉਪਜਾਊ ਹੈ। ਨਿੱਜੀ ਟਿਊਬਵੈੱਲ ਲਾਉਣੇ ਅਸੰਭਵ ਹਨ ਤੇ ਸਰਕਾਰੀ ਟਿਊਬਵੈੱਲ ਕੋਈ ਵੀ ਨਹੀਂ। ਭੂਮੀ ਤੇ ਜਲ ਸੰਭਾਲ ਵਿਭਾਗ ਨੇ ਸਿੰਜਾਈ ਲਈ ਪਹਾੜਾਂ-ਸੀਰਾਂ ਦਾ ਪਾਣੀ ਇਕੱਠਾ ਕਰਕੇ ਇਕ ਵਧੀਆ ਲਿਫਟ ਸਿੰਜਾਈ ਪ੍ਰਾਜੈਕਟ ਲਾਇਆ ਸੀ ਪਰ ਅੱਠ ਸਾਲ ਤੋਂ ਇਸ ਨੂੰ ਸਰਕਾਰ ਨੇ ਬਿਜਲੀ ਕੁਨੈਕਸ਼ਨ ਹੀ ਨਹੀਂ ਦਿੱਤਾ। ਖੇਤਰ ਵਿਚ ਭੂ-ਮਾਫੀਆ ਸਰਗਰਮ ਹੈ, ਜਿਸ ਨੂੰ ਗਰੀਬਾਂ ਦੀ ਭੰਗ ਦੇ ਭਾਅ ਖਰੀਦੀ ਜ਼ਮੀਨ ਵਿਚ ਸਰਕਾਰ ਨੇ ਬਿਨਾਂ ਹੀਲ-ਹੁੱਜਤ ਦੇ 50-50 ਹਾਰਸ ਪਾਵਰ ਦੇ ਕੁਨੈਕਸ਼ਨ ਦੇ ਰੱਖੇ ਹਨ। ਇਹ ਪਿੰਡ ਜੰਗਲ ਦੇ ਨੇੜੇ ਹੋਣ ਕਰਕੇ ਇਥੇ ਜੰਗਲਾਤ ਵਿਭਾਗ ਦੀਆਂ ਦਫਾ ਚਾਰ ਤੇ ਪੰਜ ਦੀਆਂ ਸਖ਼ਤ ਧਾਰਾਵਾਂ ਹਨ।ਇਨ੍ਹਾਂ ਮੁਤਾਬਕ ਕਿਸਾਨ ਜ਼ਮੀਨ ਵਿਚੋਂ ਲੱਕੜ ਪੁੱਟ ਨਹੀਂ ਸਕਦਾ, ਕਰਾਹੀ ਨਹੀਂ ਕਰ ਸਕਦਾ, ਬੱਕਰੀਆਂ ਨਹੀਂ ਪਾਲ ਸਕਦਾ, ਜੰਗਲ ਵਿਚੋਂ ਬਾਲਣ ਨਹੀਂ ਕੱਟ ਸਕਦਾ, ਰੇਤ-ਪੱਥਰ-ਬਜਰੀ ਨਹੀਂ ਵਰਤ ਸਕਦਾ ਪਰ ਇਹ ਕਾਨੂੰਨ ਆਮ ਲੋਕਾਂ ਲਈ ਹਨ। ਅਸਲ ਵਿਚ ਇਥੇ ਰੇਤ ਮਾਫੀਆ, ਜੰਗਲ ਮਾਫੀਆ ਤੇ ਭੂਮੀ-ਮਾਫੀਆ ਪੂਰੀ ਤਰ੍ਹਾਂ ਸਰਗਰਮ ਹੈ ਤੇ ਵਿਭਾਗ ਦੇ ਕਾਨੂੰਨ ਇਨ੍ਹਾਂ ਅੱਗੇ 'ਮੋਮ ਦੇ ਨੱਕ' ਬਣੇ ਰਹਿੰਦੇ ਹਨ।

# ਪੰਚਾਇਤੀ ਜ਼ਮੀਨਾਂ ਪੂੰਜੀਪਤੀਆਂ ਹਵਾਲੇ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਹੁਣ ਪੰਚਾਇਤੀ ਤੇ ਸਰਕਾਰੀ ਜ਼ਮੀਨਾਂ ਉਦਯੋਗਪਤੀਆਂ ਤੇ ਪੂੰਜੀਪਤੀਆਂ ਹਵਾਲੇ ਕਰਨ ਦੀ ਤਿਆਰੀ ਕਰ ਲਈ ਹੈ। ਇਸ ਤਜਵੀਜ਼ ਮੁਤਾਬਕ ਪੰਜ ਏਕੜ ਤੋਂ ਜ਼ਿਆਦਾ ਜ਼ਮੀਨ ਉਦਯੋਗਾਂ ਲਈ ਵਰਤੋਂ ਵਿਚ ਲਿਆਂਦੀ ਜਾਵੇਗੀ। ਸਰਕਾਰ ਵੱਲੋਂ ਸਥਾਪਤ ਕੀਤੇ ਨਿਵੇਸ਼ ਪ੍ਰਮੋਸ਼ਨ ਬਿਊਰੋ ਨੇ ਵਿੱਤੀ ਕਮਿਸ਼ਨਰ (ਮਾਲ) ਰਾਹੀਂ ਜ਼ਮੀਨਾਂ ਦੀ ਨਿਸ਼ਾਨਦੇਹੀ ਕਰਾਈ ਜਾ ਰਹੀ ਹੈ। ਸਰਕਾਰ ਦਾ ਇਹ ਫ਼ੈਸਲਾ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਕੀਤੇ ਜਾ ਰਹੇ ਉਦਮਾਂ ਦਾ ਹਿੱਸਾ ਦੱਸਿਆ ਜਾ ਰਿਹਾ ਹੈ।

ਸੂਤਰਾਂ ਮੁਤਾਬਕ ਪੰਜਾਬ ਵਿਚ ਜ਼ਮੀਨਾਂ ਦੇ ਭਾਅ ਜ਼ਿਆਦਾ ਹੋਣ ਕਾਰਨ ਉਦਯੋਗਪਤੀ ਤੇ ਪੂੰਜੀਪਤੀ ਨਵੇਂ ਉਦਯੋਗ ਲਾਉਣ ਤੋਂ ਗੁਰੇਜ਼ ਕਰ ਰਹੇ ਹਨ। ਨਵੇਂ ਭੋਂ ਪ੍ਰਾਪਤੀ ਕਾਨੂੰਨ ਦੇ ਹੋਂਦ ਵਿਚ ਆਉਣ ਤੋਂ ਬਾਅਦ ਜ਼ਮੀਨ ਹਾਸਲ ਕਰਨਾ ਹੋਰ ਵੀ ਔਖਾ ਹੋ ਗਈ ਹੈ ਜਿਸ ਕਰ ਕੇ ਸਰਕਾਰੀ ਵਿਭਾਗਾਂ ਤੇ ਪੰਚਾਇਤਾਂ ਦੀਆਂ ਜ਼ਮੀਨਾਂ ਪਟੇ 'ਤੇ ਦੇਣ ਦੀ ਤਜਵੀਜ਼ ਬਣਾਈ ਹੈ। ਸਰਕਾਰ ਜਾਂ ਪੰਚਾਇਤ ਨੂੰ ਜ਼ਮੀਨ ਦਾ ਮੁੱਲ ਦੇਣ ਦੀ ਥਾਂ ਮਹਿਜ਼ ਕਿਰਾਇਆ ਦੇਣਾ ਪਵੇਗਾ। ਜ਼ਮੀਨ 33 ਸਾਲਾਂ ਲਈ ਪਟੇ 'ਤੇ ਦਿੱਤੀ ਜਾਵੇਗੀ। ਪੰਜਾਬ ਵਿਚ ਇਕ ਲੱਖ 58 ਹਜ਼ਾਰ ਏਕੜ ਸ਼ਾਮਲਾਟ ਤੇ 23700 ਏਕੜ ਮੁਸ਼ਤਰਕਨ ਮਾਲਕਾਂ ਦੀ ਜ਼ਮੀਨ ਹੈ। ਇਨ੍ਹਾਂ ਜ਼ਮੀਨਾਂ ਦੀ ਮਾਲਕ ਜਾਂ ਕਸਟੋਡੀਨ ਪੰਚਾਇਤ ਹੁੰਦੀ ਹੈ। ਸਰਕਾਰ ਵੱਲੋਂ ਪਿਛਲੇ ਸਾਲ ਵਿਚ ਕਰਵਾਏ ਨਿਵੇਸ਼ ਪ੍ਰਮੋਸ਼ਨ ਸੰਮੇਲਨ ਦੌਰਾਨ ਵੱਡੀਆਂ ਕੰਪਨੀਆਂ ਨਾਲ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਸਨ। ਸਰਕਾਰ ਨੇ ਸੂਚਨਾ ਤਕਨਾਲੋਜੀ ਦੀਆਂ ਕੰਪਨੀਆਂ ਨੂੰ ਤਾਂ ਮੁਹਾਲੀ ਵਿਚ ਬਣਨ ਵਾਲੇ ਆਈ.ਟੀ. ਸਿਟੀ ਵਿਚ ਜ਼ਮੀਨਾਂ ਅਲਾਟ ਕਰ ਦਿੱਤੀਆਂ ਹਨ।

ਨਵੀਂ ਜਾਣਕਾਰੀ ਅਨੁਸਾਰ ਕੁਝ ਕੰਪਨੀਆਂ ਨੇ ਜ਼ਮੀਨਾਂ ਪਟੇ 'ਤੇ ਲੈਣ ਲਈ ਹਾਮੀ ਭਰ ਦਿੱਤੀ ਹੈ। ਇਹ ਜ਼ਮੀਨਾਂ ਪੰਜਾਬ ਸਟੇਟ ਸਨਅਤੀ ਬਰਾਮਦ ਨਿਗਮ ਨੂੰ ਸੌਂਪੀਆਂ ਜਾਣਗੀਆਂ ਤੇ ਨਿਗਮ ਵੱਲੋਂ ਜ਼ਮੀਨਾਂ ਦੀ ਕੰਪਨੀਆਂ ਨੂੰ ਅਲਾਟਮੈਂਟ ਬਾਰੇ ਨੀਤੀ ਬਣਾਈ ਜਾ ਰਹੀ ਹੈ।

# ਗੁਰਦਿੱਤ ਸਿੰਘ ਕਾਮਾਗਾਟਾਮਾਰੂ ਨੂੰ ਭੁੱਲੇ ਨਹੀਂ ਹਨ ਲੋਕ

**ਤਰਨ ਤਾਰਨ:** ਕਸਬਾ ਸਰਹਾਲੀ ਦੀ ਧਰਤੀ ਅੱਜ ਵੀ ਮਹਾਨ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਯਾਦ ਨੂੰ ਆਪਣੇ ਦਿਲ ਵਿਚ ਸਮੋਈ ਬੈਠੀ ਹੈ। ਪਿੰਡ ਵਿਖੇ ਅੱਜ ਵੀ ਬਾਬਾ ਗੁਰਦਿੱਤ ਸਿੰਘ ਦੇ ਪਰਿਵਾਰ ਦਾ ਬਣਿਆ ਮਕਾਨ ਉਸੇ ਪੁਰਾਣੇ ਰੂਪ ਵਿਚ ਹੀ ਸੁਰੱਖਿਅਤ ਰੱਖਿਆ ਹੋਇਆ ਹੈ। ਪਿੰਡ ਵਿਚ ਜਿਥੇ ਗੁਰਦੁਆਰਾ ਬਾਬਾ ਰਾਮ ਸਿੰਘ ਦੀ ਹਦੂਦ ਅੰਦਰ ਬਾਬਾ ਗੁਰਦਿੱਤ ਸਿੰਘ ਦੀ ਯਾਦ ਵਿਚ ਇਕ ਨਿਸ਼ਾਨ ਸਾਹਿਬ ਝੂਲ ਰਿਹਾ ਹੈ, ਉਥੇ ਪਿੰਡ ਦੇ ਨੌਜਵਾਨਾਂ ਨੇ ਉਨ੍ਹਾਂ ਦੀ ਯਾਦ ਵਿਚ ਇਕ ਖੇਡ ਕਲੱਬ ਬਣਾਈ ਹੈ, ਜਿਸ ਵੱਲੋਂ ਹਰ ਸਾਲ ਸੂਬਾ ਪੱਧਰੀ ਖੇਡ ਮੇਲਾ ਕਰਾਇਆ ਜਾਂਦਾ ਹੈ। ਊਂਜ, ਸਥਿਤੀ ਦਾ ਅਫਸੋਸਨਾਕ ਪਹਿਲੂ ਇਹ ਹੈ ਕਿ 23 ਮਈ ਨੂੰ ਬਾਬਾ ਗੁਰਦਿੱਤ ਸਿੰਘ ਵੱਲੋਂ ਤਿਆਰ ਕੀਤੇ ਜਹਾਜ਼ ਕਾਮਾਗਾਟਾਮਾਰੂ ਨੂੰ ਸਿੰਗਾਪੁਰ ਤੋਂ ਰਵਾਨਾ ਹੋ ਕੇ ਵੈਨਕੂਵਰ (ਕੈਨੇਡਾ) ਪਹੁੰਚਣ ਦੇ 100 ਸਾਲ ਪੂਰੇ ਹੋਣ ਮੌਕੇ ਪਿੰਡ ਵਿਚ ਇਸ ਸਮੁੱਚੇ ਘਟਨਾਕ੍ਰਮ ਨੂੰ ਸਮਰਪਤ ਕੋਈ ਪ੍ਰੋਗਰਾਮ ਕਰਕੇ ਬਾਬਾ ਜੀ ਦੀਆਂ ਘਾਲਣਾਵਾਂ ਨੂੰ ਯਾਦ ਨਹੀਂ ਗਿਆ।



ਪਿੰਡ ਵਾਸੀ ਗੱਜਣ ਸਿੰਘ ਨੇ ਉਨ੍ਹਾਂ ਦੇ ਜਹਾਜ਼ ਵੱਲੋਂ ਵੈਨਕੂਵਰ ਪਹੁੰਚਣ ਦੇ 100 ਸਾਲ ਹੋ ਜਾਣ ਬਾਰੇ ਕੋਈ ਵੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ। ਗੱਜਣ ਸਿੰਘ ਨੇ ਇਹ ਜ਼ਰੂਰ ਦੱਸਿਆ ਕਿ ਪਿੰਡ ਵਿਚ ਬਾਬਾ ਗੁਰਦਿੱਤ ਸਿੰਘ ਦੇ ਪਰਿਵਾਰ ਦੇ ਮਕਾਨ ਨੂੰ ਸਭ ਵਾਸੀ ਬੜੀ ਸ਼ਰਧਾ ਨਾਲ ਸਿਜਦਾ ਕਰਦੇ ਹਨ।ਇਸ ਮਕਾਨ ਵਿਚ ਭਾਵੇਂ ਉਨ੍ਹਾਂ ਦਾ ਪੜਪੋਤਰਾ ਬਲਜੀਤ ਸਿੰਘ ਚੰਡੀਗੜ੍ਹ ਤੋਂ ਆ ਕੇ ਕਦੇ ਕਦਾਈਂ ਹੀ ਰਹਿੰਦਾ ਹੈ, ਫਿਰ ਵੀ ਪਿੰਡ ਵਾਸੀ ਇਸ ਮਕਾਨ ਦੀ ਖ਼ੁਦ ਦੇਖ-ਭਾਲ ਕਰਦੇ ਹਨ।

ਮਕਾਨ ਦੇ ਅੱਗੇ ਬਾਬਾ ਜੀ ਦੇ ਪਰਿਵਾਰ ਦੀਆਂ ਤਿੰਨ ਦੁਕਾਨਾਂ ਹਨ, ਜਿਹੜੀਆਂ ਕਿਰਾਏ 'ਤੇ ਦਿੱਤੀਆਂ ਹੋਈਆਂ ਹਨ। ਪਿੰਡ ਦੀ ਸਰਪੰਚ ਗੁਰਿੰਦਰ ਕੌਰ ਦੇ ਪੁੱਤਰ ਗੁਰਮਹਾਂਬੀਰ ਸਿੰਘ ਮੁਤਾਬਕ ਪਿੰਡ ਵਿਚ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਸਪੋਰਟਸ ਕਲੱਬ ਵੱਲੋਂ ਹਰ ਸਾਲ ਖੇਡ ਮੇਲਾ ਕਰਾਇਆ ਜਾਂਦਾ ਹੈ। ਬਾਬਾ ਗੁਰਦਿੱਤ ਸਿੰਘ ਦੇ ਪਰਿਵਾਰ ਨਾਲ ਸਬੰਧਤ ਨਿਰਵੈਲ ਸਿੰਘ ਅੱਜ ਵੀ ਪਿੰਡ ਵਿਖੇ ਹੀ ਰਹਿ ਰਿਹਾ ਹੈ। ਬਾਬਾ ਗੁਰਦਿੱਤ ਸਿੰਘ ਦੀ ਪੋਤ-ਨੂੰਹ ਬੀਬੀ ਬਲਵੀਰ ਕੌਰ ਕੈਨੇਡਾ ਵਿਖੇ ਰਹਿੰਦੀ ਹੈ। ਉਹ ਉਥੇ ਬਾਬਾ ਜੀ ਨਾਲ ਸਬੰਧਤ ਦਿਹਾੜੇ ਮਨਾਉਣ ਲਈ ਸਮਾਗਮ ਕਰਦੀ ਰਹਿੰਦੀ ਹੈ।

ਪਿੰਡ ਦੇ ਗੁਰਦੁਆਰਾ ਬਾਬਾ ਰਾਮ ਸਿੰਘ ਜੀ ਵਿਖੇ ਬਾਬਾ ਜੀ ਦੀ ਯਾਦ ਵਿਚ ਨਿਸ਼ਾਨ ਸਾਹਿਬ ਸਥਾਪਤ ਕੀਤਾ ਗਿਆ ਹੈ। ਇਸ ਗੁਰਦੁਆਰੇ ਦੀ ਕਾਰ ਸੇਵਾ ਸੰਪਰਦਾ ਸਰਹਾਲੀ ਸਾਹਿਬ ਦੇ ਮੁਖੀ ਬਾਬਾ ਸੁੱਖਾ ਸਿੰਘ ਦੀ ਦੇਖ-ਰੇਖ ਹੇਠ ਹੋ ਰਹੀ ਹੈ।ਇਸ ਅਸਥਾਨ ਵਿਖੇ ਹੀ ਬਾਬਾ ਜੀ ਦਾ ਸਸਕਾਰ ਕੀਤਾ ਗਿਆ ਸੀ। ਪਿੰਡ ਵਾਸੀਆਂ ਨੇ ਬਾਬਾ ਜੀ ਦੀ ਇਕ ਯਾਦਗਾਰ ਸਥਾਪਤ ਕਰਨ ਦਾ ਫੈਸਲਾ ਲਿਆ ਹੈ, ਜਿਸ ਲਈ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਹਰ ਸੰਭਵ ਸਹਿਯੋਗ ਦਿੱਤੇ ਜਾਣ ਦਾ ਯਕੀਨ ਦਿਵਾਇਆ ਹੈ।

# ਪੰਜਾਬ ਵਿਚ ਸਰਕਾਰੀ ਸਿਹਤ ਸੇਵਾਵਾਂ ਦਾ ਪਿਆ ਭੋਗ?

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤਹਿਤ ਚੱਲ ਰਹੀਆਂ ਪੇਂਡੂ ਡਿਸਪੈਂਸਰੀਆਂ ਵਿਚ ਕੰਮ ਕਰਦੇ ਤਕਰੀਬਨ 150 ਡਾਕਟਰ ਹਰ ਸਾਲ ਨੌਕਰੀ ਨੂੰ ਅਲਵਿਦਾ ਆਖ ਰਹੇ ਹਨ। ਸੂਬੇ ਵਿਚ ਪੇਂਡੂ ਡਿਸਪੈਂਸਰੀਆਂ ਦੀ ਗਿਣਤੀ 1186 ਹੈ ਤੇ ਇਨ੍ਹਾਂ ਵਿਚੋਂ 400 ਤੋਂ ਵੱਧ ਵਿਚ ਡਾਕਟਰਾਂ ਦੀਆਂ ਅਸਾਮੀਆਂ ਖ਼ਾਲੀ ਪਈਆਂ ਹਨ। ਪਿਛਲੇ ਢਾਈ ਸਾਲਾਂ ਵਿਚ 400 ਤੋਂ ਵੱਧ ਡਾਕਟਰ ਨੌਕਰੀ ਛੱਡ ਗਏ ਹਨ। ਵਿਭਾਗ ਵੱਲੋਂ 2011 ਤੋਂ ਬਾਅਦ ਨਵੀਂ ਭਰਤੀ ਨਹੀਂ ਕੀਤੀ ਗਈ ਹੈ।

## ਪੇਂਡੂ ਡਿਸਪੈਂਸਰੀਆਂ 'ਚ 400 ਤੋਂ ਵੱਧ ਅਸਾਮੀਆਂ ਖਾਲੀ




ਡਾਕਟਰਾਂ ਦੀ ਗ਼ੈਰਹਾਜ਼ਰੀ ਵਿਚ ਫਾਰਮਾਸਿਸਟਾਂ ਵੱਲੋਂ ਕੰਮ ਚਲਾਇਆ ਜਾ ਰਿਹਾ ਹੈ ਤੇ ਕਈ ਡਾਕਟਰਾਂ ਨੂੰ ਦੂਹਰਾ ਚਾਰਜ ਦਿੱਤਾ ਗਿਆ ਹੈ। ਪਤਾ ਲੱਗਿਆ ਹੈ ਕਿ ਪੰਚਾਇਤ ਵਿਭਾਗ ਤਹਿਤ ਕੰਮ ਕਰਦੇ ਡਾਕਟਰਾਂ ਦਾ ਨੌਕਰੀ ਛੱਡਣ ਦਾ ਕਾਰਨ ਵਿਭਾਗ ਵਿਚ ਤਰੱਕੀ ਦੇ ਮੌਕੇ ਨਾ ਹੋਣਾ ਹੈ।ਇਸ ਤੋਂ ਬਿਨਾਂ ਇਨ੍ਹਾਂ ਡਾਕਟਰਾਂ ਨੂੰ ਉੱਚ ਪੜ੍ਹਾਈ ਲਈ ਸਰਕਾਰੀ ਕੋਟੇ ਦੀ ਸਹੂਲਤ ਤੋਂ ਵੀ ਵਾਂਝੇ ਰੱਖਿਆ ਗਿਆ ਹੈ। ਰੂਰਲ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਵੱਲੋਂ ਡਾਕਟਰੀ ਦੀ ਅਗਲੇਰੀ ਪੜ੍ਹਾਈ ਲਈ ਕੋਟੇ ਦੀ ਮੰਗ ਬਾਰੇ ਡਿਸਪੈਂਸਰੀਆਂ ਦਾ ਕੰਮ ਵੀ ਠੱਪ ਰੱਖਿਆ ਜਾ ਚੁੱਕਿਆ ਹੈ। ਸਰਕਾਰ ਵੱਲੋਂ ਹੁੰਗਾਰਾ ਨਾ ਮਿਲਣ 'ਤੇ ਡਾਕਟਰਾਂ ਨੇ ਪੰਚਾਇਤ ਵਿਭਾਗ ਦੀ ਨੌਕਰੀ ਛੱਡ ਕੇ ਸਿਹਤ ਵਿਭਾਗ ਵਿਚ ਜਾਣ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਸਿਹਤ ਵਿਭਾਗ ਵਿਚ ਡਾਕਟਰਾਂ ਦੀਆਂ ਕੁੱਲ ਪੰਜ ਹਜ਼ਾਰ ਆਸਾਮੀਆਂ ਵਿਚੋਂ 300 ਖ਼ਾਲੀ ਪਈਆਂ ਹਨ ਜਦਕਿ 1186 ਜ਼ਿਲ੍ਹਾ ਪ੍ਰੀਸ਼ਦ ਡਿਸਪੈਂਸਰੀਆਂ ਵਿਚੋਂ 400 ਤੋਂ ਜ਼ਿਆਦਾ ਵਿਚ ਡਾਕਟਰ ਨਹੀਂ ਹਨ। ਇਨ੍ਹਾਂ ਦੀ ਮੁੱਢਲੀ ਭਰਤੀ ਵੇਲੇ ਰੂਰਲ ਮੈਡੀਕਲ ਅਫਸਰ ਦੀ ਥਾਂ ਸਰਵਿਸ ਪ੍ਰੋਵਾਈਡਰ ਦਾ ਨਾਂਅ ਦਿੱਤਾ ਗਿਆ ਸੀ।

ਰੂਰਲ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾ. ਪ੍ਰਵੇਜ਼ ਅਸਲਮ ਦਾ ਕਹਿਣਾ ਹੈ ਕਿ ਬਰਾਬਰ ਦੀ ਵਿਦਿਅਕ ਯੋਗਤਾ ਹੋਣ ਦੇ ਬਾਵਜੂਦ ਸਿਹਤ ਵਿਭਾਗ ਦੇ ਡਾਕਟਰਾਂ ਨਾਲੋਂ ਪੰਚਾਇਤ ਵਿਭਾਗ ਦੇ ਡਾਕਟਰਾਂ ਨੂੰ ਘੱਟ ਲਾਭ ਦਿੱਤੇ ਜਾ ਰਹੇ ਹਨ। ਪੰਚਾਇਤ ਵਿਭਾਗ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤਹਿਤ ਪੇਂਡੂ ਡਿਸਪੈਂਸਰੀਆਂ ਸ਼ੁਰੂ ਕਰਨ ਵੇਲੇ ਡਾਕਟਰਾਂ ਦੀ ਭਰਤੀ ਠੇਕੇ 'ਤੇ ਕੀਤੀ ਗਈ ਸੀ ਪਰ ਬਾਅਦ ਵਿਚ ਇਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਗਿਆ ਸੀ। ਪੇਂਡੂ ਡਿਸਪੈਂਸਰੀਆਂ ਵਿਚ ਡਾਕਟਰਾਂ ਦੀ ਘਾਟ ਕਾਰਨ ਸਿਹਤ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ। ਡਿਸਪੈਂਸਰੀਆਂ ਵਿਚ ਫਾਰਮਾਸਿਸਟ ਤੇ ਦਰਜਾ ਚਾਰ ਮੁਲਾਜ਼ਮਾਂ ਦੀ ਵੀ ਕਿੱਲਤ ਹੈ। ਸੂਤਰ ਦੱਸਦੇ ਹਨ ਕਿ 150 ਡਿਸਪੈਂਸਰੀਆਂ ਦਾ ਕੰਮ ਲੈਬਾਰਟਰੀ ਤਕਨੀਸ਼ਨਾਂ ਜਾਂ ਏ.ਐਨ.ਐਮ.ਨਰਸਾਂ ਨੂੰ ਦਿੱਤਾ ਗਿਆ ਹੈ।ਇਨ੍ਹਾਂ ਡਿਸਪੈਂਸਰੀਆਂ ਵਿਚ ਫਾਰਮਾਸਿਸਟਾਂ ਤੇ ਦਰਜਾ ਚਾਰ ਮੁਲਾਜ਼ਮਾਂ ਨੂੰ ਠੇਕੇ 'ਤੇ ਨੌਕਰੀ ਦਿੱਤੀ ਗਈ ਹੈ। ਇਹ ਭਰਤੀ ਵਿਭਾਗ ਦੀ ਥਾਂ ਸਰਵਿਸ ਪ੍ਰੋਵਾਈਡਰਾਂ ਵੱਲੋਂ ਆਪਣੇ ਪੱਧਰ 'ਤੇ ਕੀਤੀ ਗਈ ਸੀ। ਫਾਰਮਾਸਿਸਟਾਂ ਨੂੰ ਸੱਤ ਹਜ਼ਾਰ ਤੇ ਦਰਜਾ ਚਾਰ ਮੁਲਾਜ਼ਮਾਂ ਨੂੰ ਤਿੰਨ ਹਜ਼ਾਰ ਰੁਪਏ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ।

# ਭਾਰਤ ਵੱਲੋਂ ਦਹਿਸ਼ਤਵਾਦ ਖਿਲਾਫ ਨਵੇਂ ਮਤੇ ਦੀ ਹਮਾਇਤ ਤੋਂ ਨਾਂਹ

**ਸੰਯੁਕਤ ਰਾਸ਼ਟਰ:** ਭਾਰਤ ਨੇ ਆਲਮੀ ਦਹਿਸ਼ਤਵਾਦ ਖ਼ਿਲਾਫ਼ ਨਵੇਂ ਮਤੇ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਉਹ ਅਜਿਹੇ ਕਿਸੇ ਵੀ ਮਤੇ ਦੀ ਹਮਾਇਤ ਨਹੀਂ ਕਰੇਗਾ, ਜਿਸ ਨਾਲ ਦਹਿਸ਼ਤਵਾਦ ਦੀ ਅਲਾਮਤ ਨਾਲ ਸਿੱਝਣ ਲਈ ਯਤਨ ਪੇਤਲੇ ਪੈਂਦੇ ਹੋਣ। ਯੂ.ਐਨ. ਗਲੋਬਲ ਕਾਊਂਟਰ ਟੈਰਰਿਜ਼ਮ ਸਟ੍ਰੈਟੇਜੀ ਦੇ ਚੌਥੇ ਦੋ ਸਾਲਾ ਜਾਇਜ਼ੇ ਦੀਆਂ ਲੱਭਤਾਂ ਬਾਰੇ ਇਕ ਗ਼ੈਰਰਸਮੀ ਵਿਚਾਰ-ਚਰਚਾ ਵਿਚ ਹਿੱਸਾ ਲੈਂਦਿਆਂ ਭਾਰਤ ਨੇ ਅਫ਼ਗਾਨਿਸਤਾਨ ਦੇ ਹੇਰਾਤ ਸੂਬੇ ਵਿਚ ਆਪਣੇ ਸਫ਼ਾਰਤਖ਼ਾਨੇ ਉੱਪਰ ਹੋਏ ਦਹਿਸ਼ਤਗਰਦ ਹਮਲੇ ਦੀ ਨਿੰਦਾ ਕਰਦਿਆਂ ਆਖਿਆ ਕਿ ਇਸ ਘਟਨਾ ਨੇ ਇਕ ਵਾਰ ਫਿਰ ਇਹ ਰੇਖਾਂਕਤ ਕੀਤਾ ਹੈ ਕਿ ਅਫ਼ਗਾਨਿਸਤਾਨ ਵਿਚ ਦਹਿਸ਼ਤਗਰਦੀ ਦਾ ਮੁੱਖ ਮਕਸਦ ਮੁੜ ਉਸਾਰੀ ਤੇ ਵਿਕਾਸ ਦੇ ਕਾਰਜਾਂ ਦਾ ਰਾਹ ਰੋਕਣਾ ਹੈ। ਭਾਰਤ ਨੇ 22 ਮਈ ਨੂੰ ਚੀਨ ਦੇ ਉਰਮਕੀ ਸ਼ਹਿਰ ਵਿਚ ਹੋਏ ਦਹਿਸ਼ਤਗਰਦ ਹਮਲੇ ਦੀ ਵੀ ਸਖ਼ਤ ਨਿਖੇਧੀ ਕੀਤੀ ਹੈ, ਜਿਸ ਵਿਚ ਤਕਰੀਬਨ 40 ਲੋਕ ਮਾਰੇ ਗਏ ਸਨ ਤੇ 90 ਜ਼ਖ਼ਮੀ ਹੋ ਗਏ ਸਨ। ਭਾਰਤੀ ਵਫ਼ਦ ਨੇ ਗ਼ੈਰਰਸਮੀ ਵਿਚਾਰ-ਚਰਚਾ ਵਿਚ ਦਖ਼ਲ ਦਿੰਦਿਆਂ ਆਖਿਆ ਕਿ ਉਹ ਅਜਿਹੇ ਕਿਸੇ ਵੀ ਮਤੇ ਦੀ ਹਮਾਇਤ ਨਹੀਂ ਕਰੇਗਾ, ਜੋ ਦਹਿਸ਼ਤਗਰਦੀ ਦੀ ਅਲਾਮਤ ਦੇ ਟਾਕਰੇ ਲਈ ਸਾਡੇ ਯਤਨਾਂ ਨੂੰ ਕਮਜ਼ੋਰ ਕਰਦਾ ਹੋਵੇ। ਕੌਮਾਂਤਰੀ ਭਾਈਚਾਰੇ ਦੀ ਤਰਫ਼ੋਂ ਉਨ੍ਹਾਂ ਲੋਕਾਂ ਤੇ ਦੇਸ਼ਾਂ ਲਈ ਇਹ ਇਕ ਅਹਿਮ ਯੋਗਦਾਨ ਹੋਵੇਗਾ, ਜੋ ਦਹਿਸ਼ਤਗਰਦੀ ਦਾ ਸੰਤਾਪ ਹੰਢਾਅ ਰਹੇ ਹਨ। ਭਾਰਤ ਨੇ ਦਹਿਸ਼ਤਵਾਦ ਦੇ ਟਾਕਰੇ ਲਈ ਸੰਯੁਕਤ ਰਾਸ਼ਟਰ ਦੀ ਆਲਮੀ ਰਣਨੀਤੀ ਦੇ ਚਾਰ ਸਤੰਭਾਂ ਨੂੰ ਸਾਵੇਂ ਰੂਪ ਵਿਚ ਅਮਲ ਵਿਚ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਇਸ ਗੱਲ ਨੂੰ ਧਿਆਨ ਵਿਚ ਰੱਖਣ ਲਈ ਕਿਹਾ ਕਿ ਦਹਿਸ਼ਤਵਾਦ ਪ੍ਰਤੀ ਬਿਲਕੁਲ ਵੀ ਸਹਿਣਸ਼ੀਲਤਾ ਨਾ ਅਪਣਾਈ ਜਾਵੇ।

ਭਾਰਤੀ ਵਫ਼ਦ ਨੇ ਆਖਿਆ ਕਿ ਅਸੀਂ ਸਾਰੇ ਵਫ਼ਦਾਂ ਨੂੰ ਇਸ ਮਤੇ ਨਾਲ ਸਹਿਮਤੀ ਪ੍ਰਗਟਾਉਣ ਦੀ ਬੇਨਤੀ ਕਰਦੇ ਹਾਂ, ਜਿਸ ਵਿਚ ਇਹ ਸਪੱਸ਼ਟ ਤੌਰ 'ਤੇ ਦਰਜ ਹੋਵੇ ਕਿ ਦਹਿਸ਼ਤਗਰਦ ਪ੍ਰਤੀ ਬਿਲਕੁਲ ਵੀ ਸਹਿਣਸ਼ੀਲਤਾ ਨਹੀਂ ਦਿਖਾਈ ਜਾਣੀ ਚਾਹੀਦੀ।

ਮਹਾਸਭਾ ਨੇ ਸਤੰਬਰ 2006 ਵਿਚ ਆਲਮੀ ਪੱਧਰ 'ਤੇ ਦਹਿਸ਼ਤਵਾਦ ਦੇ ਟਾਕਰੇ ਦੀ ਰਣਨੀਤੀ ਅਪਣਾਈ ਸੀ, ਜਿਸ ਦੇ ਚਾਰ ਸਤੰਭ ਹਨ; ਦਹਿਸ਼ਤਵਾਦ ਦੇ ਪਸਾਰ ਲਈ ਸਾਜ਼ਗਾਰ ਹਾਲਾਤ 'ਤੇ ਕਾਬੂ ਪਾਉਣ, ਦਹਿਸ਼ਤਗਰਦੀ ਦੀ ਰੋਕਥਾਮ ਤੇ ਟਾਕਰੇ ਦੇ ਉਪਾਅ, ਦਹਿਸ਼ਤਵਾਦ ਦੀ ਰੋਕਥਾਮ ਤੇ ਟਾਕਰੇ ਲਈ ਰਾਜਾਂ ਦੀ ਸਮਰੱਥਾ ਵਿਚ ਇਜ਼ਾਫ਼ਾ ਕਰਨ ਤੇ ਇਸ ਬਾਰੇ ਸੰਯੁਕਤ ਰਾਸ਼ਟਰ ਦੀ ਭੂਮਿਕਾ ਨੂੰ ਮਜ਼ਬੂਤ ਬਣਾਉਣ ਤੇ ਦਹਿਸ਼ਤਵਾਦ ਖ਼ਿਲਾਫ਼ ਲੜਾਈ ਲਈ ਸਭਨਾਂ ਦੇ ਮਨੁੱਖੀ ਅਧਿਕਾਰਾਂ ਤੇ ਕਾਨੂੰਨ ਦੇ ਰਾਜ ਦਾ ਸਤਿਕਾਰ ਯਕੀਨੀ ਬਣਾਉਣਾ।

# ਜਪਾਨ ਪੁੱਜਾ ਪਹਿਲਾ ਅਮਰੀਕੀ ਡਰੋਨ

**ਟੋਕੀਓ:** ਇਕ ਅਮਰੀਕੀ ਸੂਹੀਆ ਡਰੋਨ ਉੱਤਰੀ ਜਪਾਨ ਦੇ ਇਕ ਹਵਾਈ ਟਿਕਾਣੇ 'ਤੇ ਪੁੱਜ ਗਿਆ ਤੇ ਦੇਸ਼ ਵਿਚ ਤਾਇਨਾਤ ਕੀਤਾ ਜਾਣ ਵਾਲਾ ਇਹ ਪਹਿਲਾ ਸੂਹੀਆ ਜਹਾਜ਼ ਹੈ। ਅਮਰੀਕੀ ਹਵਾਈ ਸੈਨਾ ਨੇ ਆਪਣੀ ਵੈੱਬਸਾਈਟ 'ਤੇ ਦੱਸਿਆ ਹੈ ਕਿ ਗਲੋਬਲ ਹਾਕ ਨਾਮੀ ਇਹ ਜਹਾਜ਼ ਮਿਸ਼ਾਵਾ ਦੇ ਅਮਰੀਕੀ ਹਵਾਈ ਟਿਕਾਣੇ ਤੋਂ ਗੁਆਮ ਲਿਆਂਦਾ ਗਿਆ ਹੈ, ਜੋ ਸਮੁੱਚੇ ਪ੍ਰਸ਼ਾਂਤ ਸਾਗਰ ਵਿਚ ਕਿਸੇ ਹੰਗਾਮੀ ਹਾਲਤ ਵਿਚ ਅਮਰੀਕੀ ਸੂਹੀਆ ਤੇ ਖ਼ੁਫ਼ੀਆ ਮਿਸ਼ਨਾਂ ਲਈ ਮਦਦ ਦੇਵੇਗਾ।



ਬਹੁਤੀ ਉੱਚੀ ਉਡਾਣ ਭਰਨ ਵਾਲਾ ਇਹ ਜਹਾਜ਼ ਅਕਤੂਬਰ ਤੱਕ ਆਪਣਾ ਕੰਮ ਸ਼ੁਰੂ ਕਰ ਦੇਵੇਗਾ ਤੇ ਇਸ ਜਹਾਜ਼ ਦੀ ਤਾਇਨਾਤੀ ਦਾ ਮੁੱਖ ਮਕਸਦ ਸਮੁੰਦਰੀ ਤੂਫ਼ਾਨਾਂ 'ਤੇ ਨਜ਼ਰ ਰੱਖਣ ਦਾ ਹੈ, ਜੋ ਅਕਸਰ ਗਰਮੀਆਂ ਵਿਚ ਗੁਆਮ ਵਿਚ ਆਉਂਦੇ ਰਹਿੰਦੇ ਹਨ। ਇਸ ਤੋਂ ਇਲਾਵਾ ਇਹ ਵੀ ਸਮਝਿਆ ਜਾਂਦਾ ਹੈ ਕਿ ਇਹ ਡਰੋਨ ਉੱਤਰੀ ਕੋਰੀਆ ਤੇ ਚੀਨ ਉੱਤੇ ਵੀ ਨਜ਼ਰ ਰੱਖੇਗਾ, ਜਦਕਿ ਪਿਓਂਗਯਾਂਗ ਵੱਲੋਂ ਆਪਣੇ ਪਰਮਾਣੂ ਤੇ ਮਿਜ਼ਾਈਲ ਪ੍ਰੋਗਰਾਮ ਦਾ ਵਿਕਾਸ ਕੀਤਾ ਜਾ ਰਿਹਾ ਤੇ ਚੀਨ ਦੀਆਂ ਵਧਦੀਆਂ ਸਮੁੰਦਰੀ ਸਰਗਰਮੀਆਂ ਕਾਰਨ ਜਪਾਨ ਦੇ ਸੁਰੱਖਿਆ ਖ਼ਦਸ਼ਿਆਂ ਵਿਚ ਵਾਧਾ ਹੋਇਆ ਹੈ।

# ਚੀਨ ਵੱਲੋਂ ਦਹਿਸ਼ਤਗਰਦਾਂ ਨੂੰ ਆਤਮ-ਸਮਰਪਣ ਦਾ ਮੌਕਾ


**ਪੇਇਚਿੰਗ:** ਕੱਟੜ ਵੱਖਵਾਦੀਆਂ ਖ਼ਿਲਾਫ਼ ਕਾਰਵਾਈ ਤੇਜ਼ ਕਰਦਿਆਂ ਚੀਨ ਨੇ ਮੁਸਲਿਮ ਅਬਾਦੀ ਵਾਲੇ ਸ਼ਿਨਜਿਆਂਗ ਸੂਬੇ ਵਿਚ ਦਹਿਸ਼ਤਗਰਦਾਂ ਨੂੰ ਆਮ ਮੁਆਫ਼ੀ ਦੀ ਪੇਸ਼ਕਸ਼ ਕੀਤੀ ਹੈ। ਇਸ ਪੇਸ਼ਕਸ਼ ਵਿਚ ਕਿਹਾ ਗਿਆ ਹੈ ਕਿ ਜੇਕਰ ਉਹ ਆਤਮ-ਸਮਰਪਣ ਕਰਦੇ ਹਨ ਤਾਂ ਉਨ੍ਹਾਂ ਨੂੰ ਸਖ਼ਤ ਸਜ਼ਾ ਨਹੀਂ ਹੋਵੇਗੀ। ਦਹਿਸ਼ਤਗਰਦਾਂ ਨੂੰ 30 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ।

ਇਹ ਐਲਾਨ ਕਾਨੂੰਨੀ, ਮੈਜਿਸਟ੍ਰੇਟੀ ਤੇ ਜਨਤਕ ਸੁਰੱਖਿਆ ਅਧਿਕਾਰੀਆਂ ਨੇ ਸਾਂਝੇ ਤੌਰ 'ਤੇ ਕੀਤਾ ਹੈ। ਬਿਆਨ ਵਿਚ ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਪੈਸੇ ਦੇਣ, ਹਮਾਇਤ ਕਰਨ ਜਾਂ ਦਹਿਸ਼ਤਗਰਦੀ ਕਾਰਵਾਈਆਂ ਫੈਲਾਉਣ ਵਿਚ ਸਰਗਰਮ ਹੋਣ 'ਤੇ ਪਾਬੰਦੀ ਲਗਾਈ ਗਈ ਹੈ।

ਇਹ ਪਹਿਲਕਦਮੀ ਸ਼ਿਨਜਿਆਂਗ ਸੂਬੇ ਦੀ ਰਾਜਧਾਨੀ ਉਰੂਮਕੀ ਦੇ ਭੀੜ-ਭੜੱਕੇ ਵਾਲੇ ਬਾਜ਼ਾਰ ਵਿਚ ਬੀਤੇ ਦਿਨੀਂ ਕੀਤੇ ਗਏ ਦਹਿਸ਼ਤੀ ਹਮਲੇ ਤੋਂ ਬਾਅਦ ਸਾਹਮਣੇ ਆਈ ਹੈ। ਇਸ ਹਮਲੇ ਵਿਚ 43 ਲੋਕ ਮਾਰੇ ਗਏ ਸਨ। ਧਮਾਕਿਆਂ ਦੇ ਦੋਸ਼ ਵਿਚ ਇਕ ਸ਼ੱਕੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ, ਜਦਕਿ ਚਾਰ ਹੋਰ ਧਮਾਕੇ ਦੌਰਾਨ ਮਾਰੇ ਗਏ ਸਨ। ਚੀਨ ਨੇ ਦਹਿਸ਼ਤੀ ਹਮਲਿਆਂ ਲਈ ਅਲ-ਕਾਇਦਾ ਨਾਲ ਸਬੰਧਤ ਪੂਰਬੀ ਤੁਰਕੀਸਤਾਨ ਇਸਲਾਮਿਕ ਮੂਵਮੈਂਟ ਜਥੇਬੰਦੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

## ਅਮਰਜੀਤ ਸਿੰਘ ਬਰਾੜ ਸੁਰਗਵਾਸ

**ਬੇਕਰਜ਼ਫੀਲਡ (ਬਿਊਰੋ):** ਪੰਜਾਬੀ ਭਾਈਚਾਰੇ ਦੇ ਉਘੇ ਸਮਾਜਸੇਵੀ ਬੌਬੀ ਬਰਾੜ (ਡੈਲਸ) ਦੇ ਪਰਿਵਾਰ ਨੂੰ ਉਸ ਵਕਤ ਭਾਰੀ



ਸਦਮਾ ਪਹੁੰਚਿਆ ਜਦੋ ਉਨ੍ਹਾਂ ਦੇ ਪਿਤਾ ਸ. ਅਮਰਜੀਤ ਸਿੰਘ ਬਰਾੜ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 62 ਸਾਲਾ ਦੇ ਸਨ। ਉਹ ਪਿਛਲੇ 34 ਸਾਲਾਂ ਤੋਂ ਬੇਕਰਜ਼ਫੀਲਡ ਵਿਖੇ ਰਹਿ ਰਹੇ ਸਨ ਅਤੇ ਪੰਜਾਬ

ਮਰਹੂਮ ਅਮਰਜੀਤ ਸਿੰਘ ਬਰਾੜ ਦਾ ਅੰਤਿਮ ਸਸਕਾਰ ਸਨਿਚਰਵਾਰ 31 ਮਈ ਨੂੰ ਸਵੇਰੇ 10 ਤੋਂ 12 ਵਜੇ ਦਰਮਿਆਨ ਗਰੀਨ ਲਾਅਨ ਫਿਊਨਰਲ ਹੋਮ (2739 ਪਨਾਮਾ ਲੇਨ, ਬੇਕਰਜ਼ਫੀਲਡ) ਵਿਚ ਹੋਵੇਗਾ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਗੁਰ ਅੰਗਦ ਦਰਬਾਰ ਸਟਾਈਨ ਰੋਡ, ਬੇਕਰਸਫੀਲਡ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਬੌਬੀ ਬਰਾੜ ਅਤੇ ਜੌਰਜ਼ ਬਰਾੜ ਫੋਨ 661 472-4149, ਗੁਰਦੀਪ ਸਿੰਘ ਬਰਾੜ 832-375-9094 ਅਤੇ ਲਖਵਿੰਦਰ ਸਿੰਘ ਬਰਾੜ 661-331-0701 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ

ਸੈਣੀ ਵੈਸ਼ਨੂੰ, ਉਮਰ 25 ਸਾਲ, ਕੱਦ 5'-9" ਕੈਨੇਡੀਅਨ ਲੜਕੇ ਲਈ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿ ਰਹੀ ਯੋਗ ਲੜਕੀ ਚਾਹੀਦੀ ਹੈ। ਸੰਪਰਕ ਕਰੋ: 443-889-2177 *21 to 24*

Jatt Sikh boy, US citizen, Bsc, 24, 5'-10" looking girl MBBS /Eng/ BDS from Govt. College, 22-24, height 5'-5". Send photo & bio-data at kang929@hotmail.com, Cell: 608-347-6548 *19 to 22*

### ਵਰ ਦੀ ਲੋੜ

ਵਿਜ਼ਿਟਰ ਵੀਜ਼ੇ 'ਤੇ ਆਈ ਜੱਟ ਸਿੱਖ, ਉਮਰ 35 ਸਾਲ, ਕੱਦ 5'-5" ਕੁਆਰੀ ਲੜਕੀ ਲਈ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 510-305-4271, ਈਮੇਲ: dhaliwalrupinder18@yahoo.com *20 to 23*

## ਜਵਾਨ ਵੱਲੋਂ ਤਿੰਨ ਸਾਥੀਆਂ ਦੀ ਹੱਤਿਆ

**ਜੰਮੂ:** ਜੰਮੂ-ਕਸ਼ਮੀਰ ਲਾਈਟ ਇਨਫੈਂਟਰੀ ਨਾਲ ਸਬੰਧਤ ਇਕ ਜਵਾਨ ਨੇ ਗੋਲੀਆਂ ਚਲਾ ਕੇ ਆਪਣੇ ਦੋ ਸਾਥੀ ਜਵਾਨਾਂ ਨੂੰ ਮਾਰ ਦਿੱਤਾ ਤੇ ਬਾਅਦ ਵਿਚ ਖ਼ੁਦ ਨੂੰ ਵੀ ਗੋਲੀ ਮਾਰ ਲਈ। ਵਾਰਦਾਤ ਕੰਟਰੋਲ ਰੇਖਾ ਨੇੜੇ ਪੁਣਛ ਜ਼ਿਲ੍ਹੇ ਵਿਚ ਮਦਾਨ ਚੌਕੀ 'ਤੇ ਵਾਪਰੀ। ਕਰਨਲ ਮਨੀਸ਼ ਮਹਿਤਾ ਨੇ ਦੱਸਿਆ ਕਿ ਗੋਲੀਬਾਰੀ ਵਿਚ ਸੂਬੇਦਾਰ ਚਮੇਲ ਸਿੰਘ ਤੇ ਹਵਾਲਦਾਰ ਰਣਜੋਧ ਸਿੰਘ ਮਾਰੇ ਗਏ ਹਨ ਤੇ ਹਮਲਾਵਰ ਨਾਇਕ ਦਰਸ਼ਨ ਕੁਮਾਰ ਨੇ ਵੀ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Asiana Airlines Emirates Korean Air Singapore Airlines Cathay Pacific Lufthansa China Airlines

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵੱਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 31 ਮਈ 2014*

# ਨਵੀਂ ਸਰਕਾਰ, ਨਵਾਂ ਆਗਾਜ਼

ਭਾਰਤ ਵਿਚ ਕੇਂਦਰ ਸਰਕਾਰ ਦੀ ਕਮਾਨ ਆਪਣੇ ਸਮਿਆਂ ਦੇ ਸਭ ਤੋਂ ਵਿਵਾਦਗ੍ਰਸਤ ਭਾਜਪਾ ਆਗੂ ਨਰੇਂਦਰ ਮੋਦੀ ਨੇ ਸੰਭਾਲ ਲਈ ਹੈ। ਸਰਕਾਰ ਦੀ ਕਮਾਨ ਸੰਭਾਲਣ ਤੋਂ ਪਹਿਲਾਂ ਉਸ ਨੇ ਬੜਾ ਤਿੱਖਾ ਮੋੜ ਕੱਟਦਿਆਂ ਪਾਕਿਸਤਾਨ ਨਾਲ ਗੱਲਬਾਤ ਦਾ ਰਾਹ ਖੋਲ੍ਹਿਆ ਹੈ। ਇਸ ਵਿਚਾਰ ਦੇ ਹੱਕ ਵਿਚ ਵੀ ਅਤੇ ਵਿਰੋਧ ਵਿਚ ਵੀ ਬੜਾ ਕੁਝ ਲਿਖਿਆ ਗਿਆ, ਪਰ ਖਿੱਤੇ ਦੇ ਹਿਸਾਬ ਨਾਲ ਇਹ ਪਹਿਲਕਦਮੀ ਚੰਗਾ ਕਦਮ ਹੀ ਮੰਨਿਆ ਜਾਣਾ ਚਾਹੀਦਾ ਹੈ; ਹਾਲਾਂਕਿ ਇਹ ਵੱਖਰੀ ਬਹਿਸ ਦਾ ਮੁੱਦਾ ਹੈ ਕਿ ਮੋਦੀ ਨੇ ਇਸ ਮੁੱਦੇ ਵਿਚ ਕਿੰਨੀ ਅਤੇ ਕਿਸ ਪੱਧਰ ਦੀ ਸਿਆਸਤ ਕਰਨ ਦਾ ਯਤਨ ਕੀਤਾ ਹੈ। ਵਿਚਾਰਨ ਵਾਲਾ ਮੁੱਦਾ ਇਹ ਵੀ ਹੈ ਕਿ ਭਾਜਪਾ ਸਦਾ ਹੀ ਪਾਕਿਸਤਾਨ ਦੇ ਖਿਲਾਫ ਪੈਂਤੜਾ ਮੱਲਦੀ ਰਹੀ ਹੈ, ਆਪਣੀਆਂ ਚੋਣ ਰੈਲੀਆਂ ਵਿਚ ਵੀ ਨਰੇਂਦਰ ਮੋਦੀ ਕਦੀ ਅਜਿਹਾ ਮੌਕਾ ਨਹੀਂ ਸਨ ਛੱਡਦੇ ਜਦੋਂ ਉਨ੍ਹਾਂ ਪਾਕਿਸਤਾਨ ਖਿਲਾਫ ਨਫਰਤ ਨਾ ਦਿਖਾਈ ਹੋਵੇ, ਫਿਰ ਹੁਣ ਅਜਿਹੀ ਕਿਹੜੀ ਗੱਲ ਹੋ ਗਈ ਕਿ ਉਨ੍ਹਾਂ ਆਪਣਾ ਪੈਂਤੜਾ ਬਦਲਿਆ ਹੈ? ਚੋਣਾਂ ਦੌਰਾਨ ਉਹ ਜਿਸ ਵੀ ਖਿੱਤੇ ਵਿਚ ਜਾਂਦੇ ਸਨ, ਉਸ ਖਿੱਤੇ ਦੀ ਸਿਆਸਤ ਦੇ ਹਿਸਾਬ ਨਾਲ ਭਾਸ਼ਨ ਦਿੰਦੇ ਸਨ। ਪੱਛਮੀ ਬੰਗਾਲ ਵਿਚ ਜਾ ਕੇ ਉਨ੍ਹਾਂ ਬੰਗਲਾਦੇਸ਼ੀਆਂ ਬਾਰੇ ਜੋ ਬਿਆਨ ਦਿੱਤਾ, ਉਹ ਨਿਰੀ ਜ਼ਹਿਰ ਹੀ ਤਾਂ ਸੀ। ਇਹ ਗੱਲ ਨੋਟ ਕੀਤੀ ਗਈ ਸੀ ਕਿ ਉਨ੍ਹਾਂ ਦੇ ਅਜਿਹੇ ਭੜਕਾਊ ਭਾਸ਼ਨਾਂ ਕਰ ਕੇ ਹੀ ਆਸਾਮ ਵਿਚ ਮੁਸਲਮਾਨਾਂ ਉਤੇ ਹਮਲਾ ਹੋਇਆ ਸੀ। ਜ਼ਾਹਿਰ ਹੈ ਕਿ ਲੋਕਾਂ ਨੂੰ ਆਪਣੇ ਹੱਕ ਵਿਚ ਕਰਨ ਲਈ ਉਹ ਕੋਈ ਵੀ ਨੁਕਤਾ ਛੱਡਦੇ ਨਹੀਂ ਸਨ, ਉਸ ਨਾਲ ਮਨੁੱਖਤਾ ਦਾ ਨੁਕਸਾਨ ਭਾਵੇਂ ਜਿੰਨਾ ਮਰਜ਼ੀ ਹੋ ਜਾਵੇ। ਉਂਜ ਵੀ ਅਜਿਹੇ ਸਾਰੇ ਮੁੱਦਿਆਂ ਬਾਰੇ ਭਾਜਪਾ ਅਤੇ ਇਸ ਦੀ ਮਾਂ-ਪਾਰਟੀ ਆਰ.ਐਸ.ਐਸ. ਬਿਲਕੁੱਲ ਸਪਸ਼ਟ ਹੈ। ਹਿੰਦੂ ਰਾਸ਼ਟਰ ਦਾ ਇਨ੍ਹਾਂ ਦਾ ਆਪਣਾ ਦਾਈਆ ਹੈ ਅਤੇ ਮੁੱਢ ਤੋਂ ਹੀ ਇਹ ਇਸੇ ਨੁਕਤੇ ਤੋਂ ਸਿਆਸਤ ਕਰਦੀਆਂ ਰਹੀਆਂ ਹਨ। ਇਸੇ ਕਰ ਕੇ ਜਦੋਂ ਵਾਜਪਾਈ ਦੀ ਅਗਵਾਈ ਵਿਚ ਪਹਿਲਾਂ ਐਨ.ਡੀ.ਏ. ਸਰਕਾਰ ਬਣੀ ਸੀ ਤਾਂ ਭਾਜਪਾ ਕਈ ਮਾਮਲਿਆਂ ਵਿਚ ਆਪਣੀ ਮਰਜ਼ੀ ਤਾਂ ਭਾਵੇਂ ਨਹੀਂ ਸੀ ਕਰ ਸਕੀ, ਪਰ ਇਸ ਨੇ ਵੱਖ-ਵੱਖ ਖੇਤਰਾਂ, ਨਿਯੁਕਤੀਆਂ ਆਦਿ ਵਿਚ ਬਾਕਾਇਦਾ ਆਪਣੇ ਏਜੰਡੇ ਤਹਿਤ ਹੀ ਕਾਰਵਾਈਆਂ ਕੀਤੀਆਂ ਸਨ। ਹੁਣ ਵੀ ਇਸ ਦਾ ਨਜ਼ਰੀਆ ਪਹਿਲਾਂ ਨਾਲੋਂ ਵੱਖਰਾ ਨਹੀਂ ਹੋਵੇਗਾ। ਅਸਲ ਵਿਚ ਮੋਦੀ ਨੇ ਜਿਹੜਾ ਸਿਆਸੀ ਛੱਕਾ ਮਾਰਨ ਦਾ ਯਤਨ ਕੀਤਾ ਹੈ, ਇਸ ਨਾਲ ਚੋਣ ਨਤੀਜਿਆਂ ਨਾਲ ਪਹਿਲਾਂ ਹੀ ਪਸਤ ਹੋਈ ਕਾਂਗਰਸ ਅਤੇ ਬੇਵੱਸ ਹੋਏ ਡਾ. ਮਨਮੋਹਨ ਸਿੰਘ ਹੋਰ ਵੀ ਪਸਤ ਹੋ ਗਏ ਹਨ। ਭਾਜਪਾ ਦੀ ਇਸ ਕਥਿਤ 'ਨਰਮੀ' ਦਾ ਇਕ ਕਾਰਨ ਸੱਤਾ ਦੀ ਮਜਬੂਰੀ ਵੀ ਹੋ ਸਕਦਾ ਹੈ। ਵਿਰੋਧੀ ਧਿਰ ਵਿਚ ਰਹਿ ਕੇ ਭਾਜਪਾ ਜੋ ਸਿਆਸਤ ਕਰਦੀ ਰਹੀ ਹੈ, ਹੁਣ ਸੱਤਾ ਸਾਂਭਣ ਤੋਂ ਬਾਅਦ ਉਨ੍ਹਾਂ ਨੁਕਤਿਆਂ ਬਾਰੇ ਖੁਦ ਸੋਘੀ ਹੋ ਗਈ ਹੈ। ਇਸ ਤੱਥ ਨੂੰ ਸਮਝਣ ਲਈ ਸਾਬਕਾ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਦੇ ਪਾਕਿਸਤਾਨ ਦੌਰੇ ਨੂੰ ਵਿਚਾਰਿਆ ਜਾ ਸਕਦਾ ਹੈ।

ਮੋਦੀ ਦੀ ਤਾਜਪੋਸ਼ੀ ਨੂੰ ਪੰਜਾਬ ਦੇ ਕੋਣ ਤੋਂ ਵੱਖਰੇ ਢੰਗ ਨਾਲ ਵੀ ਵਿਚਾਰਿਆ ਜਾ ਸਕਦਾ ਹੈ। ਇਸ ਨਾਲ ਹੁਣ ਬਾਦਲਾਂ ਨੂੰ ਆਪਣੇ ਦਾਅਵੇ-ਵਾਅਦੇ ਪੂਰੇ ਕਰਨ ਦਾ ਇਕ ਹੋਰ ਮੌਕਾ ਵੀ ਮਿਲਿਆ ਹੈ। ਆਪਣੇ ਭਾਸ਼ਨਾਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਹਿੰਦੇ ਰਹੇ ਹਨ ਕਿ ਜੇ ਕੇਂਦਰ ਵਿਚ ਮੋਦੀ ਸਰਕਾਰ ਬਣ ਜਾਵੇ ਤਾਂ ਪੰਜਾਬ ਦੇ ਵਾਰੇ-ਨਿਆਰੇ ਹੋ ਜਾਣ, ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਅਕਾਲੀ ਸਰਕਾਰ ਰਲ ਕੇ ਪੰਜਾਬ ਦਾ ਮਿਸਾਲੀ ਵਿਕਾਸ ਕਰ ਸਕਦੀਆਂ ਹਨ। ਬਾਦਲ ਪੰਜਾਬ ਵਿਚ ਨਸ਼ਿਆਂ ਦੇ ਫੈਲਾਓ ਅਤੇ ਹੋਰ ਮਾੜੀਆਂ ਅਲਾਮਤਾਂ ਲਈ ਅਕਸਰ ਕੇਂਦਰ ਸਰਕਾਰ ਨੂੰ ਦੋਸ਼ੀ ਗਰਦਾਨਦੇ ਰਹੇ ਹਨ। ਹੁਣ ਦੋਹੀਂ ਥਾਈਂ ਬਾਦਲ ਦੀਆਂ 'ਆਪਣੀਆਂ' ਸਰਕਾਰਾਂ ਹਨ। ਹੁਣ ਤਵੱਕੋ ਕਰਨੀ ਚਾਹੀਦੀ ਹੈ ਕਿ ਪੰਜਾਬ ਚਾਰ ਕਦਮ ਅਗਾਂਹ ਵਧੇਗਾ। ਉਂਜ ਇਸ ਮਾਮਲੇ ਵਿਚ ਮੋਦੀ ਅਤੇ ਬਾਦਲ ਦੇ ਪਹਿਲੇ ਹੀ ਫੈਸਲੇ ਨੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿਣ ਦਿੱਤੀ ਹੈ। ਮੋਦੀ ਆਪਣੇ ਭਾਸ਼ਨਾਂ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਉਸ ਦੇ ਪੁੱਤਰ ਰਾਹੁਲ ਗਾਂਧੀ ਉਤੇ ਹਮਲੇ ਕਰਨ ਲਈ ਕਾਂਗਰਸ ਦੇ ਪਰਿਵਾਰਵਾਦ ਦੀਆਂ ਗੱਲਾਂ ਕਰਦੇ ਰਹੇ ਹਨ, ਪਰ ਪੰਜਾਬ ਦੇ ਕੋਟੇ ਵਿਚੋਂ ਮੰਤਰੀ ਬਣਾਉਣ ਦੇ ਮਾਮਲੇ ਵਿਚ ਉਨ੍ਹਾਂ ਪਰਿਵਾਰਵਾਦ ਨੂੰ ਹੀ ਸ਼ਹਿ ਦਿੱਤੀ ਅਤੇ ਬਾਦਲ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਵਜ਼ਾਰਤ ਵਿਚ ਲੈ ਲਿਆ। ਮੁੱਖ ਮੰਤਰੀ ਬਾਦਲ ਪਹਿਲਾਂ ਇਹ ਕਹਿੰਦੇ ਰਹੇ ਕਿ ਐਤਕੀਂ ਕੇਂਦਰੀ ਵਜ਼ਾਰਤ ਵਿਚ ਕੋਈ ਅਕਾਲੀ ਮੰਤਰੀ ਨਹੀਂ ਬਣੇਗਾ ਪਰ ਜਦੋਂ ਵਾਰੀ ਆਈ ਤਾਂ ਉਨ੍ਹਾਂ ਨੂੰ ਸਿਰਫ ਆਪਣੀ ਨੂੰਹ ਦਾ ਨਾਂ ਹੀ ਯਾਦ ਰਿਹਾ। ਸਭ ਤੋਂ ਸੀਨੀਅਰ ਅਕਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਦੇ ਨਾਂ ਉਤੇ ਤਾਂ ਵਿਚਾਰ ਵੀ ਨਹੀਂ ਹੋਇਆ। ਸਪਸ਼ਟ ਹੈ ਕਿ ਇਨ੍ਹਾਂ ਲੀਡਰਾਂ ਲਈ ਭਾਸ਼ਨਾਂ ਵਾਲੀਆਂ ਗੱਲਾਂ ਹੋਰ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਅਮਲ ਹੋਰ ਹੁੰਦੇ ਹਨ। ਇਸੇ ਕਰ ਕੇ ਹੀ ਸਿਆਸਤ ਵਿਚ ਆ ਰਹੇ ਨਿਘਾਰ ਨੂੰ ਠੱਲ੍ਹ ਨਹੀਂ ਪੈ ਰਹੀ, ਇਸੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਵਰਗੀ ਇਤਿਹਾਸਕ ਤੇ ਜੁਝਾਰੂ ਜਥੇਬੰਦੀ ਬਾਦਲਾਂ ਦੀ ਬਾਂਦੀ ਬਣ ਕੇ ਰਹਿ ਗਈ ਹੈ। ਸਿਤਮਜ਼ਰੀਫੀ ਇਹ ਹੈ ਕਿ ਕਿਸੇ ਵੀ ਅਕਾਲੀ ਲੀਡਰ ਵਿਚ ਇੰਨਾ ਦਮ ਨਹੀਂ ਕਿ ਬਾਦਲਾਂ ਦੀਆਂ ਮਨਮਾਨੀਆਂ ਨੂੰ ਵੰਗਾਰ ਸਕਣ। ਖੈਰ! ਬਾਦਲਾਂ ਦਾ ਆਪਣਾ ਪਹਿਲਾ ਏਜੰਡਾ ਸੱਤਾ ਉਤੇ ਕਬਜ਼ਾ ਰੱਖਣਾ ਹੈ, ਪਰ ਇਨ੍ਹਾਂ ਦੇ ਜੋਟੀਦਾਰ ਮੋਦੀ ਦਾ ਏਜੰਡਾ ਇਕੱਲੀ ਸੱਤਾ ਨਹੀਂ। ਮੋਦੀ ਐਂਡ ਪਾਰਟੀ ਦਾ ਏਜੰਡਾ ਮੁੱਖ ਰੂਪ ਵਿਚ ਹਿੰਦੂਤਵ ਸਿਆਸਤ ਨਾਲ ਜੁੜਿਆ ਹੋਇਆ ਹੈ। ਇਹ ਸਿਆਸਤ ਆਉਣ ਵਾਲੇ ਦਿਨਾਂ ਵਿਚ ਕੀ ਗੁਲ ਖਿਲਾਉਂਦੀ ਹੈ, ਇਹ ਪੰਜਾਬ ਕਾਂਗਰਸ ਅਤੇ ਹੋਰ ਅਹਿਮ ਧਿਰਾਂ ਦੀ ਸਿਆਸਤ ਉਤੇ ਵੀ ਨਿਰਭਰ ਕਰਦਾ ਹੈ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ (ਆਪ) ਦੀ ਵੱਡੀ ਜਿੱਤ ਨੇ ਵੀ ਪੰਜਾਬ ਲਈ ਆਸ ਬੰਨ੍ਹਾਈ ਹੈ, ਪਰ 'ਆਪ' ਦੇ ਆਗੂ ਆਪਣੀ ਸਿਆਸਤ ਨਾਲ ਸੂਬੇ ਦੀ ਲੀਹੋਂ ਲਹਿ ਚੁੱਕੀ ਸਿਆਸਤ ਨੂੰ ਲੀਹ ਉਤੇ ਪਾਉਣ ਵਿਚ ਕਿੰਨਾ ਸਫਲ ਹੁੰਦੇ ਹਨ, ਇਹ ਉਨ੍ਹਾਂ ਦੀ ਜਥੇਬੰਦ ਸਰਗਰਮੀ ਉਤੇ ਨਿਰਭਰ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਭਲੇ ਦਿਨਾਂ ਦੀ ਆਸ?*

ਕਰਦਾ ਕੋਸ਼ਿਸ਼ਾਂ ਕੋਇਲ ਦੇ ਵਾਂਗ ਬੋਲਾਂ, ਐਪਰ ਸਿਰੇ ਦਾ ਕੁਰੱਖਤ ਹੈ ਕਾਗ ਅੰਦਰ।
ਕੱਛਾਂ ਵਿਚ ਪਟਾਰੀਆਂ ਲਈ ਫਿਰਦਾ, ਪਿਆ ਹੁੰਦਾ ਏ ਕੋਬਰਾ ਨਾਗ ਅੰਦਰ।
ਮਾਲੀ ਹੋਵੇ ਤੁਅੱਸਬ ਦੇ ਨਾਲ ਸੜਿਆ, ਖਿੜਨੇ ਫੁੱਲ ਕੀ ਉਸ ਦੇ ਬਾਗ ਅੰਦਰ।
ਲਾਈ ਮਲ੍ਹਮ ਨਾ ਕਿਸੇ ਨੇ ਜ਼ਖਮੀਆਂ ਦੇ, ਰੋਲੀ ਚੀਕ 'ਵਿਕਾਸ' ਦੇ ਰਾਗ ਅੰਦਰ।
ਵੱਜਣ ਲੱਗਿਆ ਖੂਬ ਨਗਾਰ-ਖਾਨਾ, ਤੂਤੀ ਸੁਣਨੀ ਨੀ ਦੀਨਿਆਂ-ਭਾਨਿਆਂ ਦੀ।
ਮਿਲੇ 'ਕੌਡੇ' ਨੂੰ ਜੰਗਲ ਦੀ ਬਾਦਸ਼ਾਹੀ, ਸੁੱਖ ਮੰਗੀਏ ਫੇਰ 'ਮਰਦਾਨਿਆਂ' ਦੀ!

# ਕਾਮਾਗਾਟਾ ਮਾਰੂ ਤੇ ਬਿਖਮ ਮਾਰਗ ਦੇ ਪਾਂਧੀ

*ਬਾਬਾ ਗੁਰਦਿੱਤ ਸਿੰਘ ਸਫ਼ਲ ਵਣਜਕਾਰ ਤਾਂ ਸਨ ਹੀ, ਉਨ੍ਹਾਂ ਦੇ ਵਪਾਰੀ ਮਨ ਨੇ ਹਿੰਦੁਸਤਾਨੀ ਮੁਸਾਫ਼ਰਾਂ ਨੂੰ ਵਿਦੇਸ਼ਾਂ ਵਿਚ ਲੈ ਜਾਣ ਨੂੰ ਲਾਹੇਵੰਦ ਧੰਦਾ ਸਮਝਦਿਆਂ ਇੱਕ ਜਹਾਜ਼ੀ ਕੰਪਨੀ ਬਣਾ ਕੇ ਇਸ ਖੇਤਰ ਵਿਚ ਪੈਰ ਧਰਨ ਦਾ ਮਨ ਬਣਾ ਲਿਆ। ਉਨ੍ਹਾਂ ਦੇ ਉਪਰਾਲੇ ਨਾਲ ਪੰਜਾਬੀਆਂ ਨੂੰ ਬਾਹਰਲੇ ਦੇਸ਼ਾਂ ਵਿਚ ਕਮਾਈ ਕਰਨ ਵਾਸਤੇ ਪਹੁੰਚਣ ਦਾ ਅਵਸਰ ਤਾਂ ਮਿਲਣਾ ਹੀ ਸੀ, ਨਾਲ ਹੀ ਉਨ੍ਹਾਂ ਨੂੰ ਚੋਖਾ ਆਰਥਿਕ ਲਾਭ ਵੀ ਹੋਣਾ ਸੀ। ਨਵੰਬਰ 1913 ਵਿਚ 39 ਪੰਜਾਬੀਆਂ ਦੀ ਟੋਲੀ ਸਮੁੰਦਰੀ ਯਾਤਰਾ ਕਰਦੀ ਵੈਨਕੂਵਰ ਪਹੁੰਚੀ ਸੀ। ਕੈਨੇਡਾ ਦੇ ਪਰਵਾਸ ਅਧਿਕਾਰੀਆਂ ਨੇ ਇਨ੍ਹਾਂ ਵਿਚੋਂ ਕੇਵਲ ਚਾਰ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਦੀ ਆਗਿਆ ਦਿੱਤੀ। ਕੈਨੇਡਾ ਵਸਦੇ ਦੇਸ਼ ਭਗਤ ਪੰਜਾਬੀਆਂ ਨੇ ਹਾਈ ਕੋਰਟ ਵਿਚ ਮੁਕੱਦਮਾ ਕਰ ਦਿੱਤਾ। ਜੱਜ ਨੇ ਕੈਨੇਡਾ ਦੇ ਪਰਵਾਸੀ ਕਾਨੂੰਨ ਨੂੰ ਰੱਦ ਕਰਦਿਆਂ ਇਨ੍ਹਾਂ ਸਾਰਿਆਂ ਨੂੰ ਕੈਨੇਡਾ ਵਿਚ ਦਾਖ਼ਲੇ ਦੇ ਹੱਕਦਾਰ ਐਲਾਨ ਦਿੱਤਾ।*

ਇੱਕ ਸਦੀ ਪਹਿਲਾਂ 23 ਮਈ 1914 ਦੀ ਸਵੇਰ ਵੇਲੇ ਕਾਮਾਗਾਟਾ ਮਾਰੂ ਜਹਾਜ਼ 376 ਪੰਜਾਬੀ ਮੁਸਾਫ਼ਰਾਂ ਨੂੰ ਲੈ ਕੇ ਕੈਨੇਡਾ ਦੀ ਸਮੁੰਦਰੀ ਬੰਦਰਗਾਹ ਵੈਨਕੂਵਰ ਦੇ ਪਾਣੀਆਂ ਵਿਚ ਪੁੱਜਾ ਜਿੱਥੇ ਕੈਨੇਡਾ ਸਰਕਾਰ ਦੇ ਅਧਿਕਾਰੀਆਂ ਨੇ ਇਸ ਜਹਾਜ਼ ਨੂੰ ਸਮੁੰਦਰੀ ਘਾਟ ਉੱਤੇ ਲੰਗਰ ਸੁੱਟਣ ਦੀ ਆਗਿਆ ਨਾ ਦਿੱਤੀ ਅਤੇ ਇਸ ਨੂੰ ਘੇਰੇ ਵਿਚ ਲੈ ਕੇ ਸਮੁੰਦਰ ਵਿਚ ਹੀ ਖੜ੍ਹਾ ਕਰ ਲਿਆ।



**ਡਾ. ਗੁਰਦੇਵ ਸਿੰਘ ਸਿੱਧੂ**
**ਫੋਨ:91-94170-49417**

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਕੈਨੇਡਾ ਸਰਕਾਰ ਨੇ ਪਰਵਾਸੀਆਂ ਦੇ ਕੈਨੇਡਾ ਆਉਣ ਉੱਤੇ ਪਾਬੰਦੀ ਲਾਉਣੀ ਸ਼ੁਰੂ ਕਰ ਦਿੱਤੀ ਸੀ। ਸੰਨ 1908 ਵਿਚ ਕੈਨੇਡਾ ਸਰਕਾਰ ਵੱਲੋਂ ਪਰਵਾਸ ਸਬੰਧੀ ਹੁਕਮ ਜਾਰੀ ਕੀਤਾ ਗਿਆ ਸੀ ਕਿ ਕੇਵਲ ਆਪਣੇ ਦੇਸ਼ ਤੋਂ ਸਿੱਧਾ ਸਫ਼ਰ ਕਰਨ ਵਾਲੇ ਮੁਸਾਫ਼ਰਾਂ ਨੂੰ ਹੀ ਕੈਨੇਡਾ ਵਿਚ ਉਤਰਨ ਦੀ ਆਗਿਆ ਦਿੱਤੀ ਜਾਵੇਗੀ। ਅੰਦਰਖਾਤੇ ਜਹਾਜ਼ੀ ਕੰਪਨੀਆਂ ਨੂੰ ਹੁਕਮ ਕਰ ਦਿੱਤੇ ਗਏ ਸਨ ਕਿ ਕਿਸੇ ਹਿੰਦੁਸਤਾਨੀ ਨੂੰ ਕੈਨੇਡਾ ਦੀ ਟਿਕਟ ਨਾ ਦਿੱਤੀ ਜਾਵੇ। ਸਿੱਟੇ ਵਜੋਂ ਕੈਨੇਡਾ ਜਾਣ ਦੀ ਲਾਲਸਾ ਵਿਚ ਆਪਣੀ ਜ਼ਮੀਨ-ਜਾਇਦਾਦ ਵੇਚ ਕੇ ਘਰੋਂ ਤੁਰੇ ਪੰਜਾਬੀ ਹਾਂਗਕਾਂਗ ਤੱਕ ਤਾਂ ਪਹੁੰਚ ਗਏ ਪਰ ਇਸ ਤੋਂ ਅੱਗੇ ਜਾਣ ਵਿਚ ਕੈਨੇਡਾ ਸਰਕਾਰ ਦਾ ਹੁਕਮ ਅੜਿੱਕਾ ਬਣ ਗਿਆ। ਉਹ ਉੱਥੇ ਬੈਠ ਕੇ ਉਡੀਕ ਕਰਨ ਲੱਗੇ ਕਿ ਕਦੋਂ ਕਿਸੇ ਜਹਾਜ਼ੀ ਕੰਪਨੀ ਤੋਂ ਕੈਨੇਡਾ ਜਾਣ ਦੀ ਟਿਕਟ ਮਿਲੇ ਅਤੇ ਉਹ ਆਪਣੇ ਸੁਪਨਿਆਂ ਦੇ ਦੇਸ਼ ਵਿਚ ਪਹੁੰਚ ਕੇ ਆਪਣੀ ਆਰਥਿਕ ਮੰਦਹਾਲੀ ਤੋਂ ਛੁਟਕਾਰਾ ਪਾ ਸਕਣ। ਜਨਵਰੀ 1914 ਵਿਚ ਆਪਣੇ ਵਣਜ ਦੇ ਸਬੰਧ ਵਿਚ ਹਾਂਗਕਾਂਗ ਆਏ ਬਾਬਾ ਗੁਰਦਿੱਤ ਸਿੰਘ ਨੇ ਉੱਥੇ ਰੁਕੇ ਹੋਏ ਸੈਂਕੜੇ ਪੰਜਾਬੀਆਂ ਨੂੰ ਮੰਦੇ ਹਾਲ ਵੇਖਿਆ ਤਾਂ ਉਨ੍ਹਾਂ ਦਾ ਦਿਲ ਟੁੰਬਿਆ ਗਿਆ।

ਬਾਬਾ ਗੁਰਦਿੱਤ ਸਿੰਘ ਸਫ਼ਲ ਵਣਜਕਾਰ ਤਾਂ ਸਨ ਹੀ, ਉਨ੍ਹਾਂ ਦੇ ਵਪਾਰੀ ਮਨ ਨੇ ਹਿੰਦੁਸਤਾਨੀ ਮੁਸਾਫ਼ਰਾਂ ਨੂੰ ਵਿਦੇਸ਼ਾਂ ਵਿਚ ਲੈ ਜਾਣ ਨੂੰ ਲਾਹੇਵੰਦ ਧੰਦਾ ਸਮਝਦਿਆਂ ਇੱਕ ਜਹਾਜ਼ੀ ਕੰਪਨੀ ਬਣਾ ਕੇ ਇਸ ਖੇਤਰ ਵਿਚ ਪੈਰ ਧਰਨ ਦਾ ਮਨ ਬਣਾ ਲਿਆ। ਉਨ੍ਹਾਂ ਦੇ ਉਪਰਾਲੇ ਨਾਲ ਪੰਜਾਬੀਆਂ ਨੂੰ ਬਾਹਰਲੇ ਦੇਸ਼ਾਂ ਵਿਚ ਕਮਾਈ ਕਰਨ ਵਾਸਤੇ ਪਹੁੰਚਣ ਦਾ ਅਵਸਰ ਤਾਂ ਮਿਲਣਾ ਹੀ ਸੀ, ਨਾਲ ਹੀ ਉਨ੍ਹਾਂ ਨੂੰ ਚੋਖਾ ਆਰਥਿਕ ਲਾਭ ਵੀ ਹੋਣਾ ਸੀ। ਬਾਬਾ ਗੁਰਦਿੱਤ ਸਿੰਘ ਸਾਹਮਣੇ ਹਾਂਗਕਾਂਗ ਅਤੇ ਦੂਜੇ ਟਾਪੂਆਂ ਵਿਚ ਬੈਠੇ ਪੰਜਾਬੀਆਂ ਨੂੰ ਕਿਸੇ ਤਣ-ਪੱਤਣ ਲਾਉਣ ਦੀ ਸਮੱਸਿਆ ਸੀ। ਨਵੰਬਰ 1913 ਵਿਚ 39 ਪੰਜਾਬੀਆਂ ਦੀ ਟੋਲੀ ਸਮੁੰਦਰੀ ਯਾਤਰਾ ਕਰਦੀ ਵੈਨਕੂਵਰ ਪਹੁੰਚੀ ਸੀ। ਕੈਨੇਡਾ ਦੇ ਪਰਵਾਸ ਅਧਿਕਾਰੀਆਂ ਨੇ ਇਨ੍ਹਾਂ ਵਿਚੋਂ ਕੇਵਲ ਚਾਰ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਦੀ ਆਗਿਆ ਦਿੱਤੀ। ਕੈਨੇਡਾ ਵਸਦੇ ਦੇਸ਼ ਭਗਤ ਪੰਜਾਬੀਆਂ ਨੇ ਕੈਨੇਡਾ ਵਿਚ ਨਾ ਉਤਰਨ ਦਿੱਤੇ ਗਏ 35 ਮੁਸਾਫ਼ਰਾਂ ਦੀ ਤਰਫ਼ੋਂ ਕੈਨੇਡਾ ਹਾਈ ਕੋਰਟ ਵਿਚ ਮੁਕੱਦਮਾ ਕਰ ਦਿੱਤਾ। ਜੱਜ ਨੇ ਕੈਨੇਡਾ ਦੇ ਪਰਵਾਸੀ ਕਾਨੂੰਨ ਨੂੰ ਰੱਦ ਕਰਦਿਆਂ ਇਨ੍ਹਾਂ ਸਾਰਿਆਂ ਨੂੰ ਕੈਨੇਡਾ ਵਿਚ ਦਾਖ਼ਲੇ ਦੇ ਹੱਕਦਾਰ ਐਲਾਨ ਦਿੱਤਾ। ਇਸ ਫ਼ੈਸਲੇ ਨੇ ਕੈਨੇਡਾ ਜਾਣ ਵਾਲੇ ਪੰਜਾਬੀਆਂ ਨੂੰ ਉਤਸ਼ਾਹਿਤ ਕੀਤਾ। ਕੈਨੇਡਾ ਸਰਕਾਰ ਨੇ ਭਾਵੇਂ ਪਰਵਾਸ ਨਾਲ ਸਬੰਧਤ ਕਾਨੂੰਨ ਵਿਚ ਰਹੀ ਕਮਜ਼ੋਰੀ ਨੂੰ ਦੂਰ ਕਰ ਕੇ ਆਪਣੀ ਪੁਜ਼ੀਸ਼ਨ ਮਜ਼ਬੂਤ ਕਰ ਲਈ ਸੀ ਪਰ ਬਾਬਾ ਗੁਰਦਿੱਤ ਸਿੰਘ ਦੀ ਦਲੀਲ ਸੀ ਕਿ ਅੰਗਰੇਜ਼ੀ ਸਾਮਰਾਜ ਦੀ ਰਿਆਇਆ ਹੋਣ ਕਰ ਕੇ ਹਿੰਦੁਸਤਾਨੀਆਂ ਨੂੰ ਸਾਮਰਾਜ ਅਧੀਨ ਕਿਸੇ ਵੀ ਬਸਤੀ ਵਿਚ ਜਾ ਕੇ ਵਸਣ ਦਾ ਅਧਿਕਾਰ ਹੈ ਅਤੇ ਉਹ ਇਸ ਨੂੰ ਮੰਨਵਾ ਲੈਣ ਲਈ ਬਜ਼ਿੱਦ ਸਨ। ਉਨ੍ਹਾਂ ਹਾਂਗਕਾਂਗ ਦੇ ਗਵਰਨਰ ਨਾਲ ਆਪਣੀ ਮੁਲਾਕਾਤ ਵਿਚ ਵੀ ਇਸ ਗੱਲ ਉੱਤੇ ਜ਼ੋਰ ਦਿੱਤਾ ਸੀ- "ਕੈਨੇਡਾ ਦੇਸ਼ ਵਿਚ ਸਾਡੇ ਹਿੰਦ ਵਾਂਗਰ ਬ੍ਰਿਟਿਸ਼ ਗੌਰਮਿੰਟ ਦਾ ਝੰਡਾ ਝੂਲਦਾ ਹੈ। ਇਸ ਲਈ ਸਾਡਾ ਉਤਰਨ ਦਾ ਜ਼ਿਆਦਾ ਹੱਕ ਉੱਥੇ ਹੀ ਹੈ।" ਉਹ ਦ੍ਰਿੜਤਾ ਨਾਲ ਕਹਿੰਦੇ ਸਨ- "ਮੈਂ ਸਦਾ ਲਈ ਆਪਣੇ ਪੱਖ ਵਿਚ ਫ਼ੈਸਲਾ ਲੈਣ ਲਈ ਕੈਨੇਡਾ ਦੀ ਸੁਪਰੀਮ ਕੋਰਟ ਵਿਚ ਕੇਸ ਲੜਾਂਗਾ। ਜੇ ਫਿਰ ਵੀ ਕੈਨੇਡਾ ਸਰਕਾਰ ਨਾ ਮੰਨੀ ਤਾਂ ਮੈਂ ਬਰਤਾਨਵੀ ਹਕੂਮਤ ਨੂੰ ਇਸ ਦਾ ਜਵਾਬ ਪੁੱਛਾਂਗਾ। ਜਦੋਂ ਤਕ ਕੋਈ ਫ਼ੈਸਲਾ ਨਹੀਂ ਹੋ ਜਾਂਦਾ, ਮੈਂ ਉਦੋਂ ਤਕ ਵਾਪਸ ਨਹੀਂ ਮੁੜਾਂਗਾ। ਫਿਰ ਮੈਂ ਇਹ ਸਾਰਾ ਕੁਝ ਸਾਰੇ ਹਿੰਦੁਸਤਾਨੀਆਂ ਮੂਹਰੇ ਪੇਸ਼ ਕਰਾਂਗਾ।"

ਇਸ ਹਾਲਤ ਵਿਚ ਟਾਪੂਆਂ ਵਿਚ ਥਾਂ-ਕੁਥਾਂ ਰੁਲ ਰਹੇ ਪੰਜਾਬੀਆਂ ਨੂੰ ਕੈਨੇਡਾ ਪੁੱਜਦਾ ਕਰਨ ਵਾਸਤੇ ਬਾਬਾ ਗੁਰਦਿੱਤ ਸਿੰਘ ਨੇ ਕਈ ਮਹੀਨਿਆਂ ਦੀ ਭੱਜ-ਦੌੜ ਉਪਰੰਤ 19 ਮਾਰਚ 1914 ਨੂੰ ਇੱਕ ਜਪਾਨੀ ਜਹਾਜ਼ੀ ਕੰਪਨੀ ਪਾਸੋਂ ਕਾਮਾਗਾਟਾ ਮਾਰੂ ਜਹਾਜ਼ ਛੇ ਮਹੀਨੇ ਵਾਸਤੇ ਪ੍ਰਤੀ ਮਹੀਨਾ ਗਿਆਰਾਂ ਹਜ਼ਾਰ ਡਾਲਰ ਕਿਰਾਏ ਉੱਤੇ ਲੈ ਲਿਆ ਜਿਸ ਨੂੰ ਉਨ੍ਹਾਂ 'ਗੁਰੂ ਨਾਨਕ ਜਹਾਜ਼' ਦਾ ਨਾਂ ਦਿੱਤਾ। ਕੁਝ ਰਕਮ ਪੇਸ਼ਗੀ ਦੇ ਦਿੱਤੀ ਗਈ ਅਤੇ ਬਾਕੀ ਦੀ ਅਦਾਇਗੀ ਲਈ ਸਮਾਂ ਨਿਰਧਾਰਤ ਕਰ ਲਿਆ ਗਿਆ। ਬਾਬਾ ਗੁਰਦਿੱਤ ਸਿੰਘ ਵੱਲੋਂ ਜਹਾਜ਼ ਕਿਰਾਏ ਉੱਤੇ ਲੈਣ ਦੀ ਦੇਰ ਸੀ ਕਿ ਕੈਨੇਡਾ ਅਤੇ ਬਰਤਾਨੀਆ ਸਰਕਾਰ ਦੇ ਕੰਨ ਖੜ੍ਹੇ ਹੋ ਗਏ। ਇਧਰ ਬਾਬਾ ਗੁਰਦਿੱਤ ਸਿੰਘ ਗੁਰੂ ਨਾਨਕ ਜਹਾਜ਼ ਦੀ ਹਾਂਗਕਾਂਗ ਤੋਂ ਕੈਨੇਡਾ ਲਈ 31 ਮਾਰਚ 1914 ਨੂੰ ਰਵਾਨਗੀ ਲਈ ਹਾਂਗਕਾਂਗ ਦੇ ਗਵਰਨਰ ਨੂੰ ਦਿੱਤੀ ਦਰਖ਼ਾਸਤ ਦੀ ਮਨਜ਼ੂਰੀ ਉਡੀਕ ਰਹੇ ਸਨ, ਉਧਰ ਅਗਲੇ ਦਿਨ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਜਦ ਉਨ੍ਹਾਂ ਵੱਲੋਂ ਕਿਸੇ ਵੀ ਕਾਨੂੰਨ ਦੀ ਉਲੰਘਣਾ ਕਰਨ ਦੀ ਗੱਲ ਸਾਬਤ ਨਾ ਹੋਈ ਤਾਂ ਪੁਲੀਸ ਨੇ ਮੁਕੱਦਮਾ ਵਾਪਸ ਲੈ ਲਿਆ। ਇਸ ਘਟਨਾ ਦਾ ਅਸਰ ਇਹ ਹੋਇਆ ਕਿ ਕੁਝ ਡਰਾਕਲ ਮੁਸਾਫ਼ਰ ਜਹਾਜ਼ ਵਿਚ ਸਵਾਰ ਹੋਣ ਤੋਂ ਮੁੱਖ ਮੋੜ ਗਏ। ਗਵਰਨਰ ਹਾਂਗਕਾਂਗ ਵੱਲੋਂ ਬੇਲੋੜੀ ਦੇਰੀ ਕਰਨ ਉਪਰੰਤ ਜਹਾਜ਼ ਤੋਰਨ ਦੀ ਪ੍ਰਵਾਨਗੀ ਮਿਲੀ ਤਾਂ ਜਹਾਜ਼ 3 ਅਪਰੈਲ 1914 ਨੂੰ ਹਾਂਗਕਾਂਗ ਤੋਂ 165 ਮੁਸਾਫ਼ਰਾਂ ਨੂੰ ਲੈ ਕੇ ਰਵਾਨਾ ਹੋਇਆ।



ਇਸ ਜਹਾਜ਼ ਨੇ ਅਗਲਾ ਪੜਾਅ ਸ਼ੰਘਾਈ ਜਾ ਕੇ ਕੀਤਾ। ਜਹਾਜ਼ ਦੀ ਰਵਾਨਗੀ ਵਿਚ ਅੜਿੱਕਾ ਪਾਉਣ ਦੀ ਗੱਲ ਜੱਗ-ਜ਼ਾਹਰ ਹੋ ਚੁੱਕੀ ਸੀ। ਇਸ ਲਈ ਬਾਬਾ ਗੁਰਦਿੱਤ ਸਿੰਘ ਨੇ ਆਪਣੇ ਦੋ ਸਾਥੀਆਂ ਭਾਈ ਵੀਰ ਸਿੰਘ ਅਤੇ ਹਰਨਾਮ ਸਿੰਘ ਨੂੰ ਪਹਿਲਾਂ ਹੀ ਸ਼ੰਘਾਈ ਭੇਜ ਦਿੱਤਾ ਸੀ ਕਿ ਉਹ ਕੈਨੇਡਾ ਜਾਣ ਦੇ ਇੱਛਕ ਉੱਥੇ ਬੈਠੇ ਮੁਸਾਫ਼ਰਾਂ ਦੇ ਮਨਾਂ ਵਿਚੋਂ ਸ਼ੰਕੇ ਅਤੇ ਡਰ ਦੂਰ ਕਰ ਸਕਣ ਪਰ ਇਸ ਦੇ ਬਾਵਜੂਦ ਇੱਥੋਂ ਵੀ ਜਹਾਜ਼ ਵਿਚ ਆਸ ਨਾਲੋਂ ਘੱਟ ਕੇਵਲ 111 ਮੁਸਾਫ਼ਰ ਸਵਾਰ ਹੋਏ। ਜਹਾਜ਼ ਦੇ ਅਗਲੇ ਦੋ ਪੜਾਅ ਜਪਾਨ ਦੀਆਂ ਬੰਦਰਗਾਹਾਂ ਮੋਜੀ ਅਤੇ ਯੋਕੋਹਾਮਾ 'ਤੇ ਸਨ। ਯੋਕੋਹਾਮਾ ਬੰਦਰਗਾਹ ਉੱਤੇ ਜਹਾਜ਼ ਦੇ ਮੁਸਾਫ਼ਰਾਂ ਨੂੰ ਮਿਲਣ ਲਈ ਤਿੰਨ ਵਿਸ਼ੇਸ਼ ਵਿਅਕਤੀ ਗਿਆਨੀ ਭਾਈ ਭਗਵਾਨ ਸਿੰਘ, ਮੌਲਵੀ ਬਰਕਤੁੱਲਾ ਅਤੇ ਪਿੱਛੋਂ ਭਾਈ ਬਲਵੰਤ ਸਿੰਘ ਆਏ। ਭਾਈ ਭਗਵਾਨ ਸਿੰਘ ਨੂੰ ਕੁਝ ਹੀ ਮਹੀਨੇ ਪਹਿਲਾਂ ਕੈਨੇਡਾ ਵਿਚਲੇ ਹਿੰਦੀਆਂ ਤੇ ਵਿਸ਼ੇਸ਼ ਕਰ ਕੇ ਪੰਜਾਬੀਆਂ ਨੂੰ ਆਪਣੇ ਹਿੱਤਾਂ ਦੀ ਰੱਖਿਆ ਕਰਨ ਵਾਸਤੇ ਜਥੇਬੰਦੀ ਬਣਾਉਣ ਤੋਂ ਰੋਕਣ ਵਾਸਤੇ ਜ਼ਬਰਦਸਤੀ ਕੈਨੇਡਾ ਵਿਚੋਂ ਕੱਢਿਆ ਗਿਆ ਸੀ। ਉਸ ਨੇ ਆਪਣੀ ਹੱਡਬੀਤੀ ਸੁਣਾਉਣ ਦੇ ਨਾਲ-ਨਾਲ ਕੈਨੇਡਾ ਸਰਕਾਰ ਦੀ ਨਸਲੀ ਪਰਵਾਸੀ ਨੀਤੀ ਦੀ ਜਾਣਕਾਰੀ ਦਿੱਤੀ ਅਤੇ ਨਾਲ ਹੀ ਮੁਸਾਫ਼ਰਾਂ ਨੂੰ ਆ ਸਕਦੀਆਂ ਔਕੜਾਂ ਤੋਂ ਜਾਣੂ ਕਰਵਾਇਆ। ਭਾਈ ਬਲਵੰਤ ਸਿੰਘ ਕੈਨੇਡਾ ਵਸਦੇ ਹਿੰਦੀਆਂ ਦੇ ਦੁੱਖ ਹਿੰਦੁਸਤਾਨ ਸਰਕਾਰ ਨੂੰ ਦੱਸ ਕੇ ਉਨ੍ਹਾਂ ਦੇ ਹੱਲ ਵਾਸਤੇ ਮਦਦ ਕਰਨ ਲਈ ਡੈਪੂਟੇਸ਼ਨ ਬਣਾ ਕੇ ਦੇਸ਼ ਆਏ ਸਨ ਅਤੇ ਹਿੰਦੁਸਤਾਨ ਸਰਕਾਰ ਵੱਲੋਂ ਕੋਈ ਲੜ ਨਾ ਫੜਾਏ ਜਾਣ ਕਾਰਨ ਨਿਰਾਸ਼ ਹੋ ਕੇ ਵਾਪਸ ਕੈਨੇਡਾ ਜਾ ਰਹੇ ਸਨ। ਭਾਈ ਬਲਵੰਤ ਸਿੰਘ ਨੇ ਯੋਕੋਹਾਮਾ ਤੋਂ ਹੀ ਕੈਨੇਡਾ ਵਿਚਲੇ ਆਪਣੇ ਸਾਥੀਆਂ ਨੂੰ ਤਾਰ ਭੇਜ ਕੇ ਕਾਮਾਗਾਟਾ ਮਾਰੂ ਦੇ ਕੈਨੇਡਾ ਪਹੁੰਚਣ ਦੀ ਜਾਣਕਾਰੀ ਦਿੰਦਿਆਂ ਫੰਡ ਇਕੱਠਾ ਕਰਨ ਦੀ ਸਲਾਹ ਵੀ ਦਿੱਤੀ ਤਾਂ ਜੋ ਲੋੜ ਪੈਣ ਉੱਤੇ ਜਹਾਜ਼ ਦੇ ਮੁਸਾਫ਼ਰਾਂ ਦੀ ਮਦਦ ਕੀਤੀ ਜਾ ਸਕੇ। ਉਸ ਨੇ ਕੋਬੇ ਬੰਦਰਗਾਹ ਤਕ ਕਾਮਾਗਾਟਾ ਮਾਰੂ ਵਿਚ ਹੀ ਸਫ਼ਰ ਕੀਤਾ।

ਕਾਮਾਗਾਟਾ ਮਾਰੂ ਜਹਾਜ਼ ਵਿਚ ਮੋਜੀ ਤੋਂ 86 ਅਤੇ ਯੋਕੋਹਾਮਾ ਤੋਂ 14 ਮੁਸਾਫ਼ਰ ਸਵਾਰ ਹੋਣ ਨਾਲ ਇਨ੍ਹਾਂ ਦੀ ਗਿਣਤੀ 376 ਹੋ ਗਈ। ਭਾਈ ਬਲਵੰਤ ਸਿੰਘ ਦੀ ਯੋਜਨਾ ਇਹ ਸੀ ਕਿ ਇਸ ਜਹਾਜ਼ ਨੂੰ ਵੈਨਕੂਵਰ ਬੰਦਰਗਾਹ ਉੱਤੇ ਲਾਉਣ ਦੀ ਥਾਂ ਕਿਸੇ ਅਜਿਹੀ ਬੰਦਰਗਾਹ ਉੱਤੇ ਲਾਇਆ ਜਾਵੇ ਜਿੱਥੇ ਇਮੀਗ੍ਰੇਸ਼ਨ ਵਾਲੇ ਅੜਿੱਕਾ ਨਾ ਪਾ ਸਕਣ। ਇਸ ਮਨੋਰਥ ਲਈ ਉਹ ਕਾਮਾਗਾਟਾ ਮਾਰੂ ਨੂੰ ਕੈਨੇਡੀਅਨ ਪਾਣੀਆਂ ਤੋਂ ਬਾਹਰ ਮਿਲਣ ਲਈ ਛੋਟੀ ਬੇੜੀ ਵਿਚ ਸਵਾਰ ਹੋ ਕੇ ਨਿਕਲਿਆ ਪਰ ਜਹਾਜ਼ ਵਿਚ ਬੇਤਾਰ ਬਰਕੀ ਨਾ ਹੋਣ ਕਾਰਨ ਆਪਸ ਵਿਚ ਮੇਲ ਨਾ ਹੋ ਸਕਿਆ ਤੇ ਕਾਮਾਗਾਟਾ ਮਾਰੂ ਜਹਾਜ਼ 21 ਮਈ ਨੂੰ ਸਿੱਧਾ ਹੀ ਵਿਕਟੋਰੀਆ ਬੰਦਰਗਾਹ ਦੀ ਹੱਦ ਵਿਚ ਦਾਖ਼ਲ ਹੋ ਗਿਆ। ਕੈਨੇਡਾ ਸਰਕਾਰ ਨੇ ਕਾਮਾਗਾਟਾ ਮਾਰੂ ਨਾਲ ਨਜਿੱਠਣ ਦੇ ਅਗਾਊਂ ਕੀਤੇ ਪ੍ਰਬੰਧ ਅਨੁਸਾਰ ਚੋਰ ਬੱਤੀਆਂ ਵਾਲੇ ਜਹਾਜ਼ੀ ਪਹਿਰੇ ਵਿਚ ਲੈ ਕੇ 22 ਮਈ ਦੀ ਰਾਤ ਨੂੰ ਇਸ ਨੂੰ ਵੈਨਕੂਵਰ ਬੰਦਰਗਾਹ ਉੱਤੇ ਲਿਜਾ ਖੜ੍ਹਾ ਕੀਤਾ ਅਤੇ ਜਹਾਜ਼ ਉੱਪਰ ਗੋਰੇ ਸਿਪਾਹੀਆਂ ਦਾ ਪਹਿਰਾ ਲਗਾ ਦਿੱਤਾ। ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੇ ਜਹਾਜ਼ ਦੀ ਵਾਪਸੀ ਰਵਾਨਗੀ ਤੋਂ ਪਹਿਲਾਂ ਦੋ ਮਹੀਨੇ ਦਾ ਸਮਾਂ ਜਹਾਜ਼ ਅੰਦਰ ਰਹਿ ਕੇ ਕਿਨ੍ਹਾਂ ਔਕੜਾਂ ਅਤੇ ਮੁਸੀਬਤਾਂ ਵਿਚ ਬਿਤਾਇਆ, ਇਸ ਦਾ ਬਿਆਨ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ।

# ਨਵੀਂ ਹਕੂਮਤ ਅਤੇ ਬੁੱਧੀਮਾਨਾਂ ਦੇ ਬਦਲ ਰਹੇ ਸੁਰ

***ਭਾਰਤ ਵਿਚ ਨਵੀਂ ਹਕੂਮਤ ਦੀ ਆਮਦ ਨਾਲ ਹਲਚਲ ਜਿਹੀ ਆਰੰਭ ਹੋ ਗਈ ਹੈ। ਇਸ ਹਲਚਲ ਵਿਚ ਬਹੁਤ ਸਾਰੇ ਫਿਕਰ ਵੀ ਰਲੇ ਹੋਏ ਹਨ ਕਿਉਂਕਿ ਸਰਕਾਰ ਦੀ ਅਗਵਾਈ ਕਰਨ ਵਾਲੇ ਭਾਜਪਾ ਆਗੂ ਨਰੇਂਦਰ ਮੋਦੀ ਆਗੂ ਦਾ ਕਿਰਦਾਰ ਸ਼ੱਕ ਦੇ ਘੇਰੇ ਵਿਚੋਂ ਬਾਹਰ ਨਹੀਂ ਹੈ। ਨਵੀਂ ਹਕੂਮਤ ਨਾਲ ਬੁੱਧੀਜੀਵੀਆਂ ਦੇ ਘੇਰੇ ਅੰਦਰਲੀ ਹਲਚਲ ਬਾਰੇ ਹਰਜਿੰਦਰ ਸਿੰਘ ਲਾਲਟੂ ਨੇ ਬੜੀ ਅਹਿਮ ਗੱਲ ਛੇੜੀ ਹੈ ਅਤੇ ਨਾਲ ਹੀ ਨਵੀਂ ਹਕੂਮਤ ਬਾਰੇ ਟਿੱਪਣੀਆਂ ਵੀ ਕੀਤੀਆਂ ਹਨ। ਲਾਲਟੂ ਅੱਜ ਕੱਲ੍ਹ ਹੈਦਰਾਬਾਦ ਦੀ ਇੰਟਰਨੈਸ਼ਨਲ ਇੰਸਟੀਚਿਊਟ ਆਫ ਇਨਫਾਰਮੇਸ਼ਨ ਟੈਕਨੋਲੌਜੀ ਵਿਚ ਪ੍ਰੋਫੈਸਰ ਹਨ। ਉਨ੍ਹਾਂ ਦਾ ਜੱਦੀ ਪਿੰਡ ਮੰਡੀ ਕਲਾਂ (ਬਠਿੰਡਾ) ਹੈ। ਹਿੰਦੀ ਤੋਂ ਲੇਖ ਦਾ ਅਨੁਵਾਦ ਬੂਟਾ ਸਿੰਘ ਨੇ ਕੀਤਾ ਹੈ।***

ਨਵੀਂ ਹਕੂਮਤ ਬਣਦੇ ਸਾਰ ਉਦਾਰਵਾਦੀ ਸਮਝੇ ਜਾਂਦੇ ਬੁੱਧੀਜੀਵੀਆਂ ਵਿਚ ਬਦਲੇ ਹਾਲਾਤ ਅਨੁਸਾਰ ਖ਼ੁਦ ਨੂੰ ਰੰਗ ਬਦਲਣ ਦੇ ਯਤਨ ਦਿਖਾਈ ਦੇਣ ਲੱਗੇ ਹਨ। ਅਜਿਹਾ ਹੀ ਇਕ ਯਤਨ ਹਾਲ ਹੀ ਵਿਚ ਅੰਗਰੇਜ਼ੀ ਦੇ 'ਦਿ ਹਿੰਦੂ' ਅਖ਼ਬਾਰ ਵਿਚ ਛਪੇ ਸ਼ਿਵ ਵਿਸ਼ਵਨਾਥਨ ਦੇ ਲੇਖ ਵਿਚ ਨਜ਼ਰ ਆਇਆ ਹੈ। ਉਹ ਆਪਣੀ ਗੱਲ ਨਰੇਂਦਰ ਮੋਦੀ ਵਲੋਂ ਕਾਸ਼ੀ ਵਿਸ਼ਵਨਾਥ ਮੰਦਰ ਵਿਚ ਪੂਜਾ ਅਤੇ ਫਿਰ ਉਸ ਪਿੱਛੋਂ ਕੀਤੀ ਆਰਤੀ ਤੋਂ ਸ਼ੁਰੂ ਕਰਦਾ ਹੈ। ਦੱਸਦਾ ਹੈ ਕਿ ਟੀ.ਵੀ. ਉਪਰ ਇਹ ਦ੍ਰਿਸ਼ ਆਉਣ 'ਤੇ ਧੜਾਧੜ ਸੰਦੇਸ਼ ਆਉਣ ਲੱਗੇ ਕਿ ਕੁਮੈਂਟਰੀ ਤੋਂ ਬਿਨਾਂ ਹੀ ਸਮੁੱਚੀ ਪੂਜਾ ਦਿਖਾਈ ਜਾਵੇ। ਕਈਆਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਪੂਰੀ ਪੂਜਾ ਦੀ ਰਸਮ ਪਹਿਲੀ ਵਾਰ ਟੀ.ਵੀ. ਉਪਰ ਦਿਖਾਈ ਗਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੋਦੀ ਦੀ ਗੰਗਾ ਆਰਤੀ ਪਹਿਲੀ ਵਾਰ ਦਿਖਾਈ ਗਈ ਪਰ ਧਾਰਮਿਕ ਰਸਮਾਂ ਤਾਂ ਟੀ.ਵੀ. ਉਪਰ ਹਮੇਸ਼ਾ ਦਿਖਾਈਆਂ ਜਾਂਦੀਆਂ ਰਹੀਆਂ ਹਨ। ਕੌਮੀ ਆਗੂ ਜਨਤਕ ਤੌਰ 'ਤੇ ਧਾਰਮਿਕ ਰਸਮਾਂ ਵਿਚ ਸ਼ਾਮਲ ਹੁੰਦੇ ਰਹੇ ਹਨ, ਇਹ ਹਰ ਕੋਈ ਜਾਣਦਾ ਹੈ। ਫਿਰ ਕਿਸੇ ਬੁੱਧੀਮਾਨ ਨੂੰ ਇਸ ਵਿਚ



**ਲਾਲਟੂ**

ਫੋਨ: 91-78291-66765

ਵੱਡੀ ਗੱਲ ਕੀ ਨਜ਼ਰ ਆਈ? ਸ਼ਿਵ ਦੱਸਦੇ ਹਨ ਕਿ ਮੋਦੀ ਦੇ ਉਥੇ ਮੌਜੂਦ ਹੋਣ ਤੋਂ ਇਹ ਪੈਗ਼ਾਮ ਗਿਆ ਕਿ ਸਾਨੂੰ ਆਪਣੇ ਧਰਮ ਤੋਂ ਸ਼ਰਮਿੰਦਾ ਹੋਣ ਦੀ ਜ਼ਰੂਰਤ ਨਹੀਂ ਹੈ। ਇਹ ਪਹਿਲਾਂ ਨਹੀਂ ਸੀ ਹੋ ਸਕਦਾ।

ਕਿਹੜਾ ਧਰਮ? ਕਿਹੜੀ ਸ਼ਰਮਿੰਦਗੀ? ਕੀ ਮੋਦੀ ਮਹਿਜ਼ ਧਾਰਮਿਕ ਰਸਮ ਨਿਭਾਅ ਰਿਹਾ ਸੀ? ਜੇ ਅਜਿਹਾ ਹੈ ਤਾਂ ਇਸ ਤੋਂ ਪਹਿਲਾਂ ਉਸ ਨੇ ਕਿੰਨੀ ਕੁ ਵਾਰ ਇਹ ਆਰਤੀ ਕੀਤੀ? ਸਚਾਈ ਤਾਂ ਇਹ ਹੈ ਕਿ ਇਹ ਕੋਈ ਧਾਰਮਿਕ ਕਾਰਜ ਨਹੀਂ ਸੀ। ਇਹ ਆਰਤੀ ਕਿਸੇ ਵੀ ਧਾਰਮਿਕਤਾ ਤੋਂ ਬਿਲਕੁਲ ਵੱਖਰੀ, ਨਿਰੋਲ ਸਿਆਸੀ ਕਦਮ ਸੀ। ਉਸ ਵਿਚੋਂ ਉਭਰਦਾ ਪੈਗ਼ਾਮ ਇਹੀ ਸੀ ਕਿ ਰਾਜਾ ਆ ਰਿਹਾ ਹੈ। ਤਕਰੀਬਨ ਡੇਢ ਮਹੀਨਾ ਪਹਿਲਾਂ ਇਕ ਹੋਰ ਲੇਖ ਵਿਚ ਬਨਾਰਸ ਵਿਚ ਅਰਵਿੰਦ ਕੇਜਰੀਵਾਲ ਅਤੇ ਮੋਦੀ ਦੀ ਟੱਕਰ ਉਪਰ ਇਸੇ ਸ਼ਿਵ ਨੇ ਹੋਰ ਸੁਰ ਵਿਚ ਲਿਖਿਆ ਸੀ- 'ਮੋਦੀ ਜਿਹੜਾ ਭਾਰਤ-ਇੰਡੀਆ ਅਤੇ ਹਿੰਦੂ-ਮੁਸਲਿਮ ਫ਼ਰਕ ਥੋਪਣਾ ਚਾਹੁੰਦੇ ਹਨ, ਬਨਾਰਸ ਉਸ ਨੂੰ ਖ਼ਾਰਜ ਕਰਦਾ ਹੈ।' ਹੁਣ ਮੋਦੀ ਦੇ ਜਿੱਤਣ ਸਾਰ ਉਸ ਦਾ ਸੁਰ ਬਦਲ ਗਿਆ ਹੈ।

ਫਿਰ ਉਹ ਕਿਸੇ ਮਿੱਤਰ ਦਾ ਹਵਾਲਾ ਦੇ ਕੇ ਬਿਲਕੁਲ ਟਿਕਾਣੇ ਸੱਟ ਮਾਰਦਾ ਹੈ ਕਿ ਅੰਗਰੇਜ਼ੀ ਬੋਲਣ ਵਾਲੇ ਸੈਕੂਲਰਿਸਟ ਲੋਕਾਂ ਨੇ ਬਹੁ-ਗਿਣਤੀਆਂ ਦਾ ਸੁਭਾਵਿਕ ਜਿਉਣਾ ਹਰਾਮ ਕਰ ਦਿੱਤਾ। ਅੰਗਰੇਜ਼ੀ ਵਾਲਿਆਂ ਦੀ ਤਰਸਯੋਗ ਹਾਲਤ ਉਪਰ ਮੈਂ ਪਹਿਲਾਂ ਹੀ ਲਿਖ ਚੁੱਕਾ ਹਾਂ, ਪਰ ਸੁਭਾਵਿਕ ਕੀ ਹੈ, ਇਸ ਉਪਰ ਮੇਰੀ ਅਤੇ ਸ਼ਿਵ ਦੀ ਸਮਝ ਦਰਮਿਆਨ ਫ਼ਰਕ ਹੈ। ਅੱਗੇ ਉਹ ਲਿਖਦੇ ਹਨ ਕਿ ਖੱਬੇਪੱਖੀ ਘਬਰਾ ਗਏ ਹਨ ਕਿ ਹੁਣ ਫੜੋ-ਫੜੀ ਸ਼ੁਰੂ ਹੋ ਜਾਵੇਗੀ। ਵੈਸੇ ਇਹ ਸਹੀ ਹੈ ਕਿ ਇਕੱਤੀ ਫ਼ੀਸਦੀ ਵੋਟਰਾਂ ਨੇ ਹੀ ਭਾਜਪਾ ਨੂੰ ਬਹੁਮਤ ਦਿਵਾਇਆ ਹੈ। ਅਜਿਹਾ ਬਿਲਕੁਲ ਨਹੀਂ ਕਿ ਸਾਰਾ ਮੁਲਕ ਹੀ ਤਾਨਾਸ਼ਾਹ ਦੇ ਨਾਲ ਹੋ ਤੁਰਿਆ ਹੈ। ਜੇ ਵੋਟਾਂ ਪਾਉਣ ਵਿਚ ਹਿੱਸਾ ਨਾ ਲੈਣ ਵਾਲੇ ਲੋਕਾਂ ਦੀ ਗਿਣਤੀ ਕਰੀਏ ਤਾਂ ਆਬਾਦੀ ਦਾ ਪੰਜਵਾਂ ਹਿੱਸਾ ਵੀ ਭਾਜਪਾ ਦੇ ਨਾਲ ਨਹੀਂ ਹੋਵੇਗਾ।

ਦਰਅਸਲ ਘਬਰਾਉਣ ਵਾਲੀ ਕੋਈ ਗੱਲ ਨਹੀਂ, ਪਰ ਕੀ ਅਸੀਂ ਇਹ ਭੁੱਲ ਜਾਈਏ ਕਿ ਪਿਛਲੀ ਵਾਰ ਦੇ ਭਾਜਪਾ ਰਾਜ ਦੇ ਦੌਰਾਨ ਕਿਤਾਬਾਂ ਕਿਸ ਤਰ੍ਹਾਂ ਦੀਆਂ ਲਿਖੀਆਂ ਗਈਆਂ। ਅੱਜ ਅਸੀਂ ਸਾਰੇ ਇਨ੍ਹਾਂ ਨੂੰ ਖੱਬੇਪੱਖੀ ਨਜ਼ਰ ਆਉਣ ਲੱਗੇ ਹਾਂ, ਪਰ ਡੇਢ ਮਹੀਨਾ ਪਹਿਲਾ ਇਹ ਡਰ ਉਨ੍ਹਾਂ ਨੂੰ ਵੀ ਸੀ ਕਿ ਮੋਦੀ ਹਿੰਦੂ-ਮੁਸਲਿਮ ਫ਼ਰਕ ਨੂੰ ਥੋਪਣਾ ਚਾਹੁੰਦਾ ਹੈ। ਐੱਨ.ਸੀ.ਈ.ਆਰ.ਟੀ. ਦੀ ਇਕ ਕਿਤਾਬ ਵਿਚ ਭਾਰਤ ਦੀ ਵੰਡ ਬਾਰੇ ਅਨਿਲ ਸੇਠੀ ਦਾ ਲਿਖਿਆ ਵੱਖਰੀ ਤਰ੍ਹਾਂ ਦੀ ਅਧਿਆਏ ਹੈ ਜਿਸ ਵਿਚ ਦਿਖਾਇਆ ਗਿਆ ਹੈ ਕਿ ਦੋਵੇਂ ਪਾਸੇ ਦੇ ਨਾਗਰਿਕ ਵੰਡ ਤੋਂ ਇਕੋ ਜਿਹਾ ਪੀੜਤ ਹਨ। ਇਹ ਵਾਜਬ ਚਿੰਤਾ ਹੈ ਕਿ ਇਸ ਅਧਿਆਏ ਨੂੰ ਹੁਣ ਹਟਾਇਆ ਜਾ ਸਕਦਾ ਹੈ। ਇਹ ਸਾਰੇ ਜਾਣਦੇ ਹਨ ਕਿ ਸੱਜੇਪੱਖੀਆਂ ਦੇ ਆਉਣ ਨਾਲ ਇਤਿਹਾਸ ਦੀ ਨਵੀਂ ਵਿਆਖਿਆ ਕੀਤੀ ਜਾਵੇਗੀ।

ਸ਼ਿਵ ਦਾ ਮੰਨਣਾ ਹੈ ਕਿ ਉਦਾਰਵਾਦੀ ਇਹ ਗੱਲ ਨਹੀਂ ਸਮਝ ਸਕੇ ਕਿ ਮੱਧਵਰਗੀ ਲੋਕ ਤਣਾਓਗ੍ਰਸਤ ਹਨ ਅਤੇ ਮੋਦੀ ਨੇ ਇਸ ਨੂੰ ਗਹਿਰਾਈ 'ਚ ਸਮਝ ਲਿਆ। ਪਹਿਲਾਂ ਇਨ੍ਹਾਂ ਤਣਾਵਾਂ ਬਾਰੇ ਖੱਬੇਪੱਖੀਆਂ ਦੀ ਜੋ ਸਮਝ ਸੀ, ਉਸ ਨਾਲ ਸ਼ਿਵ ਦੀ ਸਹਿਮਤੀ ਸੀ, ਪਰ ਹੁਣ ਉਸ ਨੂੰ ਖੱਬੀ ਧਿਰ ਗਰੋਹ ਨਜ਼ਰ ਆਉਂਦੀ ਹੈ ਜਿਸ ਨੇ ਧਰਮ ਨੂੰ ਜਿਉਣ ਦਾ ਗੁਰ ਨਹੀਂ, ਸਗੋਂ ਮਹਿਜ਼ ਅੰਧ-ਵਿਸ਼ਵਾਸ ਹੀ ਸਮਝਿਆ ਹੈ। ਇਹ ਪੰਜਾਹ ਵਰ੍ਹੇ ਪੁਰਾਣੀ ਬਹਿਸ ਹੈ ਕਿ ਮਾਰਕਸ ਨੇ ਧਰਮ ਨੂੰ ਅਫ਼ੀਮ ਕਿਹਾ, ਜਾਂ ਉਸ ਨੂੰ ਨਪੀੜਿਆਂ ਦੀ ਆਹ ਮੰਨਿਆ। ਇਸ ਤੋਂ ਅੱਗੇ ਉਹ ਖੱਬੇਪੱਖੀਆਂ ਨੂੰ ਸ਼ੈਤਾਨ ਵਾਂਗ ਪੇਸ਼ ਕਰਦੇ ਹਨ ਜਿਨ੍ਹਾਂ ਨੇ ਸੰਵਿਧਾਨ ਵਿਚ ਵਿਗਿਆਨਕ ਚੇਤਨਾ ਦੀ ਧਾਰਨਾ ਲਿਆ ਘਸੋੜੀ, ਤਾਂ ਕਿ ਧਰਮ ਨੂੰ ਕੁਰੀਤੀਆਂ ਅਤੇ ਅੰਧ-ਵਿਸ਼ਵਾਸਾਂ ਤੋਂ ਮੁਕਤੀ ਮਿਲੇ। ਦਿਲਚਸਪ ਗੱਲ ਇਹ ਹੈ ਕਿ ਅੰਤ ਵਿਚ ਉਹ ਦਲਾਈ ਲਾਮਾ ਨੂੰ ਆਪਣਾ ਪਿਆਰਾ ਵਿਗਿਆਨੀ ਕਹਿੰਦੇ ਹਨ। ਤਾਂ ਕੀ ਵਿਗਿਆਨੀ ਵਿਚ 'ਵਿਗਿਆਨਕ ਚੇਤਨਾ' ਦੀ ਭ੍ਰਿਸ਼ਟ ਧਾਰਨਾ ਨਹੀਂ ਹੁੰਦੀ!

ਉਸ ਮੁਤਾਬਕ ਇਹ ਧਾਰਨਾ ਖ਼ਲਾਅ ਪੈਦਾ ਕਰਦੀ ਹੈ ਅਤੇ ਜਿਸ ਤਰ੍ਹਾਂ ਧਰਮਨਿਰਪੇਖਤਾ ਨੂੰ ਵਧਾਉਂਦੀ ਹੈ, ਜਿਸ ਨਾਲ ਦਮਨ ਦਾ ਅਜਿਹਾ ਮਾਹੌਲ ਬਣਦਾ ਹੈ, ਜਿਥੇ ਆਮ ਧਾਰਮਿਕ ਲੋਕਾਂ ਨੂੰ ਨੀਵੀਂ ਨਜ਼ਰ ਨਾਲ ਦੇਖਿਆ ਜਾਂਦਾ ਹੈ। ਬੇਸ਼ਕ, ਵਿਗਿਆਨ ਨੂੰ ਸਮਾਜੀ ਮੁੱਲਾਂ ਅਤੇ ਸੱਤਾ-ਸਮੀਕਰਨਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਪਰ ਇਹ ਮੰਨਣਾ ਗ਼ਲਤ ਹੈ ਕਿ ਜਾਤ, ਲਿੰਗ-ਭੇਦ ਆਦਿ ਸੰਸਥਾਵਾਂ ਜਿਨ੍ਹਾਂ ਨੂੰ ਧਾਰਮਿਕ ਅਕੀਦੇ ਤੋਂ ਅਲੱਗ ਕਰਨਾ ਸੁਖਾਲਾ ਨਹੀਂ, ਵਿਗਿਆਨ ਉਨ੍ਹਾਂ ਤੋਂ ਵੀ ਵਧੇਰੇ ਦਮਨਕਾਰੀ ਹੈ। ਸ਼ਿਵ ਧਰਮਨਿਰਪੇਖਤਾ ਨੂੰ ਬੇਚੈਨੀ ਪੈਦਾ ਕਰਨ ਦਾ ਸੰਦ ਸਮਝਦਾ ਹੈ। ਉਸ ਦੇ ਮੁਤਾਬਕ ਪਿਛਲੀ ਹਕੂਮਤ ਨੇ ਚੋਣਾਂ ਦੇ ਮੱਦੇਨਜ਼ਰ ਘੱਟ-ਗਿਣਤੀਆਂ ਨੂੰ ਖੁਸ਼ ਕੀਤਾ ਅਤੇ ਇਸ ਨਾਲ ਬਹੁ-ਗਿਣਤੀਆਂ ਨੂੰ ਲੱਗਿਆ ਕਿ ਉਨ੍ਹਾਂ ਨਾਲ ਅਨਿਆਂ ਹੋ ਰਿਹਾ ਹੈ ਪਰ ਇਹ ਖੁਸ਼ ਕਰਨਾ ਕੀ ਹੈ?

ਸ਼ਾਹਬਾਨੋ ਮਾਮਲਾ, ਪਰਸਨਲ ਲਾਅ, ਕਸ਼ਮੀਰ ਲਈ ਧਾਰਾ-370, ਕਾਂਗਰਸ ਅਤੇ ਹੋਰ ਪਾਰਟੀਆਂ ਦੇ ਤਾਂ ਇਹ ਚੋਣ ਮੁੱਦੇ ਹੀ ਨਹੀਂ ਹਨ, ਹਾਲਾਂਕਿ ਸੰਘ ਪਰਿਵਾਰ ਲਈ ਇਹ ਲੜਾਈ ਦੇ ਮੁੱਦੇ ਹਨ। ਚੋਣਾਂ ਦੇ ਮੁੱਦਿਆਂ ਵਿਚ ਰਾਖਵਾਂਕਰਨ ਵੀ ਹੈ। ਪੈਸਾ, ਸ਼ਰਾਬ, ਨਸ਼ੇ, ਹਿੰਸਾ, ਜਾਤਪਾਤ ਤੇ ਫਿਰਕਾਪ੍ਰਸਤੀ, ਇਥੇ ਕੀ ਕੁਝ ਨਹੀਂ ਚਲਦਾ।

ਸਵਾਲ ਇਹ ਹੈ ਕਿ ਕਿੱਥੋਂ ਤਾਈਂ ਡਿੱਗਣਾ ਸਹੀ ਹੈ। ਸੰਘ ਨੇ ਖ਼ਾਸ ਤੌਰ 'ਤੇ ਉਤਰੀ ਭਾਰਤ ਵਿਚ ਪਿਛੜੇ ਵਰਗਾਂ ਅਤੇ ਦਲਿਤਾਂ ਵਿਚ ਬਹੁ-ਗਿਣਤੀ ਦੇ ਝੂਠੇ ਗੌਰਵ ਦਾ ਅਹਿਸਾਸ ਪੈਦਾ ਕੀਤਾ ਅਤੇ ਫਿਰ ਉਨ੍ਹਾਂ ਵਿਚ ਰੋਹ ਨੂੰ ਜਨਮ ਦਿੱਤਾ ਕਿ ਤੁਹਾਡੇ ਨਾਲ ਅਨਿਆਂ ਹੋ ਰਿਹਾ ਹੈ। ਦੂਜੇ ਪਾਸੇ, ਜੇ ਘੱਟ-ਗਿਣਤੀਆਂ ਨੂੰ ਕੁਝ ਸਹੂਲਤਾਂ ਦਿੱਤੀਆਂ ਜਾਣ ਤਾਂ ਕੀ ਉਹ ਸਾਡੀਆਂ ਰਵਾਇਤੀ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਹੈ? ਜੇ ਨਹੀਂ ਤਾਂ ਸੱਚਰ ਕਮੇਟੀ ਦੀ ਰਿਪੋਰਟ ਵਰਗੇ ਦਸਤਾਵੇਜ਼ਾਂ ਨਾਲ ਉਜਾਗਰ ਹੋਏ ਘੱਟ-ਗਿਣਤੀਆਂ ਦੇ ਮਾੜੇ ਹਾਲਾਤ ਦੇ ਮੱਦੇਨਜ਼ਰ ਜੇ ਉਨ੍ਹਾਂ ਵੱਲ ਵੱਧ ਧਿਆਨ ਦਿੱਤਾ ਗਿਆ ਤਾਂ ਇਸ ਨਾਲ ਕਿਸੇ ਬੁੱਧੀਜੀਵੀ ਨੂੰ ਕੀ ਤਕਲੀਫ਼ ਹੈ?

ਤਫ਼ਸੀਲ ਵਿਚ ਜਾਏ ਬਗੈਰ ਸ਼ਿਵ ਵਰਗੇ ਬੁੱਧੀਮਾਨਾਂ ਦਾ ਸਿਰਫ਼ ਇਸ ਅਹਿਸਾਸ ਨੂੰ ਵਧਾਉਣਾ ਹੈ ਕਿ ਘੱਟ-ਗਿਣਤੀਆਂ ਨੂੰ ਪੱਠੇ ਪਾਏ ਜਾਂਦੇ ਹਨ, ਇਹ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਹੈ। ਹੋਣਾ ਇਹ ਚਾਹੀਦਾ ਹੈ ਕਿ ਅਸੀਂ ਇਹ ਸੋਚੀਏ ਕਿ ਇਸ ਮੁਲਕ ਵਿਚ ਘੱਟ-ਗਿਣਤੀਆਂ ਦਾ ਹਾਲ ਇਤਨਾ ਮਾੜਾ ਕਿਉਂ ਹੈ ਕਿ ਚੋਣਾਂ ਦੌਰਾਨ ਉਨ੍ਹਾਂ ਦੀ ਦੁਰਦਸ਼ਾ ਦਾ ਫ਼ਾਇਦਾ ਉਠਾਉਣਾ ਸੰਭਵ ਹੋ ਜਾਂਦਾ ਹੈ। ਉਨ੍ਹਾਂ ਦੀ ਆਰਥਿਕ ਅਤੇ ਤਾਲੀਮੀ ਹਾਲਤ ਇੰਨੀ ਮਾੜੀ ਕਿਉਂ ਹੈ ਕਿ ਉਨ੍ਹਾਂ ਵਿਚੋਂ ਉਠਣ ਵਾਲੀਆਂ ਅਗਾਂਹਵਧੂ ਆਵਾਜ਼ਾਂ ਦਬ ਜਾਂਦੀਆਂ ਹਨ।

ਇਹ ਇਕ ਨਜ਼ਰੀਆ ਹੋ ਸਕਦਾ ਹੈ ਕਿ ਬਹੁ-ਗਿਣਤੀ ਧਰਮਨਿਰਪੇਖਤਾ ਨੂੰ ਖੋਖਲਾ ਦਮਨਕਾਰੀ ਵਿਚਾਰ ਮੰਨਦੀ ਹੈ ਪਰ ਇਹ ਵੀ ਦੇਖਣਾ ਚਾਹੀਦਾ ਹੈ ਕਿ ਗ਼ਰੀਬੀ ਅਤੇ ਰੋਜ਼ਮਰਾ ਮੁਸੀਬਤਾਂ ਤੋਂ ਪ੍ਰੇਸ਼ਾਨ ਲੋਕ ਬਹੁ-ਗਿਣਤੀ ਦੇ ਗੌਰਵ ਨਾਲ ਜੁੜੀ ਕੌਮ ਦੀ ਸੰਕੀਰਨ ਧਾਰਨਾ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਐਸਾ ਵਿਚਾਰ ਹੈ ਜਿਸ ਮੁਤਾਬਿਕ ਆਪਣੇ ਹੀ ਅੰਦਰ ਦੁਸ਼ਮਣ ਲੱਭਿਆ ਜਾਂਦਾ ਹੈ, ਜਿਵੇਂ ਜਰਮਨੀ ਵਿਚ ਯਹੂਦੀ, ਪਾਕਿਸਤਾਨ ਤੇ ਬੰਗਲਾਦੇਸ਼ ਵਿਚ ਹਿੰਦੂ ਅਤੇ ਭਾਰਤ ਵਿਚ ਮੁਸਲਮਾਨ। ਇਸੇ ਅਸੁਰੱਖਿਆ ਨੂੰ ਮੋਦੀ ਅਤੇ ਸੰਘ ਨੇ ਫੜਿਆ ਪਰ ਇਸ ਨਾਲ ਰੋਜ਼ਮਰਾ ਜ਼ਿੰਦਗੀ ਵਿਚ ਧਰਮ ਅਤੇ ਅਧਿਆਤਮ ਦਾ ਸਬੰਧ ਤਲਾਸ਼ਣਾ ਗ਼ਲਤ ਹੋਵੇਗਾ। ਧਰਮਨਿਰਪੇਖਤਾ ਬਹੁ-ਗਿਣਤੀਆਂ ਉਪਰ ਕੋਈ ਕਹਿਰ ਨਹੀਂ ਢਾਹੁੰਦੀ। ਇਸ ਦੇ ਉਲਟ ਹੁੰਦਾ ਇਹ ਹੈ ਕਿ ਸੰਘ ਪਰਿਵਾਰ ਵਰਗੀਆਂ ਤਾਕਤਾਂ ਦੇ ਵਿਤਕਰੇ ਵਾਲੇ ਪ੍ਰਚਾਰ ਨਾਲ ਇਨਸਾਨ ਦੀਆਂ ਪ੍ਰੇਮ ਅਤੇ ਭਲੇ ਮਨੁੱਖ ਦੀਆਂ ਬੁਨਿਆਦੀ ਪ੍ਰਵਿਰਤੀਆਂ ਦਬ ਜਾਂਦੀਆਂ ਹਨ।

ਸ਼ਿਵ ਕਹਿੰਦਾ ਹੈ ਕਿ ਸਾਡੇ ਧਰਮਾਂ ਵਿਚ ਹਮੇਸ਼ਾ ਹੀ ਸੰਵਾਦ ਦੀ ਪਰੰਪਰਾ ਰਹੀ ਹੈ ਪਰ ਇੰਨਾ ਕਹਿਣਾ ਹੀ ਕਾਫ਼ੀ ਨਹੀਂ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਮਾਜ ਵਿਚ ਧਰਮ ਦੀ ਭੂਮਿਕਾ ਵੱਡੇ ਹਿੱਸੇ ਨੂੰ ਬੇਰਹਿਮੀ ਨਾਲ ਅਣ-ਮਨੁੱਖੀ ਬਣਾਉਣ ਦੀ ਰਹੀ ਹੈ। ਸਾਡੀ ਚਕਿਤਸਾ-ਵਿਗਿਆਨ ਦੀ ਰਵਾਇਤ ਵਿਚ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਹਨ, ਨਾਲ ਹੀ ਲਾਸ਼ਾਂ ਨਾਲ ਜੁੜਿਆ ਕੰਮ ਕਰਨ ਵਾਲਿਆਂ ਨੂੰ ਅਛੂਤ ਮੰਨਣਾ ਵੀ ਇਸੇ ਰਵਾਇਤ ਦਾ ਹਿੱਸਾ ਹੈ। ਇਕ ਪਾਸੇ ਇਹ ਤਾਂ ਸਹੀ ਹੈ ਕਿ ਸਾਡੇ ਲੋਕਾਂ ਲਈ ਧਰਮ ਪੱਛਮ ਵਾਂਗ ਮਹਿਜ਼ ਰਸਮੀ ਚੀਜ਼ ਨਹੀਂ, ਉਥੇ ਇਹ ਵੀ ਸਹੀ ਹੈ ਕਿ ਹਰ ਧਾਰਮਿਕ ਰਸਮ ਅਧਿਆਤਮਕ ਜਾਗਰਿਤੀ ਨਾਲ ਜੁੜੀ ਹੋਈ ਨਹੀਂ। ਇਸ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਸਵੇਰੇ ਉਠਦੇ ਸਾਰ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ, ਜਦੋਂ ਮੰਦਰਾਂ-ਮਸਜਿਦਾਂ-ਗੁਰਦੁਆਰਿਆਂ ਤੋਂ ਸਵੇਰ ਦੀ ਕੁਦਰਤੀ ਸ਼ਾਂਤੀ ਨੂੰ ਭੰਗ ਕਰਦੀਆਂ ਲਾਊਡਸਪੀਕਰਾਂ ਦੀਆਂ ਕੰਨ-ਪਾੜਵੀਂਆਂ ਆਵਾਜ਼ਾਂ ਕੰਨੀ ਪੈਂਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੀ ਜ਼ਿੰਦਗੀ ਵਿਚ ਧਰਮ ਦਾ ਦਖ਼ਲ ਜ਼ਿਆਦਾਤਰ ਬਹੁਤ ਹੀ ਦੁਖਦਾਈ ਹੁੰਦਾ ਹੈ।

ਨਿੱਜੀ ਅਕੀਦੇ ਅਤੇ ਜਨਤਕ ਜ਼ਿੰਦਗੀ ਵਿਚ ਫ਼ਰਕ ਕਰਨ ਵਾਲੀ ਧਰਮਨਿਰਪੇਖਤਾ ਦਾ ਸਿਹਰਾ ਖੱਬਿਆਂ ਦੇ ਸਿਰ ਬੰਨ੍ਹਣਾ ਵੀ ਗ਼ਲਤ ਹੋਵੇਗਾ। ਅਜਿਹੀਆਂ ਖ਼ਬਰਾਂ ਦੀ ਤਾਦਾਦ ਘੱਟ ਨਹੀਂ, ਜਦੋਂ ਖੱਬੇ ਆਗੂ ਪੂਜਾ ਸਥਾਨਾਂ ਦਾ ਉਦਘਾਟਨ ਕਰਦੇ ਦੇਖੇ ਜਾਂਦੇ ਰਹੇ ਹਨ। ਜਿਸ ਖੱਬੀ ਧਿਰ ਨੂੰ ਲੈ ਕੇ ਜਿਹੋ ਜਿਹੀ ਬਹਿਸ ਸ਼ਿਵ ਜਾਂ ਹੋਰ ਬੁੱਧੀਮਾਨ ਕਰ ਰਹੇ ਹਨ, ਉਹ ਸਿਰਫ਼ ਅਕਾਦਮਿਕ ਸੰਸਥਾਵਾਂ ਦੇ ਘੇਰੇ ਦੀ ਹੈ। ਅੱਜ ਅਜਿਹੀ ਬਹਿਸ ਨੂੰ ਪੜ੍ਹ ਕੇ ਇਹ ਪ੍ਰਭਾਵ ਪੈਂਦਾ ਹੈ ਕਿ ਨਵੀਂ ਹਕੂਮਤ ਕੀ ਬਣੀ, ਭਾਰਤ ਵਿਚੋਂ ਸਟਾਲਿਨੀ ਰਾਜ ਖ਼ਤਮ ਹੋ ਗਿਆ!

ਧਰਮਨਿਰਪੇਖਤਾ ਦੀ ਗੱਲ ਕਰਦੇ ਹੋਏ ਈਸਾਈ ਧਰਮ ਅਤੇ ਵਿਗਿਆਨ ਦੀ ਲੜਾਈ ਨੂੰ ਵਿਚ ਲਿਆ ਕੇ ਸ਼ਾਇਦ ਇਹ ਦੱਸਿਆ ਜਾ ਰਿਹਾ ਹੈ ਕਿ ਧਰਮਨਿਰਪੇਖਤਾ ਪੱਛਮੀ ਧਾਰਨਾ ਹੈ; ਪਰ ਕੀ ਆਧੁਨਿਕ ਰਾਜ-ਸੱਤਾ ਦੀ ਧਾਰਨਾ ਭਾਰਤੀ ਹੈ? ਸੰਘ ਚਾਲਕਾਂ ਦਾ ਪ੍ਰੇਰਨਾ-ਸਰੋਤ ਹਿਟਲਰ ਕੀ ਭਾਰਤੀ ਸੀ?

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਲੋਕ ਇਸ ਗੱਲ ਨਾਲ ਸਹੀ ਕਾਰਨਾਂ ਕਰ ਕੇ ਪ੍ਰੇਸ਼ਾਨ ਹੁੰਦੇ ਹਨ ਕਿ ਪੇਸ਼ੇਵਰ ਵਿਗਿਆਨਕ ਆਪਣੇ ਧਾਰਮਿਕ ਅਕੀਦਿਆਂ ਅਤੇ ਵਿਗਿਆਨ-ਕੰਮ ਨੂੰ ਅਕਸਰ ਅਲੱਗ ਨਹੀਂ ਕਰ ਪਾਉਂਦੇ, ਪਰ ਇਸ ਦਾ ਵਿਆਪਕ ਸਮਾਜ ਵਿਚ ਚੱਲ ਰਹੇ ਅਮਲਾਂ ਉਪਰ ਤਾਂ ਕੋਈ ਅਸਰ ਪੈਂਦਾ ਹੀ ਨਹੀਂ। ਵੈਸੇ ਵੀ ਸਾਡੇ ਵਿਗਿਆਨੀਆਂ ਵਿਚ ਨਾਸਤਿਕਾਂ ਦੀ ਤਾਦਾਦ ਬਹੁਤ ਘੱਟ ਹੈ ਅਤੇ ਜ਼ਿਆਦਾਤਰ ਸਥਾਪਤੀਪ੍ਰਸਤ ਹੀ ਹਨ। ਕਿਸੇ ਵੀ ਕੌਮੀ ਸੰਮੇਲਨ ਵਿਚ ਚਲੇ ਜਾਓ, ਤੁਸੀਂ ਦੇਖੋਗੇ ਕਿ ਜ਼ਿਆਦਾਤਰ ਵਿਗਿਆਨੀ ਇਸੇ ਚਰਚਾ ਵਿਚ ਲੱਗੇ ਹੋਏ ਹਨ ਕਿ ਗੁਜਰਾਤ ਵਿਚ ਕਿੰਨਾ ਗਜ਼ਬ ਵਿਕਾਸ ਹੋਇਆ ਹੈ।

ਸਭਿਅਤਾਵਾਂ ਨੂੰ ਪੂਰਬ, ਪੱਛਮ ਵਿਚ ਵੰਡ ਕੇ ਦੇਖਣਾ ਕਿੰਨਾ ਕੁ ਸਹੀ ਹੈ, ਇਹ ਖ਼ੁਦ-ਬ-ਖ਼ੁਦ ਹੀ ਵੱਡਾ ਸਵਾਲ ਹੈ। ਪਿਛਲੀ ਸਦੀ ਦੀਆਂ ਮਾਨਤਾਵਾਂ ਦੇ ਉਲਟ ਹੁਣ ਇਹ ਆਮ ਜਾਣਕਾਰੀ ਹੈ ਕਿ ਪਿਛਲੇ ਦੋ ਹਜ਼ਾਰ ਸਾਲਾਂ ਵਿਚ ਸੈਲਾਨੀਆਂ ਅਤੇ ਗਿਆਨ-ਪ੍ਰੇਮੀਆਂ ਦੇ ਜ਼ਰੀਏ ਧਰਤੀ ਦੇ ਇਕ ਪਾਸੇ ਤੋਂ ਦੂਜੇ ਪਾਸੇ ਵੱਲ ਗਿਆਨ ਦਾ ਵਹਿਣ ਵਿਆਪਕ ਪੱਧਰ 'ਤੇ ਹੁੰਦਾ ਰਿਹਾ ਹੈ।

ਇਹ ਕਹਿਣਾ ਸਰਾਸਰ ਗ਼ਲਤ ਹੈ ਕਿ ਹਿੰਦੁਤਵ ਨੂੰ ਬੁਰਾ ਮੰਨਦੇ ਹੋਏ ਵੀ ਧਰਮਨਿਰਪੇਖ ਲੋਕ ਦੂਜੇ ਧਰਮਾਂ ਵਿਚਲੇ ਮੂਲਵਾਦ ਪ੍ਰਤੀ ਨਰਮਗੋਸ਼ਾ ਰੱਖਦੇ ਰਹੇ। ਅਜਿਹਾ ਕਹਿਣਾ ਨਾ ਸਿਰਫ਼ ਝੂਠ ਹੈ, ਸਗੋਂ ਇਸ ਨਾਲ ਕਹਿਣ ਵਾਲੇ ਦੇ ਸੌੜੇ ਸਵਾਰਥਾਂ ਉਪਰ ਵੀ ਸਵਾਲ ਖੜ੍ਹੇ ਹੋ ਜਾਂਦੇ ਹਨ। ਧਰਮਨਿਰਪੇਖਤਾ ਵਿਚ ਉਹ ਸ਼ੈਤਾਨ ਹਰਗਿਜ਼ ਨਾ ਤਲਾਸ਼ੋ ਜਿਸ ਨੂੰ ਮੱਧਵਰਗ ਦੇ ਲੋਕਾਂ ਨੇ ਉਖਾੜ ਸੁੱਟਿਆ ਹੋਵੇ। ਇਹ ਸੱਚ ਹੈ ਕਿ ਸਾਡੇ ਵਿਚੋਂ ਹਰ ਇਕ ਦੇ ਅੰਦਰ ਨਰੇਂਦਰ ਮੋਦੀ ਬੈਠਾ ਹੈ। ਸਾਡੀ ਧਾਰਮਿਕ ਸੋਚ ਦਾ ਫ਼ਾਇਦਾ ਉਠਾਇਆ ਜਾ ਸਕਦਾ ਹੈ। ਇਕੱਤੀ ਫ਼ੀਸਦੀ ਵੋਟਰਾਂ ਦੇ ਜ਼ਿਆਦਾਤਰ ਹਿੱਸੇ ਨਾਲ ਮੋਦੀ ਅਤੇ ਸੰਘ ਪਰਿਵਾਰ ਇਹੀ ਕੁਝ ਕਰਨ 'ਚ ਕਾਮਯਾਬ ਹੋਇਆ ਹੈ। ਬਾਕੀ ਕੰਮ ਦਸ ਹਜ਼ਾਰ ਕਰੋੜ ਰੁਪਏ ਨਾਲ ਹੋਇਆ ਜਿਸ ਵਿਚ ਜ਼ਿਆਦਾਤਰ ਮੀਡੀਆ ਨੂੰ ਖ਼ਰੀਦਿਆ ਜਾਣਾ ਵੀ ਸ਼ਾਮਲ ਹੈ। ਇਹ ਤਾਂ ਹੋਣਾ ਹੀ ਹੈ ਕਿ ਜਦੋਂ ਵਿਸ਼ਾਲ ਬਹੁ-ਗਿਣਤੀ ਵਿਚ 'ਹਿੰਦੂ' ਨਾਂ ਦਾ ਸਿਆਸੀ ਸਮੂਹ ਮੌਜੂਦ ਹੈ, ਤਾਂ ਹਿੰਦੁਤਵ ਉਪਰ ਨਜ਼ਰ ਜ਼ਿਆਦਾ ਰਹੇਗੀ, ਜਿਵੇਂ ਪਾਕਿਸਤਾਨ ਅਤੇ ਬੰਗਲਾਦੇਸ਼ ਵਿਚ ਉਦਾਰਵਾਦੀ ਲੋਕ ਇਸਲਾਮਿਕ ਮੂਲਵਾਦ ਵੱਲ ਜ਼ਿਆਦਾ ਧਿਆਨ ਦੇਣਗੇ।

ਇਹ ਸੱਚਮੁੱਚ ਦੁਖਦਾਈ ਹੈ ਕਿ ਮੋਦੀ ਦੇ ਵਿਰੋਧ ਨੂੰ ਸ਼ਿਵ ਵਰਗੇ ਬੁੱਧੀਜੀਵੀ ਵਿਗਿਆਨ ਅਤੇ ਆਧੁਨਿਕਤਾ ਨਾਲ ਜੋੜ ਰਹੇ ਹਨ। ਉਂਝ ਇਹ ਇਕ ਤਰ੍ਹਾਂ ਨਾਲ ਵਿਗਿਆਨ ਦੇ ਪੱਖ ਵਿਚ ਹੀ ਜਾਂਦਾ ਹੈ। ਆਖ਼ਿਰ 2002 ਤੋਂ ਪਹਿਲੇ ਮੋਦੀ ਦੀ ਬਿਆਨਬਾਜ਼ੀ ਨੂੰ ਕੌਣ ਭੁੱਲ ਸਕਦਾ ਹੈ। ਮੁਸਲਮਾਨਾਂ ਲਈ ਉਸ ਦੇ ਬਿਆਨ ਅਸੱਭਿਆ ਅਤੇ ਅਕਸਰ ਹਮਲਾਵਰ ਹੁੰਦੇ ਸਨ। 'ਅਸੀਂ ਪੰਜ ਸਾਡੇ ਪੱਚੀ' ਉਸ ਦਾ ਤਕੀਆ-ਕਲਾਮ ਸੀ। ਮੁੱਖ ਮੰਤਰੀ ਬਣਨ ਤੋਂ ਪਿੱਛੋਂ ਉਹ ਸੰਭਲ ਕੇ ਬੋਲਣ ਲੱਗਿਆ, ਫਿਰ ਵੀ ਕਦੇ-ਕਦਾਈਂ ਉਸ ਦੀ ਜੀਭ ਬੇਕਾਬੂ ਹੋ ਹੀ ਜਾਂਦੀ ਹੈ। ਇਹ ਸਾਰੇ ਚੰਗੀ ਤਰ੍ਹਾਂ ਜਾਣਦੇ ਹਨ। ਜੇ ਵਿਗਿਆਨ ਸਾਨੂੰ ਇਸ ਇਨਸਾਨੀਅਤ ਵਿਰੋਧੀ ਕੱਟੜਤਾ ਨਾਲ ਟੱਕਰ ਲੈਣ ਦੀ ਤਾਕਤ ਦਿੰਦਾ ਹੈ, ਤਾਂ ਜੈ ਵਿਗਿਆਨ।

# ਆਦਿਵਾਸੀ ਬਨਾਮ ਮਾਓਵਾਦੀ

**ਤੁਸ਼ਾਰ ਕਾਂਤੀ**

ਮੈਨੂੰ ਵਾਰੰਗਲ ਜੇਲ੍ਹ ਵਿਚ ਆਏ ਨੂੰ ਅਜੇ ਦੋ ਹਫ਼ਤੇ ਹੀ ਹੋਏ ਸਨ ਕਿ ਬੇਹੋਸ਼ ਹੋ ਗਿਆ। ਸੁਪਰਡੈਂਟ ਇਕਦਮ ਹਰਕਤ ਵਿਚ ਆ ਗਿਆ, ਕਿਉਂਕਿ ਇਹ ਅਖੌਤੀ ਚੋਟੀ ਦੇ ਮਾਓਵਾਦੀ ਦਾ ਮਾਮਲਾ ਸੀ। ਐੱਮ.ਜੀ.ਐੱਮ. ਹਸਪਤਾਲ ਦੇ ਸੁਪਰਡੈਂਟ ਦਾ ਮਸ਼ਵਰਾ ਲਿਆ ਗਿਆ ਅਤੇ ਤਿੰਨ ਡਾਕਟਰਾਂ ਦਾ ਪੈਨਲ ਮੇਰੀ ਹਾਲਤ ਦਾ ਮੁਆਇਨਾ ਕਰਨ ਲਈ ਆ ਗਿਆ। ਅਗਲੇ ਹੀ ਦਿਨ ਦਿਲ ਦੀਆਂ ਬਿਮਾਰੀਆਂ ਸਬੰਧੀ ਕੈਂਪ ਲਾਇਆ ਗਿਆ। ਫਿਰ ਮੈਨੂੰ ਅਗਲੇਰੀ ਜਾਂਚ ਅਤੇ ਇਲਾਜ ਲਈ ਹਥਿਆਰਬੰਦ ਪੁਲਿਸ ਦੇ ਪਹਿਰੇ ਹੇਠ ਐੱਮ.ਜੀ.ਐੱਮ. ਹਸਪਤਾਲ ਘੱਲ ਦਿੱਤਾ ਗਿਆ।

ਬਾਕਾਇਦਾ ਛਾਣਬੀਣ ਹੋ ਜਾਣ ਤੋਂ ਪਿੱਛੋਂ ਮੈਨੂੰ ਮੈਡੀਸਿਨ ਦੇ ਐਸੋਸੀਏਟ ਪ੍ਰੋਫੈਸਰ ਨੂੰ ਦਿਖਾਉਣ ਲਈ ਲਿਜਾਇਆ ਗਿਆ। ਇਸ ਸਵਾ ਕੁ ਪੰਜ ਫੁੱਟ ਲੰਮੇ, ਘੁੰਗਰਾਲੇ ਵਾਲਾਂ ਅਤੇ ਸੋਹਣੇ ਰੰਗ-ਰੂਪ ਵਾਲੇ ਆਦਮੀ ਨੇ ਮੈਨੂੰ ਅੰਦਰ ਬੁਲਾਇਆ ਅਤੇ ਬੈਠਣ ਲਈ ਕਿਹਾ। ਉਸ ਦੀ ਨੁਹਾਰ ਤੈਲਗੂ ਬੋਲਦੇ ਬਾਕੀ ਡਾਕਟਰਾਂ ਤੋਂ ਵੱਖਰੀ ਸੀ। ਪਰਚੀ ਉਪਰ ਇਲਾਜ ਦੀਆਂ ਹਦਾਇਤਾਂ ਝਰੀਟਣ ਤੋਂ ਬਾਦ, ਉਸ ਨੇ ਸਵਾਲ ਕੀਤਾ, "ਮੈਨੂੰ ਪਛਾਣਿਐ?"

ਉਸ ਦੇ ਮੇਜ਼ ਉਪਰ ਲਗਾਈ ਨੇਮ-ਪਲੇਟ ਤੋਂ ਮੈਂ ਇਹ ਤਾਂ ਦੇਖ ਸਕਦਾ ਸੀ ਕਿ ਉਸ ਦਾ ਨਾਂ ਭੀਕਸ਼ਾਪਤੀ ਸੀ, ਪਰ ਇਸ ਤੋਂ ਅੱਗੇ ਹੋਰ ਭੇਤ ਪਾ ਲੈਣਾ ਮੇਰੇ ਲਈ ਸੰਭਵ ਨਹੀਂ ਸੀ। ਮੇਰੇ ਚੇਤੇ ਨੂੰ ਠਕੋਰਦੇ ਹੋਏ ਉਸ ਨੇ ਕਿਹਾ, "ਮੈਂ ਤੁਪਾਕੁਲਾ ਗੁਡੇਮ ਤੋਂ ਹਾਂ।" (ਸ਼ਾਬਦਿਕ ਭਾਵ, ਬੰਦੂਕਾਂ ਵਾਲੀ ਪਿੰਡੀ)

ਉਨ੍ਹਾਂ ਪੰਜ ਅੱਖਰਾਂ ਦੀ ਬੁਝਾਰਤ ਥੋੜ੍ਹਾ ਅਟਕ ਕੇ ਮੇਰੇ ਸਮਝ ਪਈ। ਫਿਰ ਮੈਂ ਆਪਣੇ-ਆਪ ਨੂੰ ਕੋਸਣ ਲੱਗਿਆ। ਮੈਂ ਐਨਾ ਭੁਲੱਕੜ ਕਿਵੇਂ ਹੋ ਗਿਆ ਸੀ ਕਿ ਉਸ ਨੂੰ ਪਛਾਣ ਨਹੀਂ ਸੀ ਸਕਦਾ। ਹੁਣ, ਨਿੱਕੀ-ਨਿੱਕੀ ਗੱਲ ਮੇਰੇ ਚੇਤਿਆਂ 'ਚ ਸਾਫ਼-ਸਾਫ਼ ਉਭਰ ਆਈ ਜਿਵੇਂ ਇਹ ਅਜੇ ਕੱਲ੍ਹ ਦੀ ਹੀ ਗੱਲ ਹੁੰਦੀ ਹੈ।


ਮੈਂ ਉਦੋਂ ਸਿਰਫ਼ ਉਨੀ ਸਾਲਾਂ ਦਾ ਸੀ ਅਤੇ ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਕੇ ਬਸਤਰ ਦੀ ਹੱਦ ਨਾਲ ਲੱਗਦੇ ਉਤਰੀ ਤੇਲੰਗਾਨਾ ਦੇ ਜੰਗਲੀ ਖੇਤਰ ਦੇ ਆਦਿਵਾਸੀਆਂ ਦੀ ਸੇਵਾ ਲਈ ਨਿਕਲ ਤੁਰਿਆ ਸੀ। ਮੇਰੇ ਕੋਲ ਡਾਕਟਰਾਂ ਵਾਲਾ ਦਵਾਈਆਂ ਨਾਲ ਭਰਿਆ ਬੈਗ ਅਤੇ ਬਿਮਾਰੀਆਂ ਦੀ ਪਛਾਣ ਤੇ ਉਨ੍ਹਾਂ ਦੇ ਇਲਾਜ ਬਾਰੇ ਮੋਟੀ ਜਿਹੀ ਕਿਤਾਬ ਸੀ ਜਿਨ੍ਹਾਂ ਦਾ ਇੰਤਜ਼ਾਮ ਮੇਰੇ ਵਿਦਿਆਰਥੀ ਜਥੇਬੰਦੀ ਵਾਲੇ ਮਿੱਤਰਾਂ ਨੇ ਓਸਮਾਨੀਆ ਮੈਡੀਕਲ ਕਾਲਜ ਤੋਂ ਕੀਤਾ ਸੀ। ਇਕ ਦਿਨ ਮੈਂ ਆਪਣਾ ਕੰਮ ਨਿਬੇੜ ਕੇ ਗੋਦਾਵਰੀ ਨਦੀ ਤੋਂ ਪਾਰਲੇ ਤੁਪਾਕੁਲਾ ਗੁਡੇਮ ਪਿੰਡ ਵਿਚ ਚਲਾ ਗਿਆ। ਕੋਈ ਆਦਮੀ ਆਪਣੇ ਬੱਚੇ ਨੂੰ ਲੈ ਕੇ ਮੇਰੇ ਕੋਲ ਆਇਆ। ਮੁੰਡਾ ਅਜੇ ਅੱਠ-ਨੌਂ ਕੁ ਸਾਲ ਦਾ ਸੀ। ਮੈਂ ਸਹਿਜੇ ਹੀ ਬੁੱਝ ਲਿਆ ਕਿ ਉਸ ਨੂੰ ਖੁਜਲੀ ਹੈ। ਉਸ ਦੇ ਹੱਥ, ਬਾਹਾਂ ਦੇ ਹੇਠਲੇ ਹਿੱਸੇ ਅਤੇ ਲੱਤਾਂ ਵਿਚਕਾਰਲੀ ਚਮੜੀ ਬਿਮਾਰੀ ਦੀ ਲਾਗ ਨਾਲ ਫਿੰਨਸੀਆਂ ਬਣ ਕੇ ਸੁੱਜੀ ਹੋਈ ਸੀ। ਉਸ ਦੀ ਹਾਲਤ ਖ਼ਰਾਬ ਸੀ। ਮੈਂ ਝੱਟ ਤਾੜ ਗਿਆ ਕਿ ਪਿੰਡ ਵਿਚ ਇਕੱਲਾ ਉਹ ਹੀ ਚਮੜੀ ਦੀ ਇਸ ਸਾਧਾਰਨ ਬਿਮਾਰੀ ਤੋਂ ਪੀੜਤ ਨਹੀਂ ਹੋਵੇਗਾ। ਬੱਚੇ ਦੇ ਪਿਉ ਨੇ ਦੱਸਿਆ ਕਿ ਪਿੰਡ ਦੇ ਘੱਟੋ-ਘੱਟ 10-12 ਮੁੰਡੇ ਜੋ ਨੇੜਲੇ ਕਸਬੇ ਦੇ ਆਦਿਵਾਸੀ ਆਸ਼ਰਮ ਸਕੂਲ ਤੋਂ ਵਾਪਸ ਪਰਤੇ ਸਨ, ਤਕਰੀਬਨ ਸਾਰੇ ਹੀ ਇਸ ਲਾਗ ਤੋਂ ਪੀੜਤ ਸਨ। ਮੇਰਾ ਅੰਦਾਜ਼ਾ ਸੀ ਕਿ ਪੂਰਾ ਪਿੰਡ ਹੀ ਲਾਗ ਦੀ ਇਸ ਬਿਮਾਰੀ ਦੀ ਲਪੇਟ ਵਿਚ ਸੀ ਅਤੇ ਮੈਨੂੰ ਹਰ ਬੰਦੇ ਦਾ ਇਲਾਜ ਕਰਨਾ ਹੋਵੇਗਾ।

ਮੈਂ ਮੁੰਡੇ ਦੇ ਪਿਉ ਨੂੰ ਕੁਝ ਐਂਟੀ-ਬਾਇਟਿਕ ਦਵਾਈਆਂ ਦੇ ਦਿੱਤੀਆਂ ਤਾਂ ਕਿ ਫਿੰਨਸੀਆਂ ਦਾ ਜ਼ੋਰ ਘਟ ਕੇ ਥੋੜ੍ਹਾ ਆਰਾਮ ਆ ਜਾਵੇ। ਮੈਂ ਇਸੇ ਪਿੰਡ ਦੇ ਆਪਣੇ ਬੇਲੀ ਪੀਰਲਾ

*(ਬਾਕੀ ਅਗਲੇ ਸਫੇ 'ਤੇ)*

# ਟਾਂਡੇ ਵਾਲੀ, ਭਾਂਡੇ ਵਾਲੀ ਤੇ ਚਾਂਡੇ ਵਾਲੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਇਉਂ ਲਗਦਾ ਹੈ ਕਿ ਐਤਕੀਂ ਭਾਰਤ ਵਿਚ ਪਈਆਂ ਵੋਟਾਂ ਦੀ ਗਿਣਤੀ ਸ਼ੁਰੂ ਹੋਣ ਤੋਂ ਕੁਝ ਦਿਨ ਪਹਿਲਾਂ ਰੱਬ ਜੀ ਅਤੇ ਉਸ ਦੇ ਸਹਾਇਕ ਸ਼ਿਵ ਭੋਲੇ ਨਾਥ ਵਿਚਕਾਰ ਜ਼ਰੂਰ ਖੜਕ ਪਈ ਹੋਣੀ ਐ। ਰੱਬ ਕਹਿੰਦਾ ਹੋਣੈ ਕਿ ਹਮੇਸ਼ਾ ਵਾਂਗ ਨਤੀਜੇ ਬਣਾਉਣ ਮੈਂ ਹੀ ਜਾਣਾ ਹੈ। ਉਧਰ, ਭੋਲੇ ਨਾਥ ਜੀ ਅੜ ਗਏ ਹੋਣੇ ਨੇ ਕਿ 'ਪਲੀਜ਼' ਇਕ ਮੌਕਾ ਮੈਨੂੰ ਵੀ ਦਿਓ। ਦੋਹਾਂ ਪਰਮ ਸ਼ਕਤੀਆਂ ਦੇ ਆਪਸੀ ਝਗੜੇ ਵਾਲੀ ਇਹ ਵਾਰਤਾਲਾਪ ਭਾਵੇਂ ਬਹੁਤੇ ਪਾਠਕਾਂ ਨੂੰ ਕਲਪਿਤ ਹੀ ਲੱਗੇ ਪਰ ਇਸਲਾਮੀ ਤਵਾਰੀਖ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਖੁਦਾ ਦੇ ਦਰਬਾਰ ਵਿਚ ਐਸਾ ਕਦੇ-ਕਦਾਈਂ ਹੋ ਈ ਜਾਂਦਾ ਹੈ। ਖੁਦਾਵੰਦ ਕਰੀਮ ਦੇ ਸਲਾਹੂ ਅਤੇ ਸਹਾਇਕ ਅਕਸਰ 'ਵੱਧ ਅਧਿਕਾਰਾਂ' ਦੀ ਮੰਗ ਕਰਨ ਲੱਗ ਪੈਂਦੇ ਹਨ। ਐਸੀ ਹੀ ਇਕ ਮਿਸਾਲ ਅਨੁਸਾਰ ਕਿਹਾ ਜਾਂਦਾ ਹੈ ਕਿ ਕਿਤੇ ਸ਼ਾਮ ਹੁੰਦਿਆਂ ਹੀ ਹਜਰਤ ਮੂਸਾ ਜੀ, ਖੁਦਾ ਨੂੰ ਕਹਿਣ ਲੱਗੇ ਕਿ ਮਹਾਰਾਜ! ਤੁਸੀਂ ਅੱਜ ਦੀ ਰਾਤ ਆਰਾਮ ਫਰਮਾਓ, ਅੱਜ ਦੁਨੀਆਂ ਲਈ 'ਡਿਨਰ' ਦਾ ਬੰਦੋਬਸਤ ਮੈਂ ਕਰਦਾ ਹਾਂ।

ਖੁਦਾ ਨੇ ਬੜਾ ਜ਼ੋਰ ਲਾਇਆ ਕਿ ਭਰਾ ਮੂਸੇ, 'ਜਿਸ ਕਾ ਕਾਮ ਉਸੀ ਕੋ ਸਾਜੇ'!... ਦੁਨੀਆਂ ਨੂੰ ਰਿਜ਼ਕ-ਰੋਟੀ ਦੇਣ ਦਾ ਕੰਮ ਬੜਾ ਔਖਾ ਹੈ। ਮੈਨੂੰ ਹੀ ਇਹ ਜ਼ਿੰਮੇਵਾਰੀ ਨਿਭਾਉਣ ਦੇਹ। ਮੂਸਾ ਬੱਚਿਆਂ ਵਾਂਗ ਖਹਿੜੇ ਪੈ ਗਏ। ਆਖਰ ਖੁਦਾ ਮੰਨ ਗਿਆ। ਮੂਸੇ ਨੇ ਖਲਕਤ ਨੂੰ ਰਾਤ ਦਾ ਖਾਣਾ ਦਾਣਾ ਵੰਡਣਾ ਸ਼ੁਰੂ ਕਰ ਦਿੱਤਾ। ਜਦ ਰਾਤ ਦੇ ਗਿਆਰਾਂ ਕੁ ਵੱਜੇ, ਖੁਦਾ ਨੇ ਮੂਸੇ ਨੂੰ ਪੁੱਛਿਆ ਕਿ ਹੇਠਾਂ ਸਭ ਜੀਆ-ਜੰਤ ਨੇ ਪੇਟ-ਪੂਜਾ ਕਰ ਲਈ ਐ, ਤਾਂ ਕੁਝ ਸ਼ਸ਼ੋਪੰਜ ਵਿਚ ਪਿਆ ਮੂਸਾ ਹੱਥ ਜੋੜ ਕੇ ਬੋਲਿਆ ਕਿ ਹੇ ਅੱਲਾ-ਤਾਅਲਾ! ਮੈਂ ਸਭ ਨੂੰ ਰਿਜ਼ਕ ਦੇ ਦਿੱਤਾ ਹੈ, ਪਰ ਇਕ ਬੰਦਾ ਐਸਾ ਕੁਕਰਮ ਕਰ ਰਿਹਾ ਸੀ ਕਿ ਮੇਰਾ ਦਿਲ ਨਹੀਂ ਮੰਨਿਆ, ਉਸ ਨੂੰ ਰੋਟੀ ਦੇਣ ਲਈ। ਮੈਂ ਸੋਚਿਆ ਕਿ ਇਹਨੂੰ ਭੁੱਖਾ ਰਾੜ੍ਹਨਾ ਹੀ ਠੀਕ ਹੈ। ਬੱਸ, ਉਸ ਇਕ ਨੂੰ ਛੱਡ ਕੇ ਸਭ ਕਾਇਨਾਤ ਪ੍ਰਸੰਨ ਹੋ ਕੇ ਸੌਂ ਗਈ ਹੈ। ਖੁਦਾ ਹੱਸਦਾ ਹੋਇਆ ਬੋਲਿਆ, "ਮੂਸੇ, ਜੇ ਮੈਂ ਦੁਨੀਆਂ ਵਾਲਿਆਂ ਦੇ ਕਰਮਾਂ-ਕੁਕਰਮਾਂ ਵੱਲ ਦੇਖ ਕੇ, ਉਨ੍ਹਾਂ ਨੂੰ ਰਿਜ਼ਕ ਦੇਣ ਜਾਂ ਨਾ ਦੇਣ ਦਾ ਫੈਸਲਾ ਕਰਾਂ, ਤਦ ਅੱਧੀ ਦੁਨੀਆਂ ਭੁੱਖੀ ਹੀ ਮਰ ਜਾਏ। ਰਿਜ਼ਕ-ਰੋਟੀ ਦੇਣ ਲੱਗਿਆਂ ਮੈਂ ਅਜਿਹਾ ਨਹੀਂ ਦੇਖਦਾ। ਬਿਨਾਂ ਵਿਤਕਰੇ ਤੋਂ ਸਭ ਨੂੰ ਅੰਨ-ਦਾਣਾ ਦੇ ਦੇਣਾ ਮੇਰਾ ਫਰਜ਼ ਹੈ।"

ਬੱਸ ਐਨ ਇਸੇ ਤਰ੍ਹਾਂ ਸ਼ਿਵ ਜੀ ਮਹਾਰਾਜ ਵੀ ਪ੍ਰਭੂ ਦੇ ਖਹਿੜੇ ਪਏ ਹੋਣੇ ਨੇ, ਤਾਂ ਰੱਬ ਨੇ ਬਾਕੀ ਭਾਰਤ ਦੇ ਚੋਣ ਨਤੀਜੇ ਬਣਾਉਣ ਦੀ ਡਿਊਟੀ ਸ਼ਿਵ ਭੋਲੇ ਨੂੰ ਸੌਂਪ ਕੇ, ਖੁਦ ਪੰਜਾਬ ਦਾ ਕਾਰਜਭਾਰ ਸੰਭਾਲ ਲਿਆ ਹੋਵੇਗਾ। ਉਧਰ, ਸ਼ਿਵ ਭੰਡਾਰੀ ਨੇ ਦਸਾਂ ਸਾਲਾਂ ਤੋਂ ਦਿੱਲੀ ਤਖਤ ਵੱਲ ਟਿਕ-ਟਿਕੀ ਲਾ ਕੇ ਬੈਠੇ ਆਪਣਿਆਂ ਭਗਤਾਂ 'ਤੇ ਤਰਸ ਕਰ ਕੇ ਖੁੱਲ੍ਹੇ ਗੱਫੇ ਹੀ ਬਖਸ਼ ਦਿੱਤੇ, ਪਰ ਇਧਰ ਪੰਜਾਬ ਵਿਚ ਰੱਬ ਜੀ ਨੇ ਸਾਰਿਆਂ ਨੂੰ ਹੀ ਐਸਾ ਪ੍ਰਸ਼ਾਦਿ ਵੰਡਿਆ ਕਿ ਨਾ ਕੋਈ ਖੁਸ਼ੀ ਵਿਚ ਫੁੱਲ-ਫੁੱਲ ਕੇ ਕੁੱਪਾ ਹੋਣ ਦਿੱਤਾ, ਅਤੇ ਨਾ ਹੀ ਕੋਈ ਰੋਣ ਜੋਗਾ ਰਹਿਣ ਦਿੱਤਾ। ਪੰਜਾਬ ਵਿਚ ਹੋਈਆਂ ਚੋਣਾਂ ਦੇ ਨਤੀਜਾ-ਕਾਰਡ ਬਣਾਉਣ ਲੱਗਿਆਂ ਰੱਬ ਨੇ ਕਿਸੇ 'ਘਾਗ' ਸਿਆਸਤਦਾਨ ਵਾਂਗ ਬੜੇ ਫੂਕ-ਫੂਕ ਕੇ ਕਦਮ ਰੱਖੇ ਹੋਣਗੇ।

ਸਭ ਤੋਂ ਪਹਿਲਾਂ ਗੁਰੂ ਕੀ ਨਗਰੀ ਅੰਮ੍ਰਿਤਸਰ ਵੱਲ ਹੀ ਦੇਖ ਲਓ। ਪੰਜਾਬ ਵਿਚ ਪੱਚੀ ਸਾਲ ਰਾਜ ਕਰਨ ਦੇ ਦਾਅਵੇ ਕਰਨ ਦੇ ਦਾਅਵੇਦਾਰ, ਸ੍ਰੀ ਅਰੁਣ ਜੇਤਲੀ ਨੂੰ ਇਹ ਕਹਿ ਕੇ ਚੋਣ-ਪਿੜ ਵਿਚ ਲਿਆਏ ਸਨ ਕਿ ਨਾਮਜ਼ਦਗੀ ਭਰ ਕੇ ਤੁਸੀਂ ਦਿੱਲੀ ਆਰਾਮ ਕਰਿਓ!... 'ਸ਼ਾਨਦਾਰ ਜਿੱਤ' ਦਾ ਸਰਟੀਫਿਕੇਟ ਸੁਨਹਿਰੀ ਫਰੇਮ ਵਿਚ ਜੜਵਾ ਕੇ, ਉਥੇ ਹੀ ਪਹੁੰਚਾ ਦੇਵਾਂਗੇ। ਜੇਤਲੀ ਦੇ ਸਿਰ ਜਿੱਤ ਦਾ ਮੁਕਟ ਸਜਾਉਣ ਲਈ ਕੀ-ਕੀ ਨਹੀਂ ਕੀਤਾ ਗਿਆ? ਲੋੜਵੰਦਾਂ ਨੂੰ 'ਸਭ ਕੁਝ' ਵੰਡਿਆ ਗਿਆ। ਦਸਮ ਗ੍ਰੰਥ ਦੇ ਇਕ ਸਵੱਈਏ ਵਿਚ ਸ੍ਰੀ ਜੇਤਲੀ ਦਾ ਨਾਂ ਫਿੱਟ ਕੀਤਾ ਗਿਆ ਪਰ ਨਤੀਜਾ ਬਣਾਉਣ ਵੇਲੇ 'ਰੱਬ ਜੀ' ਨੇ ਇਹ ਭੋਰਾ ਪ੍ਰਵਾਹ ਨਹੀਂ ਕੀਤੀ ਕਿ ਜੇਤਲੀ ਜੀ, ਬਣਨ ਵਾਲੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਸੱਜੀ-ਖੱਬੀ ਬਾਂਹ ਹਨ; ਇਸ ਮਹਾਨ ਸ਼ਖਸੀਅਤ ਬਾਰੇ ਮੈਂ 'ਮਾੜਾ' ਨਾ ਸੋਚਾਂ! ਬੱਸ ਜੀ, ਇਕੋ ਝਟਕੇ ਹਰਾ ਕੇ ਅਹੁ ਮਾਰਿਆ!

ਫਿਰ ਰੱਬ ਜੀ ਨੂੰ ਉਥੋਂ ਜਿਤਾਏ ਮਹਾਰਾਜੇ ਦੀ ਚਿੰਤਾ ਲੱਗ ਗਈ ਹੋਵੇਗੀ, ਮਤਾਂ ਇਹ ਜਿੱਤ ਦੇ ਨਸ਼ੇ ਵਿਚ ਹੀ ਨਾ ਆਫਰਿਆ ਫਿਰੇ। ਦੇਖਦੇ ਹੀ ਦੇਖਦੇ ਉਸ ਦੇ ਅਫਾਰੇ ਦਾ ਇਲਾਜ ਪਟਿਆਲਾ ਹਲਕੇ ਦਾ ਨਤੀਜਾ ਬਣਾ ਕੇ ਕਰ ਦਿੱਤਾ। ਜਦੋਂ ਘਰਵਾਲੀ ਹੀ ਹਾਰ ਜਾਵੇ, ਤਦ ਘਰਵਾਲਾ ਆਪਣੀ ਜਿੱਤ ਦੀ ਖੁਸ਼ੀ ਮਨਾਉਣ ਦਾ ਹੀਆ ਕਰ ਸਕਦੈ ਭਲਾ? ਸ੍ਰੀ ਅਨੰਦਪੁਰ ਸਾਹਿਬ ਦਾ ਹਾਲ ਦੇਖ ਲਓ। ਪਹਿਲਾਂ ਤਾਂ ਰੱਬ ਜੀ ਨੂੰ ਜਥੇਦਾਰ ਚੰਦੂਮਾਜਰਾ 'ਤੇ ਚੜ੍ਹਿਐ ਹੋਣੈ ਗੁੱਸਾ! ਵਿਧਾਨ ਸਭਾ ਦੇ ਸੱਤਾਂ ਹਲਕਿਆਂ ਤੋਂ ਉਹਨੂੰ ਮਾਂਜਾ ਫੇਰਦਾ ਲੈ ਆਇਆ। ਫਿਰ ਸ਼ਾਇਦ ਰੱਬ ਨੇ ਉਸ ਦਾ ਪੁਰਾਣਾ ਵਹੀ-ਖਾਤਾ ਖੋਲ੍ਹ ਕੇ ਦੇਖ ਲਿਆ ਹੋਣੈ ਕਿ ਇਹ ਤਾਂ ਲਗਾਤਾਰ ਸੱਤ ਇਲੈਕਸ਼ਨਾਂ ਹਾਰ ਚੁੱਕੈ! ਤਰਸ ਕਰ ਕੇ ਉਹਦੀ ਦੋ ਵਿਧਾਨ ਸਭਾਈ ਹਲਕਿਆਂ 'ਚ ਕਸਰ ਪੂਰੀ ਕਰਦਿਆਂ, ਉਸ ਨੂੰ ਜੇਤੂ ਬਣਾ ਧਰਿਆ।

ਬਠਿੰਡੇ ਦਾ ਰਿਜ਼ਲਟ ਬਣਾਉਂਦੇ ਵਕਤ, ਥਾਲੀ ਦੇ ਪਾਣੀ ਵਾਂਗ ਰੱਬ ਦਾ ਦਿਲ ਡੋਲਦਾ ਰਿਹਾ ਹੋਣੈ। 'ਰੱਬ ਨੇੜੇ ਕਿ ਘਸੁੰਨ' ਵਾਲਾ ਅਖਾਣ ਚੇਤੇ ਕਰ ਕੇ ਉਹ ਡਾਢਿਆਂ ਤੋਂ ਜ਼ਰੂਰ ਡਰ ਗਿਆ ਹੋਣਾ; ਜ਼ਰੂਰ ਸੋਚਿਆ ਹੋਣੈ ਕਿ ਜੇ ਇਥੇ ਹਬੀ-ਨਬੀ ਹੋ ਗਈ ਤਾਂ 'ਰਾਜ ਨਹੀਂ ਸੇਵਾ' ਕਰਨ ਵਾਲਿਆਂ ਨੇ ਮੈਨੂੰ ਸੁੱਕਾ ਨਹੀਂ ਜਾਣ ਦੇਣਾ ਮੁੜ ਕੇ ਆਪਣੇ 'ਸਕੱਤਰੇਤ' ਵਿਚ। ਹੋਰ ਨਾ ਭੁੱਕੀ ਦੇ ਕੇਸ ਵਿਚ ਫਸ ਕੇ ਇਥੇ ਜੋਗਾ ਹੀ ਰਹਿ ਜਾਵਾਂ। ਇੰਜ ਸੋਚਦਿਆਂ ਉਸ ਨੇ 'ਰਿਜ਼ਲਟ ਆਊਟ' ਕਰਨ ਮੌਕੇ ਇੰਨੀ ਕੁ ਗੁੱਝੀ ਛੁਰੀ ਚਲਾ ਦਿੱਤੀ ਕਿ ਜੇਤੂ ਧਿਰ ਨੂੰ ਭੰਗੜੇ ਪਾਉਣ ਜੋਗੀ ਨਹੀਂ ਛੱਡਿਆ; ਸਗੋਂ ਹਾਰੇ ਹੋਏ ਨੂੰ ਜੇਤੂਆਂ ਵਰਗਾ ਬਣਾ ਕੇ ਤੋਰਿਆ। ਮਹਿਸੂਸ ਹੁੰਦਾ ਹੈ ਕਿ ਸੰਗਰੂਰ ਬਾਰੇ ਨੀ ਰੱਬ ਨੂੰ ਬਹੁਤਾ ਦਿਮਾਗ ਲੜਾਉਣਾ ਪਿਆ ਹੋਣੈ। ਉਹਨੂੰ ਪਤਾ ਸੀ ਕਿ ਭਾਈ ਢੀਂਡਸੇ ਨੂੰ ਜੇ ਹਾਰ ਦਾ ਮੂੰਹ ਦਿਖਾ ਵੀ ਦਿੱਤਾ, ਤਾਂ 'ਐਮ.ਪੀ.' ਦਾ ਲੇਬਲ ਇਹਦੇ ਨਾਂ ਪਿੱਛੋਂ ਤਦ ਵੀ ਨਹੀਂ ਲੱਥਣਾ। ਰਾਜ ਸਭਾ ਦੀ ਮੈਂਬਰੀ ਇਹਦੀ ਜੇਬ ਵਿਚ ਹੀ ਪਈ ਹੁੰਦੀ ਹੈ। ਇਸ ਲਈ ਉਥੋਂ ਹਾਸੇ-ਹਾਸੇ ਵਿਚ ਲੋਕਾਂ ਦੀ ਜ਼ਮੀਰ ਜਗਾਉਣ ਵਾਲੇ ਟੀਕੇ ਲਾਉਣ ਵਾਲੇ ਆਪਣੇ ਭਗਵੰਤ ਬਾਈ ਦੀ ਝੋਲੀ ਜਿੱਤ ਨਾਲ ਮਾਲਾ-ਮਾਲ ਕਰ ਦਿੱਤੀ।

ਬੜੇ ਹੀ 'ਬੈਲੈਂਸ' ਵਿਚ ਰਹਿੰਦਿਆਂ ਕਮਲ ਫੁੱਲ, ਪੰਜੇ ਅਤੇ ਤੱਕੜੀ ਵਿਚੋਂ ਕਿਸੇ ਨੂੰ ਕਿਤਿਉਂ ਗੱਫਾ ਕਿਸੇ ਨੂੰ ਧੱਫਾ ਦਿੰਦਿਆਂ, ਜਦ ਰੱਬ ਨੂੰ ਬਾਕੀ ਦੇ ਭਾਰਤ ਵਿਚੋਂ ਕਨਸੋਆਂ ਮਿਲੀਆਂ ਕਿ ਉਥੇ ਸ਼ਿਵ ਭਗਵਾਨ ਜੀ 'ਆਪਣਿਆਂ' ਨੂੰ ਹੀ ਵੰਡ-ਵੰਡ ਕੇ ਨਿਹਾਲੋ-ਨਿਹਾਲ ਕਰੀ ਜਾ ਰਿਹਾ ਹੈ, ਤਦ ਉਸੇ ਵਕਤ ਪੰਜਾਬ ਦੀ ਗਿਣਤੀ-ਮਿਣਤੀ ਰੋਕ ਕੇ ਰੱਬ ਸੋਚੀਂ ਪੈ ਗਿਆ। ਉਹਨੂੰ ਅਚਾਨਕ ਯਾਦ ਆਇਆ ਕਿ ਜਿਸ ਖਿੱਤੇ ਵਿਚ ਮੈਂ ਬੈਠਾ ਹਾਂ, ਇਹ ਤਾਂ ਕ੍ਰਾਂਤੀਕਾਰੀਆਂ ਦੀ ਜਰਖੇਜ਼ ਧਰਤੀ ਹੈ ਜਿੱਥੋਂ ਦੇ ਜਾਇਆਂ ਬਾਰੇ ਲਿਖਿਆ ਮਿਲਦਾ ਕਿ ਇਹ 'ਤੈਂ' ਨਾ ਮੰਨਣ ਕਿਸੇ ਦੀ'!... ਉਸੇ ਵੇਲੇ ਉਸ ਨੇ ਝਾੜੂ ਨਾਲ ਚਾਰ ਸੀਟਾਂ ਇਕੱਠੀਆਂ ਕਰੀਆਂ ਤੇ ਕੇਜਰੀਵਾਲ ਦੇ ਪੱਲੇ ਵਿਚ ਪਾ ਦਿੱਤੀਆਂ। ਧੁਰ ਦੱਖਣ ਤੋਂ ਮਸੋਸਿਆ ਜਿਹਾ ਚਿਹਰਾ ਲੈ ਕੇ ਉਤਰ ਵੱਲੀ ਤੁਰੇ ਆਉਂਦੇ ਸ੍ਰੀ ਕੇਜਰੀਵਾਲ ਨੂੰ ਹੌਂਸਲਾ ਹੋ ਗਿਆ।

ਪੰਜਾਬ ਦੇ ਚੋਣ ਨਤੀਜਿਆਂ ਦੀ ਸਮੀਖਿਆ ਵਾਲੀ ਇਸ ਲਿਖਤ ਦੀ ਸਮਾਪਤੀ ਵੀ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਪ੍ਰਚਲਿਤ ਲੋਕ-ਰੁਚੀ ਕਥਾ ਨਾਲ ਹੀ ਕਰਦੇ ਹਾਂ।... ਕਹਿੰਦੇ ਇਕ ਬੰਦਾ ਦੂਰ-ਦੁਰਾਡੇ ਵਿਆਹੀਆਂ-ਵਰੀਆਂ ਆਪਣੀ ਦੋ ਧੀਆਂ ਨੂੰ ਮਿਲਣ-ਗਿਲਣ ਗਿਆ। ਪਹਿਲੀ ਕੁੜੀ ਦੇ ਘਰੇ ਗਿਆ ਜਿਸ ਦਾ ਘਰਵਾਲਾ ਖੇਤੀਬਾੜੀ ਕਰਦਾ ਸੀ। ਬੰਦੇ ਨੇ ਉਸ ਨੂੰ ਹਾਲ-ਹਵਾਲ ਪੁੱਛਿਆ। ਮਾਰੂ ਖੇਤੀ ਦਾ ਫਿਕਰ ਕਰਦਿਆਂ ਕੁੜੀ ਕਹਿੰਦੀ ਕਿ ਭਾਈਆ ਜੀ, ਮੱਕੀ ਦੇ ਚਾਰ ਟਾਂਡੇ ਬੀਜੇ ਹੋਏ ਨੇ, ਜੇ ਮੀਂਹ ਦੀਆਂ ਚਾਰ ਕਣੀਆਂ ਪੈ ਗਈਆਂ ਤਾਂ ਦੋ ਮਣ ਦਾਣੇ ਹੋ ਜਾਣਗੇ; ਨਹੀਂ ਤਾਂ ਭੁੱਖੇ ਮਰਾਂਗੇ। ਨਾਲ ਹੀ ਉਸ ਨੇ ਬਾਪੂ ਨੂੰ ਕਿਹਾ ਕਿ ਉਹ ਰੱਬ ਅੱਗੇ ਵਰਖਾ ਲਈ ਅਰਦਾਸ ਕਰੇ।


ਫਿਰ ਬੰਦਾ ਆਪਣੀ ਦੂਜੀ ਧੀ ਦੇ ਘਰੇ ਗਿਆ। ਉਸ ਦਾ ਪਤੀ ਮਿੱਟੀ ਦੇ ਭਾਂਡੇ ਆਵੇ ਵਿਚ ਪਕਾ ਕੇ ਵੇਚਣ ਦਾ ਕੰਮ-ਧੰਦਾ ਕਰਦਾ ਸੀ। ਬੰਦੇ ਨੇ ਆਪਣੀ ਉਸ ਧੀ ਦੇ ਕਾਰੋਬਾਰ ਬਾਰੇ ਪੁੱਛਿਆ। ਉਹ ਬੋਲੀ ਕਿ ਪਿਤਾ ਜੀ, ਆਵੇ ਨੂੰ ਅੱਗ ਦਿੱਤੀ ਹੋਈ ਹੈ, ਭਾਂਡੇ ਪੱਕ ਗਏ ਤਾਂ ਘਰ ਦਾ ਗੁਜ਼ਾਰਾ ਚੱਲਦਾ ਰਹੇਗਾ; ਜੇ ਨਿਖਸਮਾ ਮੀਂਹ ਪੈ ਗਿਆ, ਫਿਰ ਸਾਡਾ ਕੂੰਡਾ ਹੋ ਜਾਣਾ। ਤਰਲਾ ਮਾਰਦਿਆਂ ਉਸ ਕੁੜੀ ਨੇ ਬਾਪੂ ਨੂੰ ਕਿਹਾ ਕਿ ਉਹ ਰੱਬ ਅੱਗੇ ਸੁੱਕ-ਪਕਾ ਰਹਿਣ ਦੀ ਅਰਦਾਸ ਕਰੇ। ਘਰੇ ਪਹੁੰਚੇ ਉਸ ਬੰਦੇ ਨੂੰ ਘਰਵਾਲੀ ਧੀਆਂ ਦੇ ਰਾਜ਼ੀ-ਬਾਜ਼ੀ ਹੋਣ ਦੀ ਖਬਰਸਾਰ ਪੁੱਛਦੀ ਹੈ। ਬੰਦੇ ਨੇ ਬੜਾ ਤਨਜ਼ੀਆ ਜਵਾਬ ਦਿੱਤਾ,

"ਭਾਗਵਾਨੇ ਦੋਵੇਂ ਨਹੀਂ, ਇਕੋ ਰਾਜ਼ੀ ਰਹੇਗੀ। ਯਾ ਟਾਂਡੇ ਵਾਲੀ, ਯਾ ਭਾਂਡੇ ਵਾਲੀ।"

ਬਲਿਹਾਰੇ ਜਾਈਏ ਪੰਜਾਬ ਦੀ ਮਖਲੂਕਾਤ ਦੇ ਜਿਸ ਨੇ ਐਸੇ ਢੰਗ ਨਾਲ ਵੋਟਿੰਗ ਕੀਤੀ ਕਿ ਟਾਂਡੇ ਵਾਲੀ ਤੇ ਭਾਂਡੇ ਵਾਲੀ, ਦੋਵੇਂ ਰਾਜ਼ੀ ਤਾਂ ਰੱਖੀਆਂ ਹੀ ਰੱਖੀਆਂ, ਬਲਕਿ ਟਾਂਡੇ ਵਾਲੀ ਤੇ ਭਾਂਡੇ ਵਾਲੀ, ਦੋਹਾਂ ਦੇ ਮੂੰਹ 'ਤੇ ਕਰਾਰੇ ਚਾਂਡੇ ਮਾਰਨ ਵਾਲੀ 'ਆਪ' ਦੇ ਸਿਰ ਵੀ ਜਿੱਤ ਦਾ ਤਾਜ ਰੱਖਿਆ। ਚੜ੍ਹੀ ਆਉਂਦੀ ਭਗਵੀਂ ਕਾਂਗ ਮੋਹਰੇ ਛਾਤੀ ਤਾਣ ਕੇ ਨਾਬਰ ਬਣਨ ਵਾਲੇ ਪੰਜਾਬ ਨੂੰ ਸੌ-ਸੌ ਨਮਸਕਾਰ।

# ਧਰਤੀ ਦਾ ਲਾਲ ਨਰਿੰਦਰ ਮੋਦੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਆਪਣੇ ਵਿਅਕਤਿਤਵ ਦੇ ਹੱਕ ਵਿਚ ਲਹਿਰ ਪੈਦਾ ਕਰਨ ਵਾਲਾ ਨਰਿੰਦਰ ਮੋਦੀ ਕਿਸੇ ਖੇਤ ਖਲਵਾੜ ਦਾ ਮਾਲਕ ਹੋਵੇ ਨਾ ਹੋਵੇ ਪਹਿਲੀ ਵਾਰ ਸੰਸਦ ਭਵਨ 'ਚ ਪ੍ਰਵੇਸ਼ ਕਰਨ ਸਮੇਂ ਉਹ ਧਰਤੀ ਦਾ ਲਾਲ ਹੋ ਨਿਬੜਿਆ ਹੈ। ਸੰਸਦ ਭਵਨ ਦੀ ਪਹਿਲੀ ਪੌੜੀ ਨੂੰ ਨਤਮਸਤਕ ਹੋਣਾ ਤੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਆਪਣਾ ਗੁਰੂ ਮੰਨ ਕੇ ਉਸ ਦੀ ਜੱਫੀ ਵਿਚ ਸਮਾਉਣਾ ਕੁਝ ਇਸ ਹੀ ਤਰ੍ਹਾਂ ਦੇ ਅਮਲ ਹਨ। ਸੰਸਦ ਨੂੰ ਲੋਕਤੰਤਰ ਦਾ ਮੰਦਰ ਕਹਿਣ ਤੋਂ ਬਿਨਾਂ ਆਪਣੇ ਭਾਸ਼ਣ ਵਿਚ ਅਟਲ ਬਿਹਾਰੀ ਬਾਜਪਾਈ ਦੀ ਅਨਹੋਂਦ ਨੂੰ ਚੇਤੇ ਕਰਦਿਆਂ ਉਸ ਦਾ ਗੱਚ ਭਰ ਆਉਣਾ ਵੀ ਇਹੀਓ ਸਿੱਧ ਕਰਦਾ ਹੈ। ਗੁਜਰਾਤ ਮਾਡਲ ਨੂੰ ਜੇਬ ਵਿਚ ਪਾ ਕੇ ਦੇਸ਼ ਦੀਆਂ ਸਮੱਸਿਆਵਾਂ ਨਾਲ ਨਿਪਟਣਾ ਭਾਵੇਂ ਬਹੁਤ ਕਠਿਨ ਨਾ ਹੋਵੇ, ਵਿਸ਼ਵ ਸ਼ਕਤੀਆਂ ਨਾਲ ਸਿੱਝਣ ਤੇ ਉਨ੍ਹਾਂ ਨਾਲ ਸੰਤੁਲਨ ਬਣਾਈ ਰਖਣ ਲਈ ਵੱਖਰੀ ਤਰ੍ਹਾਂ ਦੀ ਸੋਚ ਤੇ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ। ਖਾਸ ਕਰਕੇ ਅਮਰੀਕਾ, ਚੀਨ ਤੇ ਪਾਕਿਸਤਾਨ ਨਾਲ। ਇਹ ਦੇਸ਼ ਜਿੰਨਾ ਦਿੰਦੇ ਹਨ ਉਸ ਤੋਂ ਵੱਧ ਲੈਣ ਦੀ ਤਾਕ ਵਿਚ ਹੁੰਦੇ ਹਨ। ਪਾਕਿਸਤਾਨ ਲਈ ਆਪਣੇ ਗੁਆਂਢੀ ਦੇਸ਼ ਅਫਗਾਨਿਸਤਾਨ ਦੇ ਅਤਿਵਾਦੀਆਂ ਨਾਲ ਹੀ ਸਿੱਝਣਾ ਕਠਿਨ ਹੋ ਰਿਹਾ ਹੈ। ਭਾਰਤ ਨੂੰ ਪਟੜਾ ਬਣਾਉਣ ਦਾ ਯਤਨ ਕਰ ਸਕਦਾ ਹੈ। ਸੰਭਲ ਕੇ ਕਦਮ ਪੁੱਟਣ ਦੀ ਲੋੜ ਹੈ।

ਨਰਿੰਦਰ ਮੋਦੀ ਨੂੰ ਉਨ੍ਹਾਂ ਸ਼ਕਤੀਆਂ ਨਾਲ ਵੀ ਸੰਭਲ ਕੇ ਵਿਚਰਨ ਦੀ ਲੋੜ ਹੈ ਜਿਨ੍ਹਾਂ ਨੇ ਮੋਦੀ ਲਹਿਰ ਚਲਾਉਣ ਵਿਚ ਅੱਡੀ ਚੋਟੀ ਦਾ ਜ਼ੋਰ ਲਾਇਆ। ਕੌਣ ਨਹੀਂ ਜਾਣਦਾ ਕਿ ਇਹ ਲਹਿਰ ਪੂੰਜੀਪਤੀਆਂ ਦੇ ਲੱਖਾਂ ਕਰੋੜਾਂ ਦੇ ਪੈਸੇ ਤੇ ਜਨ ਸੰਘੀਆਂ ਦੇ ਜ਼ਮੀਨੀ ਪੱਧਰ ਉਤੇ ਕੀਤੇ ਪ੍ਰਚਾਰ ਤੋਂ ਬਿਨਾਂ ਸੰਭਵ ਨਹੀਂ ਸੀ। ਉਨ੍ਹਾਂ ਦੀ ਇਹ ਸੇਵਾ ਨਿਸ਼ਕਾਮ ਨਹੀਂ ਸੀ। ਧਰਤੀ ਨੂੰ ਪਰਨਾਏ ਵਿਅਕਤੀ ਕਿਸੇ ਦਾ ਹੱਕ ਰੱਖਣਾ ਠੀਕ ਨਹੀਂ ਸਮਝਦੇ। ਪਰ ਇਥੇ ਉਨ੍ਹਾਂ ਪ੍ਰਤੀ ਨਰਮ ਵਤੀਰਾ ਮਹਿੰਗਾ ਪੈ ਸਕਦਾ ਹੈ। ਮੋਦੀ ਲਈ ਘੱਟ ਤੇ ਦੇਸ਼ ਲਈ ਵੱਧ। ਇਸ ਸਥਿਤੀ ਨਾਲ ਧਰਤੀ ਦਾ ਲਾਲ ਕਿਵੇਂ ਨਜਿੱਠਦਾ ਹੈ, ਵੇਖਣ ਵਾਲੀ ਗੱਲ ਹੈ। ਇਥੇ ਨਤਮਸਤਕ ਤੇ ਭਾਵਕ ਹੋਇਆਂ ਨਹੀਂ ਸਰਨਾ। ਕਹਿੰਦੇ ਹਨ ਕਿ ਚੰਗੇ ਦਿਨ ਆ ਗਏ ਹਨ, ਕਿੰਨੇ ਚੰਗੇ ਹਨ, ਸਮੇਂ ਨੇ ਦੱਸਣਾ ਹੈ।

### ਕਿਉਂ ਨਾ ਜਾਏ ਜ਼ੌਕ ਅੱਬ ਦਿੱਲੀ ਕੀ ਗਲੀਆਂ ਛੋੜ ਕਰ?

ਸੰਸਾਰ ਸਿਹਤ ਸੰਸਥਾ ਦੀ ਸੱਜਰੀ ਖੋਜ ਨੇ ਭਾਰਤ ਦੇ 13 ਸ਼ਹਿਰਾਂ ਨੂੰ ਦੁਨੀਆਂ ਦੇ ਉਪਰਲੇ 20 ਬਹੁ-ਪ੍ਰਦੂਸ਼ਤ ਸ਼ਹਿਰਾਂ ਵਿਚ ਗਿਣਿਆ ਹੈ। ਦਿੱਲੀ ਨੂੰ ਦੁਨੀਆਂ ਭਰ 'ਚ ਸਭ ਤੋਂ ਪ੍ਰਦੂਸ਼ਤ। ਪਟਨਾ, ਗਵਾਲੀਅਰ, ਰਾਇਪੁਰ, ਅਹਿਮਦਾਬਾਦ, ਲਖਨਊ, ਫਿਰੋਜ਼ਾਬਾਦ, ਕਾਨਪੁਰ, ਅੰਮ੍ਰਿਤਸਰ, ਲੁਧਿਆਣਾ, ਅਲਾਹਾਬਾਦ, ਆਗਰਾ ਤੇ ਖੰਨਾ ਵੀ ਉਨ੍ਹਾਂ ਵਿਚ ਸ਼ਾਮਲ ਹਨ ਪਰ ਦਿੱਲੀ ਤੋਂ ਥੱਲੇ। ਖੰਨਾ ਵੀਹਵੇਂ ਨੰਬਰ ਉਤੇ ਹੈ। ਪਾਕਿਸਤਾਨ ਦੇ ਕਰਾਚੀ, ਪੇਸ਼ਾਵਰ, ਰਾਵਲਪਿੰਡੀ ਵੀ ਪ੍ਰਦੂਸ਼ਤ ਹਨ ਪਰ ਓਨੇ ਨਹੀਂ। ਖੰਨਾ ਮੰਡੀ ਨਾਲੋਂ ਵੱਧ ਹਨ।

ਤੀਹ ਸਾਲ ਪਹਿਲਾਂ ਜਦੋਂ ਮੈਂ ਤਿੰਨ ਦਹਾਕੇ ਦਿੱਲੀ ਰਹਿ ਕੇ ਦਿੱਲੀ ਛੱਡੀ ਸੀ ਤਾਂ ਸ਼ੇਖ ਇਬਰਾਹੀਮ ਜ਼ੌਕ ਦਾ ਸ਼ਿਅਰ 'ਕੌਨ ਜਾਏ ਜ਼ੌਕ ਅੱਬ ਦਿੱਲੀ ਕੀ ਗਲੀਆਂ ਛੋੜ ਕਰ' ਚੇਤੇ ਕਰਕੇ ਰੋਣ ਹਾਕਾ ਹੋ ਜਾਂਦਾ ਸਾਂ।

ਹੁਣ ਇਨ੍ਹਾਂ ਵਰ੍ਹਿਆਂ ਵਿਚ ਦਿੱਲੀ ਦੀਆਂ ਮੋਟਰਕਾਰਾਂ ਦੀ ਗਿਣਤੀ, ਦੋ ਤੇ ਤਿੰਨ ਪਹੀਆ ਵਾਹਨਾਂ ਸਮੇਤ ਕਈ ਗੁਣਾ ਹੋ ਗਈ ਹੈ। ਧਰਤੀ ਦੇ ਉਤੇ ਥੱਲੇ ਚੱਲੀਆਂ ਮੈਟਰੋ ਗੱਡੀਆਂ ਦੇ ਬਾਵਜੂਦ ਪੈਟਰੋਲ ਤੇ ਡੀਜ਼ਲ ਦੀਆਂ ਗੱਡੀਆਂ ਦੇ ਧੂਏਂ ਨੇ ਵਸੋਂ ਦੇ ਨੱਕ ਵਿਚ ਦਮ ਕਰ ਛੱਡਿਆ ਹੈ। ਇਸ ਦਾ ਅਸਰ ਫੇਫੜਿਆਂ ਉਤੇ ਪੈਂਦਾ ਹੈ। ਗਰਭਵਤੀ ਮਾਂਵਾਂ ਉਤੇ ਖਾਸ ਕਰਕੇ। ਇਹੋ ਕਾਰਨ ਹੈ ਕਿ ਨਵ ਜੰਮੇ ਬਾਲ ਸਾਹ ਨਾਲ ਸਬੰਧਤ ਰੋਗਾਂ ਦਾ ਸ਼ਿਕਾਰ ਹੋ ਕੇ ਮਰ ਜਾਂਦੇ ਹਨ। ਰੁੜਕੀ ਦੀ ਤਕਨਾਲੋਜੀ ਇੰਸਟੀਚਿਊਟ ਨੇ ਅਮਰੀਕਾ ਦੀਆਂ ਮਿਨੀਸੋਟਾ ਅਤੇ ਕੋਲੋਰਾਡੋ ਯੂਨੀਵਰਸਟੀਆਂ ਦੇ ਸਹਿਯੋਗ ਨਾਲ ਸਾਹ ਰੋਗ ਨਾਲ ਹੋਣ ਵਾਲੀਆਂ ਮੌਤਾਂ ਦਾ ਅਧਿਐਨ ਕੀਤਾ ਹੈ। ਇਸ ਅਧਿਐਨ ਅਨੁਸਾਰ ਪਿਛਲੇ ਵੀਹ ਸਾਲਾਂ ਵਿਚ ਇਨ੍ਹਾਂ ਰੋਗਾਂ ਨਾਲ ਮਰਨ ਵਾਲਿਆਂ ਦੀ ਗਿਣਤੀ 8945 ਤੋਂ 18,219 ਹੋ ਗਈ ਹੈ। ਭਾਵ ਦੁਗਣੀ ਤੋਂ ਵੱਧ। ਜਿਵੇਂ ਵਾਹਨਾਂ ਤੇ ਛੋਟੇ-ਵੱਡੇ ਉਦਯੋਗਾਂ ਦੀ ਗਿਣਤੀ ਦਿਨੋ ਦਿਨ ਵੱਧ ਰਹੀ ਹੈ, ਚੰਡੀਗੜ੍ਹ ਦਾ ਆਲਾ-ਦੁਆਲਾ ਵੀ ਬਚਦਾ ਵਿਖਾਈ ਨਹੀਂ ਦਿੰਦਾ। ਚੰਗੇ ਭਲੇ ਸ਼ਹਿਰਾਂ ਨੂੰ ਪ੍ਰਦੂਸ਼ਤ ਹੁੰਦਿਆਂ ਕਿੰਨਾ ਸਮਾਂ ਲੱਗਦਾ ਹੈ, ਵੇਖਣ ਵਾਲੀ ਗੱਲ ਹੈ। ਇਬਰਾਹੀਮ ਜ਼ੌਕ ਦੀ ਆਤਮਾ ਨੂੰ ਤਸੱਲੀ ਹੋਣੀ ਚਾਹੀਦੀ ਹੈ ਕਿ ਭਲੇ ਵੇਲੇ ਦਿੱਲੀ ਨੂੰ ਅਲਵਿਦਾ ਕਹਿ ਗਈ। ਹੁਣ ਵਾਲੀ ਦਿੱਲੀ ਦੇ ਦੁੱਖ ਡਾਢੇ ਹਨ।

**ਅੰਤਿਕਾ:**

*(ਲਖਵਿੰਦਰ ਜੌਹਲ ਦੀ 'ਸ਼ਬਦਾਂ ਦੀ ਸੰਸਦ' ਚੋਂ)*

ਆਪਣੀ ਕੋਈ ਨਿਸ਼ਾਨੀ ਦੇ ਜਾ,
ਲੈ ਜਾ ਕਵਿਤਾ, ਕਾਨੀ ਦੇ ਜਾ।
ਗੰਧਲੇ ਬੋਲਾਂ ਦਾ ਸਰਮਾਇਆ
ਲੁੱਟ ਲੈ, ਸਾਫ-ਬਿਆਨੀ ਦੇ ਜਾ।
ਮੇਰੇ ਸਾਰੇ ਪੰਖ ਨੋਚ ਲੈ
ਬਸ ਉਡਣਾ ਅਸਮਾਨੀ ਦੇ ਜਾ।
ਹੇ ਸਾਹਾਂ ਦੇ ਸਿਰਜਣਹਾਰੇ
ਸਾਹਾਂ ਨੂੰ ਮਨਮਾਨੀ ਦੇ ਜਾ।

# ਆਦਿਵਾਸੀ ਬਨਾਮ ਮਾਓਵਾਦੀ

ਚੰਦਰੱਈਆ ਨੂੰ ਮਿਲਿਆ ਅਤੇ ਪਿੰਡ ਦੇ ਹਰ ਬੰਦੇ ਨੂੰ ਮਿਲਣ ਲਈ ਉਸ ਨੂੰ ਨਾਲ ਲਿਆ ਤਾਂ ਜੋ ਉਨ੍ਹਾਂ ਨੂੰ ਇਸ ਆਮ ਬਿਮਾਰੀ ਦਾ ਇਲਾਜ ਸਮਝਾਇਆ ਜਾ ਸਕੇ। ਅਗਲੇ ਦਿਨ ਤ੍ਰਿਕਾਲਾਂ ਨੂੰ ਪੂਰੇ ਪਿੰਡ ਦਾ ਇਕੱਠ ਕੀਤਾ ਗਿਆ ਅਤੇ ਬਿਮਾਰੀ 'ਤੇ ਕਾਬੂ ਪਾਉਣ ਦੀ ਵਿਉਂਤ ਬਣਾਈ ਗਈ।

ਪੂਰੇ ਪਿੰਡ ਦੇ ਮਰਦਾਂ ਤੇ ਔਰਤਾਂ ਨੂੰ ਲਗਾਤਾਰ ਤਿੰਨ ਦਿਨ ਆਪੋ-ਆਪਣੇ ਘਰੀਂ ਰਹਿ ਕੇ ਛੂਤ ਰੋਗ 'ਤੇ ਕਾਬੂ ਪਾਉਣ ਦੀ ਮੁਹਿੰਮ ਨੂੰ ਸਹਿਯੋਗ ਦੇਣ ਅਤੇ ਮੇਰੀਆਂ ਹਦਾਇਤਾਂ 'ਤੇ ਚੱਲਣ ਲਈ ਕਹਿਣ ਨਾਲੋਂ ਵੱਧ ਸੁਖਾਲਾ ਇਹ ਸੀ ਕਿ ਇੱਥੋਂ 60 ਕਿਲੋਮੀਟਰ ਦੂਰ ਪੈਂਦੀ ਤਹਿਸੀਲ ਮੁਲੁਗੁ ਕਸਬੇ ਤੋਂ ਐਸਕੈਬੀਓਲ ਲੋਸ਼ਨ ਦੀ ਪੂਰੀ ਪੀਪੀ ਮੰਗਵਾ ਲਈ ਜਾਵੇ। ਫਿਰ ਉਨ੍ਹਾਂ ਸਾਰਿਆਂ ਨੇ ਆਪੋ-ਆਪਣੇ ਪਿੰਡਿਆਂ 'ਤੇ ਦਵਾਈ ਮਲ ਲਈ, ਇਸ ਤੋਂ ਬਾਅਦ ਸਾਰਿਆਂ ਦੇ ਕੱਪੜੇ ਇਕੱਠੇ ਕਰ ਕੇ ਕਾਸਟਿਕ ਸੋਡੇ ਵਿਚ ਉਬਾਲ ਕੇ ਗੋਦਾਵਰੀ ਨਦੀ ਵਿਚ ਧੋਤੇ ਗਏ। ਓੜਕ ਖੁਜਲੀ ਰੋਗ ਤੋਂ ਉਨ੍ਹਾਂ ਦਾ ਛੁਟਕਾਰਾ ਹੋ ਗਿਆ।

ਫਿਲਮ ਦੀ ਪੂਰੀ ਰੀਲ੍ਹ ਵਾਂਗ ਘਟਨਾਵਾਂ ਦੀ ਲੜੀ ਮੇਰੇ ਦਿਮਾਗ ਵਿਚੋਂ ਲੰਘ ਗਈ। ਆਪਣੇ ਚਿਹਰੇ 'ਤੇ ਮੁਸਕਾਨ ਲਿਆ ਕੇ ਐਸੋਸੀਏਟ ਪ੍ਰੋਫੈਸਰ ਨੇ ਦੱਸਿਆ, "ਮੈਂ ਉਹੀ ਭੀਕਸ਼ਪਤੀ ਹਾਂ। ਅੱਠ ਸਾਲਾਂ ਦਾ ਬੱਚਾ ਜਿਸ ਦਾ ਤੁਸੀਂ ਤੁਪਾਕੁਲਾ ਗੁਡੇਮ ਵਿਚ ਇਲਾਜ ਕੀਤਾ ਸੀ।" ਘੁੰਗਰਾਲੇ ਵਾਲਾਂ ਹੇਠ ਉਸ ਦੀਆਂ ਅੱਖਾਂ ਵਿਚ ਤਿੱਖੀ ਚਮਕ ਸੀ। ਉਸ ਨੇ ਦੱਸਿਆ, "ਜਦੋਂ ਖੁਜਲੀ ਦਾ ਇਲਾਜ ਕੀਤਾ ਗਿਆ, ਮੈਂ ਉਦੋਂ ਹੀ ਮਨ ਵਿਚ ਡਾਕਟਰ ਬਣਨ ਦਾ ਇਰਾਦਾ ਧਾਰ ਲਿਆ।" ਨੰਗੇ ਪੈਰਾਂ ਵਾਲਾ 'ਡਾਕਟਰ' ਅਤੇ ਸਿਆਸੀ ਕਾਰਕੁਨ ਜਦੋਂ ਸਿਆਸੀ ਕੈਦੀ ਵਜੋਂ ਜੇਲ੍ਹ ਵਿਚ ਸੜ ਰਿਹਾ ਹੋਵੇ, ਉਸ ਲਈ ਉਦੋਂ ਆਪਣੇ ਪੁਰਾਣੇ ਮਰੀਜ਼ ਨਾਲ ਮੁਲਾਕਾਤ ਹੋ ਜਾਣ ਤੋਂ ਬਿਹਤਰ ਤੋਹਫਾ ਹੋਰ ਕੀ ਹੋ ਸਕਦਾ ਸੀ। ਮੇਰੀਆਂ ਅੱਖਾਂ ਭਰ ਆਈਆਂ।

*-ਤੁਸ਼ਾਰ ਕਾਂਤੀ ਆਂਧਰਾ ਪ੍ਰਦੇਸ਼ ਤੋਂ ਇਨਕਲਾਬੀ ਸਿਆਸੀ ਕਾਰਕੁਨ ਹੈ ਜਿਸ ਨੂੰ ਸਟੇਟ ਵਿਰੁੱਧ ਜੰਗ ਛੇੜਨ ਦੇ ਇਲਜ਼ਾਮ 'ਚ ਪਹਿਲਾਂ 2007 ਅਤੇ ਫਿਰ ਜਨਵਰੀ 2010 'ਚ ਗ੍ਰਿਫਤਾਰ ਕਰ ਕੇ ਫਰਵਰੀ 2013 ਤੱਕ ਜੇਲ੍ਹ ਵਿਚ ਬੰਦ ਰੱਖਿਆ ਗਿਆ।*

**-ਪੇਸ਼ਕਸ਼: ਬੂਟਾ ਸਿੰਘ**




*ਦਿੱਲੀ ਵਿਚ ਪ੍ਰਦੂਸ਼ਣ ਫੈਲਾ ਰਹੇ ਇਕ ਆਟੋ ਰਿਕਸ਼ਾ ਦੀ ਤਸਵੀਰ*

# ਭ੍ਰਿਸ਼ਟਾਚਾਰ ਦੀ ਭੰਡੀ ਕਾਰਨ ਪ੍ਰਬੰਧਕੀ ਢਾਂਚਾ ਅਧਰੰਗ ਦਾ ਸ਼ਿਕਾਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਇਸ ਵਕਤ ਇੱਕ ਤੋਂ ਦੂਜੀ ਸਰਕਾਰ ਵੱਲ ਸੱਤਾ ਤਬਦੀਲੀ ਦੇ ਦੌਰ ਵਿਚ ਹੈ। ਸੱਤਾ ਤਬਦੀਲੀ ਇੱਕ ਪ੍ਰਧਾਨ ਮੰਤਰੀ ਦੀ ਥਾਂ ਦੂਜੇ ਦੇ ਆ ਜਾਣ ਜਾਂ ਫਿਰ ਉਸ ਦੀ ਮੰਤਰੀਆਂ ਦੀ ਟੀਮ ਬਣ ਜਾਣ ਤੱਕ ਸੀਮਤ ਨਹੀਂ ਮੰਨੀ ਜਾ ਸਕਦੀ। ਇਸ ਵਿਚ ਬਹੁਤ ਕੁਝ ਸ਼ਾਮਲ ਹੁੰਦਾ ਹੈ, ਇਸੇ ਲਈ ਇਹ ਦੌਰ ਕਰੀਬ ਤਿੰਨ ਮਹੀਨੇ ਚੱਲੇਗਾ। ਤਿੰਨ ਮਹੀਨੇ ਵੀ ਕਈ ਵਾਰੀ ਘੱਟ ਹੁੰਦੇ ਹਨ, ਸੱਤਾ ਦੇ ਅਸਲੀ ਪੁਰਜ਼ੇ ਬਦਲਣ ਅਤੇ ਸੂਤਰ ਨਾ ਬੈਠਦੇ ਤਾਂ ਮੁੜ ਕੇ ਬਦਲਣ ਦਾ ਕੰਮ ਕਈ ਵਾਰੀ ਇਸ ਤੋਂ ਵੱਧ ਸਮਾਂ ਵੀ ਲੈ ਜਾਂਦਾ ਹੈ। ਨਵਾਂ ਪ੍ਰਧਾਨ ਮੰਤਰੀ ਆਉਣ ਨਾਲ ਬਾਕਾਇਦਾ ਸਿਆਸੀ ਬਦਲਾਓ ਹੁੰਦਾ ਹੈ ਜਿਸ ਨਾਲ ਨਵੀਂ ਹਕੂਮਤ ਨੂੰ ਆਪਣੇ ਰਾਜ ਵਿਚ ਸਿਰਫ ਇਹ ਸੇਧ ਮਿਲਦੀ ਹੈ ਕਿ ਕਿਹੜੀ ਗੱਲ ਨੂੰ ਕਰਨ ਲਈ ਪਹਿਲ ਦੇਣੀ ਹੈ ਤੇ ਇਸ ਪਹਿਲ ਦੇਣ ਵਿਚ ਕਿਸ ਗੱਲ ਦਾ ਮਹੱਤਵ ਵੱਧ ਜੋਖਣਾ ਹੈ, ਬਾਕੀ ਮਸ਼ੀਨਰੀ ਦਾ ਸਭ ਕੰਮ ਉਨ੍ਹਾਂ ਪੁਰਜ਼ਿਆਂ ਦਾ ਹੁੰਦਾ ਹੈ ਜਿਨ੍ਹਾਂ ਨੂੰ ਕੁਝ ਲੋਕ ਅਫਸਰਸ਼ਾਹੀ ਤੇ ਕੁਝ ਬਾਬੂਸ਼ਾਹੀ ਕਹਿੰਦੇ ਹਨ।

ਜਦੋਂ ਅੰਗਰੇਜ਼ਾਂ ਦਾ ਰਾਜ ਹੁੰਦਾ ਸੀ, ਉਨ੍ਹਾਂ ਨੇ ਸਰਕਾਰੀ ਮਸ਼ੀਨ ਦੇ ਮੁੱਖ ਧੁਰੇ ਬਣਨ ਵਾਲੇ ਅਹੁਦਿਆਂ ਵਾਸਤੇ ਅਫਸਰਾਂ ਦੀ ਸਿਖਰਲੀ ਟੀਮ ਦਾ ਦਰਜਾ ਆਈ.ਸੀ.ਐਸ. (ਇੰਡੀਅਨ ਸਿਵਲ ਸਰਵਿਸ) ਦਾ ਰੱਖਿਆ ਹੁੰਦਾ ਸੀ ਜਿਸ ਲਈ ਅਸੀਂ ਆਜ਼ਾਦੀ ਪਿੱਛੋਂ ਆਈ.ਏ.ਐਸ. (ਇੰਡੀਅਨ ਐਡਮਨਿਸਟਰੇਟਿਵ ਸਰਵਿਸ) ਦਾ ਨਾਂ ਲੱਭ ਲਿਆ। ਇਸ ਮਾਮੂਲੀ ਬਦਲੀ ਤੋਂ ਬਿਨਾਂ ਬਹੁਤਾ ਕੁਝ ਪਹਿਲਾਂ ਵਾਲਾ ਰਿਹਾ। ਨਵੀਂ ਸਰਵਿਸ ਦੇ ਅਫਸਰਾਂ ਨੂੰ ਆਜ਼ਾਦ ਦੇਸ਼ ਦੇ ਹਿੱਤਾਂ ਤੇ ਨਾਗਰਿਕਾਂ ਵੱਲ ਜਿਹੜਾ ਸੋਚ ਦਾ ਮੋੜਾ ਕੱਟਣਾ ਚਾਹੀਦਾ ਸੀ, ਉਹ ਨਹੀਂ ਕੱਟਿਆ ਗਿਆ। ਬਹੁਤੇ ਲੋਕ ਅਜੇ ਤੱਕ ਸਿਆਸੀ ਲੀਡਰਸ਼ਿਪ ਨੂੰ ਹੀ ਸਰਕਾਰ ਸਮਝੀ ਜਾਂਦੇ ਹਨ, ਜਦ ਕਿ ਸਰਕਾਰ ਕਿਸੇ ਦੇਸ਼ ਦੀ ਅਫਸਰਾਂ ਦੀ ਉਹ ਟੀਮ ਹੁੰਦੇ ਹਨ ਜਿਹੜੀ ਹਰ ਵੇਲੇ ਇਸ ਤੰਤਰ ਨੂੰ ਸੰਵਿਧਾਨ ਦੇ ਮੁਤਾਬਕ ਚੱਲਦਾ ਰੱਖਦੀ ਹੈ। ਜਦੋਂ ਸਿਆਸੀ ਆਗੂਆਂ ਦੇ ਹੱਥ ਕਮਾਨ ਹੋਵੇ, ਮਨਮੋਹਨ ਸਿੰਘ ਹੋਵੇ ਜਾਂ ਨਰੇਂਦਰ ਮੋਦੀ, ਉਹ ਸਰਕਾਰ ਦੀ ਅਗਵਾਈ ਕਰਦੇ ਹਨ, ਸਰਕਾਰ ਸੰਵਿਧਾਨ ਦੇ ਮੁਤਾਬਕ ਚੱਲਣੀ ਹੁੰਦੀ ਹੈ ਤੇ ਜਿੱਥੋਂ ਸੰਵਿਧਾਨ ਦੀਆਂ ਹੱਦਾਂ ਤੋਂ ਬਾਹਰ ਜਾਂਦੀ ਹੋਵੇ, ਉਥੇ ਸੰਵਿਧਾਨ ਪੱਖੋਂ ਸਾਵਧਾਨ ਕਰਨ ਦਾ ਜ਼ਿੰਮਾ ਪ੍ਰਸ਼ਾਸਨੀ ਅਫਸਰਾਂ ਦਾ ਹੁੰਦਾ ਹੈ। ਬਦਕਿਸਮਤੀ ਨਾਲ ਅਫਸਰਾਂ ਦੀ ਇਹ ਟੀਮ ਹੁਣ ਅਫਸਰਾਂ ਦੀ ਨਾ ਰਹਿ ਕੇ ਪ੍ਰਾਈਵੇਟ ਕੰਪਨੀਆਂ ਦੇ ਕਾਰਿੰਦਿਆਂ ਵਾਂਗ ਬਣਨ ਲੱਗ ਪਈ ਹੈ ਜਿਹੜੀ ਮੌਕੇ ਦੇ ਹਰ ਮਾਲਕ ਮੂਹਰੇ ਸੰਵਿਧਾਨ ਦੀ ਹੱਦ ਦਾ ਨੁਕਤਾ ਪੇਸ਼ ਕਰਨ ਦੀ ਥਾਂ ਇਹ ਪੁੱਛਦੀ ਹੈ ਕਿ ਤੁਹਾਨੂੰ ਕਿਹੜੀ ਗੱਲ ਫਾਈਲ ਵਿਚ ਲਿਖੀ ਪਸੰਦ ਆਵੇਗੀ? ਜਿਹੜਾ ਅਫਸਰ ਇਸ ਤਰ੍ਹਾਂ ਦਾ ਕਾਰਿੰਦਾ ਬਣਨ ਨੂੰ ਤਿਆਰ ਨਹੀਂ ਹੁੰਦਾ, ਸਿਆਸੀ ਲੀਡਰ ਉਸ ਨੂੰ ਕਿਸੇ ਖੂੰਜੇ ਪਈ ਕੁਰਸੀ ਉਤੇ ਬਿਠਾ ਕੇ ਉਸ ਤੋਂ ਹੇਠਲੇ ਦਰਜੇ ਵਾਲੇ ਨੂੰ ਉਚੀ ਥਾਂ ਬਿਠਾ ਦਿੰਦੇ ਹਨ।

ਨਤੀਜਾ ਇਸ ਦਾ ਕੀ ਹੁੰਦਾ ਹੈ? ਸਾਰੇ ਦੇ ਸਾਰੇ ਪੁੱਠੇ ਕੰਮ ਜਦੋਂ ਸਿਆਸੀ ਆਗੂ ਕਰਦੇ ਹਨ, ਅਫਸਰੀ ਕਰਨ ਦੀ ਥਾਂ ਕਾਰਿੰਦੇ ਬਣ ਗਏ ਇਹ ਬਾਬੂ ਉਨ੍ਹਾਂ ਦੇ ਨਾਲ ਫਸ ਜਾਂਦੇ ਹਨ। ਅੱਜ ਕੱਲ੍ਹ ਪੰਜਾਬ ਵਿਚ ਪੇਸ਼ੀਆਂ ਭੁਗਤ ਰਹੇ ਜਥੇਦਾਰ ਤੋਤਾ ਸਿੰਘ, ਸੁੱਚਾ ਸਿੰਘ ਲੰਗਾਹ ਅਤੇ ਕੈਪਟਨ ਅਮਰਿੰਦਰ ਸਿੰਘ ਨਾਲ ਮੁਹਾਲੀ ਦੀ ਅਦਾਲਤ ਵਿਚ ਹਰ ਵਾਰੀ ਕੁਝ ਨਾ ਕੁਝ ਅਫਸਰ ਪੇਸ਼ ਹੁੰਦੇ ਹਨ ਤਾਂ ਇਸੇ ਲਈ ਹੁੰਦੇ ਹਨ। ਟੈਲੀਕਾਮ ਦਾ ਟੂ-ਜੀ ਸਪੈਕਟਰਮ ਅਤੇ ਫਿਰ ਦਸ ਲੱਖ ਕਰੋੜ ਦਾ ਕੋਲਾ ਕਾਂਡ ਜਦੋਂ ਦਿੱਲੀ ਦੀਆਂ ਹੇਠਲੀਆਂ ਤੋਂ ਲੈ ਕੇ ਸਿਖਰਲੀ ਅਦਾਲਤ ਤੱਕ ਪੇਸ਼ ਹੁੰਦਾ ਹੈ ਤਾਂ ਲੀਡਰਾਂ ਤੋਂ ਪਹਿਲਾਂ ਅਫਸਰ ਕਟਹਿਰੇ ਵਿਚ ਖੜ੍ਹੇ ਹੁੰਦੇ ਹਨ। ਬਿਹਾਰ ਦੇ ਚਾਰਾ ਸਕੈਂਡਲ ਵਿਚ ਲੀਡਰਾਂ ਤੋਂ ਵੱਧ ਅਫਸਰ ਜੇਲ੍ਹ ਗਏ ਸਨ। ਹਰਿਆਣੇ ਦੇ ਟੀਚਰ ਭਰਤੀ ਘੁਟਾਲੇ ਵਿਚ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲੇ ਦੇ ਨਾਲ ਅਫਸਰਾਂ ਦੀ ਪੂਰੀ ਟੀਮ ਜੇਲ੍ਹ ਦੇ ਅੰਦਰ ਪਹੁੰਚ ਗਈ ਹੈ। ਇਸ ਤੋਂ ਅਫਸਰਸ਼ਾਹੀ ਚਿੰਤਾ ਕਰਨ ਲੱਗੀ ਹੈ।

ਅਫਸਰਸ਼ਾਹੀ ਦੀ ਚਿੰਤਾ ਦਾ ਕਾਰਨ ਕਿਸੇ ਦੇ ਵੀ ਸਮਝ ਵਿਚ ਆ ਸਕਦਾ ਹੈ। ਕਿਸੇ ਵੀ ਕਿਸਮ ਦਾ ਪ੍ਰੋਜੈਕਟ ਸ਼ੁਰੂ ਕਰਨਾ ਜਾਂ ਕੋਈ ਸਕੀਮ ਕਿਧਰੇ ਲਾਗੂ ਕਰਨੀ ਹੈ ਤਾਂ ਇਸ ਦੀ ਮੁੱਢਲੀ ਰੂਪ-ਰੇਖਾ ਦੀ ਫਾਈਲ ਤਿਆਰ ਕਰਨ ਦਾ ਕੰਮ




ਕਿਸੇ ਨਾ ਕਿਸੇ ਅਫਸਰ ਨੂੰ ਸੌਂਪਿਆ ਜਾਂਦਾ ਹੈ। ਉਹ ਆਪਣੇ ਵੱਲੋਂ ਕਈ ਗੱਲਾਂ ਇਸ ਵਿਚ ਲਿਖਣ ਮਗਰੋਂ ਇਹ ਵੀ ਲਿਖਦਾ ਹੈ ਕਿ ਫਲਾਣੇ ਨੁਕਤੇ ਦਾ ਆਹ ਅਸਰ ਪਵੇਗਾ ਅਤੇ ਫਲਾਣਾ ਇਸ ਪੱਖੋਂ ਠੀਕ ਰਹੇਗਾ। ਫਿਰ ਅੰਤ ਵਿਚ ਉਸ ਨੂੰ ਆਪਣੀ ਇਹ ਰਾਏ ਵੀ ਦੇਣੀ ਪੈਂਦੀ ਹੈ ਕਿ ਇਸ ਪ੍ਰੋਜੈਕਟ ਬਾਰੇ ਮੇਰੀ ਸਮਝ ਕਹਿੰਦੀ ਹੈ ਕਿ ਫਲਾਣਾ ਰਸਤਾ ਅਖਤਿਆਰ ਕਰਨਾ ਠੀਕ ਰਹੇਗਾ। ਬਾਅਦ ਵਿਚ ਕਈ ਵਾਰੀ ਹਰ ਕੁਰਸੀ ਵਾਲਾ ਆਪਣੇ ਕੋਲ ਆਈ ਫਾਈਲ ਉਤੇ ਆਪਣੀ ਲੋੜ ਜਾਂ ਕਿਸੇ ਸਿਆਸੀ ਆਗੂ ਦੀ ਲੋੜ ਮੁਤਾਬਕ ਟਿਪਣੀ ਦਰਜ ਕਰਦਾ ਜਾਂਦਾ ਹੈ ਤੇ ਆਖਰੀ ਪੜਾਅ ਉਤੇ ਸਿਰਫ ਪਾਸ ਕਰਨ ਦਾ ਕੰਮ ਰਹਿ ਜਾਂਦਾ ਹੈ। ਇਸ ਤੋਂ ਕਈ ਉਲਝਣਾਂ ਪੈ ਜਾਂਦੀਆਂ ਹਨ। ਮਿਸਾਲ ਵਜੋਂ ਕੋਲਾ ਬਲਾਕਾਂ ਦੀ ਅਲਾਟਮੈਂਟ ਦੀ ਫਾਈਲ ਹੇਠੋਂ ਉਪਰ ਤੱਕ ਘੁੰਮਦੀ ਜਦੋਂ ਕੋਲਾ ਮੰਤਰੀ ਕੋਲ ਗਈ। ਕੋਈ ਕੋਲਾ ਮੰਤਰੀ ਨਾ ਹੋਣ ਕਰ ਕੇ ਇਸ ਦਾ ਸਿੱਧਾ ਚਾਰਜ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕੋਲ ਸੀ, ਤੇ ਉਸ ਨੇ ਪ੍ਰਵਾਨਗੀ ਲਈ ਸਹੀ ਪਾ ਦਿੱਤੀ। ਫਿਰ ਇਹ ਕੇਸ ਸਕੈਂਡਲ ਬਣ ਗਿਆ। ਗੱਲ ਚੱਲਦੀ-ਚੱਲਦੀ ਉਦੋਂ ਵਾਲੇ ਕੋਲਾ ਸੈਕਟਰੀ ਤੱਕ ਆਈ ਤਾਂ ਉਸ ਨੇ ਕਿਹਾ ਕਿ ਜੇ ਮੈਂ ਗੁਨਾਹਗਾਰ ਹਾਂ, ਫਿਰ ਪ੍ਰਧਾਨ ਮੰਤਰੀ ਵੀ ਹੈ ਜਿਸ ਨੇ ਅੰਤਲੀ ਮਨਜ਼ੂਰੀ ਦਿੱਤੀ ਸੀ। ਅਸਲ ਵਿਚ ਗੁਨਾਹਗਾਰ ਦੋਵੇਂ ਹਨ, ਮੰਤਰੀ ਵਜੋਂ ਮਨਜ਼ੂਰੀ ਦੇਣ ਵਾਲਾ ਪ੍ਰਧਾਨ ਮੰਤਰੀ ਵੀ ਅਤੇ ਉਸ ਤੋਂ ਅਗੇਤੇ ਹੁਕਮ ਪੁੱਛ ਕੇ ਫਾਈਲ ਤਿਆਰ ਕਰਨ ਵਾਲਾ ਕੋਲਾ ਸੈਕਟਰੀ ਵੀ, ਪਰ ਜ਼ਿੰਮੇਵਾਰੀ ਇੱਕ-ਦੂਜੇ ਸਿਰ ਪਾ ਰਹੇ ਹਨ।

ਪਿਛਲੇ ਸਾਲਾਂ ਵਿਚ ਸਕੈਂਡਲਾਂ ਦਾ ਜਿਵੇਂ ਹੜ੍ਹ ਆਇਆ ਹੈ ਤੇ ਹਰ ਵਾਰ ਕਿਸੇ ਨਾ ਕਿਸੇ ਅਫਸਰ ਦੇ ਸਿਰ ਪਾ ਕੇ ਸਿਆਸੀ ਲੀਡਰ ਨਿਕਲਣ ਦਾ ਯਤਨ ਕਰਨ ਲੱਗ ਪਏ ਹਨ, ਉਸ ਦਾ ਭਾਰਤ ਦੇ ਆਮ ਕੰਮ-ਕਾਰ ਉਤੇ ਵੀ ਚੋਖਾ ਅਸਰ ਪੈਣ ਲੱਗ ਪਿਆ ਹੈ। ਕੁਝ ਅਫਸਰ ਜਾਣ-ਬੁੱਝ ਕੇ ਗਲਤ ਕੰਮ ਕਰਨ ਨੂੰ ਵੀ ਤਿਆਰ ਰਹਿੰਦੇ ਹਨ। ਉਹ ਸਾਫ ਕਹਿੰਦੇ ਹਨ ਕਿ ਕਮਾਈ ਕਰਨ ਲਈ ਰਿਸਕ ਲੈਣਾ ਪੈਂਦਾ ਹੈ ਤੇ ਜਦੋਂ ਲੀਡਰਾਂ ਨੇ ਵੀ ਨਾਲ ਫਸਣਾ ਹੈ, ਉਹ ਇਸ ਤੋਂ ਬਚਣ ਦਾ ਰਾਹ ਵੀ ਆਪੇ ਕੱਢ ਲੈਣਗੇ; ਇਸ ਲਈ ਜੋ ਕਹਿੰਦੇ ਹਨ, ਕਰੀ ਚੱਲੋ। ਪੰਜਾਬ ਤੋਂ ਲੈ ਕੇ ਕੇਂਦਰ ਸਰਕਾਰ ਤੱਕ ਇਹੋ ਜਿਹੇ ਕਈ ਪ੍ਰੋਜੈਕਟ ਇਸ ਵਕਤ ਵੀ ਚਰਚਾ ਵਿਚ ਹਨ ਜਿਹੜੇ ਪਾਸ ਕਰਨ ਦੇ ਵਕਤ ਅਫਸਰਾਂ ਨੂੰ ਪਤਾ ਸੀ ਕਿ ਗਲਤ ਕੀਤਾ ਜਾ ਰਿਹਾ ਹੈ, ਪਰ ਉਹ ਆਪਣਾ ਹਿੱਸਾ ਲੈ ਕੇ ਇਸ ਵਿਚ ਸ਼ਾਮਲ ਹੁੰਦੇ ਰਹੇ ਅਤੇ ਬਾਅਦ ਵਿਚ ਜੇਲ੍ਹ ਜਾ ਪਹੁੰਚੇ ਸਨ। ਸ਼ਹੀਦ ਭਗਤ ਸਿੰਘ ਦੇ ਸ਼ਤਾਬਦੀ ਜਸ਼ਨਾਂ ਦੇ ਪੈਸੇ ਇੱਕ ਡਿਵੀਜ਼ਨ ਦਾ ਕਮਿਸ਼ਨਰ ਇਕੱਲਾ ਖਾ ਜਾਵੇਗਾ, ਇਹ ਮੰਨਣ ਵਿਚ ਨਹੀਂ ਆਉਂਦਾ, ਪਰ ਜਦੋਂ ਕੁੜਿੱਕੀ ਪਈ ਤਾਂ ਸ਼ਤਾਬਦੀ ਕਮੇਟੀ ਵਿਚੋਂ ਕੋਈ ਸਿਆਸੀ ਜਾਂ ਗੈਰ-ਸਿਆਸੀ ਕਾਰਿੰਦਾ ਨਹੀਂ ਫਸਿਆ, ਕਮਿਸ਼ਨਰ ਨੂੰ ਸੇਵਾ ਮੁਕਤੀ ਪਿੱਛੋਂ ਵੀ ਜੇਲ੍ਹ ਜਾਣਾ ਪੈ ਗਿਆ ਸੀ।

ਸਾਰੇ ਰਾਜਾਂ ਅਤੇ ਕੇਂਦਰ ਸਰਕਾਰ ਦੇ ਵਿਭਾਗਾਂ ਤੋਂ ਹੋਏ ਇਹੋ ਜਿਹੇ ਤਜਰਬਿਆਂ ਤੋਂ ਬਾਅਦ ਹੁਣ ਬਹੁਤ ਸਾਰੇ ਅਫਸਰਸ਼ਾਹ ਕੋਈ ਵੀ ਕੰਮ ਕਰਨ ਲਈ ਆਪਣੇ ਸਿਰ ਜ਼ਿੰਮੇਵਾਰੀ ਚੁੱਕਣ ਤੋਂ ਪਾਸਾ ਵੱਟਣ ਲੱਗ ਪਏ ਹਨ। ਇਸ ਦਾ ਵੀ ਨੁਕਸਾਨ ਹੋਇਆ ਹੈ। ਹਰ ਫਾਈਲ ਉਤੇ ਮੁੱਢਲੀ ਰਾਏ ਕਿਉਂਕਿ ਉਨ੍ਹਾਂ ਨੇ ਦੇਣੀ ਹੁੰਦੀ ਹੈ, ਇਸ ਲਈ ਹਰ ਕੇਸ ਦੀ ਮਗਰੋਂ ਹੁੰਦੀ ਜਾਂਚ ਵਿਚ ਪਹਿਲਾ ਸਵਾਲ ਵੀ ਉਨ੍ਹਾਂ ਨੂੰ ਪੁੱਛਿਆ ਜਾਂਦਾ ਹੈ ਕਿ ਇਸ ਟਿਪਣੀ ਦੇ ਮੁਤਾਬਕ ਫਲਾਣੀ ਕੰਪਨੀ ਦਾ ਨਾਂ ਲਿਖਣ ਲਈ ਤੈਨੂੰ ਉਸ ਕੰਪਨੀ ਤੋਂ ਕੁਝ ਮਿਲਿਆ ਤਾਂ ਨਹੀਂ, ਤੇ ਫਲਾਣੀ ਕੰਪਨੀ ਵਾਲਿਆਂ ਨੂੰ ਅੱਖੋਂ ਪਰੋਖੇ ਕਰ ਦੇਣ ਦੀ ਕੀ ਪੇਸ਼ਕਸ਼ ਹੋਈ ਸੀ? ਬਹੁਤ ਸਾਰੇ ਕੰਮ ਜ਼ਬਾਨੀ ਹੁਕਮਾਂ ਨਾਲ ਕੀਤੇ ਜਾਂਦੇ ਹਨ। ਕਈ ਮੰਤਰੀ ਅਫਸਰਾਂ ਨੂੰ ਕਹਿ ਦਿੰਦੇ ਹਨ ਕਿ ਫਲਾਣਾ ਕੰਮ ਕਰ ਲਓ, ਮੇਰੀ ਜ਼ਿੰਮੇਵਾਰੀ ਹੈ। ਮਗਰੋਂ ਜ਼ਿੰਮੇਵਾਰੀ ਨਹੀਂ ਲੈਂਦੇ। ਸਾਡੇ ਪੰਜਾਬ ਵਿਚ ਹੁਣ ਬਹੁਤ ਸਾਰੇ ਅਫਸਰ, ਖਾਸ ਕਰ ਕੇ ਪੁਲਿਸ ਵਾਲੇ, ਆਪਣੇ ਤੋਂ ਹੇਠਲੇ ਅਫਸਰ ਨੂੰ ਸਿਰਫ ਜ਼ਬਾਨੀ ਹੁਕਮ ਦੇਣ ਲੱਗ ਪਏ ਹਨ। ਜੇ ਸਾਰਾ ਕੁਝ ਠੀਕ ਰਿਹਾ ਤਾਂ ਸ਼ਾਬਾਸ਼ ਲੈ ਲਈ, ਤੇ ਜੇ ਕੁਝ ਵਿਗਾੜ ਪੈ ਗਿਆ, ਉਸ ਦੀ ਜ਼ਿੰਮੇਵਾਰੀ ਦਾ ਰੱਸਾ ਹੇਠਲੇ ਅਫਸਰ ਦੇ ਗਲ਼ ਪੈ ਜਾਂਦਾ ਹੈ। ਦਿੱਲੀ ਤੋਂ ਆਏ ਇੱਕ ਦੋਸਤ ਨੂੰ ਜਦੋਂ ਅਸੀਂ ਪੰਜਾਬ ਦੀ ਅਫਸਰਸ਼ਾਹੀ ਦੇ ਇਸ ਵਿਹਾਰ ਬਾਰੇ ਦੱਸਿਆ ਤਾਂ ਉਸ ਨੇ ਹੱਸ ਕੇ ਕਿਹਾ ਕਿ ਇਹ ਕੰਮ ਹੁਣ ਕੇਂਦਰ ਵਿਚ ਵੀ ਅਤੇ ਕੇਂਦਰੀ ਸੁਰੱਖਿਆ ਫੋਰਸਾਂ, ਹੋਰ ਤਾਂ ਹੋਰ ਫੌਜ ਵਿਚ ਵੀ ਕੀਤਾ ਜਾਣ ਲੱਗ ਪਿਆ ਹੈ। ਜਿਸ ਦੇਸ਼ ਵਿਚ ਬਿਨਾਂ ਲਿਖਣ ਦੇ, ਸਿਰਫ ਜ਼ਬਾਨ ਹਿਲਾ ਕੇ ਕੰਮ ਕਰਵਾਇਆ ਜਾਂਦਾ ਹੈ ਤੇ ਫਿਰ ਉਸ ਦੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲਈ ਜਾਂਦੀ, ਉਸ ਵਿਚ ਸਰਕਾਰ ਵੀ ਫਿਰ 'ਰੱਬ ਆਸਰੇ' ਹੀ ਚੱਲਦੀ ਸਮਝੀ ਜਾਣੀ ਚਾਹੀਦੀ ਹੈ।

'ਰੱਬ ਆਸਰੇ' ਚੱਲਦੀ ਇਸ ਸਰਕਾਰ ਅਧੀਨ ਬਹੁਤ ਸਾਰੇ ਕੰਮ ਇਸ ਚੱਕਰ ਵਿਚ ਫਸ ਗਏ ਅਤੇ ਅੰਤਲੇ ਰੂਪ ਵਿਚ ਇਸ ਦਾ ਦੇਸ਼ ਨੂੰ ਨੁਕਸਾਨ ਹੋਇਆ ਹੈ। ਇੱਕ ਤੋਪ ਭਾਰਤ ਨੇ ਰਾਜੀਵ ਗਾਂਧੀ ਦੇ ਵੇਲੇ ਖਰੀਦੀ ਸੀ। ਸੰਸਾਰ ਦੀ ਸਭ ਤੋਂ ਵਧੀਆ ਗਿਣੀ ਜਾਂਦੀ ਉਸ ਤੋਪ ਨੂੰ ਖਰੀਦਣ ਦੇ ਸੌਦੇ ਵਿਚ ਲੈਣ-ਦੇਣ ਦਾ ਰੌਲਾ ਪੈ ਗਿਆ ਤੇ ਫਿਰ ਇਸ ਰੌਲੇ ਨਾਲ ਉਹ ਅੱਖੋਂ ਪਰੋਖੇ ਕਰ ਦਿੱਤੀ ਗਈ। ਜਦੋਂ ਕਾਰਗਿਲ ਦੀ ਜੰਗ ਲੱਗੀ, ਉਹੋ ਤੋਪ ਕੰਮ ਆਈ ਸੀ। ਉਸ ਦੀ ਖਾਸ ਗੱਲ ਇਹ ਸੀ ਕਿ ਸਿਰਫ ਉਹੋ ਤੋਪ ਸਿੱਧੀ ਉਚੀ ਖੜ੍ਹੀ ਪਹਾੜੀ ਦੇ ਉਤੇ ਗੋਲਾ ਸੁੱਟ ਸਕਦੀ ਸੀ, ਤੇ ਜਦੋਂ ਇਸ ਤੋਪ ਨੇ ਆਪਣੀ ਕਾਰਕਰਦਗੀ ਵਿਖਾਈ, ਫੌਜੀ ਜਵਾਨ ਹਰ ਗੋਲਾ ਦਾਗਣ ਦੇ ਨਾਲ 'ਰਾਜੀਵ ਗਾਂਧੀ ਜ਼ਿੰਦਾਬਾਦ' ਦੇ ਨਾਹਰੇ ਲਾਉਂਦੇ ਸਨ, ਜਦ ਕਿ ਸਰਕਾਰ ਅਟਲ ਬਿਹਾਰੀ ਵਾਜਪਾਈ ਦੀ ਹੁੰਦੀ ਸੀ। ਤੋਪ ਦੀ ਇਸ ਕਾਰਕਰਦਗੀ ਨਾਲ ਰਾਜੀਵ ਗਾਂਧੀ ਦੀ ਸਰਕਾਰ ਦੇ ਵੇਲੇ ਹੋਇਆ ਲੈਣ-ਦੇਣ ਦਾ ਸਕੈਂਡਲ ਤਾਂ ਸਾਫ ਨਹੀਂ ਹੋ ਜਾਣਾ, ਪਰ ਤੋਪ ਨੇ ਆਪਣੀ ਹਸਤੀ ਵਿਖਾ ਦਿੱਤੀ ਸੀ। ਮਾੜੀ ਗੱਲ ਇਹ ਹੋਈ ਕਿ ਤੋਪ ਸਕੈਂਡਲ ਦੇ ਚੱਕਰ ਵਿਚ ਕਈ ਸਾਲ ਹੋਰ ਤੋਪਾਂ ਖਰੀਦਣ ਦੀ ਗੱਲ ਤਾਂ ਕਿਧਰੇ ਰਹੀ, ਕਿਸੇ ਨੇ ਉਸ ਦੇ ਗੋਲੇ ਵੀ ਇਸ ਲਈ ਨਹੀਂ ਸਨ ਖਰੀਦੇ ਕਿ ਸਾਡਾ ਨਾਂ ਉਸ ਕੰਪਨੀ ਦੇ ਨਾਂ ਨਾਲ ਜੁੜ ਜਾਵੇਗਾ ਤੇ ਜਦੋਂ ਕਾਰਗਿਲ ਦਾ ਮੋਰਚਾ ਭਖਿਆ, ਉਦੋਂ ਕਿਸੇ ਸੌਦੇਬਾਜ਼ੀ ਦੀ ਗੱਲਬਾਤ ਕੀਤੇ ਬਿਨਾਂ ਹੀ ਕੰਪਨੀ ਦੇ ਦੱਸੇ ਗਏ ਮੁੱਲ ਉਤੇ ਖੜ੍ਹੇ ਪੈਰ ਖਰੀਦਣੇ ਪੈ ਗਏ ਸਨ।

ਇਸ ਤੋਂ ਸਬਕ ਲਿਆ ਜਾਣਾ ਚਾਹੀਦਾ ਸੀ, ਪਰ ਲਿਆ ਨਹੀਂ ਗਿਆ। ਹੋਇਆ ਇਹ ਕਿ ਜਿਸ ਵੀ ਸੌਦੇ ਬਾਰੇ ਜ਼ਰਾ ਜਿੰਨੀ ਵੀ ਕਿਸੇ ਨੇ ਕਿੰਤੂ ਕਰ ਦਿੱਤੀ, ਕਿੰਤੂ ਦੀ ਪੜਤਾਲ ਕਰਨ ਦੀ ਥਾਂ ਉਸ ਸੌਦੇ ਦੀ ਫਾਈਲ ਠੱਪ ਕਰਨ ਦਾ ਰੁਝਾਨ ਚੱਲ ਪਿਆ। ਫੌਜ ਦੇ ਪਿਛਲੇ ਮੁਖੀ ਜਨਰਲ ਵਿਜੇ ਕੁਮਾਰ ਸਿੰਘ ਨੇ ਰੱਖਿਆ ਮੰਤਰੀ ਨੂੰ ਇਹ ਕਹਿ ਦਿੱਤਾ ਕਿ ਫੌਜ ਲਈ ਟਾਟਰਾ ਟਰੱਕ ਖਰੀਦਣ ਦੀ ਫਾਈਲ ਪਾਸ ਕਰਨ ਲਈ ਉਸ ਨੂੰ ਰਿਸ਼ਵਤ ਦੀ ਪੇਸ਼ਕਸ਼ ਹੋਈ ਸੀ। ਉਦੋਂ ਦੇ ਰੱਖਿਆ ਮੰਤਰੀ ਐਂਟਨੀ ਨੇ ਲਿਖ ਕੇ ਦੇਣ ਨੂੰ ਕਿਹਾ ਤਾਂ ਜਨਰਲ ਨੇ ਲਿਖ ਕੇ ਨਾ ਦਿੱਤਾ। ਫਿਰ ਦੋਵਾਂ ਦੇ ਮੱਤਭੇਦ ਜਦੋਂ ਜੱਗ ਜ਼ਾਹਿਰ ਹੋਣ ਲੱਗੇ। ਜਨਰਲ ਨੇ ਕਿਹਾ ਕਿ ਮੈਂ ਰੱਖਿਆ ਮੰਤਰੀ ਨੂੰ ਆਹ ਗੱਲ ਦੱਸੀ ਸੀ ਅਤੇ ਰੱਖਿਆ ਮੰਤਰੀ ਨੇ ਕਿਹਾ ਕਿ ਇਸ ਨੇ ਲਿਖ ਕੇ ਨਹੀਂ ਸੀ ਦਿੱਤਾ, ਜਾਂਚ ਹੁੰਦੀ ਤਾਂ ਇਹ ਕਹਿ ਸਕਦਾ ਸੀ ਕਿ ਮੈਂ ਇੰਦਾਂ ਦੀ ਗੱਲ ਆਖੀ ਹੀ ਨਹੀਂ ਸੀ, ਇਸ ਲਈ ਜਾਂਚ ਨਹੀਂ ਕਰਵਾਈ ਗਈ। ਦੋਵਾਂ ਦੀ ਖਿੱਚੋਤਾਣ ਨਾਲ ਖਰੀਦ ਦੀ ਫਾਈਲ ਬੰਦ ਹੋ ਗਈ।

ਅੱਜ ਦੀ ਤਰੀਕ ਵਿਚ ਵੀ ਸੰਸਾਰ ਦੇ ਸਭ ਤੋਂ ਵਧੀਆ ਫੌਜੀ ਟਰੱਕ ਵਜੋਂ ਟਾਟਰਾ ਨੂੰ ਚੁਣਿਆ ਜਾਂਦਾ ਹੈ। ਸੰਸਾਰ ਦੇ ਮੋਹਰੀ ਸਾਰੇ ਦੇਸ਼ਾਂ ਦੀਆਂ ਫੌਜਾਂ ਉਹ ਟਰੱਕ ਖਰੀਦ ਰਹੀਆਂ ਹਨ, ਪਰ ਭਾਰਤ ਦੀ ਫੌਜ ਖਰੀਦ ਕਰਨ ਤੋਂ ਇਸ ਲਈ ਪਾਸਾ ਵੱਟ ਗਈ ਕਿ ਇਸ ਖਰੀਦਦਾਰੀ ਵਿਚ ਕਮਿਸ਼ਨ ਦੇ ਲੈਣ-ਦੇਣ ਦੀ ਬੋਅ ਆਈ ਸੀ। ਇਸ ਤਰ੍ਹਾਂ ਦੀ ਗੱਲ ਸਾਹਮਣੇ ਆਈ ਤਾਂ ਉਸ ਦੀ ਪੜਤਾਲ ਕਰਵਾ ਲੈਂਦੇ, ਕੋਈ ਹੋਰ ਪੜਤਾਲ ਠੀਕ ਨਹੀਂ ਬੈਠਦੀ ਤਾਂ ਕਮਿਸ਼ਨ ਬਣਾ ਦਿੰਦੇ ਜਿਹੜਾ ਅਗਲੇ ਦਸ ਸਾਲ ਆਪਣਾ ਕਮਿਸ਼ਨ ਖਰਾ ਕਰਦਾ ਰਹਿੰਦਾ, ਪਰ ਫੌਜ ਲਈ ਟਰੱਕ ਖਰੀਦਣ ਦੀ ਲੋੜ ਪੂਰੀ ਕਰਨ ਵਿਚ ਦੇਰੀ ਨਹੀਂ ਸੀ ਹੋਣੀ ਚਾਹੀਦੀ। ਇਹ ਸਿਰਫ ਇੱਕ ਮਿਸਾਲ ਹੈ। ਭਾਰਤੀ ਫੌਜ ਕੋਲ ਇਸ ਵੇਲੇ ਬਹੁਤ ਸਾਰਾ ਗੋਲਾ-ਬਾਰੂਦ ਤੇ ਮਸ਼ੀਨਰੀ ਵਕਤ ਵਿਹਾਅ ਚੁੱਕੀ ਹੈ, ਪਰ ਉਸ ਦੀ ਥਾਂ ਨਵੀਂ ਚੁਣ ਕੇ ਖਰੀਦ ਕਰਨ ਦਾ ਕੰਮ ਰੁਕਿਆ ਪਿਆ ਹੈ। ਕਈ ਹੋਰ ਪ੍ਰੋਜੈਕਟਾਂ ਦਾ ਵੀ ਇਹੋ ਜਿਹਾ ਹਾਲ ਹੈ।

ਸੱਪ ਨੂੰ ਰੱਸੀ ਆਖ ਕੇ ਅੱਖੋਂ ਪਰੋਖੇ ਕਰਨਾ ਗਲਤ ਹੈ, ਪਰ ਹਰ ਰੱਸੀ ਨੂੰ ਸੱਪ ਮੰਨ ਕੇ ਰਾਹ ਛੱਡ ਜਾਣ ਨਾਲ ਵੀ ਕਿਸੇ ਟਿਕਾਣੇ ਨਹੀਂ ਲੱਗਿਆ ਜਾ ਸਕਦਾ। ਭਾਰਤ ਦੀ ਅਫਸਰਸ਼ਾਹੀ ਹੁਣ ਜ਼ਿੰਮੇਵਾਰੀ ਤੋਂ ਭੱਜਣ ਲੱਗੀ ਹੈ। ਜਿਹੜੇ ਰਾਜਸੀ ਲੀਡਰਾਂ ਨੇ ਮਾਲ ਖਾਧਾ, ਤੇ ਜਿਹੜੇ ਅਫਸਰ ਸੰਵਿਧਾਨਕ ਫਰਜ਼ਾਂ ਨੂੰ ਭੁੱਲ ਕੇ ਉਨ੍ਹਾਂ ਦੇ ਨਿੱਜੀ ਕਾਰਿੰਦੇ ਬਣ ਕੇ ਕੰਮ ਕਰਦੇ ਰਹੇ, ਉਨ੍ਹਾਂ ਦੇ ਖਿਲਾਫ ਕਾਰਵਾਈ, ਪੂਰੀ ਸਖਤ ਕਾਰਵਾਈ ਹੋਣੀ ਚਾਹੀਦੀ ਹੈ, ਪਰ ਹਰ ਕਿਸੇ ਨੂੰ ਚੋਰਾਂ ਦੀ ਪਲਟਣ ਦਾ ਸੂਬੇਦਾਰ ਨਹੀਂ ਕਿਹਾ ਜਾ ਸਕਦਾ। ਭ੍ਰਿਸ਼ਟਾਚਾਰ ਦਾ ਭੜੋਲਾ ਬਣੇ ਪਏ ਭਾਰਤ ਵਿਚ ਈਮਾਨ ਦੇ ਪਹਿਰੇਦਾਰ ਲੱਭਣੇ ਔਖੇ ਤਾਂ ਹਨ, ਪਰ ਇਹ ਨਸਲ ਅਜੇ ਜੰਮਣ ਤੋਂ ਨਹੀਂ ਹਟ ਗਈ। ਜਿੱਥੇ ਕਿਤੇ ਕੋਈ ਈਮਾਨਦਾਰ ਅਜੇ ਵੀ ਭ੍ਰਿਸ਼ਟਾਚਾਰ ਦੀ ਕਾਲਖ ਨਾਲ ਲਿੱਬੜਨ ਤੋਂ ਬਚਿਆ ਦਿਸਦਾ ਹੈ, ਜੰਗਲ ਦੀ ਅੱਗ ਵਿਚ ਸਾਰਾ ਕੁਝ ਸੜਨ ਪਿੱਛੋਂ ਬਚੇ ਰਹਿ ਗਏ ਵਿਰਲੇ-ਟਾਵੇਂ ਹਰੇ ਬੂਟ ਵਾਂਗ ਉਸ ਬੰਦੇ ਨੂੰ ਸੰਭਾਲਣ ਦੀ ਇਸ ਦੇਸ਼ ਨੂੰ ਲੋੜ ਹੈ। ਬਦਕਿਸਮਤੀ ਨਾਲ ਭਾਰਤ ਦਾ ਸਮੁੱਚਾ ਪ੍ਰਸ਼ਾਸਕੀ ਤੇ ਪ੍ਰਬੰਧਕੀ ਢਾਂਚਾ ਭ੍ਰਿਸ਼ਟਾਚਾਰ ਦੀ ਇਸ ਭੰਡੀ ਦੇ ਕਾਰਨ ਅਧਰੰਗ ਦਾ ਸ਼ਿਕਾਰ ਬਣ ਕੇ ਰਹਿ ਗਿਆ ਹੈ। ਇਹੋ ਜਿਹੇ ਹਾਲ ਵਿਚ ਇਹ ਦੇਸ਼ ਅਗਲਾ ਕੋਈ ਕਦਮ ਕਿਵੇਂ ਪੁੱਟ ਸਕੇਗਾ?



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*


ਟੌਲ ਫਰੀ ਨੰਬਰ 1-888-652-6268
732-983-4332/4333


# ਅਮਰੀਕਨ ਸਿੱਖ ਕਾਕਸ ਦੇ ਵਿਸਥਾਰ 'ਤੇ ਸੰਤੁਸ਼ਟੀ ਜ਼ਾਹਿਰ

**ਵਾਸ਼ਿੰਗਟਨ ਡੀ.ਸੀ. (ਬਿਊਰੋ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ.ਜੀ.ਪੀ.ਸੀ.) ਨੇ ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਦੇ ਵਿਸਥਾਰ 'ਤੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ ਅਤੇ ਕਿਹਾ ਕਿ ਇਹ ਅਮਰੀਕਨ-ਸਿੱਖ ਮਿੱਤਰ ਮੰਡਲ, ਸਿੱਖਾਂ ਦੇ ਮਸਲੇ ਸਹੀ ਢੰਗ ਨਾਲ ਨਜਿੱਠਣ ਵਿਚ ਸਹਾਈ ਹੋਇਆ ਹੈ।

ਸਾਲ ਪਹਿਲਾਂ ਬਣਾਏ ਕਾਕਸ ਬਾਰੇ ਇੱਥੇ ਕਰਵਾਏ ਸਮਾਗਮ ਮੌਕੇ ਏ.ਜੀ.ਪੀ.ਸੀ. ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਾਕਸ ਦੇ 2 ਨਵੇਂ ਚੁਣੇ ਕੋ-ਚੇਅਰਾਂ ਕਾਂਗਰਸਮੈਨ ਜੌਹਨ ਗੈਰੀਮੈਂਡੀ ਤੇ ਪੈਟ੍ਰਿਕ ਮੀਹਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਦੋਵੇਂ ਆਗੂ ਕਾਕਸ ਦੇ ਪਹਿਲੇ ਕੋ-ਚੇਅਰਾਂ ਕਾਂਗਰਸ ਵੂਮੈਨ ਜੂਡੀ ਚੂ (ਸੀ.ਏ.-27) ਅਤੇ ਕੋ-ਚੇਅਰ ਕਾਂਗਰਸ ਡੇਵਿਡ ਜੀ ਵਾਲਾਡਾਓ (ਸੀ.ਏ.-21) ਨਾਲ ਮਿਲ ਕੇ ਕਾਕਸ ਦੀਆਂ ਸਰਗਰਮੀਆਂ ਨੂੰ ਅਗਾਂਹ ਵਧਾਉਣਗੇ ਅਤੇ ਸਿੱਖਾਂ ਦੀਆਂ ਮੁਸ਼ਕਿਲਾਂ ਦਾ ਨਿਬੇੜਨ ਵਿਚ ਯੋਗਦਾਨ ਦੇਣਗੇ।









ਉਨ੍ਹਾਂ ਕਿਹਾ ਕਿ ਸ੍ਰੀ ਗੈਰੀਮੈਂਡੀ ਨੂੰ ਸਿੱਖ ਮਾਮਲਿਆਂ ਬਾਰੇ ਪਹਿਲਾਂ ਹੀ ਭਰਪੂਰ ਜਾਣਕਾਰੀ ਹੈ। ਉਹ ਜਿਸ ਖ਼ੇਤਰ ਦੀ ਅਮਰੀਕਾ ਦੀ ਕਾਂਗਰਸ ਵਿਚ ਨੁਮਾਇੰਦਗੀ ਕਰਦੇ ਹਨ, ਉਥੇ ਬਹੁਤ ਸਾਰੇ ਸਿੱਖ ਪਰਿਵਾਰ ਰਹਿੰਦੇ ਹਨ ਅਤੇ ਉਹ ਸਿੱਖਾਂ ਦੀ ਸੁਰੱਖਿਆ ਤੇ ਪਛਾਣ ਵਰਗੇ ਗੰਭੀਰ ਮਸਲਿਆਂ ਤੋਂ ਭਲੀਭਾਂਤ ਜਾਣੂ ਹਨ। ਸ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਿੱਖ ਪੁਲਿਸ ਵਿਭਾਗ ਵਿਚ ਅਫਸਰਾਂ ਦੇ ਅਹੁਦੇ ਲੈਣ ਵਿਚ ਕਾਮਯਾਬ ਹੋਏ ਹਨ। ਉਹ ਚਾਹੁੰਦੇ ਹਨ ਕਿ ਅਮਰੀਕਨ ਫੌਜ ਵਿਚ ਵੀ ਸਿੱਖਾਂ ਨੂੰ ਇਸੇ ਤਰ੍ਹਾਂ ਨੁਮਾਇੰਦਗੀ ਮਿਲੇ। ਉਨ੍ਹਾਂ ਦੱਸਿਆ ਕਿ ਕਾਕਸ ਦੇ ਸਥਾਪਨਾ ਵੇਲੇ 25 ਮੈਂਬਰ ਸਨ ਅਤੇ ਇਕ ਸਾਲ ਵਿਚ ਇਨ੍ਹਾਂ ਦੀ ਗਿਣਤੀ 45 ਹੋ ਗਈ ਹੈ।

ਇਸ ਸਮਾਗਮ ਵਿਚ ਸਾਬਕਾ ਸਪੀਕਰ ਨੈਂਨਸੀ ਪਲੋਸੀ ਸਮੇਤ 11 ਕਾਂਗਰਸ ਮੈਂਬਰ ਸ਼ਾਮਲ ਹੋਏ। ਵਾਈਸ ਪਰੈਜ਼ੀਡੈਂਟ ਜੋਅ ਬਾਈਡਨ ਦੇ ਵਿਸ਼ੇਸ਼ ਸਲਾਹਕਾਰ ਜਾਰਜ ਸ਼ੁਲਜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਹਰ ਕਾਂਗਰਸ ਮੈਂਬਰ ਨੇ ਜਿਥੇ ਸਿੱਖਾਂ ਦੁਆਰਾ ਇਸ ਮੁਲਕ ਦੀ ਤਰੱਕੀ ਵਿਚ ਪਾਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ, ਨਾਲ ਹੀ ਭਰੋਸਾ ਦਿਵਾਇਆ ਕਿ ਸਿੱਖਾਂ ਦੀ ਹਰ ਸਮਸਿਆ ਦਾ ਕਾਨੂੰਨ ਅਨੁਸਾਰ ਯੋਗ ਹੱਲ ਲੱਭਣ ਲਈ ਪੂਰੇ ਯਤਨ ਕੀਤੇ ਜਾਣਗੇ। ਸਮਾਗਮ ਵਿਚ ਦੂਰ-ਦੁਰਾਡੇ ਤੋਂ ਸਿੱਖ ਆਗੂਆਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਨੇਵਾਡਾ ਤੋਂ ਮਲਕੀਤ ਸਿੰਘ ਧਾਮੀ, ਟੈਕਸਸ ਤੋਂ ਡਾ. ਹਰਦਮ ਸਿੰਘ ਆਜ਼ਾਦ, ਸਿੱਖ ਯੂਥ ਆਫ ਅਮਰੀਕਾ ਦੇ ਪ੍ਰਧਾਨ ਭਾਈ ਗੁਰਿੰਦਰਜੀਤ ਸਿੰਘ ਅਤੇ ਉਨਾਂ ਦੇ ਸਾਥੀ ਸ਼ਾਮਲ ਹਨ। ਏ.ਜੀ.ਪੀ.ਸੀ. ਦੇ ਸਾਬਕਾ ਪ੍ਰਧਾਨ ਯਾਦਵਿੰਦਰ ਸਿੰਘ, ਡਾ. ਅਮਰਜੀਤ ਸਿੰਘ (ਵਾਸ਼ਿੰਗਟਨ ਡੀ.ਸੀ.), ਸਾਬਕਾ ਮੈਂਬਰ ਬਖਸ਼ੀਸ਼ ਸਿੰਘ, ਮੌਜੂਦਾ ਮੈਂਬਰ ਭਾਈ ਨਰਿੰਦਰ ਸਿੰਘ, ਹਰਵਿੰਦਰ ਸਿੰਘ ਲਾਲੀ ਅਤੇ ਗੁਰਰਾਜ ਸਿੰਘ ਫਿਲਾਡੈਲਫੀਆ ਵੀ ਸਮਾਗਮ ਵਿਚ ਸ਼ਾਮਲ ਹੋਏ। ਸਿੱਖ ਜਥੇਬੰਦੀਆਂ ਯੂਨਾਈਟਡ ਸਿੱਖਸ, ਸੈਲਡਾਫ ਤੇ ਸਿੱਖ ਕੁਲੀਸ਼ਨ ਨੇ ਵੀ ਸਮਾਗਮ ਵਿਚ ਸ਼ਿਰਕਤ ਕੀਤੀ।

ਵਰਨਣਯੋਗ ਹੈ ਕਿ ਕਾਕਸ ਅਤੇ ਸਿੱਖਾਂ ਵਿਚਕਾਰ ਤਾਲਮੇਲ ਵਾਸਤੇ 'ਫਰੈਂਡਜ਼ ਆਫ ਦੀ ਸਿੱਖ ਕਾਕਸ' ਨਾਮ ਦੀ ਜਥੇਬੰਦੀ ਨੇ ਇਸ ਸਮਾਗਮ ਦਾ ਪ੍ਰਬੰਧ ਕੀਤਾ। ਜਥੇਬੰਦੀ ਦੇ ਆਗੂ ਹਰਪ੍ਰੀਤ ਸਿੰਘ ਸੰਧੂ ਨੇ ਕਾਂਗਰਸਮੈਨਾਂ ਦਾ ਅਤੇ ਸਿੱਖ ਸੰਗਤ ਦਾ ਧੰਨਵਾਦ ਕੀਤਾ।

## ਪੰਜਾਬੀ ਭਾਈਚਾਰੇ ਨੂੰ 'ਵਾਨ ਸੰਦੋਵਾਲ' ਨੂੰ ਜਿਤਾਉਣ ਦੀ ਅਪੀਲ

**ਫਰਿਜ਼ਨੋ (ਬਿਊਰੋ:):** ਅਮਰੀਕਾ ਵਿਚ 3 ਜੂਨ ਨੂੰ ਹੋਣ ਵਾਲੀ ਚੋਣ ਨੂੰ ਲੈ ਕੇ ਸਮੁੱਚੇ ਅਮਰੀਕਨ ਭਾਈਚਾਰੇ ਦੇ ਨਾਲ ਪੰਜਾਬੀ ਭਾਈਚਾਰਾ ਵੀ ਆਪਣੀ ਕਾਫੀ ਦਿਲਚਸਪੀ ਦਿਖਾ ਰਿਹਾ ਹੈ। ਇਸ ਸਬੰਧ ਵਿਚ ਇਕ ਮੀਟਿੰਗ ਦੌਰਾਨ ਵਾਨ ਸੰਦੋਵਾਲ ਦਾ ਬਾਕੀ ਉਮੀਦਵਾਰਾਂ ਦੇ ਮੁਕਾਬਲੇ ਵਿਦਿਆ ਦੇ ਖੇਤਰ ਵਿਚ 30 ਸਾਲ ਦਾ ਤਜਰਬਾ ਹੋਣ ਕਰਕੇ ਉਨ੍ਹਾਂ ਨੂੰ ਯੋਗ ਉਮੀਦਵਾਰ ਸਮਝਦਿਆਂ, ਉਨ੍ਹਾਂ ਦੇ ਸਮਰਥਕਾਂ ਵਲੋਂ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਦਾ ਭਰੋਸਾ ਦਿਤਾ।




ਮੀਟਿੰਗ ਦੌਰਾਨ ਵਾਨ ਸੰਧੋਵਾਲ ਨੇ ਕਿਹਾ ਕਿ ਫਰਿਜ਼ਨੋ ਏਰੀਏ ਦੇ ਬਹੁਤੇ ਬੱਚੇ ਪੜਾਈ ਲਈ ਕਲੋਵਸ਼ ਸ਼ਹਿਰ ਦੇ ਸਕੂਲ ਨੂੰ ਚੰਗਾ ਮੰਨਦੇ ਹਨ ਜਾਂ ਫਿਰ ਪ੍ਰਾਈਵੇਟ ਸਕੂਲ ਨੂੰ ਤਰਜ਼ੀਹ ਦਿੰਦੇ ਹਨ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਸਭ ਸਕੂਲਾਂ ਦਾ ਵਿਦਿਆ ਦਾ ਲੈਵਲ ਬਰਾਬਰ ਹੋਵੇ ਅਤੇ ਵੱਧ ਤੋਂ ਵੱਧ ਸਹੂਲਤਾਂ ਉਨ੍ਹਾਂ ਨੂੰ ਦਿੱਤੀਆਂ ਜਾ ਸਕਣ ਤਾਂ ਜੋ ਬੱਚਿਆਂ ਦਾ ਵਿਦਿਅਕ ਪੱਧਰ ਉਚਾ ਹੋ ਸਕੇ। ਉਹ ਸਮੇਂ-ਸਮੇਂ ਨਸ਼ਲੀ ਪੱਧਰ 'ਤੇ ਪੰਜਾਬੀ ਬੱਚਿਆਂ ਨੂੰ ਆਈਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਹਾਇਤਾ ਕਰਦੇ ਰਹੇ ਹਨ। ਖੂਬਸੂਰਤ ਗੱਲ ਇਹ ਹੈ ਕਿ ਉਨ੍ਹਾਂ ਕੋਈ ਇਲੈਕਸ਼ਨ ਫੰਡ ਇਕੱਠਾ ਕਰਨ ਦੀ ਮੰਗ ਨਹੀਂ ਕੀਤੀ। ਉਨ੍ਹਾਂ ਪੰਜਾਬੀ ਭਾਈਚਾਰੇ ਨੂੰ ਆਪਣੀ ਵੋਟ ਉਨ੍ਹਾਂ ਦੇ ਹੱਕ ਵਿਚ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਪੰਜਾਬੀ ਭਾਈਚਾਰੇ ਦਾ ਅਤੇ ਖਾਸ ਤੌਰ ਤੇ ਪ੍ਰੋਫੈਸ਼ਰ ਅਵਤਾਰ ਸਿੰਘ ਗਿੱਲ ਦਾ ਵੱਖ-ਵੱਖ ਮੀਟਿੰਗਾਂ ਦਾ ਪ੍ਰਬੰਧ ਲਈ ਧੰਨਵਾਦ ਕੀਤਾ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted




*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

HD IP

Security Solution

ULTRA High Resolution

Gas stations, Liquor Store, Hotel/Motels, Homes or Any Kind Of Business

-Cash Register Interface.
-Fully Trained Tech.Staff.
-16 Year Satisfied Custmer.




2 Year Warranty

Vista CCTV TECHNOLOGY

Call Mr. Sukhpal

1-661-586-5080



# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

**Punjab Truck Wash & Repair 2301 Simpson Street, Kingsburg, CA 93631**

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour

**All major and minor repairs.**

ਤਸੱਲੀਬਖਸ਼ ਕੰਮ ਵਾਜਬ ਰੇਟ


*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇ
# ਸ਼ਹੀਦੀ ਗੁਰਪੁਰਬ ਮਨਾਉਂਦੇ ਹੋਏ 1984
# ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿ



"ਇਤਿਹਾਸ ਵਰਤਮਾਨ ਤੇ ਅਤੀਤ ਵਿਚਕਾਰ ਇਕ ਨਿਰੰਤਰ ਵਾਰਤਾਲਾਪ ਹੈ-ਅਤੀਤ ਨੂੰ ਅਸੀਂ ਵਰਤਮਾਨ ਦੀ ਰੋਸ਼ਨੀ 'ਚ ਹੀ ਸਮਝ ਸਕਦੇ ਹਾਂ ਅਤੇ ਵਰਤਮਾਨ ਨੂੰ ਵੱਧ ਬੀਤੇ ਦੀ ਰੋਸ਼ਨੀ 'ਚ ਹੀ ਸਮਝਿਆ ਜਾ ਸਕਦਾ ਹੈ। ਮਨੁੱਖ ਨੂੰ ਬੀਤੇ ਸਮਾਜ ਨੂੰ ਸਮਝਣ ਦੇ ਸਮਰੱਥ ਬਣਾਉਣਾ ਅਤੇ ਉਸ ਦੀ ਮੌਜੂਦਾ ਸਮਾਜ ਉਤੇ ਮੁਹਾਰਤ ਵਿਚ ਵਾਧਾ ਕਰਨਾ, ਇਤਿਹਾਸ ਦਾ ਦੋਹਰਾ ਕਾਰਜ ਹੈ।

ਇਤਿਹਾਸ ਤੋਂ ਸਿੱਖਣ ਦਾ ਕਰਮ ਇਕ-ਪਾਸੜ ਅਮਲ ਨਹੀਂ ਹੈ। ਅਤੀਤ ਦੀ ਰੋਸ਼ਨੀ ਵਿਚ ਵਰਤਮਾਨ ਨੂੰ ਸਮਝਣ ਦਾ ਅਰਥ, ਵਰਤਮਾਨ ਦੀ ਰੋਸ਼ਨੀ ਵਿਚ ਬੀਤੇ ਨੂੰ ਸਮਝਣਾ ਵੀ ਹੈ। ਇਤਿਹਾਸ ਦਾ ਕਾਰਜ ਅਤੀਤ ਤੇ ਵਰਤਮਾਨ ਦੇ ਅੰਤਰ-ਸੰਬਧਾਂ ਦੇ ਜ਼ਰੀਏ, ਦੋਨਾਂ ਬਾਰੇ ਹੀ ਗੂੜ੍ਹ ਸਮਝ ਹਾਸਲ ਕਰਨਾ ਹੈ।"

-ਈ.ਐਚ. ਕਾਰ

## ਮਹਾਨ ਨਗਰ ਕੀ

### ਸਥਾਨ: ਸੈਨ ਫਰਾਂਸਿਸਕੋ ਡਾਉ

### 8 ਜੂਨ 2014, ਐਤਵਾਰ ਸਵੇ

*ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ*

ਸਤਿਕਾਰਯੋਗ ਸਾਧ ਸੰਗਤ ਜੀਉ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਦੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂ
ਤੋਂ ਸਦਾ ਵਾਸਤੇ ਖਤਮ ਹੋ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੀ ਚੜ੍ਹਦੀ
ਸਾਹਿਬਾਨ ਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲ
ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਿਕ ਸੈਂਟਰ
ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾ

*ਸੰਗਤਾਂ ਕੇਸਰੀ ਦਸਤਾਰਾਂ-ਦੁੱਪਟੇ-ਪਟਕੇ ਸਜਾ ਕੇ ਆਉਣ ਜੀ।

*ਸਿਵਿਕ ਸੈਂਟਰ ਵਿਚ ਸਜ ਰਹੇ ਦੀਵਾਨ ਅਤੇ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰ
ਸੰਗਤਾਂ ਨੂੰ ਢਾਡੀ ਤੇ ਵੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਨਗੇ।

*ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ।

*ਇਹ ਨਗਰ ਕੀਰਤਨ ਵੱਡੇ ਬੱਚਿਆਂ ਤੇ ਨੌਜਵਾਨਾਂ ਲਈ ਸਿੱਖ ਇਤਿਹਾਸ ਦੀ ਵਡਮੁੱਲੀ ਜ

*ਗਤਕੇ ਦੇ ਸ਼ਾਨਦਾਰ ਜੌਹਰ ਵਿਖਾਏ ਜਾਣਗੇ। *ਲੰਗਰ ਅਤੁੱਟ ਵਰਤਣਗੇ।

*ਨਗਰ ਕੀਰਤਨ ਦੇ ਸ਼ੁਰੂ ਹੋਣ ਵਾਲੀ ਥਾਂ ਪਹੁੰਚਣ ਲਈ ਕਿਤੋਂ ਵੀ ਬਾਰਟ ਰਾਹੀਂ ਮੋਂਟਗੁਮਰ
ਲਈ ਸਿਵਿਕ ਸੈਂਟਰ ਤੋਂ ਬਾਰਟ ਦਾ ਪ੍ਰਬੰਧ ਹੈ। ਸਭ ਗੁਰਦੁਆਰਿਆਂ ਤੋਂ ਬੱਸਾਂ ਦਾ ਵੀ ਪ੍ਰਬੰਧ ਕੀਤਾ
ਦੇ ਗੁਰਦੁਆਰਿਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਪ੍ਰੋਗਰਾਮ**

ਨਗਰ ਕੀਰਤਨ ਅਰੰਭ: ਸਵੇਰੇ 11 ਵਜੇ, ਸਥਾਨ: 2nd ST
ਨਗਰ ਕੀਰਤਨ ਸਮਾਪਤੀ: ਬਾਅਦ ਦੁਪਹਿਰ 1 ਵਜੇ, ਸਥਾ
ਦੀਵਾਨ ਅਤੇ ਢਾਡੀ ਵਾਰਾਂ: ਬਾਅਦ ਦੁਪਹਿਰ 1:30 ਵਜੇ,
ਸਮਾਪਤੀ ਦੀਵਾਨ: ਬਾਅਦ ਦੁਪਹਿਰ 4 ਵਜੇ

**Directions:** **From Bay Bridge:** Continue on I-80 W to Fremont St. Take the Fremont St exit from I
Fremont St, Turn left onto Howard St. **From US-101:** Get on US-101 N from E 4th Ave, Follow US-1
the Fourth Street exit from I-80 E, Drive to 2nd St, Turn left onto Bryant St., Take the 2nd left onto 2nd

# ਵ ਜੀ ਦੇ
# ਦੇ ਸਿੱਖ
# ਲ



# ਰਤਨ

## ਨ ਟਾਊਨ

ਰੇ 11 ਤੋਂ 4 ਵਜੇ ਤੱਕ

*-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ*





ਈਆਂ ਨੇ, ਉਹ ਇਤਿਹਾਸ ਦੇ ਪੰਨਿਆਂ
ਕਲਾ ਤੇ ਸਰਬੱਤ ਦੇ ਭਲੇ ਲਈ ਗੁਰੂ
ਨੀ ਭੇਟ ਕਰਨ ਲਈ ਸੈਨ ਫਰਾਂਸਿਸਕੋ
ਏ ਸ਼ਾਨਦਾਰ ਮੈਦਾਨ ਤੱਕ ਇਕ ਮਹਾਨ
ਰਦਿਕ ਬੇਨਤੀ ਕੀਤੀ ਜਾਂਦੀ ਹੈ।

ਸ਼ਬਦ ਅਤੇ ਢਾਡੀ ਤੇ ਕਵੀਸ਼ਰੀ ਜਥੇ

ਾਣਕਾਰੀ ਨਾਲ ਭਰਪੂਰ ਹੋਵੇਗਾ।

ੀ ਸਟੇਸ਼ਨ 'ਤੇ ਉਤਰਨਾ ਹੈ ਤੇ ਵਾਪਸੀ
ਗਿਆ ਹੈ, ਜਿਸ ਲਈ ਆਪਣੇ ਸ਼ਹਿਰ

**ਅਤੇ Howard ST**
**ਨ: Civic Center Plaza**
**ਥਾਨ: Civic Center Plaza**

-80 W, Drive to Howard St, Merge onto
01 N to Bryant St. in San Francisco. Take
d St.

## ਹੋਰ ਜਾਣਕਾਰੀ ਲਈ ਸੰਪਰਕ ਕਰੋ:

# (510) 512-5959
# (510) 299-7982
# (650) 391-4408

ਬੇਨਤੀ ਕਰਤਾ: ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਟਰਲਕ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟਿਕਾ, ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗੁਰਦੁਆਰਾ ਸਾਹਿਬ ਬਰਾਡਸ਼ਾਅ ਸੈਕਰਾਮੈਂਟੋ, ਗੁਰਦੁਆਰਾ ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਡੈਲਹਾਈ, ਗੁਰਦੁਆਰਾ ਸਾਹਿਬ ਹੇਵਰਡ, ਗੁਰਦੁਆਰਾ ਸਾਹਿਬ ਸਾਊਥ ਸੈਨ ਫਰਾਂਸਿਸਕੋ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਗੁਰਦੁਆਰਾ ਸਾਹਿਬ ਯੂਬਾ ਸਿਟੀ, ਗੁਰਦੁਆਰਾ ਸਾਹਿਬ ਸੈਨ ਮਟੀਓ, ਗੁਰਦੁਆਰਾ ਸਾਹਿਬ ਫੇਅਰਫੀਲਡ।

### ਕਾਰ ਪਾਰਕਿੰਗ ਲਈ ਸੂਚਨਾ

**Mission St. 'ਤੇ 4 ਅਤੇ 5 ਸਟਰੀਟਾਂ ਵਿਚਕਾਰ ਵੱਡਾ ਕਾਰ ਪਾਰਕਿੰਗ ਹੈ, ਜਿਸ ਦਾ ਸਿਰਨਾਵਾਂ ਹੈ: 821 Mission St. San Francisco**

## ਹੱਸਦਾ ਚੰਦ

# ਜ਼ਿੱਲੇ ਹੁਮਾ

ਕਲਾ ਪਰਿਕਰਮਾ



ਅਖਬਾਰ ਵਿਚ ਛਪੀ ਫੋਟੋ ਨੇ ਇਕਦਮ ਧਿਆਨ ਖਿੱਚਿਆ। ਤੁਰੰਤ ਗੌਰ ਕੀਤਾ; ਫੋਟੋ ਵਿਚਲੀ ਬੀਬੀ ਮਲਿਕਾ-ਏ-ਤਰੰਨੁਮ ਨੂਰ ਜਹਾਂ ਵਰਗੀ ਜਾਪਦੀ ਸੀ। ਖਬਰ ਪੜ੍ਹੀ ਤਾਂ ਉਹ ਨੂਰ ਜਹਾਂ ਦੀ ਧੀ ਹੀ ਨਿਕਲੀ। ਉਸ ਦਾ ਨਾਂ ਸੀ- ਜ਼ਿੱਲ੍ਹੇ ਹੁਮਾ। ਮਾਵਾਂ-ਧੀਆਂ ਦੀਆਂ ਸ਼ਕਲਾਂ ਖੂਬ ਮਿਲਦੀਆਂ ਸਨ। ਜ਼ਿੱਲ੍ਹੇ ਹੁਮਾ ਨੂਰ ਜਹਾਂ ਦੀ ਸਭ ਤੋਂ ਛੋਟੀ ਧੀ ਸੀ ਅਤੇ ਕਾਫੀ ਦੇਰ ਬਿਮਾਰ ਰਹਿਣ ਪਿਛੋਂ ਹੁਣ 16 ਮਈ 2014 ਨੂੰ ਉਸ ਦਾ ਦੇਹਾਂਤ ਹੋ ਗਿਆ ਸੀ। ਗਾਉਣ ਵਿਚ ਉਹ ਆਪਣੀ ਮਾਂ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ ਸੀ ਪਰ ਉਸ ਨੂੰ ਪੇਸ਼ੇਵਰਾਨਾ ਗਾਇਕਾ ਵਜੋਂ ਆਪਣਾ ਕਰੀਅਰ ਆਰੰਭ ਨਹੀਂ ਕਰਨ ਦਿੱਤਾ ਗਿਆ। ਪਰਿਵਾਰਕ ਪਾਬੰਦੀ ਸੀ। ਉਂਝ, ਪੂਰੇ ਪਰਿਵਾਰ ਵਿਚੋਂ ਉਹ ਇਕੱਲੀ ਅਜਿਹੀ ਕੁੜੀ ਸੀ ਜੋ ਟੈਲੀਵਿਜ਼ਨ ਉਤੇ ਆਈ; ਨਹੀਂ ਤਾਂ ਕਿਸੇ ਨੂੰ ਅਜਿਹਾ ਕਰਨ ਦੀ ਉੱਕਾ ਹੀ ਆਗਿਆ ਨਹੀਂ ਸੀ।

ਜ਼ਿੱਲ੍ਹੇ ਹੁਮਾ ਦਾ ਨਿਕਾਹ ਬਹੁਤ ਛੋਟੀ ਉਮਰ ਵਿਚ ਹੀ ਅਕੀਲ ਭੱਟ ਨਾਲ ਹੋ ਗਿਆ ਸੀ। ਉਨ੍ਹਾਂ ਦੇ ਘਰ ਚਾਰ ਬੱਚਿਆਂ ਨੇ ਜਨਮ ਲਿਆ। ਇਨ੍ਹਾਂ ਵਿਚੋਂ ਦੂਜੇ ਨੰਬਰ 'ਤੇ ਜੰਮੇ ਅਹਿਮਦ ਭੱਟ ਨੇ ਅਦਾਕਾਰੀ ਦੇ ਖੇਤਰ ਵਿਚ ਉਡਾਣ ਭਰੀ ਅਤੇ ਅੱਜ ਕੱਲ੍ਹ ਉਹ ਮਸ਼ਹੂਰ ਕਲਾਕਾਰ ਹੈ। ਜ਼ਿੱਲ੍ਹੇ ਹੁਮਾ ਨੇ ਕਦੇ ਆਪਣੇ ਆਪ ਨੂੰ ਗਾਇਕਾ ਵਜੋਂ ਪੇਸ਼ ਨਹੀਂ ਕੀਤਾ, ਪਰ ਉਸ ਨੇ ਆਪਣੀ ਮਾਂ ਦੀਆਂ ਰਚਨਾਵਾਂ ਗਾ ਕੇ ਖੂਬ ਪ੍ਰਸ਼ੰਸਾ ਖੱਟੀ। ਜ਼ਿੱਲ੍ਹੇ ਹੁਮਾ ਨੂੰ ਪਰਿਵਾਰ ਦਾ ਬਹੁਤਾ ਸੁਖ ਨਹੀਂ ਮਿਲ ਸਕਿਆ। ਖਾਵੰਦ ਨਾਲ ਝਗੜੇ ਕਾਰਨ ਉਸ ਨੂੰ ਵਾਰ-ਵਾਰ ਆਪਣੀ ਮਾਂ ਕੋਲ ਆਉਣਾ ਪੈਂਦਾ ਸੀ। ਇਸ ਗੱਲੋਂ ਤੋਂ ਉਸ ਮਾਂ ਨੂਰ ਜਹਾਂ ਵੀ ਬਹੁਤ ਦੁਖੀ ਸੀ, ਪਰ ਕੀ ਕਰੇ! ਧੀਆਂ ਦੇ ਦੁੱਖ ਕੌਣ ਵੰਡਾਵੇ? ਆਖਰਕਾਰ ਉਸ ਨੂੰ ਆਪਣੇ ਖਾਵੰਦ ਨਾਲੋਂ ਤੋੜ-ਵਿਛੋੜਾ ਕਰਨਾ ਪਿਆ। ਇਸ ਤੋਂ ਬਾਅਦ ਉਸ ਨੇ ਬਾਕਾਇਦਾ ਸੰਗੀਤ ਦੀ ਸਿਖਿਆ ਲੈਣੀ ਆਰੰਭ ਕੀਤੀ। ਉਸ ਦਾ ਤਹੱਈਆ ਸੀ ਕਿ ਉਸ ਗਾਇਨ ਦੇ ਖੇਤਰ ਵਿਚ ਹੁਣ ਸਫਲ ਹੋ ਕੇ ਦਿਖਾਏਗੀ। ਉਸ ਨੂੰ ਦਿੱਕਤ ਵੀ ਕੋਈ ਨਹੀਂ ਸੀ ਕਿਉਂਕਿ ਨੂਰ ਜਹਾਂ ਕਰ ਕੇ ਸਾਰੇ ਉਸ ਦੀ ਇਮਦਾਦ ਕਰਨ ਲਈ ਤਿਆਰ ਸਨ। ਯਾਦ ਰਹੇ ਕਿ ਜਦੋਂ ਹੁਮਾ ਨੇ ਸੰਗੀਤ ਦੇ ਖੇਤਰ ਵਿਚ ਪੈਰ ਧਰਨ ਦਾ ਫੈਸਲਾ ਕੀਤਾ, ਉਸ ਵਕਤ ਉਸ ਦੀ ਅੰਮੜੀ ਨੂਰ ਜਹਾਂ ਇਸ ਜਹਾਨ ਤੋਂ ਜਾ ਚੁੱਕੀ ਸੀ, ਪਰ ਹੁਮਾ ਨੇ ਹਿੰਮਤ ਨਹੀਂ ਹਾਰੀ। ਆਪਣੀ ਮਾਂ ਦੇ ਗੁਰੂ ਗੁਲਾਮ ਮੁਹੰਮਦ ਨੂੰ ਹੀ ਉਹਨੇ ਆਪਣਾ ਗੁਰੂ ਧਾਰਿਆ। ਉਹ ਅਜੇ ਸੰਗੀਤ ਦੀ ਵਿਦਿਆ ਵਿਚ ਨਿਪੁੰਨ ਹੋ ਹੀ ਰਹੀ ਸੀ ਕਿ ਬਿਮਾਰੀਆਂ ਨੇ ਉਸ ਨੂੰ ਘੇਰਾ ਘੱਤ ਲਿਆ। ਉਹ ਸ਼ੂਗਰ ਦੀ ਮਰੀਜ਼ ਬਣ ਗਈ। ਬਲੱਡ ਪ੍ਰੈਸ਼ਰ ਵੱਧ ਰਹਿਣ ਲੱਗ ਪਿਆ। ਗੁਰਦਿਆਂ ਨੇ ਕੰਮ ਕਰਨਾ ਘਟਾ ਦਿੱਤਾ। ਆਪਣੀ ਇਕ ਇੰਟਰਵਿਊ ਵਿਚ ਉਸ ਨੇ ਕਿਹਾ ਸੀ- "ਇਸ ਉਮਰ ਵਿਚ ਸੰਗੀਤ ਸਿੱਖਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਬਿਮਾਰੀਆਂ ਨੇ ਘੇਰਾ ਪਾਇਆ ਹੋਇਆ ਹੈ। ਜ਼ਿਆਦਾ ਦੇਰ ਬੈਠ ਨਹੀਂ ਸੀ ਸਕਦੀ, ਪਰ ਤਹੱਈਆ ਕੀਤਾ ਹੋਇਆ ਸੀ, ਇਸ ਲਈ ਹਠ ਕਰ ਕੇ ਲੱਗੀ ਰਹਿੰਦੀ ਸਾਂ। ਰਹਿ-ਰਹਿ ਕੇ ਇਹ ਗੱਲ ਜ਼ਿਹਨ ਵਿਚ ਘੁੰਮੀ ਜਾਂਦੀ ਸੀ ਕਿ ਅੰਮਾ ਨੇ ਸਾਨੂੰ ਪਹਿਲਾਂ ਹੀ ਘਰ ਤੋਂ ਬਾਹਰ ਵਿਚਰਨ ਦਾ ਮੌਕਾ ਕਿਉਂ ਨਾ ਦਿੱਤਾ। ਅਸਲ ਵਿਚ ਨਿਕਾਹ ਤੋਂ ਬਾਅਦ ਵਾਲੀ ਜ਼ਿੰਦਗੀ ਨੇ ਹੀ ਸਭ ਕੁਝ ਉਲਟ-ਪੁਲਟ ਕਰ ਦਿੱਤਾ ਸੀ।"

> *ਜਦੋਂ ਹੁਮਾ ਨੇ ਸੰਗੀਤ ਦੇ ਖੇਤਰ ਵਿਚ ਪੈਰ ਧਰਨ ਦਾ ਫੈਸਲਾ ਕੀਤਾ, ਉਸ ਵਕਤ ਉਸ ਦੀ ਅੰਮੜੀ ਨੂਰ ਜਹਾਂ ਇਸ ਜਹਾਨ ਤੋਂ ਜਾ ਚੁੱਕੀ ਸੀ, ਪਰ ਹੁਮਾ ਨੇ ਹਿੰਮਤ ਨਹੀਂ ਹਾਰੀ। ਆਪਣੀ ਮਾਂ ਦੇ ਗੁਰੂ ਗੁਲਾਮ ਮੁਹੰਮਦ ਨੂੰ ਹੀ ਉਹਨੇ ਆਪਣਾ ਗੁਰੂ ਧਾਰਿਆ। ਉਹ ਅਜੇ ਸੰਗੀਤ ਵਿਦਿਆ ਵਿਚ ਨਿਪੁੰਨ ਹੋ ਹੀ ਰਹੀ ਸੀ ਕਿ ਬਿਮਾਰੀਆਂ ਨੇ ਉਸ ਨੂੰ ਘੇਰਾ ਘੱਤ ਲਿਆ।*

ਬਿਮਾਰੀ ਦੀ ਹਾਲਤ ਵਿਚ ਵੀ ਹੁਮਾ ਸੰਗੀਤ ਸਿੱਖਦੀ ਰਹੀ ਪਰ ਲੱਤ ਦੇ ਅਪਰੇਸ਼ਨ ਦਾ ਉਸ ਉਤੇ ਮਾਨਸਿਕ ਤੌਰ ਉਤੇ ਬਹੁਤ ਅਸਰ ਪਿਆ। ਇਸੇ ਕਾਰਨ ਉਹ ਡਿਪਰੈਸ਼ਨ ਵਿਚ ਚਲੀ ਗਈ। ਇਨਫੈਕਸ਼ਨ ਕਰ ਕੇ ਉਹਦੀ ਖੱਬੀ ਲੱਤ ਕੱਟਣੀ ਪੈ ਗਈ। ਫਿਰ 16 ਮਈ 2014 ਨੂੰ ਉਸ ਦੇ ਗੁਰਦੇ ਉਕਾ ਹੀ ਜਵਾਬ ਦੇ ਗਏ ਅਤੇ ਨਾਲ ਹੀ ਬਲੱਡ ਪ੍ਰੈਸ਼ਰ ਦੀ ਮਾਰ ਕਾਰਨ ਉਹ ਇਸ ਜਹਾਨ ਤੋਂ ਰੁਖਸਤ ਹੋ ਗਈ।

ਹੁਮਾ ਦਾ ਜਨਮ 1944 ਵਿਚ ਲਾਹੌਰ ਵਿਚ ਹੋਇਆ ਸੀ। ਨੂਰ ਜਹਾਂ ਅਤੇ ਫਿਲਮਸਾਜ਼ ਸਈਅਦ ਸ਼ੌਕਤ ਹੁਸੈਨ ਰਿਜ਼ਵੀ ਦੇ ਤਿੰਨ ਬੱਚਿਆਂ ਵਿਚੋਂ ਉਹ ਸਭ ਤੋਂ ਛੋਟੀ ਸੀ। ਉਸ ਨੇ ਬਹੁਤਾ ਕਰ ਕੇ ਆਪਣੀ ਮਾਂ ਵਾਲੇ ਗੀਤ ਹੀ ਗਾਏ। 'ਚਾਂਦ ਹੰਸੇ ਦੁਨੀਆਂ ਵੱਸੇ' ਹੁਮਾ ਬੜੀ ਰੂਹ ਨਾਲ ਗਾਉਂਦੀ ਸੀ। ਇਸ ਗੀਤ ਨਾਲ ਉਸ ਦਾ ਨਾਂ ਬਹੁਤ ਡੂੰਘਾ ਜੁੜ ਗਿਆ ਹੋਇਆ ਸੀ। ਉਸ ਦੇ ਦੇਹਾਂਤ ਤੋਂ ਉਸ ਬਾਰੇ ਮੀਡੀਆ ਜੋ ਕੁਝ ਵੀ ਆਇਆ, ਉਸ ਵਿਚ ਇਸ ਗੀਤ ਦਾ ਜ਼ਿਕਰ ਜ਼ਰੂਰ ਆਇਆ ਹੈ।

***-ਗੁਰਬਖਸ਼ ਸਿੰਘ ਸੋਢੀ***

## ਅੰਮੀ ਵਰਗੀ ਹੋਰ ਕੋਈ ਨਹੀਂ...



*ਜ਼ਿੱਲ੍ਹੇ ਹੁਮਾ ਨੇ ਬਹੁਤੇ ਗੀਤ ਆਪਣੀ ਮਾਂ ਨੂਰ ਜਹਾਂ ਵਾਲੇ ਹੀ ਗਾਏ। ਉਹ ਅਕਸਰ ਕਹਿੰਦੀ ਸੀ ਕਿ ਉਹ ਕਦੀ ਮਾਂ ਦੇ ਕੱਦ ਤੱਕ ਤਾਂ ਨਹੀਂ ਪਹੁੰਚ ਸਕਦੀ, ਪਰ ਉਸ ਨੂੰ ਆਪਣੀ ਮਾਂ ਵਾਲੀ ਆਵਾਜ਼ ਵਿਰਸੇ ਵਿਚੋਂ ਜ਼ਰੂਰ ਮਿਲੀ ਹੋਈ ਹੈ। ਉਹ ਆਖਦੀ ਹੈ- "ਮੈਂ ਤਾਂ ਕੀ, ਕੋਈ ਹੋਰ ਵੀ ਮੇਰੀ ਅੰਮੀ ਵਰਗਾ ਇਸ ਜੱਗ-ਜਹਾਨ ਉਤੇ ਨਹੀਂ ਹੈ। ਅੰਮੀ ਦਾ ਕੋਈ ਮੁਕਾਬਲਾ ਨਹੀਂ, ਅੰਮੀ ਦੀ ਕੋਈ ਰੀਸ ਨਹੀਂ।"*



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਜੂਨ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-119



*ਲਾਲ ਸੂਹੇ ਰੰਗ ਨਾਲ ਡਾਹਢਾ ਹੈ ਪਿਆਰ*
*ਗਿੱਧਾ ਪਾਉਣ ਵਾਸਤੇ ਮੈਂ ਹੋਈ ਆਂ ਤਿਆਰ!*

## ਕੈਪਸ਼ਨ ਮੁਕਾਬਲਾ-117



ਸਿਖਰ ਦੁਪਹਿਰੇ ਮੁੜਨ ਸਕੂਲੋਂ,
ਗਰਮੀ ਤਰਸ ਨਾ ਖਾਵੇ।
ਮਾਸੂਮਾਂ ਦੀ ਇਹ ਟੋਲੀ ਰਲ ਮਿਲ,
ਜੁਗਤ ਅਜੀਬ ਬਣਾਵੇ।
ਤਾਣ ਕੇ ਬ੍ਰਿਖ ਦੀ ਕੱਟੀ ਟਹਿਣੀ,
ਛਾਂ ਸਿਰਾਂ 'ਤੇ ਕਰਦੀ ਜਾਵੇ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਘਰੋਂ ਗਰੀਬ, ਪਛਾਣ ਵੱਖਰੀ,
ਪੱਤਿਆਂ ਦੀ ਲਈ ਤਾਣ ਛਤਰੀ।
ਸਾਡੇ ਸਿਰ ਫਿਕਰਾਂ ਦੀ ਪੰਡ,
ਇਹ ਸਹਾਰਾ ਸਾਡਾ, ਨਹੀਂ ਪਖੰਡ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਵਕਤ ਪਏ ਤੋਂ ਜੁਗਾੜ ਲਾਉਣ
ਬੇਸ਼ੱਕ ਪੇਂਡੂ ਹੋਣ ਨਿਆਣੇ।
ਲੋੜ ਕਾਢ ਦੀ ਮਾਂ ਹੁੰਦੀ ਹੈ
ਕਹਿ ਗਏ ਸੱਚ ਸਿਆਣੇ।
*-ਹਰਮੀਕ ਸਿੰਘ ਵਿੱਕੀ*
*ਸਟਾਕਟਨ, ਕੈਲੀਫੋਰਨੀਆ।*

---

ਜੇਠ-ਹਾੜ ਦੀ ਧੁੱਪ ਹੈ ਉਤੋਂ
ਕੋਮਲ ਪਿੰਡੇ, ਧੁੱਪ ਕਿੱਦਾਂ ਜਰੀਏ?
ਲਾਲਚ ਵੱਸ ਸਭ ਬੂਟੇ ਵੱਢ'ਤੇ
ਸਿਰ 'ਤੇ ਕਿੱਦਾਂ ਛਾਂ ਕਰੀਏ?
ਇਕੱਠੇ ਹੋ ਇਹ ਜੁਗਤ ਬਣਾਈ
ਤਾਂ ਕਿ ਤਿੱਖੀ ਧੁੱਪੇ ਨਾ ਸੜੀਏ।
*-ਸੇਵਾ ਸਿੰਘ ਨੂਰਪੁਰੀ*

## ਕੈਪਸ਼ਨ ਮੁਕਾਬਲਾ-116

ਨਾਲ ਨਸ਼ੇ ਦੇ ਸ਼ਰਟ ਫਰੀ ਦੀ,
ਹਰ ਹੀਲੇ ਵੋਟ ਪਵਾਵਾਂਗੇ।
ਲਾ ਕੇ ਮੋਹਰ ਲਸੰਸ ਦਿਆਂਗੇ,
ਮਸ਼ਹੂਰੀ ਵੀ ਕਰਵਾਵਾਂਗੇ।
ਜਿਉਂਦਾ ਰਹਿ'ਜੇ ਇਹਦੀ ਕਿਸਮਤ,
ਅਸੀਂ ਤਾਂ ਮੌਤ ਵਰਤਾਵਾਂਗੇ।
*-ਜਗਮੀਤ ਸਿੰਘ ਪੰਧੇਰ*

# ਦਰਬਾਰ ਸੰਪ੍ਰਦਾਇ ਲੋਪੋਂ



ਸ੍ਰੀਮਾਨ ਸੁਆਮੀ ਸੰਤ ਦਰਬਾਰਾ ਸਿੰਘ ਜੀ



ਸੰਤ ਜਗਜੀਤ ਸਿੰਘ ਜੀ ਲੋਪੋਂ ਵਾਲੇ



ਸ੍ਰੀਮਾਨ ਸੁਆਮੀ ਸੰਤ ਜੋਰਾ ਸਿੰਘ ਜੀ ਮਹਾਰਾਜ ਲੋਪੋਂ ਵਾਲੇ

## ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਆਪ ਸਮੂਹ ਸਾਧ ਸੰਗਤ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਸ੍ਰੀਮਾਨ ਸੁਆਮੀ ਸੰਤ ਜਗਜੀਤ ਸਿੰਘ ਜੀ ਲੋਪੋਂ ਵਾਲੇ ਗੁਰਮਤਿ ਪ੍ਰਚਾਰ ਲਈ ਅਮਰੀਕਾ ਦੀ ਫੇਰੀ ਤੇ ਆ ਰਹੇ ਹਨ। ਉਹਨਾਂ ਦੀ ਇਸ ਫੇਰੀ ਦਾ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ :

31 ਮਈ 2014 ਦਿਨ ਸ਼ਨੀਵਾਰ ਸ਼ਾਮ 7:00 ਵਜੇ ਅਤੇ 1 ਜੂਨ ਦਿਨ ਐਤਵਾਰ ਸਵੇਰੇ 12:00 ਵਜੇ ਗੁਰਦਵਾਰਾ ਦਸਮੇਸ਼ ਦਰਬਾਰ, 7000 ਵਾਈਬਲ ਰੋਡ, ਬੇਕਰਸਫੀਲਡ ਫੋਨ : 661-444-6876 ਵਿਖੇ ਸੰਤ ਜੀ ਸੰਗਤਾਂ ਨੂੰ ਦੀਵਾਨ ਲਗਾ ਕੇ ਨਿਹਾਲ ਕਰਨਗੇ ਉਪਰੰਤ ਨਵੇਂ ਲੰਗਰ ਹਾਲ ਦੀ ਸ਼ੁਰੂਆਤ ਲਈ ਅਰਦਾਸ ਬੇਨਤੀ ਕਰਨਗੇ।

4 ਜੂਨ ਸ਼ਾਮ 7:00 ਸ਼ਾਮ ਵਜੇ 8100 ਸਟਾਈਨ ਰੋਡ ਬੇਕਰਸਫੀਲਡ 661.889.8613

5 ਅਤੇ 6 ਜੂਨ 7:00 ਤੋਂ 9:00 ਸ਼ਾਮ ਗੁਰਦੁਆਰਾ ਨਾਨਕਸਰ 3860 ਨੌਰਥ ਕੌਰਨੇਲੀਆ ਐਵੀਨਿਓ, ਫਰਿਜ਼ਨੋ 559-271-5870

7 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ 12 ਵਜੇ ਤੱਕ - ਗੁਰਦੁਆਰਾ ਨਾਨਕਸਰ ਡੈਲਹਾਈ - 14525 ਕੈਪਗਰਾਉਂਡ ਰੋਡ ਡਲਹਾਈ - 209-918-2013, 916-753-4928

7 ਜੂਨ ਸ਼ਾਮ 6 ਵਜੇ ਗੁਰਦੁਆਰਾ ਸਿੱਖ ਟੈਂਪਲ ਬੇਕਰਸਫੀਲਡ 2400 ਸਾਊਥ ਪੀ ਸਟਰੀਟ, ਬੇਕਰਸਫੀਲਡ

8 ਜੂਨ ਦੁਪਹਿਰ 12:00 ਵਜੇ ਗੁਰਦੁਆਰਾ ਸਚਖੰਡ ਈਸ਼ਰ ਦਰਬਾਰ, 7616 ਰੇਂਜਵਿਊ ਲੇਨ, ਸੈਕਰਾਮੈਂਟੋ

11 ਜੂਨ ਸ਼ਾਮ 7:45 ਤੋਂ ਸ਼ਾਮ 8:45 - ਸਿੱਖ ਗੁਰਦੁਆਰਾ ਸੈਨਹੋਜ਼ੇ ਕੈਲੀਫੋਰਨੀਆ 3636 ਮੁਰੀਲੋ ਐਵੀਨਿਊ, ਸੈਨਹੋਜ਼ੇ 408-2749373

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ**

**ਸੁਖਰਾਜ ਸਿੰਘ ਸੈਕਰਾਮੈਂਟੋ 916-826-4241, 916-730-8698**

**ਲਖਵੀਰ ਸਿੰਘ ਬੇਕਰਸਫੀਲਡ 661-444-6271**

**ਰਣਜੀਤ ਸਿੰਘ ਫਰਿਜ਼ਨੋ 559-375-9800**

# ਪਾਕਿਸਤਾਨ ਦੇ ਦੌਰੇ ਤੋਂ ਪਰਤੇ ਸ਼੍ਰੋਮਣੀ ਕਮੇਟੀ ਵਫਦ ਨੂੰ ਵੱਡੀਆਂ ਉਮੀਦਾਂ

## ਸੋਧਿਆ ਨਾਨਕਸ਼ਾਹੀ ਕੈਲੰਡਰ ਛੇਤੀ ਲਾਗੂ ਹੋਣ ਦਾ ਦਾਅਵਾ

**ਅੰਮ੍ਰਿਤਸਰ:** ਪਾਕਿਸਤਾਨ ਦੇ ਦੌਰੇ ਤੋਂ ਪਰਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਦਾਅਵਾ ਕੀਤਾ ਹੈ ਕਿ ਛੇਤੀ ਹੀ ਪਾਕਿ ਵਿਚ ਸਮੁੱਚੇ ਤੌਰ 'ਤੇ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਲਾਗੂ ਹੋ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਥੋਂ ਦੀ ਸੰਗਤ ਨੇ ਅਕਾਲ ਤਖ਼ਤ ਦੇ ਹੁਕਮਨਾਮੇ ਮੁਤਾਬਕ ਹਰ ਗੁਰਪੁਰਬ ਤੇ ਦਿਨ ਤਿਉਹਾਰ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਉਣ ਦੀ ਪ੍ਰਵਾਨਗੀ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਲਾਹੌਰ ਵਿਧਾਨ ਸਭਾ ਵਿਚ ਲਹਿੰਦੇ ਪੰਜਾਬ ਦੇ ਮੰਤਰੀਆਂ, ਜਿਨ੍ਹਾਂ ਵਿਚ ਕੈਬਨਿਟ ਮੰਤਰੀ ਰਾਣਾ ਸਨਾਹ ਉਲਾ, ਘੱਟ ਗਿਣਤੀਆਂ ਬਾਰੇ ਮੰਤਰੀ ਖਲੀਲ ਤਾਹਿਰ ਸੰਧੂ, ਕਿਰਤ ਮੰਤਰੀ ਰਾਣਾ ਇਸ਼ਫਾਕ ਸਰਵਰ, ਸੰਸਦੀ ਸਕੱਤਰ ਰਾਣਾ ਮੁਹੰਮਦ ਅਸ਼ਰਫ ਤੇ ਨਦੀਮ ਕਾਮਰਾਨ ਆਦਿ ਨਾਲ ਕੀਤੀ ਮੀਟਿੰਗ ਵਿਚ ਵੱਖ-ਵੱਖ ਸਿੱਖ ਮਾਮਲਿਆਂ 'ਤੇ ਚਰਚਾ ਹੋਈ ਹੈ। ਲਹਿੰਦੇ ਪੰਜਾਬ ਦੇ ਕੈਬਨਿਟ ਮੰਤਰੀ ਰਾਣਾ ਸਨਾਹ ਉਲਾ ਵੱਲੋਂ ਮੁੱਖ ਮੰਤਰੀ ਸ਼ਹਿਬਾਜ਼ ਸ਼ਰੀਫ ਨੂੰ ਸਮੁੱਚੀ ਰਿਪੋਰਟ ਦਿੱਤੀ ਜਾਵੇਗੀ, ਜਿਸ ਦੇ ਆਧਾਰ 'ਤੇ ਅਗਲੀ ਕਾਰਵਾਈ ਹੋਵੇਗੀ।

ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਤੋਂ ਇਲਾਵਾ ਗੁਰਦੁਆਰਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਨੂੰ ਖੁਰਦ-ਬੁਰਦ ਹੋਣ ਤੋਂ ਰੋਕਣਾ, ਯਾਤਰੂਆਂ ਨੂੰ ਵਧੇਰੇ ਵੀਜ਼ੇ ਜਾਰੀ ਕਰਨਾ, ਸ਼੍ਰੋਮਣੀ ਕਮੇਟੀ ਨੂੰ 60 ਫੀਸਦੀ ਕੋਟੇ ਮੁਤਾਬਕ ਵੀਜ਼ੇ ਦੇਣਾ, ਲਾਹੌਰ ਤੇ ਅੰਮ੍ਰਿਤਸਰ ਵਿਚ ਵੀਜ਼ਾ ਕੇਂਦਰ ਸਥਾਪਤ ਕਰਨਾ, ਰਾਗੀ ਤੇ ਗ੍ਰੰਥੀਆਂ ਨੂੰ ਸਾਲ ਭਰ ਦੇ ਬਹੁਮੰਤਵੀ ਵੀਜ਼ੇ ਜਾਰੀ ਕਰਨਾ ਆਦਿ ਮਸਲੇ ਵਿਚਾਰੇ ਗਏ। ਇਸ ਤੋਂ ਇਲਾਵਾ ਉਨ੍ਹਾਂ ਲਾਹੌਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਵਾਸਤੇ ਇਕ ਵੱਡੀ ਸਰਾਂ ਬਣਾਉਣ ਦੀ ਪੇਸ਼ਕਸ਼ ਕੀਤੀ ਹੈ।

ਇਸ ਬਾਰੇ ਉਨ੍ਹਾਂ ਲਹਿੰਦੇ ਪੰਜਾਬ ਦੀ ਸਰਕਾਰ ਨੂੰ ਦੋ ਕਿੱਲੇ ਜ਼ਮੀਨ ਮੁਹੱਈਆ ਕਰਨ ਲਈ ਅਪੀਲ ਕੀਤੀ ਹੈ, ਜਿਸ ਉਪਰ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਖਰਚੇ 'ਤੇ 500 ਕਮਰਿਆਂ ਵਾਲੀ ਅਤਿ ਆਧੁਨਿਕ ਸਰਾਂ ਬਣਾਈ ਜਾਵੇਗੀ ਤਾਂ ਜੋ ਉਥੇ ਜਾਣ ਵਾਲੇ ਸ਼ਰਧਾਲੂਆਂ ਨੂੰ ਰਿਹਾਇਸ਼ ਦੀ ਸਮੱਸਿਆ ਨਾ ਆਵੇ। ਉਨ੍ਹਾਂ ਨੇ ਸਕੂਲ ਕਾਲਜ ਖੋਲ੍ਹਣ ਵਾਸਤੇ ਵੀ ਲੋੜੀਂਦੀ ਥਾਂ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਮੰਤਰੀਆਂ ਨੇ ਭਰੋਸਾ ਦਿੱਤਾ ਕਿ ਇਨ੍ਹਾਂ ਮੰਗਾਂ ਨੂੰ ਮੁੱਖ ਮੰਤਰੀ ਕੋਲ ਰੱਖਣਗੇ ਤੇ ਲਾਗੂ ਕਰਾਉਣਗੇ।

ਨਾਨਕਸ਼ਾਹੀ ਕੈਲੰਡਰ ਬਾਰੇ ਉਨ੍ਹਾਂ ਦੱਸਿਆ ਕਿ ਇਹ ਮਾਮਲਾ ਵੀ ਪਾਕਿਸਤਾਨੀ ਵਜ਼ੀਰਾਂ ਕੋਲ ਰੱਖਿਆ ਗਿਆ ਸੀ, ਜਿਨ੍ਹਾਂ ਨੇ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਦੇ ਚੀਨ ਦੌਰੇ ਤੋਂ ਵਾਪਸ ਪਰਤਣ ਮਗਰੋਂ ਇਸ ਮਸਲੇ ਨੂੰ ਹੱਲ ਕੀਤਾ ਜਾਵੇਗਾ। ਜਥੇਦਾਰ ਅਵਤਾਰ ਸਿੰਘ ਨੇ ਦਾਅਵਾ ਕੀਤਾ ਕਿ ਇਸ ਦੌਰੇ ਦੌਰਾਨ ਉਨ੍ਹਾਂ ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ ਤੇ ਪੇਸ਼ਾਵਰ ਤੇ ਸਿੰਧ ਦੀਆਂ ਸੰਗਤਾਂ ਨਾਲ ਮੀਟਿੰਗਾਂ ਕੀਤੀਆਂ, ਜਿਨ੍ਹਾਂ ਨੇ ਅਕਾਲ ਤਖ਼ਤ ਦੇ ਹੁਕਮਾਂ ਨੂੰ ਮੰਨਦਿਆਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਦਿਨ ਤਿਉਹਾਰ ਤੇ ਗੁਰਪੁਰਬ ਮਨਾਉਣ ਦੀ ਪ੍ਰਵਾਨਗੀ ਦਿੱਤੀ ਹੈ। ਪਾਕਿਸਤਾਨ ਗਏ ਵਫਦ ਵਿਚ ਜਥੇਦਾਰ ਅਵਤਾਰ ਸਿੰਘ ਦੇ ਨਾਲ ਰਜਿੰਦਰ ਸਿੰਘ ਮਹਿਤਾ, ਮੋਹਨ ਸਿੰਘ ਬੰਗੀ, ਨਿਰਮੈਲ ਸਿੰਘ ਜੌਲਾ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਅਟਵਾਲ, ਸਤਬੀਰ ਸਿੰਘ ਤੇ ਰਜਿੰਦਰ ਸਿੰਘ ਰੂਬੀ ਸ਼ਾਮਲ ਸਨ। ਦੱਸਣਯੋਗ ਹੈ ਕਿ ਸਿੱਖ ਆਗੂਆਂ ਦੀ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਹਿਬਾਜ਼ ਸ਼ਰੀਫ ਨਾਲ ਮੁਲਾਕਾਤ ਨਹੀਂ ਹੋ ਸਕੀ ਕਿਉਂਕਿ ਉਹ ਚੀਨ ਦੌਰੇ 'ਤੇ ਗਏ ਹੋਏ ਸਨ। ਸ਼੍ਰੋਮਣੀ ਕਮੇਟੀ ਦਾ ਇਹ ਵਫ਼ਦ ਪਹਿਲੀ ਵਾਰ ਸਰਕਾਰੀ ਸੱਦੇ 'ਤੇ ਪਾਕਿਸਤਾਨ ਗਿਆ ਹੈ।



## ਮਸਲੇ ਦੇ ਛੇਤੀ ਹੱਲ ਦਾ ਭਰੋਸਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਨਾਨਕਸ਼ਾਹੀ ਕੈਲੰਡਰ ਦੀ ਸੋਧ ਨਾ ਤਾਂ ਕਿਸੇ ਦਬਾਅ ਹੇਠ ਤੇ ਨਾ ਹੀ ਕਿਸੇ ਦੇ ਪ੍ਰਭਾਵ ਹੇਠ ਹੋਈ ਹੈ। ਇਸ ਮਸਲੇ ਦਾ ਹੱਲ ਕੱਢਣ ਦੀ ਹਰ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੁਝ ਲੋਕ ਇਸ ਮਸਲੇ ਨੂੰ ਜਾਣਬੁੱਝ ਕੇ ਉਲਝਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸੰਗਤਾਂ ਨੂੰ ਅਜਿਹੇ ਲੋਕਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿੱਖਾਂ ਦਾ ਮਾਮਲਾ ਕੇਂਦਰ ਦੀ ਨਵੀਂ ਸਰਕਾਰ ਕੋਲ ਉਠਾਇਆ ਜਾਵੇਗਾ। ਸਿੰਘ ਸਾਹਿਬ ਨੇ ਦੱਸਿਆ ਕਿ ਸਵਰਗੀ ਬਾਬਾ ਸੇਵਾ ਸਿੰਘ ਤਰਮਾਲਾ ਵੱਲੋਂ ਸਥਾਪਤ ਟਰੱਸਟ ਨੂੰ ਉਨ੍ਹਾਂ ਦੇ ਪੁੱਤਰ ਵੱਲੋਂ ਨਿੱਜੀ ਜਾਇਦਾਦ ਬਣਾਉਣ ਦੀ ਸ਼ਿਕਾਇਤ ਮਿਲੀ ਹੈ, ਜਿਸ 'ਤੇ ਵਿਚਾਰ ਪੰਜ ਸਿੰਘ ਸਾਹਿਬਾਨ ਕਰਨਗੇ।

## ਸ਼੍ਰੋਮਣੀ ਕਮੇਟੀ ਦਾ ਦਾਅਵਾ ਰੱਦ

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਵਿਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ 16 ਜੂਨ ਨੂੰ ਹੀ ਮਨਾਇਆ ਜਾਵੇਗਾ। ਸਾਬਕਾ ਪ੍ਰਧਾਨ ਨੇ ਆਖਿਆ ਕਿ ਪਾਕਿਸਤਾਨ ਵਿਚ ਫਿਲਹਾਲ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਸਾਰੇ ਗੁਰਪੁਰਬ ਮਨਾਏ ਜਾ ਰਹੇ ਹਨ ਤੇ ਭਵਿੱਖ ਵਿਚ ਵੀ ਮਨਾਏ ਜਾਣਗੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਕੀਤੇ ਗਏ ਦਾਅਵੇ ਕਿ ਪਾਕਿਸਤਾਨ ਦੀ ਸਿੱਖ ਸੰਗਤ ਅਕਾਲ ਤਖ਼ਤ ਤੋਂ ਜਾਰੀ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਸਮਰਥਨ ਦੇਵੇਗੀ, ਨੂੰ ਰੱਦ ਕਰਦਿਆਂ ਆਖਿਆ ਕਿ ਸੰਗਤ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਪ੍ਰਵਾਨਗੀ ਦਿੱਤੀ ਹੈ। ਦੂਜੇ ਪਾਸੇ ਖਾਲੜਾ ਮਿਸ਼ਨ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਝਬਾਲ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਵਿਚ ਸ਼ਹੀਦੀ ਗੁਰਪੁਰਬ 16 ਜੂਨ ਨੂੰ ਹੀ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਔਕਾਫ ਬੋਰਡ ਦੇ ਆਗੂਆਂ ਫਰਾਜ ਅੱਬਾਸ ਤੇ ਅਜਹਰ ਫਲੈਹਰੀ ਨੇ ਜਾਣਕਾਰੀ ਦਿੱਤੀ ਹੈ ਕਿ ਸ਼ਹੀਦੀ ਗੁਰਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ ਮਨਾਉਣ ਦੀ ਯੋਜਨਾ ਹੈ ਤੇ ਇਸੇ ਅਨੁਸਾਰ ਹੀ ਸਿੱਖ ਸ਼ਰਧਾਲੂਆਂ ਦੇ ਜਥੇ ਅੱਠ ਤੋਂ 16 ਜੂਨ ਤੱਕ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਆ ਰਹੇ ਹਨ।

# ਤਖਤ ਪਟਨਾ ਸਾਹਿਬ ਦੇ ਜਥੇਦਾਰ ਦਾ ਵਿਵਾਦ ਬਰਕਰਾਰ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਦਾ ਫੈਸਲਾ ਲਟਕ ਗਿਆ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੀ 26 ਮਈ ਨੂੰ ਹੋਣ ਵਾਲੀ ਮੀਟਿੰਗ ਵਿਚ ਇਹ ਫੈਸਲਾ ਹੋਣਾ ਸੀ ਪਰ ਇਹ ਮੀਟਿੰਗ ਮੁਲਤਵੀ ਹੋ ਗਈ। ਇਹ ਨਿਯੁਕਤੀ ਪਹਿਲਾਂ ਥਾਪੇ ਜਾ ਚੁੱਕੇ ਗ੍ਰੰਥੀ ਨੂੰ ਤਰੱਕੀ ਦੇ ਕੇ ਕੀਤੀ ਜਾਣੀ ਸੀ। ਦੂਜੇ ਪਾਸੇ ਅਕਾਲ ਤਖ਼ਤ ਸਕੱਤਰੇਤ ਵੱਲੋਂ ਪੱਤਰ ਭੇਜ ਕੇ ਕਮੇਟੀ ਨੂੰ ਫਿਲਹਾਲ ਕੋਈ ਨਵੀਂ ਨਿਯੁਕਤੀ ਨਾ ਕਰਨ ਲਈ ਕਿਹਾ ਗਿਆ ਹੈ।

ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਨੇ ਦੱਸਿਆ ਕਿ ਮੀਟਿੰਗ ਹੁਣ ਅਗਲੇ ਮਹੀਨੇ ਜੂਨ ਵਿਚ ਹੋਵੇਗੀ। ਨਵੇਂ ਜਥੇਦਾਰ ਦੀ ਨਿਯੁਕਤੀ ਬਾਰੇ ਉਨ੍ਹਾਂ ਕਿਹਾ ਕਿ ਪ੍ਰਬੰਧਕੀ ਕਮੇਟੀ ਨੂੰ ਇਹ ਹੱਕ ਪ੍ਰਾਪਤ ਹੈ ਕਿ ਉਹ ਕਮੇਟੀ ਦੇ ਕੰਮ-ਕਾਰ ਨੂੰ ਬਿਹਤਰ ਤਰੀਕੇ ਨਾਲ ਚਲਾਉਣ ਲਈ ਨਵੀਂ ਨਿਯੁਕਤੀ ਕਰੇ ਤੇ ਇਸ ਵਿਚ ਕਿਸੇ ਨੂੰ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ।

ਸੂਤਰਾਂ ਮੁਤਾਬਕ ਪ੍ਰਬੰਧਕੀ ਕਮੇਟੀ ਦੀ ਮੀਟਿੰਗ ਵਿਚ ਜਿਥੇ ਗਿਆਨੀ ਇਕਬਾਲ ਸਿੰਘ ਦੀ ਬਰਖਾਸਤਗੀ 'ਤੇ ਮੋਹਰ ਲਾਈ ਜਾਵੇਗੀ, ਉਥੇ ਕਿਸੇ ਗ੍ਰੰਥੀ ਨੂੰ ਤਰੱਕੀ ਦੇ ਕੇ ਜਥੇਦਾਰ ਲਾਇਆ ਜਾਵੇਗਾ। ਇਸ ਤੋਂ ਪਹਿਲਾਂ ਪ੍ਰਬੰਧਕੀ ਕਮੇਟੀ ਨੇ ਗਿਆਨੀ ਪ੍ਰਤਾਪ ਸਿੰਘ ਨੂੰ ਵਧੀਕ ਗ੍ਰੰਥੀ ਲਾਇਆ ਸੀ ਤੇ ਹੁਣ ਉਨ੍ਹਾਂ ਨੂੰ ਤਰੱਕੀ ਦੇ ਕੇ ਜਥੇਦਾਰ ਥਾਪਣ ਦੀ ਸੰਭਾਵਨਾ ਹੈ। ਦੱਸਣਯੋਗ ਹੈ ਕਿ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਸੱਤ ਜਨਵਰੀ ਨੂੰ ਮਨਾਏ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਕਾਸ਼ ਪੁਰਬ ਮੌਕੇ ਗਿਆਨੀ ਪ੍ਰਤਾਪ ਸਿੰਘ ਦੀ ਵਧੀਕ ਗ੍ਰੰਥੀ ਵਜੋਂ ਨਿਯੁਕਤੀ ਕੀਤੀ ਸੀ ਜਿਸ ਦਾ ਉਸ ਵੇਲੇ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਵਿਰੋਧ ਕੀਤਾ ਗਿਆ। ਇਸੇ ਵਿਰੋਧ ਕਾਰਨ ਉਥੇ ਦੋ ਧਿਰਾਂ ਵਿਚਾਲੇ ਝੜਪ ਹੋ ਗਈ ਸੀ ਜਿਸ ਵਿਚ ਜਥੇਦਾਰ ਗਿਆਨੀ ਇਕਬਾਲ ਸਿੰਘ ਸਮੇਤ ਉਨ੍ਹਾਂ ਦੇ ਬੇਟੇ ਤੇ ਹੋਰਾਂ ਨੂੰ ਸੱਟਾਂ ਲੱਗੀਆਂ ਸਨ। ਇਹ ਮਾਮਲਾ ਪੁਲਿਸ ਕੋਲ ਪਹੁੰਚ ਗਿਆ ਸੀ। ਹੁਣ ਵੀ ਇਹ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। ਇਸ ਦੌਰਾਨ ਮਾਰਚ ਵਿਚ ਪ੍ਰਬੰਧਕੀ ਕਮੇਟੀ ਨੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਬਰਤਰਫ਼ ਵੀ ਕਰ ਦਿੱਤਾ ਸੀ ਪਰ ਗਿਆਨੀ ਇਕਬਾਲ ਸਿੰਘ ਨੇ ਇਨ੍ਹਾਂ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰਦਿਆਂ ਫੈਸਲੇ ਖਿਲਾਫ ਪਟਨਾ ਹਾਈਕੋਰਟ ਵਿਚ ਚੁਣੌਤੀ ਦਿੱਤੀ ਹੋਈ ਹੈ। ਇਸ ਬਾਰੇ ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਉਹ ਅੱਜ ਵੀ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਹਨ ਤੇ ਆਪਣੀ ਡਿਊਟੀ ਵੀ ਨਿਭਾਅ ਰਹੇ ਹਨ, ਭਵਿੱਖ ਵਿਚ ਵੀ ਨਿਭਾਉਂਦੇ ਰਹਿਣਗੇ।

# ਪਾਵਨ ਬੀੜਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਤਾੜਨਾ

**ਆਨੰਦਪੁਰ ਸਾਹਿਬ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਨੋਟਿਸ ਲੈਂਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਕਿਹਾ ਹੈ ਕਿ ਸ਼ਬਦ ਗੁਰੂ ਦੀ ਬੇਅਦਬੀ ਕਿਸੇ ਵੀ ਸਿੱਖ ਨੂੰ ਬਰਦਾਸ਼ਤ ਨਹੀਂ ਹੈ। ਇਹ ਵਰਤਾਰਾ ਨਾ ਰੁਕਣ 'ਤੇ ਸਿੱਖ ਕੌਮ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ। ਉਨ੍ਹਾਂ ਗੁਰਦੁਆਰਾ ਸ਼ਾਲੀਮਾਰ ਕਲੋਨੀ, ਅੰਬਾਲਾ ਸ਼ਹਿਰ (ਹਰਿਆਣਾ) ਦੇ ਗੁਰਘਰ ਵਿਖੇ ਕਿਸੇ ਸ਼ਰਾਰਤੀ ਅਨਸਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਦੋ ਪਾਵਨ ਸਰੂਪ ਕੱਪੜੇ ਵਿਚ ਲਪੇਟ ਕੇ ਸਰਕਾਰੀ ਕੂੜਾਦਾਨ ਵਿਚ ਸੁੱਟਣ ਦੀ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਖਿਲਾਫ਼ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।

ਗਿਆਨੀ ਮੱਲ ਸਿੰਘ ਨੇ ਪ੍ਰਸ਼ਾਸਨ ਨੂੰ ਆਖਿਆ ਕਿ ਛੇਤੀ ਤੋਂ ਛੇਤੀ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਇਸ ਬਾਰੇ ਸਿੱਖ ਸੰਗਤ ਨੂੰ ਵੀ ਸੁਚੇਤ ਰਹਿਣ ਲਈ ਕਿਹਾ ਤਾਂ ਕਿ ਅਜਿਹੀ ਘਟਨਾ ਮੁੜ ਨਾ ਵਾਪਰੇ।

ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸੁੰਦਰੀਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਯਤਨ ਵਿੱਢੇ ਗਏ ਹਨ। ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਵੱਲੋਂ ਬਣਵਾਏ ਪੰਜ ਇਤਿਹਾਸਕ ਕਿਲ੍ਹਿਆਂ ਦਾ ਨਵੀਨੀਕਰਨ ਪੁਰਾਤਨ ਦਿੱਖ ਅਨੁਸਾਰ ਕੀਤਾ ਜਾ ਰਿਹਾ ਹੈ। ਅਕਾਲ ਤਖ਼ਤ ਵਾਂਗ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅੰਦਰ ਵੀ ਸੋਨੇ ਦੀ ਮੀਨਾਕਾਰੀ ਕਰਵਾਈ ਜਾ ਰਹੀ ਹੈ ਜਿਸ ਦੀ ਸੇਵਾ ਬਾਬਾ ਮਹਿੰਦਰ ਸਿੰਘ ਨਿਸ਼ਕਾਮ ਸੇਵਾ ਵਾਲੇ ਕਰ ਰਹੇ ਹਨ। ਇਹ ਕਾਰਜ ਛੇਤੀ ਮੁਕੰਮਲ ਕਰ ਲਿਆ ਜਾਵੇਗਾ।

# ਹਰਿਮੰਦਰ ਸਾਹਿਬ ਦੁਆਲੇ ਵਿਰਾਸਤ ਲੋਪ ਹੋਣ ਦਾ ਖਦਸ਼ਾ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਕੇਂਦਰ ਦੀ 55 ਕਰੋੜ ਰੁਪਏ ਦੀ ਯੋਜਨਾ ਨਾਲ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਰਸਤਿਆਂ ਨੂੰ ਵਿਰਾਸਤੀ ਦਿੱਖ ਦੇਣ ਦੇ ਉਪਰਾਲਿਆਂ 'ਤੇ ਵਿਰਾਸਤ ਪ੍ਰੇਮੀਆਂ ਤੇ ਵਿਰਾਸਤ ਦੀ ਸਾਂਭ ਸੰਭਾਲ ਕਰਨ ਵਾਲੇ ਮਾਹਰਾਂ ਨੇ ਸਵਾਲ ਚੁੱਕੇ ਹਨ ਤੇ ਅਜਿਹਾ ਕਰਨ ਨਾਲ ਬਚੀ ਖੁਚੀ ਵਿਰਾਸਤ ਵੀ ਲੋਪ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਹੈ।

ਇਸ ਯੋਜਨਾ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਲਈ ਨਗਰ ਨਿਗਮ ਵੱਲੋਂ ਜ਼ੋਰ ਸ਼ੋਰ ਨਾਲ ਯਤਨ ਸ਼ੁਰੂ ਕੀਤੇ ਜਾ ਰਹੇ ਹਨ। ਇਸ ਬਾਰੇ ਹਾਲ ਬਾਜ਼ਾਰ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਦੇ ਰਸਤੇ ਵਿਚ ਆਉਂਦੀਆਂ ਦੁਕਾਨਾਂ ਤੇ ਘਰਾਂ ਦੇ ਮਾਲਕਾਂ ਕੋਲੋਂ 'ਕੋਈ ਇਤਰਾਜ਼ ਨਹੀਂ' ਬਾਰੇ ਦਸਤਾਵੇਜ਼ ਲਏ ਜਾ ਰਹੇ ਹਨ। ਹਾਲ ਬਾਜ਼ਾਰ ਦੇ ਦੁਕਾਨਦਾਰਾਂ ਦੀ ਜਥੇਬੰਦੀ ਨੇ ਖੁਦ ਵੀ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਦੂਜੇ ਪਾਸੇ ਵਿਰਾਸਤ ਪ੍ਰੇਮੀ ਇਸ ਯੋਜਨਾ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਹੇ ਹਨ ਕਿ ਇਸ ਨਾਲ ਵਿਰਾਸਤ ਖ਼ਤਮ ਨਾ ਹੋ ਜਾਵੇ। ਸ਼੍ਰੋਮਣੀ ਕਮੇਟੀ ਦੀ ਸਾਬਕਾ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਸਮੁੱਚੇ ਰਸਤੇ ਨੂੰ ਇਕਸਾਰ ਦਿੱਖ ਦੇਣ ਦੀ ਥਾਂ ਸਰਕਾਰ ਨੂੰ ਚਾਹੀਦਾ ਹੈ ਕਿ ਮੌਜੂਦਾ ਵਿਰਾਸਤੀ ਇਮਾਰਤਾਂ ਦੀ ਪੁਰਾਤਨ ਦਿੱਖ ਦੀ ਸਾਂਭ ਸੰਭਾਲ ਕਰਦਿਆਂ ਇਨ੍ਹਾਂ ਨੂੰ ਕਾਇਮ ਰੱਖਿਆ ਜਾਵੇ। ਨਵੀਆਂ ਇਮਾਰਤਾਂ ਨੂੰ ਵੀ ਵਿਰਾਸਤੀ ਦਿੱਖ ਦਿੱਤੀ ਜਾਵੇ। ਇਸ ਰਾਹ ਨੂੰ ਇਕ ਸਾਰ ਨਵੀਂ ਦਿੱਖ ਦੇਣ ਨਾਲ ਸ਼ਹਿਰ ਦਾ ਪੁਰਾਤਨ ਸਰੂਪ ਪ੍ਰਭਾਵਿਤ ਹੋਵੇਗਾ।



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੇ ਅਧਿਆਪਕ ਤੇ ਵਿਰਾਸਤੀ ਸਾਂਭ ਸੰਭਾਲ ਦੇ ਮਾਹਰ ਡਾ. ਬਲਵਿੰਦਰ ਸਿੰਘ ਨੇ ਆਖਿਆ ਕਿ ਸਰਕਾਰ ਨੂੰ ਇਸ ਯੋਜਨਾ ਨੂੰ ਅਮਲ ਵਿਚ ਲਿਆਉਣ ਸਮੇਂ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਤੇ ਵਿਰਾਸਤ ਦੀ ਸਾਂਭ ਸੰਭਾਲ ਬਾਰੇ ਮਾਹਰਾਂ ਦੀ ਮੱਦਦ ਲੈਣੀ ਚਾਹੀਦੀ ਹੈ। ਇਸ ਕੰਮ ਨੂੰ ਕਰਨ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਸ਼ਹਿਰ ਦੀ ਪੁਰਾਤਨ ਚਾਰਦੀਵਾਰੀ ਦਾ ਸਰੂਪ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਾ ਹੋਵੇ। ਅਜਿਹੀ ਯੋਜਨਾ ਨੂੰ ਅਮਲ ਵਿਚ ਲਿਆਉਣ ਤੋਂ ਪਹਿਲਾਂ ਇਥੇ ਮੌਜੂਦ ਪੁਰਾਤਨ ਇਮਾਰਤਾਂ ਤੇ ਉਨ੍ਹਾਂ ਦੇ ਸਰੂਪ ਦੀ ਫੋਟੋਗਰਾਫੀ ਤੇ ਵੀਡਿਓਗ੍ਰਾਫੀ ਕਰਕੇ ਇਸ ਨੂੰ ਦਸਤਾਵੇਜ਼ੀ ਰੂਪ ਵਿਚ ਸੰਭਾਲ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸ਼ਿਮਲਾ ਵਾਂਗ ਇਥੇ ਵੀ ਸ਼ਹਿਰ ਦੇ ਪੁਰਾਤਨ ਸਰੂਪ ਦੀ ਸਾਂਭ ਸੰਭਾਲ ਤੇ ਉਸ ਨੂੰ ਕਾਇਮ ਰੱਖਣ ਲਈ ਸਲਾਹਕਾਰ ਬੋਰਡ ਸਥਾਪਤ ਹੋਣਾ ਚਾਹੀਦਾ ਹੈ।

ਨਗਰ ਨਿਗਮ ਦੇ ਕਮਿਸ਼ਨਰ ਡੀ.ਪੀ.ਐਸ. ਖਰਬੰਦਾ ਨੇ ਆਖਿਆ ਕਿ ਇਸ ਯੋਜਨਾ ਤਹਿਤ ਰਾਹ ਵਿਚ ਆਉਂਦੀਆਂ ਇਮਾਰਤਾਂ ਦੇ ਪੁਰਾਤਨ ਸਰੂਪ ਨਾਲ ਕੋਈ ਛੇੜਛਾੜ ਨਹੀਂ ਕੀਤੀ ਜਾਵੇਗੀ। ਇਸ ਬਾਰੇ ਪਹਿਲਾਂ ਹੀ ਹਦਾਇਤ ਕੀਤੀ ਜਾ ਚੁੱਕੀ ਹੈ। ਇਹ ਰਸਤੇ ਵਿਚ ਆਉਂਦੀਆਂ ਦੁਕਾਨਾਂ ਆਦਿ ਇਮਾਰਤਾਂ ਨੂੰ ਇਕਸਾਰ ਦਿੱਖ ਦੇਣ ਦੀ ਯੋਜਨਾ ਹੈ ਪਰ ਇਸ ਯੋਜਨਾ ਤਹਿਤ ਰਾਹ ਵਿਚ ਆਉਂਦੀਆਂ ਇਮਾਰਤਾਂ ਨੂੰ ਹਰ ਸੂਰਤ ਵਿਚ ਕਾਇਮ ਰੱਖਿਆ ਜਾਵੇਗਾ।

## ਵਿਰਾਸਤ ਬਣਾਈ ਨਹੀਂ ਸਗੋਂ ਬਚਾਈ ਜਾਂਦੀ ਹੈ: ਚਾਵਲਾ

ਭਾਜਪਾ ਦੀ ਸੀਨੀਅਰ ਆਗੂ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੇ ਇਹ ਕਹਿ ਕੇ ਯੋਜਨਾ 'ਤੇ ਪ੍ਰਸ਼ਨ ਚਿੰਨ੍ਹ ਲਾਇਆ ਹੈ ਕਿ ਵਿਰਾਸਤ ਬਣਾਈ ਨਹੀਂ ਜਾਂਦੀ ਸਗੋਂ ਬਚਾਈ ਜਾਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਸਰਕਾਰ ਪੁਰਾਣੀਆਂ ਇਮਾਰਤਾਂ ਨੂੰ ਵਿਰਾਸਤੀ ਦਿੱਖ ਦੇਣ ਲਈ ਇਨ੍ਹਾਂ ਦਾ ਸਰੂਪ ਬਦਲਣਾ ਚਾਹੁੰਦੀ ਹੈ। ਇਸ ਨਾਲ ਵਿਰਾਸਤ ਕਾਇਮ ਹੋਵੇਗੀ ਜਾਂ ਬਦਲੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਕੁਝ ਇਮਾਰਤਾਂ ਢਹਿ ਢੇਰੀ ਹੋ ਚੁੱਕੀਆਂ ਹਨ, ਜਿਸ ਨਾਲ ਵਿਰਾਸਤੀ ਰੂਪ ਖ਼ਤਮ ਹੁੰਦਾ ਜਾ ਰਿਹਾ ਹੈ। ਕਈ ਥਾਵਾਂ 'ਤੇ ਲੋਕਾਂ ਨੇ ਦੁਕਾਨਾਂ ਤੇ ਘਰਾਂ ਦੇ ਪੁਰਾਤਨ ਸਰੂਪ ਵੀ ਬਦਲ ਦਿੱਤੇ ਹਨ। ਸਰਕਾਰ ਲੋਕਾਂ ਨੂੰ ਸਪੱਸ਼ਟ ਕਰੇ ਕਿ ਉਹ ਕਿਸ ਵਿਰਾਸਤ ਨੂੰ ਬਚਾਉਣਾ ਚਾਹੁੰਦੀ ਹੈ।



# ਥਾਈਲੈਂਡ ਵਿਚ ਰਾਜਪਲਟੇ ਪਿੱਛੋਂ ਸੁਖਾਵੇਂ ਹਾਲਾਤ ਲਈ ਜੱਦੋਜਹਿਦ

**ਬੈਂਕਾਕ:** ਥਾਈਲੈਂਡ ਵਿਚ ਰਾਜਪਲਟੇ ਤੋਂ ਬਾਅਦ ਹਾਲਾਤ ਸਾਵੇਂ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਥਲ ਸੈਨਾ ਦੇ ਮੁਖੀ ਜਨਰਲ ਪ੍ਰਾਯੂਥ ਚਾਨ-ਓਚਾ ਨੇ ਲੋਕਤੰਤਰ ਦੀ ਬਹਾਲੀ ਨੂੰ ਲੈ ਕੇ ਸੜਕਾਂ 'ਤੇ ਉਤਰੇ ਪ੍ਰਦਰਸ਼ਨਕਾਰੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅਮਨ ਬਹਾਲੀ ਲਈ ਉਠਾਏ ਕਦਮਾਂ ਦਾ ਵਿਰੋਧ ਨਾ ਕਰਨ, ਨਹੀਂ ਤਾਂ ਸਖ਼ਤੀ ਨਾਲ ਨਿਪਟਿਆ ਜਾਵੇਗਾ। ਉਨ੍ਹਾਂ ਦਰਜਨਾਂ ਆਗੂਆਂ, ਜਿਨ੍ਹਾਂ ਵਿਚੋਂ ਬਹੁਤੇ ਬਰਖ਼ਾਸਤ ਸਰਕਾਰ ਨਾਲ ਸਬੰਧਤ ਹਨ, ਦੀ ਗ੍ਰਿਫ਼ਤਾਰੀ ਨੂੰ ਜਾਇਜ਼ ਠਹਿਰਾਇਆ।

ਉਨ੍ਹਾਂ ਦਾਅਵੇ ਨਾਲ ਕਿਹਾ ਕਿ ਚੁੱਕੇ ਗਏ ਸਖ਼ਤ ਕਦਮ ਕੁਝ ਦਿਨਾਂ ਲਈ ਹਨ, ਬਾਅਦ ਵਿਚ ਹਾਲਾਤ ਆਮ ਵਰਗੇ ਹੋ ਜਾਣਗੇ। ਗੱਦੀਓਂ ਲਾਹੀ ਪ੍ਰਧਾਨ ਮੰਤਰੀ ਯਿੰਗਲਕ ਸ਼ਿਨਾਵਰਤਾ ਨੂੰ ਛੇਤੀ ਰਿਹਾਅ ਕਰ ਦਿੱਤਾ ਜਾਵੇਗਾ। ਉਸ ਨੂੰ ਦੁਬਾਰਾ ਸੋਚਣ ਦਾ ਮੌਕਾ ਮਿਲੇਗਾ। ਜਿਹੜੇ ਆਗੂ ਗ੍ਰਿਫ਼ਤਾਰ ਕੀਤੇ ਗਏ ਹਨ, ਉਨ੍ਹਾਂ ਉੱਪਰ ਅਪਰਾਧਿਕ ਦੋਸ਼ ਆਇਦ ਕਰਨ ਦੀ ਪ੍ਰਕਿਰਿਆ ਭਲਕੇ ਸ਼ੁਰੂ ਹੋ ਜਾਵੇਗੀ। ਉਪ ਫ਼ੌਜੀ ਬੁਲਾਰੇ ਕਰਨਲ ਵਿਨਥਾਈ ਸੁਵਾਰੀ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਨਰਲ ਨੇ ਆਮ ਲੋਕਾਂ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਫ਼ੌਜ ਖ਼ਿਲਾਫ਼ ਪ੍ਰਦਰਸ਼ਨਾਂ ਵਿਚ ਹਿੱਸਾ ਲੈਣ ਤੋਂ ਗੁਰੇਜ਼ ਕਰਨ, ਕਿਉਂਕਿ ਇਸ ਸਮੇਂ ਆਮ ਲੋਕਤੰਤਰੀ ਸਿਧਾਂਤ ਅਮਲ ਵਿਚ ਨਹੀਂ ਲਿਆਂਦੇ ਜਾ ਸਕਦੇ। ਫ਼ੌਜ ਨੇ ਤਕਰੀਬਨ ਇਕ ਹਜ਼ਾਰ ਪ੍ਰਦਰਸ਼ਨਕਾਰੀ ਗ੍ਰਿਫ਼ਤਾਰ ਕੀਤੇ ਗਏ ਸਨ।




ਉਧਰ ਅਮਰੀਕਾ ਨੇ ਰਾਜ ਪਲਟੇ ਦੀ ਨਿਖੇਧੀ ਕਰਦਿਆਂ ਥਾਈਲੈਂਡ ਨੂੰ ਦਿੱਤੀ ਜਾਂਦੀ ਫ਼ੌਜੀ ਸਹਾਇਤਾ ਰੋਕ ਦਿੱਤੀ ਹੈ। ਗ੍ਰਹਿ ਵਿਭਾਗ ਦੀ ਉਪ ਤਰਜਮਾਨ ਮੈਰੀ ਹਰਫ ਨੇ ਕਿਹਾ ਕਿ ਥਾਈਲੈਂਡ ਦੀ ਸਾਰੀ ਸਹਾਇਤਾ ਵਿਚ ਕੋਈ ਕਟੌਤੀ ਨਹੀਂ ਕੀਤੀ ਗਈ ਹੈ। ਅਮਰੀਕਾ ਦੇ ਫੌਜ ਮੁਖੀ ਜਨਰਲ ਰੈਮੰਡ ਟੀ ਓਡੀਅਰਨੋ ਨੇ ਹਮਰੁਤਬਾ ਜਨਰਲ ਪ੍ਰਯੁਥ ਚਾਨ ਓ ਚਾ ਨਾਲ ਗੱਲਬਾਤ ਕੀਤੀ ਤੇ ਦੇਸ਼ ਵਿਚ ਲੋਕਤੰਤਰ ਦਾ ਸ਼ਾਸਨ ਬਹਾਲ ਕਰਨ ਲਈ ਕਿਹਾ। ਗ੍ਰਹਿ ਵਿਭਾਗ ਨੇ ਅਮਰੀਕੀ ਨਾਗਰਿਕਾਂ ਨੂੰ ਬੈਂਕਾਕ ਜਾਣ ਤੋਂ ਵਰਜਿਆ ਹੈ। ਫੌਜ ਦੇ ਬੁਲਾਰੇ ਕਰਨਲ ਵਿਨਥਾਈ ਸੁਵਾਰੀ ਨੇ ਕਿਹਾ ਕਿ ਥਾਈਲੈਂਡ ਦੇ ਸਿਆਸੀ ਸੰਘਰਸ਼ ਵਿਚ ਸ਼ਮੂਲੀਅਤ ਨੂੰ ਲੈ ਕੇ ਜ਼ਿੰਮੇਵਾਰੀ ਤੈਅ ਹੋਣ ਤੱਕ ਇਹ ਆਗੂ ਹਿਰਾਸਤ ਵਿਚ ਰਹਿਣਗੇ। ਫੌਜ ਵੱਲੋਂ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਦਾ ਰਾਜਧਾਨੀ ਵਿਚ ਵਿਰੋਧ ਹੋਰ ਵਧਦਾ ਜਾ ਰਿਹਾ ਹੈ। ਫੌਜ ਮੁਖੀ ਪ੍ਰਯੁਥ ਚਾਨ ਓ ਚਾ ਦਾ ਕਹਿਣਾ ਹੈ ਕਿ ਚੋਣਾਂ ਕਰਾਉਣ ਤੋਂ ਪਹਿਲਾਂ ਮੁਲਕ ਵਿਚ ਅਮਨੋ ਅਮਾਨ ਕਾਇਮ ਹੋਣਾ ਚਾਹੀਦਾ ਹੈ।

## ਅਸੀਂ ਲੋਕਾਂ ਦਾ ਗੁੱਸਾ ਸਮਝ ਨਹੀਂ ਸਕੇ: ਸੋਨੀਆ ਗਾਂਧੀ

**ਨਵੀਂ ਦਿੱਲੀ:** ਸੀ.ਪੀ.ਪੀ. ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਮੰਨਿਆ ਕਿ ਵਿਆਪਕ ਪੱਧਰ 'ਤੇ ਲੋਕਾਂ ਅੰਦਰ ਪਾਏ ਜਾ ਰਹੇ ਗੁੱਸੇ ਨੂੰ ਭਾਂਪਣ ਵਿਚ ਉਹ ਨਾਕਾਮ ਰਹੇ ਤੇ ਇਸ ਭਾਰੀ ਝਟਕੇ ਤੋਂ ਵਿਅਕਤੀਗਤ ਤੇ ਸਮੂਹਕ ਤੌਰ 'ਤੇ ਢੁਕਵੇਂ ਸਬਕ ਲੈਣ ਦੀ ਲੋੜ ਹੈ।ਇਸ ਤੋਂ ਪਹਿਲਾਂ ਸੋਨੀਆ ਗਾਂਧੀ ਨੂੰ ਕਾਂਗਰਸ ਪਾਰਲੀਮਾਨੀ ਪਾਰਟੀ (ਸੀ.ਪੀ.ਪੀ) ਦੀ ਮੁੜ ਚੇਅਰਪਰਸਨ ਚੁਣ ਲਿਆ ਗਿਆ।

ਉਨ੍ਹਾਂ ਸੀ.ਪੀ.ਪੀ ਵੱਲੋਂ ਪਾਸ ਕੀਤੇ ਗਏ ਇਕ ਮਤੇ ਵਿਚ ਪਾਰਟੀ ਨੂੰ ਅਗਾਂਹਵਧੂ ਤੇ ਧਰਮ ਨਿਰਪੱਖ ਤਾਕਤਾਂ ਕੋਲ ਪਹੁੰਚ ਕਰਕੇ ਵਿਰੋਧੀ ਧਿਰ ਨੂੰ ਇਕਮੁੱਠ ਕਰਨ ਤੇ ਪਾਰਟੀ ਵੱਲੋਂ ਹੋਰਨਾਂ ਹਮਖਿਆਲ ਪਾਰਟੀਆਂ ਨੂੰ ਇਸ ਸਬੰਧ ਵਿਚ ਸਹਿਯੋਗ ਦੇਣ ਦੀ ਯਕੀਨਦਹਾਨੀ ਕਰਾਉਣ ਦਾ ਸੱਦਾ ਦਿੱਤਾ। ਸੋਨੀਆ ਗਾਂਧੀ 1998 ਤੋਂ ਹੁਣ ਤੱਕ ਲਗਾਤਾਰ ਪੰਜਵੀਂ ਵਾਰ ਸੀ.ਪੀ.ਪੀ ਦੀ ਚੇਅਰਪਰਸਨ ਚੁਣੀ ਗਈ ਹੈ ਤੇ ਉਨ੍ਹਾਂ ਪਾਰਟੀ ਆਗੂਆਂ ਨੂੰ ਜਨਤਕ ਤੌਰ 'ਤੇ ਭੜਾਸ ਕੱਢਣ ਤੋਂ ਗੁਰੇਜ਼ ਕਰਨ ਦੀ ਨਸੀਹਤ ਦਿੰਦਿਆਂ ਕਿਹਾ ਕਿ ਪਾਰਟੀ ਦੀ ਸ਼ਕਤੀ ਤੇ ਕਮਜ਼ੋਰੀਆਂ ਬਾਰੇ ਉਨ੍ਹਾਂ ਦੇ ਵਿਚਾਰ ਤੇ ਤਜਰਬੇ ਤੋਂ ਹੀ ਪਾਰਟੀ ਸਹੀ ਸਬਕ ਲੈ ਕੇ ਦੁਬਾਰਾ ਲੀਹ 'ਤੇ ਆ ਸਕਦੀ ਹੈ।

## ਭਾਰਤੀ ਸੈਨਿਕਾਂ ਦਾ ਸੰਯੁਕਤ ਰਾਸ਼ਟਰ ਮੈਡਲ ਨਾਲ ਸਨਮਾਨ

**ਸੰਯੁਕਤ ਰਾਸ਼ਟਰ:** ਪਿਛਲੇ ਸਾਲ ਸੰਯੁਕਤ ਰਾਸ਼ਟਰ ਦੇ ਅਮਨ ਮਿਸ਼ਨਾਂ ਵਿਚ ਜਾਨਾਂ ਦੇਣ ਵਾਲੇ ਅੱਠ ਭਾਰਤੀ ਸੈਨਿਕਾਂ ਨੂੰ ਸੰਯੁਕਤ ਰਾਸ਼ਟਰ ਦੇ ਵੱਕਾਰੀ ਮੈਡਲਾਂ ਨਾਲ ਸਨਮਾਨਤ ਕੀਤਾ ਜਾਵੇਗਾ। ਡਿਊਟੀ ਦੌਰਾਨ ਜਾਨ ਦੇ ਕੇ ਬਹਾਦਰੀ ਦੀ ਮਿਸਾਲ ਪੈਦਾ ਕਰਨ ਵਾਲੇ ਕੁੱਲ 106 ਫ਼ੌਜੀ, ਪੁਲਿਸ ਤੇ ਆਮ ਨਾਗਰਿਕਾਂ ਨੂੰ ਇਹ ਮੈਡਲ ਦਿੱਤੇ ਜਾਣੇ ਹਨ। 'ਦਿ ਡੈਗ ਹੈਮਰਸਕਜੋਲਡ' ਮੈਡਲ ਦਾ ਨਾਂਅ ਸੰਯੁਕਤ ਰਾਸ਼ਟਰ ਦੇ ਦੂਜੇ ਸਕੱਤਰ ਜਨਰਲ ਦੇ ਨਾਂਅ 'ਤੇ ਰੱਖਿਆ ਗਿਆ ਹੈ। ਭਾਰਤੀ ਅਮਨ ਸੈਨਿਕਾਂ ਵਿਚ ਲੈਫਟੀਨੈਂਟ ਕਰਨਲ ਮਹੀਪਾਲ ਸਿੰਘ, ਲਾਂਸ ਨਾਇਕ ਨੰਦ ਕਿਸ਼ੋਰ ਜੋਸ਼ੀ, ਹਵਲਦਾਰ ਹੀਰਾ ਲਾਲ, ਨਾਇਬ ਸੂਬੇਦਾਰ ਸ਼ਿਵ ਕੁਮਾਰ ਪਾਲ ਤੇ ਹਵਲਦਾਰ ਭਾਰਤ ਸਾਸਮਲ ਸ਼ਾਮਲ ਹਨ, ਜੋ ਸੰਯੁਕਤ ਰਾਸ਼ਟਰ ਦੇ ਦੱਖਣੀ ਸੁਡਾਨ ਵਿਚਲੇ ਸ਼ਾਂਤੀ ਮਿਸ਼ਨਾਂ ਵਿਚ ਪਿਛਲੇ ਸਾਲ ਅਪਰੈਲ ਵਿਚ ਮਾਰੇ ਗਏ ਸਨ। ਸੂਬੇਦਾਰ ਧਰਮੇਸ਼ ਸਾਂਗਵਾਨ ਤੇ ਸੂਬੇਦਾਰ ਕੁਮਾਰ ਪਾਲ ਸਿੰਘ, ਪਿਛਲੇ ਸਾਲ ਦਸੰਬਰ ਵਿਚ ਅਕੋਬੋ ਵਿਚ ਇਕ ਹਮਲੇ ਵਿਚ ਮਾਰੇ ਗਏ ਸਨ। ਡੈਮੋਕਰੇਟਿਕ ਰੀਪਬਲਿਕ ਆਫ਼ ਕਾਂਗੋ ਵਿਚ ਸੰਯੁਕਤ ਰਾਸ਼ਟਰ ਦੇ ਮਿਸ਼ਨ ਤਹਿਤ ਤਾਇਨਾਤ ਸਿਪਾਹੀ ਰਾਮੇਸ਼ਵਰ ਸਿੰਘ ਦੀ ਫਰਵਰੀ 2013 ਵਿਚ ਹਮਲੇ ਵਿਚ ਜਾਨ ਚਲੀ ਗਈ ਸੀ।

ਲੋੜ ਹੈ

ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਸਟੋਰ ਲਈ ਅੰਗਰੇਜ਼ੀ ਬੋਲਣ ਵਾਲੇ ਕੈਸ਼ੀਅਰ ਅਤੇ ਸੁਪਰਵਾਈਜ਼ਰ ਦੀ ਤੁਰੰਤ ਲੋੜ ਹੈ

ਸੰਪਰਕ ਕਰੋ
661-364-0341

## ਛੋਟੀ ਉਮਰੇ ਐਵਰੇਸਟ 'ਤੇ ਚੜ੍ਹਨ ਦਾ ਰਿਕਾਰਡ ਭਾਰਤੀ ਕੁੜੀ ਦੇ ਨਾਂ

**ਹੈਦਰਾਬਾਦ:** ਭਾਰਤ ਦੀ 13 ਸਾਲਾ ਲੜਕੀ ਮਾਲਵਥ ਪੂਰਨਾ ਮਾਊਂਟ ਐਵਰੇਸਟ 'ਤੇ ਚੜ੍ਹਨ ਵਾਲੇ ਸਭ ਤੋਂ ਛੋਟੀ ਉਮਰ ਦੀ ਪਰਬਤਆਰੋਹੀ ਬਣੀ ਹੈ।

ਪੂਰਨਾ ਆਂਧਰਾ ਪ੍ਰਦੇਸ਼ ਦੀ ਹੈ ਤੇ ਉਸ ਦੇ ਨਾਲ ਆਂਧਰਾ ਪ੍ਰਦੇਸ਼ ਦੇ ਖਮਾਮ ਜ਼ਿਲ੍ਹੇ ਦੀ ਨੌਵੀਂ ਦੀ ਵਿਦਿਆਰਥਣ ਸਾਧਨਾਪੱਲੀ ਆਨੰਦ (16) ਵੀ ਸੀ। ਦੋਵਾਂ ਨੇ 25 ਮਈ ਸਵੇਰ ਨੂੰ ਇਹ ਉਪਲਬਧੀ ਹਾਸਲ ਕੀਤੀ। ਪੂਰਨਾ ਤੇ ਆਨੰਦ ਦੋਵੇਂ ਆਂਧਰਾ ਪ੍ਰਦੇਸ਼ ਸਮਾਜ ਕਲਿਆਣ ਸਿਖਲਾਈ ਸੰਸਥਾ ਦੀਆਂ ਵਿਦਿਆਰਥਣਾਂ ਹਨ। ਦੋਵਾਂ ਨੇ 52 ਦਿਨ ਦੀ ਲੰਬੀ ਯਾਤਰਾ ਦੇ ਬਾਅਦ ਮਾਊਂਟ ਐਵਰੇਸਟ 'ਤੇ ਚੜ੍ਹਨ ਵਿਚ ਸਫਲਤਾ ਹਾਸਲ ਕੀਤੀ।

ਪੰਜਾਬੀ ਰੇਡੀਓ ਯੂ.ਐਸ.ਏ
Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash Grand Opening
- 8 Drive Tires For $3300 Kelly KDA
- Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਰੋਹ 'ਚ ਆਏ ਸਿੱਖ ਪਾਕਿਸਤਾਨ ਦੀ ਅਸੈਂਬਲੀ ਅੰਦਰ ਵੜੇ

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ



**ਇਸਲਾਮਾਬਾਦ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਰੋਹ ਵਿਚ ਆਏ ਦਰਜਨਾਂ ਸਿੱਖ ਪਾਕਿਸਤਾਨ ਦੇ ਪਾਰਲੀਮੈਂਟ ਕੰਪਲੈਕਸ ਵਿਚ ਦਾਖਲ ਹੋ ਗਏ। ਪਿਛਲੇ ਕਈ ਸਾਲਾਂ ਤੋਂ ਆਪਣੇ ਧਾਰਮਿਕ ਗ੍ਰੰਥ ਦੀ ਬੇਅਦਬੀ ਦੀਆਂ ਘਟਨਾਵਾਂ ਤੋਂ ਉਹ ਬਹੁਤ ਰੋਹ ਵਿਚ ਸਨ।

ਰੋਹ ਵਿਚ ਆਏ ਪ੍ਰਦਰਸ਼ਨਕਾਰੀ ਕਹਿ ਰਹੇ ਸਨ ਕਿ ਅਕਸਰ ਉਨ੍ਹਾਂ ਦੀਆਂ ਧਾਰਮਿਕ ਪੁਸਤਕਾਂ ਤੇ ਗ੍ਰੰਥਾਂ ਦੀ ਬੇਅਦਬੀ ਕੀਤੀ ਜਾਂਦੀ ਹੈ। ਉਨ੍ਹਾਂ ਨੇ ਬੇਅਦਬੀ ਕਰਨ ਵਾਲਿਆਂ ਵਿਰੁੱਧ ਕੁਫਰ ਵਿਰੋਧੀ ਕਾਨੂੰਨ ਦੇ ਵਾਂਗ ਹੀ ਸਿੱਖਾਂ ਦੇ ਧਾਰਮਿਕ ਗ੍ਰੰਥਾਂ ਬਾਰੇ ਕਾਨੂੰਨ ਬਣਾਏ ਜਾਣ ਦੀ ਮੰਗ ਕੀਤੀ। ਉਨ੍ਹਾਂ ਦਾਅਵਾ ਕੀਤਾ ਪਿਛਲੇ ਕੁਝ ਸਾਲਾਂ ਵਿਚ ਉਨ੍ਹਾਂ ਦੇ ਧਰਮ ਦੀ ਸੱਤ ਵਾਰ ਤੌਹੀਨ ਕੀਤੀ ਗਈ। ਹਾਲੀਆ ਘਟਨਾ ਸਿੰਧ ਸੂਬੇ ਦੇ ਮੀਰਪੁਰ ਮਠੇਲੋ ਦੀ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਹੋਈ।

ਪਾਕਿਸਤਾਨ ਵਿਚ ਤਕਰੀਬਨ 20,000 ਸਿੱਖ ਵੱਸਦੇ ਹਨ। ਸੱਤਾਧਾਰੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ ਨਵਾਜ਼ ਦੇ ਮੈਂਬਰ ਪਾਰਲੀਮੈਂਟ ਜ਼ਫ਼ਰ ਅਲੀ ਸ਼ਾਹ ਦੀ ਅਗਵਾਈ ਵਿਚ ਸੱਤ ਮੈਂਬਰੀ ਟੀਮ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਇਸ ਕੰਪਲੈਕਸ ਵਿਚੋਂ ਬਾਹਰ ਜਾਣ ਲਈ ਮਨਾਇਆ। ਇਸ ਟੀਮ ਵਿਚ ਘੱਟ ਗਿਣਤੀਆਂ ਦੇ ਤਿੰਨ ਪਾਰਲੀਮਾਨੀ ਮੈਂਬਰ ਵੀ ਸਨ। ਸ਼ਾਹ ਨੇ ਘਟਨਾ ਮਗਰੋਂ ਮੀਡੀਆ ਨੂੰ ਦੱਸਿਆ ਕਿ ਸਿੱਖਾਂ ਨੇ ਉਨ੍ਹਾਂ ਨੂੰ ਸੁਣਿਆ ਤੇ ਹਾਲੇ ਮੰਨ ਗਏ ਤੇ ਸ਼ਾਂਤਮਈ ਢੰਗ ਨਾਲ ਉਥੋਂ ਚਲੇ ਗਏ। ਇਸ ਕਰਕੇ ਉਹ ਉਨ੍ਹਾਂ ਦੇ ਧੰਨਵਾਦੀ ਹਨ।

ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮੁੱਢਲੀ ਜਾਂਚ ਮੁਤਾਬਕ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਵਰਕਰਾਂ ਨਾਲ ਸਿੱਖ ਪਾਰਲੀਮਾਨੀ ਕੰਪਲੈਕਸ ਦੇ ਰੈੱਡ ਜ਼ੋਨ ਵਿਚ ਦਾਖਲ ਹੋ ਗਏ। ਤਹਿਰੀਕ ਦੇ ਵਰਕਰ ਪਿਛਲੇ ਸਾਲ ਹੋਈਆਂ ਚੋਣਾਂ ਵਿਚ ਧਾਂਦਲੀ ਨੂੰ ਲੈ ਕੇ ਹਰ ਸ਼ੁੱਕਰਵਾਰ ਚੋਣ ਕਮਿਸ਼ਨ ਦੇ ਅੱਗੇ ਧਰਨਾ ਦਿੰਦੇ ਹਨ। ਰਾਜਧਾਨੀ ਦੇ ਅਤਿ ਸੁਰੱਖਿਆ ਵਾਲੇ ਖੇਤਰ ਵਿਚ ਵੜਨ ਮਗਰੋਂ ਸਿੱਖ ਪਾਰਲੀਮਾਨੀ ਇਮਾਰਤ ਦੇ ਗੇਟ ਤੱਕ ਪੁੱਜ ਗਏ ਤੇ ਵਿਸ਼ਾਲ ਕੰਪਲੈਕਸ ਵਿਚ ਜਾ ਵੜਨ ਤੋਂ ਪਹਿਲਾਂ (ਗੇਟ ਅੱਗੇ) ਸੰਖੇਪ ਜਿਹਾ ਧਰਨਾ ਦਿੱਤਾ। ਸੰਸਦ ਵਿਚ ਜਦੋਂ ਸਿੱਖਾਂ ਨੇ ਬੈਨਰ ਲਹਿਰਾਏ ਤੇ ਨਾਅਰੇ ਲਾਏ ਤਾਂ ਪੁਲਿਸ ਹੈਰਾਨ ਰਹਿ ਗਈ।

ਸਰਕਾਰ ਨੇ ਸਿੱਖਾਂ ਦੀਆਂ ਇਨ੍ਹਾਂ ਸ਼ਿਕਾਇਤਾਂ ਦੇ ਨਿਬੇੜੇ ਲਈ 13 ਮੈਂਬਰੀ ਕਮੇਟੀ ਵੀ ਬਣਾ ਦਿੱਤੀ ਹੈ। ਇਹ ਪਹਿਲੀ ਵਾਰ ਹੈ ਕਿ ਕੋਈ ਰੋਸ ਪ੍ਰਦਰਸ਼ਨਕਾਰੀ ਪਾਰਲੀਮੈਂਟ ਵਿਚ ਜਾ ਵੜੇ ਹੋਣ। ਨੈਸ਼ਨਲ ਅਸੈਂਬਲੀ ਦੇ ਡਿਪਟੀ ਸਪੀਕਰ ਮੁਰਤਜ਼ਾ ਜਾਵੇਦ ਨੇ ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਆਈ.ਜੀ.ਪੀ ਇਸਲਾਮਾਬਾਦ ਨੂੰ ਤਲਬ ਕਰ ਲਿਆ। ਉਨ੍ਹਾਂ ਕਿਹਾ ਕਿ ਇਹ ਘਟਨਾ ਪੁਲਿਸ ਦੀ ਅਣਗਹਿਲੀ ਦਾ ਪ੍ਰਮਾਣ ਹੈ।

## ਸਿੱਖਸ ਫਾਰ ਜਸਟਿਸ ਵੱਲੋਂ ਕਾਂਗਰਸ ਖਿਲਾਫ ਖਾਰਜ ਕੇਸ ਨੂੰ ਚੁਣੌਤੀ

**ਨਿਊ ਯਾਰਕ:** ਸਿੱਖਸ ਫਾਰ ਜਸਟਿਸ ਨੇ ਕਾਂਗਰਸ ਪਾਰਟੀ ਖ਼ਿਲਾਫ਼ 1984 ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਨੂੰ ਖ਼ਾਰਜ ਕੀਤੇ ਜਾਣ ਨੂੰ ਚੁਣੌਤੀ ਦਿੱਤੀ ਹੈ। ਸਿੱਖ ਜਥੇਬੰਦੀ ਨੇ ਦਾਅਵਾ ਕੀਤਾ ਹੈ ਕਿ ਇਸ ਕੇਸ ਦਾ ਅਮਰੀਕਾ ਨਾਲ ਸਰੋਕਾਰ ਹੈ। ਸਿੱਖਸ ਫਾਰ ਜਸਟਿਸ ਵੱਲੋਂ ਅਪੀਲ ਅਦਾਲਤ ਵਿਚ ਪਾਈ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਨੂੰ ਸਿੱਖ ਭਾਈਚਾਰੇ ਵੱਲੋਂ ਇਸ ਕੇਸ ਦੀ ਸੁਣਵਾਈ ਕਰਨੀ ਚਾਹੀਦੀ ਹੈ।

ਅਮਰੀਕੀ ਜ਼ਿਲ੍ਹਾ ਅਦਾਲਤ ਨੇ ਪਿਛਲੇ ਮਹੀਨੇ ਸਿੱਖ ਜਥੇਬੰਦੀ ਦੇ ਕੇਸ ਨੂੰ ਖਾਰਜ ਕਰ ਦਿੱਤਾ ਸੀ। ਜੱਜ ਰਾਬਰਟ ਸਵੀਟ ਨੇ ਕਿਹਾ ਸੀ ਕਿ ਇਸ ਮਾਮਲੇ ਦੇ ਅਮਰੀਕਾ ਨਾਲ ਸਰੋਕਾਰ ਬਾਰੇ ਜਥੇਬੰਦੀ ਕੋਈ ਢੁੱਕਵਾਂ ਜਵਾਬ ਨਹੀਂ ਦੇ ਸਕੀ ਸੀ। ਸਿੱਖਸ ਫਾਰ ਜਸਟਿਸ ਵੱਲੋਂ ਪਾਈ ਪਟੀਸ਼ਨ 'ਤੇ ਪ੍ਰਤੀਕ੍ਰਮ ਦਿੰਦਿਆਂ ਕਾਂਗਰਸ ਦੇ ਅਟਾਰਨੀ ਰਵੀ ਬੱਤਰਾ ਨੇ ਕਿਹਾ ਕਿ ਉਹ ਅਪੀਲ ਅਦਾਲਤ ਵਿਚ ਸੁਣਵਾਈ ਦੌਰਾਨ ਦੱਸਣਗੇ ਕਿ ਸਾਰੇ ਕਾਨੂੰਨਾਂ ਦੀ ਪਾਲਣਾ ਕਰਦਿਆਂ ਇਨਸਾਫ਼ ਹੋ ਚੁੱਕਿਆ ਹੈ। ਇਸੇ ਕਰਕੇ ਸਵੀਟ ਨੇ ਕੇਸ ਨੂੰ ਖਾਰਜ ਕਰਨ ਦੇ ਹੁਕਮ ਦਿੱਤੇ ਸਨ।

# ਬਠਿੰਡਾ ਅਦਾਲਤ ਵੱਲੋਂ ਡੇਰਾ ਮੁਖੀ ਤਲਬ



**ਬਠਿੰਡਾ:** ਜ਼ਿਲ੍ਹਾ ਅਦਾਲਤ ਨੇ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਨੂੰ ਹੁਣ ਅੱਠ ਅਗਸਤ ਨੂੰ ਅਦਾਲਤ ਵਿਚ ਜ਼ਾਤੀ ਤੌਰ 'ਤੇ ਪੇਸ਼ ਹੋਣ ਦਾ ਹੁਕਮ ਸੁਣਾਇਆ ਹੈ। ਵੋਟਾਂ ਪੈਣ ਮਗਰੋਂ ਤਿੰਨ ਮਈ ਨੂੰ ਅਦਾਲਤ ਵਿਚ ਇਸ ਮਾਮਲੇ 'ਤੇ ਬਹਿਸ ਹੋਈ ਸੀ। ਜ਼ਿਲ੍ਹਾ ਅਦਾਲਤ ਵੱਲੋਂ ਤਲਬ ਕੀਤੇ ਜਾਣ ਮਗਰੋਂ ਡੇਰਾ ਮੁਖੀ ਦੀਆਂ ਮੁਸ਼ਕਲਾਂ ਫਿਰ ਵਧ ਗਈਆਂ ਹਨ। ਮੁਦਈ ਧਿਰ ਨੇ ਡੇਰਾ ਮੁਖੀ ਦੀ ਹਾਜ਼ਰੀ ਦੇ ਫ਼ੈਸਲੇ 'ਤੇ ਜ਼ਿਲ੍ਹਾ ਅਦਾਲਤੀ ਕੰਪਲੈਕਸ ਦੇ ਬਾਹਰ ਲੱਡੂ ਵੰਡੇ।

ਫ਼ੈਸਲਾ ਸੁਣਾਏ ਜਾਣ ਸਮੇਂ ਡੇਰਾ ਸਿਰਸਾ ਦੇ ਸੀਨੀਅਰ ਐਡਵੋਕੇਟ ਐਸ.ਕੇ ਗਰਗ ਤੇ ਕੇਵਲ ਸਿੰਘ ਬਰਾੜ ਅਦਾਲਤ ਵਿਚ ਹਾਜ਼ਰ ਸਨ। ਸਿੱਖ ਧਿਰਾਂ ਤਰਫ਼ੋਂ ਮੁਦਈ ਰਜਿੰਦਰ ਸਿੱਧੂ, ਹਰਪਾਲ ਸਿੰਘ ਮੰਝਪੁਰ ਤੇ ਬਾਬਾ ਹਰਦੀਪ ਸਿੰਘ ਤੇ ਹੋਰ ਹਾਜ਼ਰ ਸਨ। ਇਸ ਤੋਂ ਪਹਿਲਾਂ ਵੀ ਅਦਾਲਤੀ ਹੁਕਮਾਂ 'ਤੇ ਛੇ ਅਪਰੈਲ 2013 ਨੂੰ ਡੇਰਾ ਮੁਖੀ ਨੇ ਬਠਿੰਡਾ ਅਦਾਲਤ ਵਿਚ ਪੇਸ਼ ਹੋਣਾ ਸੀ ਪਰ ਉਸ ਤੋਂ ਪਹਿਲਾਂ ਪੁਲਿਸ ਨੇ ਸੁਰੱਖਿਆ ਦਾ ਮਸਲਾ ਅਦਾਲਤ ਵਿਚ ਪੇਸ਼ ਕਰ ਦਿੱਤਾ ਜਿਸ ਕਰਕੇ ਚੀਫ਼ ਜੁਡੀਸ਼ਲ ਮੈਜਿਸਟਰੇਟ ਨੇ ਤਿੰਨ ਅਪਰੈਲ 2013 ਨੂੰ ਹੀ ਡੇਰਾ ਮੁਖੀ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇ ਦਿੱਤੀ ਸੀ।

ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕੁਝ ਸਮਾਂ ਪਹਿਲਾਂ ਇਸ ਕੇਸ ਨੂੰ ਜ਼ਿਲ੍ਹਾ ਅਦਾਲਤ ਵਿਚ ਭੇਜਿਆ ਗਿਆ ਸੀ। ਅਦਾਲਤੀ ਹੁਕਮਾਂ ਮਗਰੋਂ ਇਹ ਵੀ ਸਾਫ ਹੋ ਗਿਆ ਹੈ ਕਿ ਡੇਰਾ ਮੁਖੀ ਖ਼ਿਲਾਫ਼ ਕੇਸ ਚੱਲੇਗਾ। ਦੱਸਣਯੋਗ ਹੈ ਕਿ ਥਾਣਾ ਕੋਤਵਾਲੀ ਵਿਚ ਡੇਰਾ ਮੁਖੀ 'ਤੇ 20 ਮਈ 2007 ਨੂੰ ਧਾਰਾ 295 ਏ ਤਹਿਤ ਪੁਲਿਸ ਕੇਸ ਦਰਜ ਹੋਇਆ ਸੀ। ਬਠਿੰਡਾ ਪੁਲਿਸ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਸ ਕੇਸ ਨੂੰ ਖ਼ਤਮ ਕਰਨ ਵਾਸਤੇ ਕੈਂਸਲੇਸ਼ਨ ਰਿਪੋਰਟ ਭਰ ਦਿੱਤੀ ਸੀ। ਚੋਣਾਂ ਮਗਰੋਂ ਹੀ ਮੁਦਈ ਨੇ ਇਸ ਰਿਪੋਰਟ ਨੂੰ ਚੁਣੌਤੀ ਦਿੱਤੀ ਸੀ।

# ਢੱਟ ਪਰਿਵਾਰ ਵੱਲੋਂ ਹਾਈ ਕੋਰਟ ਜਾਣ ਦਾ ਫੈਸਲਾ

**ਚੰਡੀਗੜ੍ਹ:** ਕੁਲਜੀਤ ਸਿੰਘ ਢੱਟ ਕਤਲ ਕੇਸ ਦੇ ਦੋਸ਼ੀਆਂ ਨੂੰ ਵੱਧ ਸਜ਼ਾ ਦਿਵਾਉਣ ਲਈ ਉਸ ਦੇ ਪਰਿਵਾਰ ਨੇ ਹੇਠਲੀ ਅਦਾਲਤ ਦੇ ਫੈਸਲੇ ਵਿਰੁੱਧ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਕੁੰਡਾ ਖੜਕਾਉਣ ਦਾ ਐਲਾਨ ਕੀਤਾ ਹੈ। ਢੱਟ ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਕੁਲਜੀਤ ਸਿੰਘ ਢੱਟ ਦਾ ਕਤਲ ਕਰਨ ਵਾਲੇ ਪੰਜਾਬ ਪੁਲਿਸ ਅਧਿਕਾਰੀਆਂ ਨੂੰ 25 ਸਾਲਾਂ ਬਾਅਦ ਵੀ ਘੱਟ ਸਜ਼ਾ ਦੇਣ ਕਾਰਨ ਉਨ੍ਹਾਂ ਨੂੰ ਬਣਦਾ ਇਨਸਾਫ ਨਹੀਂ ਮਿਲਿਆ ਹੈ।

ਦੱਸਣਯੋਗ ਹੈ ਕਿ ਪਿਛਲੇ ਦਿਨੀਂ ਹੁਸ਼ਿਆਰਪੁਰ ਦੀ ਅਦਾਲਤ ਨੇ ਢੱਟ ਕਤਲ ਕੇਸ ਵਿਚ ਪੰਜਾਬ ਪੁਲਿਸ ਦੇ ਪੰਜ ਅਧਿਕਾਰੀਆਂ ਨੂੰ 5-5 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਇਥੇ ਸ਼ਹੀਦ ਭਗਤ ਸਿੰਘ ਦੀ ਭੈਣ ਦੇ ਜਵਾਈ ਤੇ ਮ੍ਰਿਤਕ ਕੁਲਜੀਤ ਸਿੰਘ ਢੱਟ ਦੇ ਵੱਡੇ ਭਰਾ ਹਰਭਜਨ ਸਿੰਘ ਢੱਟ, ਉਨ੍ਹਾਂ ਦੀ ਪਤਨੀ ਤੇ ਸ਼ਹੀਦ ਭਗਤ ਸਿੰਘ ਦੀ ਭੈਣ ਦੀ ਧੀ ਗੁਰਜੀਤ ਕੌਰ, ਕੁਲਜੀਤ ਸਿੰਘ ਢੱਟ ਦੀ ਪਤਨੀ ਗੁਰਮੀਤ ਕੌਰ ਤੇ ਉਨ੍ਹਾਂ ਦੇ ਐਨ.ਆਰ.ਆਈ. ਪੁੱਤਰ ਗੁਰਬੀਰ ਸਿੰਘ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੁਲਜੀਤ ਸਿੰਘ ਦੇ ਕਤਲ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਲੜੀ 25 ਸਾਲ ਲੰਮੀ ਲੜਾਈ ਫਿਲਹਾਲ ਪੂਰੀ ਨਹੀਂ ਹੋਈ ਹੈ।

ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੀ ਅਦਾਲਤ ਵੱਲੋਂ ਪੰਜ ਪੁਲਿਸ ਅਧਿਕਾਰੀਆਂ ਨੂੰ 5-5 ਸਾਲ ਦੀ ਕੈਦ ਜੁਰਮ ਮੁਤਾਬਕ ਬਹੁਤ ਘੱਟ ਸਜ਼ਾ ਦਿੱਤੀ ਗਈ ਹੈ।

ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਪੰਜਾਬ ਪੁਲਿਸ ਦੇ ਪੰਜ ਅਧਿਕਾਰੀਆਂ ਐਸ.ਪੀ.ਐਸ ਬਸਰਾ, ਜਸਪਾਲ ਸਿੰਘ, ਸਰਦੂਲ ਸਿੰਘ ਤੇ ਸੀਤਾ ਰਾਮ ਨੂੰ 5-5 ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਸ ਮਾਮਲੇ ਦੇ ਮੁਲਜ਼ਮ ਪੁਲਿਸ ਅਧਿਕਾਰੀ ਅਜੀਤ ਸਿੰਘ ਸੰਧੂ ਦੀ ਬਹੁਤ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ। ਹਰਭਜਨ ਸਿੰਘ ਢੱਟ ਨੇ ਦੱਸਿਆ ਕਿ ਉਨ੍ਹਾਂ ਦੇ ਛੋਟੇ ਭਰਾ ਕੁਲਜੀਤ ਸਿੰਘ ਢੱਟ ਜਦੋਂ ਚੜ੍ਹਦੀ ਉਮਰ ਵਿਚ ਸਨ ਤਾਂ ਪੰਜਾਬ ਪੁਲਿਸ ਨੇ ਉਸ ਨੂੰ ਚੁੱਕ ਕੇ ਕਤਲ ਕਰ ਦਿੱਤਾ ਸੀ। ਕੁਲਜੀਤ ਸਿੰਘ ਨੂੰ ਪੁਲਿਸ ਨੇ 23 ਜਨਵਰੀ 1989 ਨੂੰ ਚੁੱਕਿਆ ਸੀ। ਉਨ੍ਹਾਂ ਨੇ ਸਤੰਬਰ 1989 ਵਿਚ ਇਨਸਾਫ ਲਈ ਸੁਪਰੀਮ ਕੋਰਟ ਵਿਚ ਗੁਹਾਰ ਲਾਈ ਸੀ। ਮਾਰਚ 1990 ਵਿਚ ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਪੜਤਾਲ ਲਈ ਨਿਆਇਕ ਕਮਿਸ਼ਨ ਸਥਾਪਤ ਕੀਤਾ ਸੀ।

# ਮੋਦੀ ਦੀ ਖਾਸ ਆਨੰਦੀਬੇਨ ਬਣੀ ਗੁਜਰਾਤ ਦੀ ਮੁੱਖ ਮੰਤਰੀ



**ਗਾਂਧੀਨਗਰ:** ਆਨੰਦੀਬੇਨ (73 ਸਾਲ) ਨੇ ਗੁਜਰਾਤ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ।ਉਨ੍ਹਾਂ ਦੇ 21 ਮੈਂਬਰੀ ਮੰਤਰੀ ਮੰਡਲ ਵਿਚ ਚਾਰ ਨਵੇਂ ਚਿਹਰੇ ਵੀ ਸ਼ਾਮਲ ਕੀਤੇ ਗਏ ਹਨ। ਇਸ ਸਮਾਰੋਹ ਵਿਚ ਪੰਜਾਬ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।

ਮੰਤਰੀ ਮੰਡਲ ਵਿਚ ਛੇ ਕੈਬਨਿਟ ਤੇ 14 ਰਾਜ ਮੰਤਰੀ ਹਨ। ਉਨ੍ਹਾਂ ਨੂੰ ਰਾਜਪਾਲ ਕਮਲਾ ਬੇਨੀਵਾਲ ਨੇ ਅਹੁਦੇ ਦੀ ਸਹੁੰ ਚੁਕਾਈ। ਇਸ ਤੋਂ ਪਹਿਲਾਂ ਗੁਜਰਾਤ ਵਿਚ ਮੋਦੀ ਸਰਕਾਰ ਦਾ ਮੰਤਰੀ ਮੰਡਲ 23-ਮੈਂਬਰੀ ਸੀ। ਦੋ ਰਾਜ ਮੰਤਰੀ ਲੀਲਾਧਰ ਵਘੇਲਾ ਤੇ ਜਸਵੰਤ ਸਿੰਹ ਬਭੋਰ ਲੋਕ ਸਭਾ ਲਈ ਚੁਣੇ ਜਾ ਚੁੱਕੇ ਹਨ। ਆਨੰਦੀਬੇਨ ਪਹਿਲਾਂ ਅਧਿਆਪਕਾ ਰਹਿ ਚੁੱਕੀ ਹੈ। ਉਹ ਗੁਜਰਾਤ ਦੇ ਮੰਤਰੀ ਮੰਡਲ ਵਿਚ ਲੰਬਾ ਸਮਾਂ ਮੰਤਰੀ ਰਹੀ ਹੈ। ਉਸ ਕੋਲ ਮਾਲ, ਸ਼ਹਿਰੀ ਵਿਕਾਸ ਤੇ ਕੁਦਰਤੀ ਆਫਤਾਂ ਪ੍ਰਬੰਧਨ ਵਿਭਾਗ ਸੀ। ਇਸ ਤੋਂ ਪਹਿਲਾਂ ਗੁਜਰਾਤ ਭਾਜਪਾ ਦੇ ਵਿਧਾਇਕ ਦਲ ਦੀ ਮੀਟਿੰਗ ਹੋਈ ਜਿਸ ਵਿਚ ਆਨੰਦੀਬੇਨ ਨੂੰ ਆਪਣੀ ਨੇਤਾ ਚੁਣ ਲਿਆ ਗਿਆ ਸੀ। ਉਹ ਮੋਦੀ ਸਰਕਾਰ ਦੌਰਾਨ ਸਭ ਤੋਂ ਵੱਧ ਵਿਸ਼ਵਾਸ ਪਾਤਰਾ, ਸਖਤ ਮਿਹਨਤੀ ਤੇ ਉਤਮ ਪ੍ਰਬੰਧਕ ਵਜੋਂ ਆਪਣੀ ਸਾਖ ਬਣਾ ਚੁੱਕੀ ਸੀ।

# ਵਲੈਤ ਵਿਚ ਦੂਜੀ ਵਾਰ ਕੌਂਸਲਰ ਬਣੀ ਫਾਜ਼ਿਲਕਾ ਦੀ ਅੰਤਰੀਵ

**ਚੰਡੀਗੜ੍ਹ:** ਭਾਰਤੀ ਮੂਲ ਦੀ ਇਕ 22 ਸਾਲਾ ਮੁਟਿਆਰ ਅੰਤਰੀਵ ਢਿੱਲੋਂ ਨੇ ਇੰਗਲੈਂਡ ਦੇ ਸ਼ਹਿਰ ਸਲੋਹ ਬਾਰੋਅ ਦੀਆਂ ਕੌਂਸਲ ਚੋਣਾਂ ਵਿਚ ਚੋਣ ਜਿੱਤ ਕੇ ਕੀਰਤੀਮਾਨ ਸਥਾਪਤ ਕੀਤਾ ਹੈ। ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਮੁਰਾਦਵਾਲਾ ਦਲ ਸਿੰਘ ਦੀ ਅੰਤਰੀਵ ਢਿੱਲੋਂ ਦੇ ਇਸ ਕੀਰਤੀਮਾਨ 'ਤੇ ਪਿੰਡ ਦੇ ਲੋਕ ਬੇਹੱਦ ਖੁਸ਼ ਹਨ। ਅੰਤਰੀਵ ਢਿੱਲੋਂ ਨੂੰ ਇੰਗਲੈਂਡ ਦੀ ਸਭ ਤੋਂ ਘੱਟ ਉਮਰ ਦੀ ਕੌਂਸਲਰ ਹੋਣ ਦਾ ਮਾਣ ਵੀ ਹਾਸਲ ਹੋਇਆ ਹੈ।ਜ਼ਿਕਰਯੋਗ ਹੈ ਕਿ ਉਸ ਨੇ ਇਹ ਚੋਣ ਲੇਬਰ ਪਾਰਟੀ ਵੱਲੋਂ ਲੜੀ ਤੇ ਉਸ ਦਾ ਮੁਕਾਬਲਾ 13 ਉਮੀਦਵਾਰਾਂ ਨਾਲ ਰਿਹਾ। ਖਾਸ ਗੱਲ ਇਹ ਸੀ ਕਿ ਜਿਸ ਹਲਕੇ ਤੋਂ ਉਸ ਨੇ ਦੁਬਾਰਾ ਚੋਣ ਜਿੱਤੀ, ਉਸ ਵਿਚ ਭਾਰਤੀ ਮੂਲ ਦੇ ਵੋਟਰਾਂ ਦੀ ਗਿਣਤੀ ਗੋਰੇ ਵੋਟਰਾਂ ਦੇ ਮੁਕਾਬਲੇ ਬਹੁਤ ਘੱਟ ਹੈ। ਢਿੱਲੋਂ ਉਥੇ ਇਕ ਬੈਂਕ ਵਿਚ ਬਤੌਰ ਮੈਨੇਜਰ ਨੌਕਰੀ ਕਰਦੀ ਹੈ ਤੇ ਉਸ ਦੇ ਪਿਤਾ ਦਰਸ਼ਨ ਸਿੰਘ ਢਿੱਲੋਂ ਪੰਜਾਬੀ ਦੇ ਉੱਘੇ ਸਾਹਿਤਕਾਰ ਹਨ। ਅੰਤਰੀਵ ਨੂੰ ਸਿਆਸਤ ਦੀ ਗੁੜ੍ਹਤੀ ਆਪਣੇ ਪਿਤਾ ਦਰਸ਼ਨ ਸਿੰਘ ਢਿੱਲੋਂ ਤੋਂ ਮਿਲੀ ਹੈ, ਜਿਹੜੇ ਕਿ ਇਸ ਹਲਕੇ ਤੋਂ ਪਹਿਲੇ ਏਸ਼ੀਆ ਮੂਲ ਦੇ ਕੌਂਸਲਰ ਰਹੇ ਹਨ।

# ਸ਼ਾਜ਼ੀਆ ਤੇ ਗੋਪੀਨਾਥ ਵੱਲੋਂ 'ਆਪ' ਨੂੰ ਅਲਵਿਦਾ






**ਨਵੀਂ ਦਿੱਲੀ:** ਅਰਵਿੰਦ ਕੇਜਰੀਵਾਲ ਦੀ 'ਜੇਲ੍ਹ ਰਾਜਨੀਤੀ' ਨਾਲ ਮਤਭੇਦ ਜ਼ਾਹਰ ਕਰਦਿਆਂ ਸ਼ਾਜ਼ੀਆ ਇਲਮੀ ਤੇ ਜੀ.ਆਰ. ਗੋਪੀਨਾਥ ਨੇ ਆਮ ਆਦਮੀ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪਾਰਟੀ ਦੇ ਮੋਢੀ ਮੈਂਬਰਾਂ ਵਿਚੋਂ ਇਕ ਇਲਮੀ ਨੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਕੇਜਰੀਵਾਲ ਦੁਆਲੇ ਸਰਗਰਮ ਜੁੰਡਲੀ ਹੀ ਸਾਰੇ ਫੈਸਲੇ ਕਰਦੀ ਹੈ।

ਭਾਰਤ ਵਿਚ ਸਸਤੇ ਹਵਾਈ ਸਫ਼ਰ ਦਾ ਮੁੱਢ ਬੰਨ੍ਹਣ ਵਾਲੇ ਗੋਪੀਨਾਥ ਇਸ ਸਾਲ ਜਨਵਰੀ ਵਿਚ ਪਾਰਟੀ ਵਿਚ ਸ਼ਾਮਲ ਹੋਏ ਸਨ ਤੇ ਉਨ੍ਹਾਂ ਨਿਤਿਨ ਗਡਕਰੀ ਦੇ ਮਾਣਹਾਨੀ ਕੇਸ ਵਿਚ ਕੇਜਰੀਵਾਲ ਵੱਲੋਂ ਨਿੱਜੀ ਮੁਚੱਲਕਾ ਨਾ ਭਰਨ ਦੀ ਦਲੀਲ 'ਤੇ ਕਿੰਤੂ ਕੀਤਾ। ਇਲਮੀ ਨੇ ਨਵੀਂ ਦਿੱਲੀ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਕਾਫੀ ਸੋਚ ਵਿਚਾਰ ਤੋਂ ਬਾਅਦ ਉਸ ਨੇ ਆਪ ਦੀ ਮੈਂਬਰਸ਼ਿਪ ਛੱਡਣ ਤੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ। ਇਲਾਮੀ ਗਾਜ਼ੀਆਬਾਦ ਲੋਕ ਸਭਾ ਸੀਟ ਤੋਂ ਹਾਰ ਗਈ ਸੀ। ਉਸ ਨੇ ਕਿਹਾ ਕਿ ਮੇਰਾ ਪੱਕਾ ਵਿਚਾਰ ਹੈ ਕਿ ਸਾਨੂੰ ਜੇਲ੍ਹ ਅੱਗੇ ਧਰਨਾ ਦੇਣ ਦੀ ਬਜਾਏ ਬੌਂਡ ਭਰ ਕੇ ਜ਼ਮਾਨਤ ਲੈਣੀ ਚਾਹੀਦੀ ਸੀ ਤੇ ਲੋਕਾਂ ਨੂੰ ਵਾਪਸ ਜਾ ਕੇ ਮਿਲਣਾ ਚਾਹੀਦਾ ਸੀ। ਆਮ ਆਦਮੀ ਪਾਰਟੀ ਦੇ ਕਰਨਾਟਕ ਕਨਵੀਨਰ ਪ੍ਰਿਥਵੀ ਰੈਡੀ ਨੂੰ ਭੇਜੇ ਪੱਤਰ ਵਿਚ ਗੋਪੀਨਾਥ ਨੇ ਕਿਹਾ ਕਿ ਲੀਡਰਸ਼ਿਪ ਨਾਲ ਮਤਭੇਦ ਵਧਣ ਕਾਰਨ ਉਨ੍ਹਾਂ ਪਾਰਟੀ ਤੋਂ ਅਸਤੀਫਾ ਦਿੱਤਾ ਹੈ।

# ਭਾਰਤ ਨੂੰ ਹੈਲੀਕਾਪਟਰ ਸੌਦੇ ਦੀ ਬੈਂਕ ਜ਼ਾਮਨੀ ਲੈਣ ਦੀ ਮਿਲੀ ਇਜਾਜ਼ਤ

**ਨਵੀਂ ਦਿੱਲੀ:** ਇਕ ਇਤਾਲਵੀ ਅਦਾਲਤ ਨੇ ਭਾਰਤ ਨੂੰ ਅਗਸਤਾ-ਵੈਸਟਲੈਂਡ ਕੰਪਨੀ ਵੱਲੋਂ ਉਥੋਂ ਦੀ ਇਕ ਬੈਂਕ ਵਿਚ ਜਮ੍ਹਾਂ ਕਰਾਈ 1818 ਕਰੋੜ ਰੁਪਏ ਦੀ ਜ਼ਾਮਨੀ ਭੁਨਾਉਣ ਦੀ ਆਗਿਆ ਦੇ ਦਿੱਤੀ ਹੈ। ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਇਸ ਕੰਪਨੀ ਦਾ ਵੀ.ਵੀ.ਆਈ.ਪੀ ਹੈਲੀਕਾਪਟਰ ਸੌਦਾ ਰੱਦ ਕਰ ਦਿੱਤਾ ਗਿਆ ਸੀ। ਅਗਸਤਾ-ਵੈਸਟਲੈਂਡ ਦੀ ਮੂਲ ਕੰਪਨੀ ਫਿਨਮੈਕੈਨਿਕ ਨੇ ਇਕ ਬਿਆਨ ਵਿਚ ਦੱਸਿਆ ਕਿ ਮਿਲਾਨ ਦੀ ਅਦਾਲਤ ਨੇ ਭਾਰਤੀ ਰੱਖਿਆ ਮੰਤਰਾਲੇ ਵੱਲੋਂ ਦਾਇਰ ਸ਼ਿਕਾਇਤ ਅੰਸ਼ਕ ਤੌਰ 'ਤੇ ਸਹੀ ਕਰਾਰ ਦੇ ਦਿੱਤੀ ਹੈ ਤੇ ਲੰਘੇ 17 ਮਾਰਚ ਨੂੰ ਇਕ ਜੱਜ ਦੇ ਫੈਸਲੇ ਨੂੰ ਖਾਰਜ ਕਰ ਦਿੱਤਾ ਹੈ। ਅਗਸਤਾ ਵੈਸਟਲੈਂਡ ਨੇ ਕਰਾਰ ਬਾਰੇ ਜਮ੍ਹਾਂ ਕਰਵਾਈ ਜ਼ਾਮਨੀ ਵਿਚੋਂ 1818 ਕਰੋੜ ਰੁਪਏ ਦੀ ਬੈਂਕ ਜ਼ਾਮਨੀ ਭੁਨਾਉਣ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਗਿਆ ਸੀ। ਕੁੱਲ ਬੈਂਕ ਜ਼ਾਮਨੀ 2217 ਕਰੋੜ ਰੁਪਏ ਸੀ। 12 ਏਡਬਲਿਊ 101 ਵੀ.ਵੀ.ਆਈ.ਪੀ ਹੈਲੀਕਾਪਟਰ ਸਪਲਾਈ ਕਰਨ ਦਾ ਕਰਾਰ ਇਸ ਸਾਲ ਪਹਿਲੀ ਜਨਵਰੀ ਨੂੰ ਰੱਦ ਕਰ ਦਿੱਤਾ ਗਿਆ ਸੀ। ਭਾਰਤੀ ਬੈਂਕਾਂ ਵਿਚ ਜਮ੍ਹਾਂ ਕਰਵਾਈ ਗਈ ਜ਼ਾਮਨੀ ਭੁਨਾ ਲਈ ਗਈ ਸੀ ਪਰ ਇਤਾਲਵੀ ਅਦਾਲਤ ਨੇ ਉਸ ਦੋਸ਼ ਵਿਚ ਜਮ੍ਹਾਂ ਬੈਂਕ ਜ਼ਾਮਨੀ ਭੁਨਾਉਣ ਦੇ ਅਮਲ 'ਤੇ ਰੋਕ ਲਗਾ ਦਿੱਤੀ ਸੀ।

# ਭਗਵੰਤ ਮਾਨ ਨਾਲ ਹਾਸ ਬਿਲਾਸ



***ਹਾਸਿਆਂ ਵਾਲਾ ਕਲਾਕਾਰ ਭਗਵੰਤ ਮਾਨ ਲੋਕਾਂ ਨੂੰ ਹਸਾਉਂਦਾ-ਹਸਾਉਂਦਾ ਭਾਰਤ ਦੀ ਪਾਰਲੀਮੈਂਟ ਵਿਚ ਜਾ ਵੜਿਆ ਹੈ। ਸਿਆਸਤ ਵਿਚ ਉਸ ਦਾ ਦਾਖਲਾ ਲੋਕ-ਸਰੋਕਾਰਾਂ ਨਾਲ ਜੁੜਿਆ ਹੋਇਆ ਸੀ। ਉਹ ਸੱਤਾ ਹਾਸਲ ਕਰਨ ਲਈ ਨਹੀਂ, ਸਗੋਂ ਸੱਤਾ ਨੂੰ ਵੰਗਾਰਨ ਲਈ ਸਿਆਸੀ ਪਿੜ ਵਿਚ ਕੁੱਦਿਆ ਸੀ। ਆਪਣੇ ਇਸ ਫੈਸਲੇ ਕਾਰਨ ਉਸ ਨੂੰ ਬੜਾ ਕੁਝ ਛੱਡਣਾ ਪਿਆ ਪਰ ਲੋਕਾਂ ਨੇ ਜਿਸ ਤਰ੍ਹਾਂ ਉਸ ਨੂੰ ਪਿਆਰਿਆ; ਜਾਪਦਾ ਹੈ, ਉਹ ਘਾਟਾ ਹੁਣ ਪੂਰਾ ਹੋ ਗਿਆ ਹੈ। ਆਪਣੀਆਂ ਲਿਖਤਾਂ ਨਾਲ ਆਵਾਮ ਦਾ ਧਿਆਨ ਖਿੱਚਣ ਵਾਲੇ, ਪੰਜਾਬੀ ਵਾਰਤਕ ਦੇ ਧਨੀ ਪ੍ਰਿੰਸੀਪਲ ਸਰਵਣ ਸਿੰਘ ਨੇ ਭਗਵੰਤ ਦੀ ਜਿੱਤ 'ਤੇ ਲਿਖਿਆ ਲੇਖ 'ਪੰਜਾਬ ਟਾਈਮਜ਼' ਲਈ ਭੇਜਿਆ ਹੈ ਜਿਸ ਨੂੰ ਛਾਪਣ ਦੀ ਅਸੀਂ ਖੁਸ਼ੀ ਲੈ ਰਹੇ ਹਾਂ। -ਸੰਪਾਦਕ***

ਭਗਵੰਤ ਮਾਨ ਅੱਜ ਕੱਲ੍ਹ ਖ਼ਬਰਾਂ ਵਿਚ ਹੈ। ਉਹ ਹੱਸੇ ਜਾਂ ਰੋਵੇ, ਇਥੋਂ ਤੱਕ ਕਿ ਢਿੱਲਾ ਮੱਠਾ ਹੀ ਹੋਵੇ, ਅਖ਼ਬਾਰਾਂ ਵਿਚ ਉਹਦੇ ਫੋਟੋ ਛਪ ਰਹੇ ਨੇ ਤੇ ਵੀਡੀਓ ਬਣ ਰਹੀਆਂ ਨੇ। ਉਹਦਾ ਨਵਾਂ ਗੀਤ ਵੀ ਥਾਉਂ-ਥਾਈਂ ਗੂੰਜ ਰਿਹੈ- ਪਿੰਡਾਂ ਵਿਚ ਮਾਰਦੇ ਨੇ ਜਿਹੜੇ ਲਲਕਾਰੇ, ਉਹੋ ਬਾਦਲਾਂ ਦੀ ਕੁਰਸੀ ਤੋਂ ਡਰੀ ਜਾਂਦੇ ਨੇ! ਭਗਵੰਤ ਮਾਨ ਦੀ ਹੋ ਰਹੀ ਬੱਲੇ-ਬੱਲੇ ਵਿਚ ਮੇਰਾ ਵੀ ਉਹਦੇ ਬਾਰੇ ਕੁਝ ਲਿਖਣ ਨੂੰ ਜੀਅ ਕਰ ਆਇਐ। ਜਿਹੜਾ ਹੱਸਣ ਹਸਾਉਣ ਦੀਆਂ ਗੱਲਾਂ ਕਰੇ, ਉਹਦੇ ਨਾਲ ਹਾਸ ਬਿਲਾਸ ਕਰ ਹੀ ਲੈਣਾ ਚਾਹੀਦੈ।

ਉਸ ਨੇ ਲੋਕ ਸਭਾ ਦੀਆਂ ਚੋਣਾਂ ਵਿਚ ਪੰਜਾਬ 'ਚ ਸਭ ਤੋਂ ਵੱਧ ਵੋਟਾਂ ਲਈਆਂ ਹਨ। ਉਸ ਨੂੰ ਭਵਿੱਖ ਦਾ ਵੱਡਾ ਨੇਤਾ ਚਿਤਵਿਆ ਜਾ ਰਿਹੈ। ਇਥੋਂ ਤਕ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਦਾ ਸੰਭਾਵੀ ਉਮੀਦਵਾਰ! ਕੀ ਪਤਾ ਫਿਰ ਉਹ ਵੀ ਕਬੱਡੀ ਦਾ ਵਰਲਡ ਕੱਪ ਕਰਾਵੇ ਤੇ ਸਾਡੇ ਵਰਗਿਆਂ ਨੂੰ ਸੱਦੇ। ਕਬੱਡੀ ਦੇ ਪਹਿਲੇ ਵਰਲਡ ਕੱਪ-2010 ਸਮੇਂ ਉਹ ਸਾਡੀ ਕੁਮੈਂਟੇਟਰਾਂ ਦੀ ਟੀਮ ਵਿਚ ਸ਼ਾਮਲ ਸੀ। ਮੈਂ ਉਸ ਨੂੰ ਕਬੱਡੀ ਬਾਰੇ ਲਿਖੀ ਆਪਣੀ ਕਿਤਾਬ ਦਿੱਤੀ ਸੀ ਤਾਂ ਜੋ ਉਹਦੀ ਕੁਮੈਂਟਰੀ ਦੇ ਕੰਮ ਆਵੇ। ਉਹ ਹਰ ਸਟੇਡੀਅਮ

**ਪ੍ਰਿੰਸੀਪਲ ਸਰਵਣ ਸਿੰਘ, ਕੈਨੇਡਾ**
**ਫੋਨ: 905-799-1661**

ਵਿਚ ਬਾਣਾ ਬਦਲਦਾ ਤੇ ਕਬੱਡੀ ਖਿਡਾਰੀਆਂ ਬਾਰੇ ਨਵੇਂ ਟੋਟਕੇ ਜੋੜਦਾ,

ਕਬੱਡੀ ਦੇਖਣ ਲਈ ਲੋਕ ਖੰਭਿਆਂ,
ਦਰੱਖਤਾਂ ਤੇ ਟਾਵਰਾਂ 'ਤੇ ਲਟਕਣਗੇ,
ਹੁਣ ਧੋਨੀ ਤੇ ਸਹਿਵਾਗ ਵਾਂਗੂੰ ਮੰਗੀ,
ਸੁੱਖੀ ਤੇ ਦੁੱਲੇ ਹੋਰੀਂ ਵੀ ਚਮਕਣਗੇ।...
ਰਹਿਣ ਚੜ੍ਹਦੀ ਕਲਾ 'ਚ ਖਿਡਾਰੀ,
ਅਸੀਂ ਰੱਬ ਤੋਂ ਦੁਆ ਇਹ ਖ਼ਾਸ ਮੰਗਦੇ
ਕੀ ਜੱਜ ਵਕੀਲ ਤੇ ਬਿਜਨਸਮੈਨ,
ਹੁਣ ਸਾਰੇ ਹੀ ਕਬੱਡੀ ਦਾ ਪਾਸ ਮੰਗਦੇ।

ਉਦੋਂ ਮਨੋਰੰਜਨ ਦੀ ਮੰਡੀ ਵਿਚ ਉਹਦੀ ਝੰਡੀ ਸੀ। ਉਹਦਾ ਇਕ ਇਕ ਸ਼ੋਅ ਲੱਖਾਂ 'ਚ ਪੈਂਦਾ ਸੀ। ਬਾਦਲ ਸਰਕਾਰ ਨੇ ਵੀ ਉਸ ਨੂੰ ਲੱਖਾਂ ਰੁਪਏ ਦੇਣੇ ਸਨ। ਮੈਂ ਓਲੰਪਿਕ ਖੇਡਾਂ ਸਮੇਂ ਲਿਖਿਆ ਸੀ, "ਜੇ ਕਿਤੇ ਭੰਡਾਂ ਦੀ ਵਰਲਡ ਚੈਂਪੀਅਨਸ਼ਿਪ ਹੋਵੇ ਤਾਂ ਭਾਰਤ ਦਾ ਭਗਵੰਤ ਮਾਨ ਗੋਲਡ ਮੈਡਲ ਜਿੱਤ ਕੇ ਤਿਰੰਗਾ ਲਹਿਰਾ ਸਕਦੈ ਤੇ ਭਾਰਤ ਦੀ ਤਮਗ਼ੇ ਜਿੱਤਣ ਦੀ ਖੁਸ਼ਕੀ ਦੂਰ ਕਰ ਸਕਦੈ। ਫੇਰ ਮੈਂ ਵੀ ਹੁੱਬ ਕੇ ਆਰਟੀਕਲ ਲਿਖ ਸਕਦਾਂ-ਭੰਡਾਂ ਦਾ ਚੈਂਪੀਅਨ ਭਗਵੰਤ ਮਾਨ!

ਉਹਦਾ ਰੇਖਾ ਚਿੱਤਰ ਮੈਂ ਇੰਜ ਸ਼ੁਰੂ ਕਰਦਾ, "ਬੰਦਾ ਤਾਂ ਉਹ ਬੂਟਾਂ ਸਣੇ ਸਾਢੇ ਪੰਜ ਫੁਟ ਦਾ ਈ ਐ ਤੇ ਵਜ਼ਨ ਹੋਵੇਗਾ ਲੀੜੇ ਲੱਤੇ ਸਮੇਤ ਡੂਢ ਕੁ ਮਣ; ਪਰ ਪਤੰਦਰ ਜਿੰਨਾ ਧਰਤੀ ਤੋਂ ਉਤੇ ਐ, ਧਰਤੀ 'ਚ ਓਦੂੰ ਕਿਤੇ ਵੱਧ ਐ। ਪਤਾ ਨੀ ਪਿਉ ਦੇ ਪੁੱਤ ਨੂੰ ਮਾਂ ਨੇ ਕੀ ਖਾ ਕੇ ਜੰਮਿਐਂ? ਹਾਸੇ ਦਾ ਸੰਗਰੂਰੀਆ ਬੰਬ ਐ! ਹਸਾ ਹਸਾ ਕੇ ਅਗਲਿਆਂ ਦੀਆਂ ਵੱਖੀਆਂ ਤੁੜਾ ਦਿੰਦੈ। ਕਦੇ-ਕਦੇ ਤਾਂ ਇਹੋ ਜੀ ਆਰ ਲਾਉਂਦੈ ਕਿ ਬੰਦਾ ਹੱਸਦਾ-ਹੱਸਦਾ ਰੋਣਹਾਕਾ ਹੋ ਜਾਂਦੈ। ਹੋ ਸਕਦੈ ਕੋਈ ਮਰਨਹਾਕਾ ਹੀ ਹੋ ਜਾਂਦਾ ਹੋਵੇ!"

ਭਗਵੰਤ ਮਾਨ ਸੁਨਾਮ ਲਾਗੇ ਪਿੰਡ ਸਤੌਜ ਵਿਚ ਸਾਇੰਸ ਮਾਸਟਰ ਮਹਿੰਦਰ ਸਿੰਘ ਦੇ ਘਰ ਜੰਮਿਆ। ਸਕੂਲ ਵਿਚ ਸਿਰੇ ਦਾ ਸ਼ਰਾਰਤੀ। ਕਾਲਜ ਪੜ੍ਹਨ ਲੱਗਾ ਤਾਂ ਮੋਨੋ ਐਕਟਿੰਗ ਕਰਨ ਲੱਗ ਪਿਆ ਤੇ ਪੜ੍ਹਾਈ ਵਿਚੇ ਛੱਡ ਕੇ ਅਖਾੜੇ ਲਾਉਣ ਲੱਗ ਪਿਆ। ਕਦੇ 'ਕੁਲਫੀ ਗਰਮਾ ਗਰਮ', ਕਦੇ 'ਮਿੱਠੀਆਂ ਮਿਰਚਾਂ', ਕਦੇ 'ਗੋਭੀ ਦੀਏ ਕੱਚੀਏ ਵਪਾਰਨੇ', ਕਦੇ 'ਧੱਕਾ ਸਟਾਰਟ' ਤੇ ਕਦੇ 'ਜੱਟਾਂ ਦਾ ਮੁੰਡਾ ਗਾਉਣ ਲੱਗਿਆ' ਵਰਗੀਆਂ ਕੈਸਟਾਂ ਕੱਢਣ ਲੱਗਾ। ਉਸ ਨੇ ਭ੍ਰਿਸ਼ਟਾਚਾਰੀਆਂ, ਬੱਸਾਂ ਵਾਲਿਆਂ, ਪਟਵਾਰੀਆਂ, ਕਲਰਕਾਂ, ਮਾਸਟਰਾਂ, ਪੁਲਸੀਆਂ, ਐਲ.ਐਮ.ਏ. ਯਾਨਿ ਐਮ.ਐਲ.ਏ., ਮੰਤਰੀਆਂ-ਸੰਤਰੀਆਂ, ਸ਼ਰਾਬੀਆਂ-ਕਬਾਬੀਆਂ, ਅਮਲੀਆਂ ਤੇ ਪੰਚਾਂ-ਸਰਪੰਚਾਂ 'ਤੇ ਅਜਿਹੇ ਕਟਾਖਸ਼ ਕੀਤੇ ਕਿ ਉਹ ਉਤੋਂ-ਉਤੋਂ ਤਾਂ ਹੱਸੀ ਗਏ ਪਰ ਵਿਚੋਂ ਕਚੀਚੀਆਂ ਵੱਟਦੇ ਰਹੇ। ਲੋਕਾਂ ਨੇ ਤਾਂ ਹੱਸਣਾ ਹੀ ਸੀ। ਇਹ ਉਹਦੀ ਕਲਾਕਾਰੀ ਸੀ ਕਿ ਉਹ ਸਮਾਜ ਵਿਚ ਵਰਤ ਰਹੇ ਮੰਦੇ ਵਰਤਾਰੇ ਨੂੰ ਭੰਡੀ ਗਿਆ ਤੇ ਲੋਕਾਂ ਦਾ ਮਨਭਾਉਂਦਾ ਕਲਾਕਾਰ ਬਣ ਗਿਆ।

ਮੈਂ ਖੇਡਾਂ ਖਿਡਾਰੀਆਂ ਤੇ ਕੌਡੀ ਬਾਡੀ ਦੇ ਮੈਚਾਂ ਬਾਰੇ ਈ ਲਿਖੀ ਜਾਂਦਾ ਜੇ ਭਗਵੰਤ ਮਾਨ ਦਾ ਹਾਸੇ ਠੱਠੇ ਵਾਲਾ ਮੈਚ ਨਾ ਵੇਖਦਾ। ਸੱਤ-ਅੱਠ ਸਾਲ ਦੀ ਗੱਲ ਹੈ। ਕੈਨੇਡਾ ਦੇ 'ਪੰਜਾਬੀ ਲਹਿਰਾਂ' ਵਾਲੇ ਸਤਿੰਦਰਪਾਲ ਸਿੱਧਵਾਂ ਨੇ ਹਾਸਿਆਂ ਦੇ ਵਣਜਾਰੇ ਭਗਵੰਤ ਮਾਨ ਦਾ ਕਾਮੇਡੀ ਸ਼ੋਅ ਕਰਾਇਆ। ਸਕੀਮ ਸੀ ਬਈ ਕੰਮਾਂ-ਕਾਰਾਂ ਨਾਲ ਅੱਕੇ ਟੋਰਾਂਟੋ ਵਾਸੀਆਂ ਨੂੰ ਨਾਲੇ ਹਸਾਵਾਂਗੇ, ਨਾਲੇ ਪੰਜਾਬੀ ਮਾਂ ਬੋਲੀ ਦੀ ਸੇਵਾ ਦੇ ਨਾਂ ਉਤੇ ਚਾਰ ਪੈਸੇ ਕਮਾਵਾਂਗੇ। ਹੋਰ ਕਿਹੜਾ 'ਪੰਜਾਬੀ ਲਹਿਰਾਂ' ਦੇ ਹਲ ਚਲਦੇ ਆ? ਉਹਨੇ ਮੈਨੂੰ ਫੋਨ ਕਰ'ਤਾ ਤੇ ਪੰਜਾਬੀ ਮੀਡੀਏ ਦੇ ਹੋਰ ਸੱਜਣ-ਮਿੱਤਰ ਵੀ ਬੁਲਾ ਲਏ; ਅਖੇ, ਭਗਵੰਤ ਮਾਨ ਨਾਲ ਪ੍ਰੈਸ ਕਾਨਫਰੰਸ ਕਰਨੀ ਐਂ।

ਵਿਲੇਜ ਆਫ਼ ਇੰਡੀਆ ਰੈਸਟੋਰੈਂਟ 'ਚ ਹਾਸ ਬਿਲਾਸ ਦੇ ਬਾਦਸ਼ਾਹ ਭਗਵੰਤ ਮਾਨ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ। ਉਹ ਦੌੜ ਦੇ ਬਾਦਸ਼ਾਹ ਮਿਲਖਾ ਸਿੰਘ ਦੀ ਮੁਲਾਕਾਤ ਨੂੰ ਵੀ ਮਾਤ ਪਾ ਗਈ। ਸੁਆਲਾਂ ਦੇ ਜੁਆਬ ਨਹਿਲੇ 'ਤੇ ਦਹਿਲੇ ਵਾਂਗ ਮਿਲੇ। ਅਖੇ, ਲੋਕਾਂ ਨੂੰ ਹੱਸਣ ਦੀ ਭੁੱਖ ਐ ਤੇ ਮੈਨੂੰ ਹਸਾਉਣ ਦਾ ਜਨੂੰਨ ਐ। ਪਾੜੇ ਦੇ ਇਕ ਪਾਸੇ ਦਰਸ਼ਕ ਹੁੰਦੇ ਆ, ਦੂਜੇ ਪਾਸੇ ਮੈਂ। ਆਪਾਂ ਚੜ੍ਹ ਕੇ ਕੌਡੀ ਪਾਈਦੀ ਆ ਤੇ ਕਿਸੇ ਤੋਂ ਕੈਂਚੀ ਨੀ ਮਰਵਾਈਦੀ। ਮਾਨ ਪਹਿਲੀ ਮਿਲਣੀ 'ਚ ਈ ਮੇਰਾ ਮਨ ਮੋਹ ਗਿਆ ਤੇ ਆਖਣ ਲੱਗਾ, ਮੇਰਾ ਮੈਚ ਜ਼ਰੂਰ ਵੇਖਿਓ, ਨਾਲੇ ਉਹਦੇ ਬਾਰੇ ਕੁਝ ਲਿਖਿਓ। ਉਸੇ ਵੇਲੇ ਸਤਿੰਦਰਪਾਲ ਨੇ ਮੈਨੂੰ ਦੋ ਪਾਸ ਫੜਾ ਦਿੱਤੇ ਤਾਂ ਜੋ ਮੇਰੀ ਵਾਈਫ ਵੀ 'ਨੋ ਲਾਈਫ ਵਿਦ ਵਾਈਫ' ਦਾ ਕਾਮੇਡੀ ਡਰਾਮਾ ਵੇਖ ਸਕੇ ਤੇ ਜਾਣ ਸਕੇ ਕਿ ਵਾਈਫ ਬਿਨਾਂ ਲਾਈਫ ਕੀ?

ਸ਼ੋਅ ਦੀਆਂ ਟਿਕਟਾਂ ਪੱਚੀ, ਪੈਂਤੀ ਤੇ ਪੰਜਾਹ ਡਾਲਰ ਦੀਆਂ ਸਨ ਤੇ ਹਾਲ ਸੀ ਪੈਂਤੀ ਸੌ ਸੀਟਾਂ ਵਾਲਾ, ਚਰਚ ਦਾ ਪਰੇਅਰ ਪੈਲਸ। ਮੈਂ ਸਮਝਦਾ ਸੀ ਕਿ ਮਹਿੰਗੀਆਂ ਟਿਕਟਾਂ ਲੈ ਕੇ ਏਡਾ ਵੱਡਾ ਹਾਲ ਕੌਣ ਭਰੇਗਾ? ਪਰ ਟੋਰਾਂਟੋ ਦੇ ਦਰਸ਼ਕ ਹਾਸੇ ਦਾ ਤਮਾਸ਼ਾ ਵੇਖਣ ਦੇ ਐਸੇ ਦੀਵਾਨੇ ਨਿਕਲੇ ਕਿ ਕਬੱਡੀ ਦੇ ਮੈਚ ਨੂੰ ਵੀ ਮਾਤ ਪਾ ਗਏ। ਤਣਾਓ ਦੇ ਮਾਰੇ ਉਹ ਹੱਸਣ ਖੁਣੋਂ ਤਿਹਾਏ ਮਰ ਰਹੇ ਸਨ। ਉਨ੍ਹਾਂ ਨੇ ਟਿਕਟਾਂ ਭਾਵੇਂ ਹਉਕੇ ਲੈ ਕੇ ਖਰੀਦੀਆਂ ਪਰ ਹੱਸਦੇ-ਹੱਸਦੇ ਕਹਿੰਦੇ ਰਹੇ, ਪਈ ਪੈਸੇ ਖਰਚਣ ਦਾ ਸੁਆਦ ਆ ਗਿਆ। ਸ਼ੋਅ ਪਹਿਲਾਂ ਹੀ ਸੋਲਡ ਆਊਟ ਹੋ ਗਿਆ ਸੀ ਜਿਸ ਕਰ ਕੇ ਸੈਂਕੜੇ ਦਰਸ਼ਕਾਂ ਨੂੰ ਮੌਕੇ 'ਤੇ ਟਿਕਟ ਨਾ ਮਿਲਣ ਕਾਰਨ ਬਰਫ਼ੀਲੇ ਮੌਸਮ 'ਚ ਭਿੱਜੇ ਅਮਲੀਆਂ ਵਾਂਗ ਮੁੜਨਾ ਪਿਆ।

ਮੈਂ ਖਚਾਖਚ ਭਰੇ ਹਾਲ 'ਚ ਨਜ਼ਰ ਘੁਮਾਈ ਤਾਂ ਹੈਰਾਨੀ ਦੀ ਹੱਦ ਨਾ ਰਹੀ। ਪਹਿਲੀ, ਇਹ ਕਿ ਦਾਰੂ ਪੀਣ ਦਾ ਸਮਾਂ ਹੋਣ ਦੇ ਬਾਵਜੂਦ ਦਰਸ਼ਕ ਸੋਫੀ ਸਨ। ਦੂਜੀ ਹੈਰਾਨੀ ਸੀ ਕਿ ਜਨਾਨੀਆਂ ਜਨਾਨਿਆਂ ਨਾਲੋਂ ਵੀ ਵਧ ਸਨ। ਗੱਲ ਵਿਚੋਂ ਇੰਨੀ ਸੀ ਕਿ ਜਨਾਨੀਆਂ ਦੀ ਹਾਜ਼ਰੀ 'ਚ ਮਰਦ ਵੀ ਜਨਾਨੀਆਂ ਬਣੇ ਬੈਠੇ ਸਨ। ਜਿਨ੍ਹਾਂ ਨੇ ਕਾਰਾਂ ਦੀਆਂ ਡਿੱਗੀਆਂ 'ਚੋਂ ਥੋੜ੍ਹੀ ਬਹੁਤੀ ਲੁਕਵੀਂ-ਛਿਪਵੀਂ ਲਾਈ ਸੀ, ਵਾਈਫਾਂ ਮੂਹਰੇ ਉਹਦੇ ਚੜ੍ਹਨ ਦਾ ਕੋਈ ਮਤਲਬ ਈ ਨਹੀਂ ਸੀ। ਮੈਂ ਤਾਂਹੀਂ ਤਾਂ ਕਹਿੰਦਾ ਰਹਿੰਨਾਂ, ਬਈ ਜੇ ਕਬੱਡੀ ਦੇ ਮੈਚ ਵੀ ਵਾਈਫਾਂ ਵੇਖਣ ਤੁਰ ਪੈਣ ਤਾਂ ਉਥੇ ਵੀ ਸ਼ਰਾਬ ਕਿਸੇ ਨੂੰ ਨਾ ਚੜ੍ਹੇ। ਨਾ ਹੀ ਫੇਰ ਮੈਨੂੰ 'ਕਬੱਡੀ ਦੀ ਖੇਡ ਤੇ ਬੋਤਲਾਂ ਦੀ ਰੇਡ' ਵਰਗੇ ਲੇਖ ਲਿਖਣੇ ਪੈਣ।

ਸ਼ੋਅ ਸ਼ੁਰੂ ਹੋਇਆ ਤਾਂ ਇਕ ਭਾਰੀ ਜੀ ਵਾਈਫ ਤੇ ਹੌਲੇ ਜੇ ਹਸਬੈਂਡ ਦੇ ਦਰਸ਼ਨ ਹੋਏ। ਹਸਬੈਂਡ ਹੋਊ ਪੰਜਾਹ ਕਿਲੋ ਦਾ ਤੇ ਵਾਈਫ ਹੋਊ ਪੂਰੇ ਕੁਇੰਟਲ ਦੀ। ਜੋੜੀ ਅਏਂ ਲੱਗੇ ਜਿਵੇਂ ਬੋਰੀ ਤੇ ਗੱਟਾ ਹੋਵੇ। ਬੋਰੀ ਦਾ ਸ਼ਿੰਗਾਰ ਵੀ ਪੂਰਾ ਕੀਤਾ ਹੋਇਆ। ਲਾਲ ਲਿਪਸਟਿਕ ਤੇ ਲੱਪ-ਲੱਪ ਪਾਊਡਰ। ਇਹੋ ਜੀ ਜੋੜੀ 'ਤੇ ਬੰਦਾ ਬਲਿਹਾਰ ਨਾ ਜਾਵੇ ਤਾਂ ਹੋਰ ਕੀ ਕਰੇ? ਕਿਸੇ ਨੂੰ ਹਾਸਾ ਨਾ ਆਵੇ ਤਾਂ ਹੋਰ ਕੀ ਆਵੇ?

ਲਾਵਾਂ ਵੇਲੇ ਕਿਸੇ ਨੇ ਸਿਹਰਾ ਜ਼ਰੂਰ ਪੜ੍ਹਿਆ ਹੋਊ, ਬਈ ਜੋੜੀ ਜੀਵੇ ਜੁਗ ਚਾਰ, ਜੀਂਦੇ ਰਹਿਣ ਗ੍ਰਹਿਸਥ ਦੀ ਗੱਡੀ ਦੇ ਸਵਾਰ; ਪਰ ਕਿਸੇ ਨੇ ਇਹ ਮੱਤ ਨੀ ਦਿੱਤੀ ਹੋਣੀ, "ਓ ਭਲਿਓਮਾਣਸੋ! ਗੱਡੀ ਤਾਂ ਜੋੜੀ ਜਾਨੇ ਓਂ, ਪਹਿਲਾਂ ਗੱਡੀ ਦੇ ਟੈਰ ਤਾਂ ਦੇਖ-ਲੋ, ਬਈ ਇਹ ਗੱਡੀ ਨੂੰ ਚਲਦੀ ਰੱਖਣ ਆਲੇ ਆ? ਇਕ ਪਾਸੇ ਤਾਂ ਚਾੜ੍ਹਿਆ ਪਿਆ ਕੰਬਾਈਨ ਦਾ ਪਹੀਆ ਤੇ ਦੂਜੇ ਪਾਸੇ ਕੱਸੀ ਜਾਨੇ ਓਂ ਟੈਂਪੂ ਦਾ ਚੱਕਾ। ਭਲਾ ਇਹ ਗੱਡੀ ਚੱਲੂ ਕਿਥੋਂ ਤਕ?"

ਆਹ ਜਿਹੜੀ ਠੱਗ ਲਾੜਿਆਂ ਤੇ ਚੋਰ ਭੁਲਾਈ ਦੇਣ ਵਾਲੀਆਂ ਲਾੜੀਆਂ ਦੇ ਮਸਲੇ ਦਾ ਰੌਲਾ-ਰੱਪੈ, ਇਨ੍ਹਾਂ 'ਚੋਂ ਅੱਧੀਆਂ ਦਾ ਮਸਲਾ ਅਣਜੋੜ ਵਿਆਹਾਂ ਦਾ ਈ ਐ। ਬੋਤੀ ਤੇ ਕੱਟੇ ਦੇ ਹਲ਼ ਅਤੇ ਟਰੱਕ ਤੇ ਮਰੂਤੀ ਦੇ ਟੋਚਣ ਵਰਗਾ। ਕੁੜੀ ਬੀ.ਏ. ਐਮ.ਏ. ਹੁੰਦੀ ਐ, ਤੇ ਮੁੰਡਾ ਹੁੰਦਾ ਪੰਜਵੀਂ ਫੇਲ੍ਹ। ਜਾਂ ਮੁੰਡਾ ਡਾਕਟਰ-ਇੰਜਨੀਅਰ ਹੁੰਦੈ ਤੇ ਕੁੜੀ ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰਨ ਵਾਲੀ ਹੁੰਦੀ ਐ। ਪੰਦਰਾਂ ਵੀਹਾਂ ਸਾਲਾਂ ਦੀ ਉਮਰ ਦੇ ਫਰਕ ਨੂੰ ਹਾਣ ਪਰਵਾਨ ਕਹੀ ਜਾਂਦੇ ਆ! ਫਿਰ ਭਗਵੰਤ ਮਾਨ 'ਨੋ ਲਾਈਫ ਵਿਦ ਵਾਈਫ' ਵਰਗੇ ਮਜਮੇ ਕਿਉਂ ਨਾ ਲਾਵੇ?

ਖੇਡੇ ਜਾ ਰਹੇ ਡਰਾਮੇ ਵਿਚ ਸ਼ਹਿਰੀਏ ਹਸਬੈਂਡ-ਵਾਈਫ ਦਾ ਭਗਵੰਤ ਮਾਨ ਕਿਰਾਏਦਾਰ ਸੀ। ਉਨ੍ਹਾਂ ਦੀ ਨੋਕ-ਝੋਕ ਨੇ ਤਾਂ ਹਾਸਾ ਪੈਦਾ ਕਰਨਾ ਈ ਸੀ, ਉਨ੍ਹਾਂ ਦੀਆਂ ਹਰਕਤਾਂ ਵੀ ਹਸਾਈ ਗਈਆਂ। ਮੈਂ ਸੋਚਣ ਲੱਗਾ, ਨਾਟਕ ਦੀ ਕਹਾਣੀ ਹੁਣ ਵੀ ਤੁਰੀ, ਹੁਣ ਵੀ ਤੁਰੀ, ਪਰ ਕਹਾਣੀ ਕੋਈ ਨਾ ਤੁਰੀ। ਕਦੇ ਕਿਰਾਏਦਾਰ ਤੇ ਮਾਲਕ ਮਕਾਨ ਵਿਚਕਾਰ ਸ਼ੇਅਰੋ ਸ਼ਾਇਰੀ ਸ਼ੁਰੂ ਹੋ ਜਾਂਦੀ, ਕਦੇ ਫੋਨ ਦੀ ਘੰਟੀ ਖੜਕ ਪੈਂਦੀ, ਕਦੇ ਦੋਧੀ ਤੇ ਕਦੇ ਪੁਲਸੀਆ ਆ ਧਮਕਦਾ। ਕਦੇ ਸੈਲ ਫੋਨ ਵੇਚਣ ਵਾਲਾ ਆ ਜਾਂਦਾ ਤੇ ਕਦੇ ਪਿੰਡੋਂ ਭਗਵੰਤ ਮਾਨ ਦਾ ਕੋਈ ਪੁਰਾਣਾ ਜਮਾਤੀ ਆ ਪਹੁੰਚਦਾ। ਵਿਚੇ ਵਾਈਫ ਨਖਰੇ ਵਿਖਾਈ ਜਾਂਦੀ।

ਪਾਤਰਾਂ ਦੇ ਡਾਇਲਾਗ ਭੂੰਡ ਪਟਾਕੇ ਛੱਡਦੇ ਤੇ ਦਰਸ਼ਕ ਲੋਟ ਪੋਟ ਹੋਈ ਜਾਂਦੇ। ਹਾਸਿਆਂ ਦੀਆਂ ਲਹਿਰਾਂ ਕੰਧਾਂ ਨਾਲ ਟਕਰਾਈ ਜਾਂਦੀਆਂ ਤੇ ਠਹਾਕਿਆਂ ਦੇ ਵਰੋਲੇ ਛੱਤਣੀ ਚੜ੍ਹੀ ਜਾਂਦੇ। ਢਾਈ ਘੰਟੇ ਮਿੰਟਾਂ 'ਚ ਬੀਤ ਗਏ। ਗਿਣਤੀ ਤਾਂ ਨੀ ਕੀਤੀ ਪਰ ਹਰ ਦਰਸ਼ਕ ਘੱਟੋ-ਘੱਟ ਸੌ ਵਾਰ ਹੱਸਿਆ ਹੋਊ। ਇਉਂ ਘੱਟੋ-ਘੱਟ ਸੌ ਬੰਦਿਆਂ ਦੀ ਪੁਰਾਣੀ ਕਬਜ਼ੀ ਹਟੀ ਹੋਊ। ਓਨਟਾਰੀਓ ਦਾ ਹੈਲਥ ਮਹਿਕਮਾ ਭਗਵੰਤ ਨੂੰ ਭਰਤੀ ਕਰ ਕੇ ਡਾਕਟਰਾਂ ਦੀ ਛੁੱਟੀ ਕਰਾ ਸਕਦਾ ਸੀ!

ਭਗਵੰਤ ਨੇ ਭੂਆ ਬੀਬੋ ਦੀ ਨਕਲ ਤਾਂ ਲਾਉਣੀ ਈ ਸੀ, ਉਹਨੇ ਸ੍ਰੀ ਅਟੱਲ ਬਿਹਾਰੀ ਵਾਜਪਾਈ ਦੇ ਬਦਲੇ ਹੋਏ ਗੋਡਿਆਂ ਨਾਲ ਬਦਲੀ ਹੋਈ ਤੋਰ ਦੀ ਨਕਲ ਵੀ ਲਾ ਵਿਖਾਈ। ਉਹ ਫੈਸ਼ਨ ਸ਼ੋਅ ਦੀਆਂ ਕੁੜੀਆਂ ਵਾਂਗ ਵੀ ਤੁਰਿਆ ਜਿਵੇਂ ਕਾਂ ਪਾਥੀਆਂ 'ਤੇ ਤੁਰਦੈ। ਤੇ ਖੁਸਰੇ ਵਾਂਗ ਤਾੜੀ ਮਾਰ ਕੇ ਕਬੱਡੀ ਦਾ ਪ੍ਰੈਂਟ ਵੀ ਲਿਆ। ਕੁਝ ਗੀਤ ਵੀ ਗਾਏ ਜਿਵੇਂ ਛਿੱਤਰਾਂ ਦਾ ਹਾਰ ਹੋਵੇ... ਤੈਨੂੰ ਗੁੜ ਦੀ ਰੋੜੀ ਕਹਿ ਲਾਂਗੇ... ਨਾ ਇੱਲੋਂ ਕੁੱਕੜ ਆਂਵਦਾ ਮੈਂ ਨਾ ਪੇਪਰ ਦਿੰਦੀ...। ਹਾਸੇ ਦੀ ਮੈਰਾਥਨ ਦੌੜ ਉਹਨੇ ਸਿਰ ਮੈਦਾਨ ਦੌੜਦਿਆਂ ਲਾਈ ਤੇ ਦਰਸ਼ਕ ਤਾੜੀਆਂ 'ਤੇ ਤਾੜੀਆਂ ਮਾਰੀ ਗਏ।

ਮੈਂ ਸੋਚਦਾ ਸੀ 'ਨੋ ਲਾਈਫ ਵਿਦ ਵਾਈਫ' ਦਾ ਨਤੀਜਾ ਕੱਢਿਆ ਜਾਵੇਗਾ 'ਨੋ ਲਾਈਫ ਵਿਦਾਊਟ ਵਾਈਫ'; ਪਰ ਭਗਵੰਤ ਮਾਨ ਦਾ ਇਹ ਉਦੇਸ਼ ਨਹੀਂ ਸੀ। ਉਹਦਾ ਇਕੋ ਇਕ ਉਦੇਸ਼ ਸੀ ਹਸਾਉਣਾ ਤੇ ਰੱਜ ਕੇ ਹਸਾਉਣਾ। ਬਹੁਤੇ ਦਰਸ਼ਕ ਵੀ ਸਿਰਫ ਹੱਸਣ ਈ ਗਏ ਸਨ। ਇਉਂ ਸ਼ੋਅ ਹੱਸਣ-ਹਸਾਉਣ ਦੇ ਪੱਖੋਂ ਪੂਰਾ ਕਾਮਯਾਬ ਰਿਹਾ। ਦਰਸ਼ਕਾਂ ਦੀਆਂ ਸ਼ਿਸਤਾਂ ਪਲ ਭਰ ਲਈ ਵੀ ਸਟੇਜ ਤੋਂ ਲਾਂਭੇ ਨਾ ਹੋਈਆਂ। ਹੂੜ੍ਹ ਮੱਤੇ ਦਰਸ਼ਕ ਜਿਨ੍ਹਾਂ ਦਾ ਹਾਤ-ਹੂਤ ਕਰਨਾ ਸ਼ੁਗਲ ਈ ਹੁੰਦੈ, ਹੱਸਦਿਆਂ ਉਨ੍ਹਾਂ ਨੂੰ ਵੀ ਆਪਣਾ ਸ਼ੁਗਲ ਭੁੱਲਿਆ ਰਿਹਾ!

ਸ਼ੋਅ ਮਗਰੋਂ ਭਗਵੰਤ ਨੇ ਮੈਨੂੰ ਕਿਹਾ ਕਿ ਐਤਕੀਂ ਤਾਂ ਉਹ ਹਾਸੇ ਦੀ ਫਸਲ ਬੀਜਣ ਈ ਆਇਆ ਸੀ। ਬੋਹਲ ਚੁੱਕਣ ਬਾਅਦ 'ਚ ਆਵੇਗਾ। ਮੈਂ ਉਹਨੂੰ ਮਸ਼ਵਰਾ ਦਿੱਤਾ ਕਿ ਭਰਵੇਂ ਬੋਹਲ ਚੁੱਕਣ ਲਈ ਫਸਲ ਨੂੰ ਸਟੋਰੀ ਦੀ ਖਾਦ ਵੀ ਪਾਵੇ ਤੇ ਸਸਪੈਂਸ ਦੀ ਸਪਰੇਅ ਵੀ ਕਰੇ। ਕਿਸੇ ਗੰਭੀਰ ਮੁੱਦੇ ਨੂੰ ਲੈ ਕੇ ਉਹਦਾ ਹਾਸ-ਨਾਟ ਖੇਡੇ। ਐਸੀ ਕਾਮੇਡੀ ਜੀਹਨੂੰ ਵੇਖਦਿਆਂ ਹੱਸਦੇ ਦਰਸ਼ਕਾਂ ਦੇ ਅਥਰੂ ਵਹਿ ਤੁਰਨ ਤੇ ਹੰਝੂਆਂ 'ਚ ਹਾਸਾ ਛਲਕ ਪਵੇ!

ਮੈਨੂੰ ਯਕੀਨ ਐ ਕਿ ਭਗਵੰਤ ਮਾਨ ਅਜਿਹਾ ਕਰ ਸਕਦੈ। ਉਹ ਸਾਡੀ ਨਵੀਂ ਪੀੜ੍ਹੀ ਦਾ ਅਸੀਮ ਪ੍ਰਤਿਭਾ ਵਾਲਾ ਕਲਾਕਾਰ ਐ ਤੇ ਸਾਡੀ ਪੁਰਾਣੀ ਪੀੜ੍ਹੀ ਵੱਲੋਂ ਉਹਨੂੰ ਸਲਾਮ ਐ! ਉਸ ਦੀ ਹਾਸ ਵਿਅੰਗ ਦੀ ਕਲਾ ਨੇ ਨਾ ਸਿਰਫ਼ ਉਸ ਨੂੰ ਚੋਣ ਜਿਤਾਈ ਬਲਕਿ 'ਆਪ' ਦੇ ਹੋਰ ਉਮੀਦਵਾਰਾਂ ਦੇ ਜਿੱਤਣ ਵਿਚ ਵੀ ਕੰਮ ਆਈ। ਹੁਣ ਉਸ ਨੇ ਭਾਰਤ ਦੀ ਲੋਕ ਸਭਾ 'ਚ ਸ਼ੋਅ ਕਰਨੈ। ਅਸਲੀ ਨਿਤਾਰਾ ਉਹਦਾ ਉਥੇ ਹੀ ਹੋਣੈ। ਉਹਦਾ ਪੰਜ ਸਾਲਾ 'ਸ਼ੋਅ' ਦੱਸੇਗਾ ਕਿ ਉਹ ਧਰਤੀ 'ਚ ਕਿੰਨਾ ਕੁ ਹੈ? ਵੇਖਾਂਗੇ ਉਹ ਭਾਰਤ ਮਾਤਾ ਤੇ ਪੰਜਾਬੀ ਮਾਂ ਦੇ ਹੰਝੂਆਂ ਵਿਚ ਹਾਸਾ ਛਲਕਾਅ ਵੀ ਸਕਦੈ ਜਾਂ ਨਹੀਂ? ਵੇਖਣਾ ਤਾਂ ਇਹ ਵੀ ਹੈ ਕਿ ਇਹ ਨਿੱਕੇ ਕੱਦ ਦਾ ਵੱਡਾ ਕਲਾਕਾਰ ਉਸ ਕੁਰਸੀ 'ਤੇ ਪਹੁੰਚ ਵੀ ਸਕਦੈ ਕਿ ਨਹੀਂ ਜਿਸ ਤੋਂ ਉਸ ਦੇ ਸਮਕਾਲੀ ਕਲਾਕਾਰ ਉਂਜ ਈ ਡਰੀ ਜਾਂਦੇ ਨੇ!




*ਜਿੱਤ ਤੋਂ ਬਾਅਦ ਭਗਵੰਤ ਮਾਨ ਆਪਣੀ ਪਤਨੀ ਅਤੇ ਬੱਚਿਆਂ ਨਾਲ*

## ਸਾਹਸ

ਅਹਿਲੇਕਰਮ ਦੇ ਰੰਗਾਂ ਤੋਂ ਬੇਮੁੱਖ, ਨਾ ਹੋ ਕਦੇ ਬੇ-ਨਿਆਜ਼ ਕਦੀ।
ਮਾਯੂਸੀ ਹੀ ਬਣਾਉਂਦੀ ਹੈ ਬੰਦੇ ਨੂੰ-ਡਾਕੂ, ਸੰਤ ਕਦੇ, ਸਾਧ ਕਦੀ।
ਜ਼ਿੰਦਗੀ ਦੀ ਨਾ-ਯਾਬ ਵੀਣਾ ਨੂੰ, ਨਕਾਰ ਨਾ, ਟੁਣਕਾਰ ਕੇ ਵੇਖ,
ਤਰਬਾਂ ਕਿੰਜ ਨਿਕਲਦੀਆਂ ਨੇ, ਖਣਕਾ ਕੇ ਵੇਖ, ਕਦੇ ਸਾਜ਼ ਕਦੀ।
ਏਤਰਾਂ ਗੁੰਮ-ਸੁੰਮ ਬੈਠਿਆਂ, ਘਟਣੀ ਨਹੀਂ ਪੀੜ ਰਤਾ ਭਰ ਵੀ,
ਕਿਸੇ ਤਾਂ ਹਮਦਰਦ ਨੂੰ ਦੇਣੀ ਪਵੇਗੀ, ਜ਼ਰੂਰ ਕਦੇ ਆਵਾਜ਼ ਕਦੀ।
ਸ਼ੱਕ ਨਹੀਂ, ਪਿੰਡਾ ਲਹੂ ਲੁਹਾਣ ਹੈ, ਖੰਭ ਵੀ ਟੁੱਟੇ ਭੱਜੇ ਪਏ ਨੇ,
ਕੋਈ ਗੱਲ ਨਹੀਂ ਹਿੰਮਤ ਕਰ, ਭਰ ਲਵੇਗਾ ਕਦੇ ਪ੍ਰਵਾਜ਼ ਕਦੀ।
ਮਰਦਾਂ ਦੇ ਹੌਸਲੇ, ਪਸਤ ਨਹੀਂ ਹੁੰਦੇ, ਸਮੇਂ ਦੀ ਵਾਗ ਮੋੜਦੇ ਨੇ,
ਜ਼ਖ਼ਮਾਂ 'ਚ ਪੈਂਦੀਆਂ ਨੇ ਚੀਸਾਂ, ਭਾਵੇਂ ਉਠਦੀ ਹੈ ਕਦੇ ਤ੍ਰਾਟ ਕਦੀ।
ਉਹ ਕੌਮਾਂ ਹੀ ਜ਼ਿੰਦਾ ਰਹਿੰਦੀਆਂ ਨੇ, ਜ਼ਮਾਨੇ ਦੀ ਸਰਜ਼ਮੀਂ 'ਤੇ,
ਸਿਰਜਦੀਆਂ ਨੇ ਰਲ ਅਕੀਦਿਆਂ ਭਰਿਆ, ਕਦੇ ਇਤਿਹਾਸ ਕਦੀ।
ਹੱਦਾਂ, ਬੰਨਿਆਂ, ਵਾੜਾਂ ਵਿਚ ਵਿਚਰਨ ਦੀ ਉਹ ਲੱਜ਼ਤ ਨਹੀਂ,
ਖੁਲ੍ਹੀਆਂ ਵਾਦੀਆਂ 'ਚ ਵਿਚਰ ਕੇ ਵੇਖ, ਬਣ ਕੇ ਕਦੇ ਸੈਲਾਬ ਕਦੀ।
ਮੁਸ਼ਕਲਾਂ ਹੀ ਹਰ ਕਾਮਯਾਬੀ ਦੀ, ਪਹਿਲੀ ਮੰਜ਼ਲ ਹੁੰਦੀਆਂ ਨੇ,
ਬੱਕਰੀਆਂ ਚਾਰਦੇ ਵੀ ਮੱਲਦੇ ਆਏ ਨੇ, ਕਦੇ ਤਖ਼ਤੋ-ਤਾਜ਼ ਕਦੀ।
ਹਿੰਮਤੇ ਮਰਦਾਂ, ਬਰਕਤੇ ਖ਼ੁਦਾ, ਭਉਂ, ਭਉਂ ਕੇ ਪਿੱਛੇ ਨਾ ਵੇਖ,
ਧੁਨ ਦੇ ਪੱਕੇ, ਵੇਖਦੇ ਨਹੀਂ ਮੁੜ ਮੁੜ ਕੇ, ਕਦੇ ਦਿਨ-ਰਾਤ ਕਦੀ।
ਤਪਦੀਆਂ ਲੂਆਂ 'ਚ ਵੀ ਧਰਤੀ ਦਾ ਸੀਨਾ ਫਰੋਲ ਮਾਰਦੇ ਨੇ,
'ਬੋਲਾ ਬੱਦਲ ਜ਼ਰੂਰ ਵੱਸੇਗਾ', ਹੁੰਦੇ ਨਹੀਂ, ਕਦੇ ਨਿਰਾਸ਼ ਕਦੀ।
ਬੇਪਨਾਹ ਸ਼ਕਤੀ, ਤੇਰੇ ਮਨ ਦੀਆਂ ਗਹਿਰਾਈਆਂ 'ਚ ਲੁਕੀ ਹੈ,
ਬ੍ਰਹਿਮੰਡ ਵੀ ਤੇਰੇ ਪੈਰਾਂ ਹੇਠ ਹੈ, ਲਾ ਕੇ ਵੇਖ, ਕਦੇ ਹਿਸਾਬ ਕਦੀ।
ਜੋਤ ਤੋਂ ਹੀ ਜੋਤ ਸਦਾ ਜਗਦੀ ਆਈ ਹੈ, ਦਸਤੂਰੇ ਕੁਦਰਤ ਹੈ,
ਕੋਈ ਝੱਖੜ, ਕੋਈ ਤੂਫਾਨ ਬੁਝਾ ਨਹੀਂ ਸੱਕਿਆ ਕਦੇ ਲਾਟ ਕਦੀ।
ਨਮੋਸ਼ੀ ਨਾ ਸਮਝ, ਕਈ ਵਾਰੀਂ ਬੰਦਾ ਜਿਤ ਕੇ ਵੀ ਹਾਰ ਜਾਂਦੈ,
ਆਖਰ ਮੰਜ਼ਲ ਉਸਦੀ ਹੀ ਹੈ, ਜੋ ਛੱਡਦਾ ਨੀ, ਕਦੇ ਸਾਹਸ ਕਦੀ।
ਕਾਦਰ ਦੀ ਕੁਦਰਤ ਧੁਰੋਂ, ਆਪਣੇ ਹੀ ਅਸੂਲਾਂ ਦੀ ਪਾਬੰਦ ਹੈ,
ਆਦਮੀ ਹੀ ਕਰਦਾ ਆਇਆ ਹੈ, ਕਦੇ ਨਾ ਕਦੇ ਇਤਰਾਜ਼ ਕਦੀ।
ਖੰਡ, ਬ੍ਰਹਿਮੰਡ, ਸਮੁੰਦਰ ਫਰੋਲ ਮਾਰੇ ਨੇ ਬੰਦੇ ਦੀ ਹਿੰਮਤ ਨੇ,
ਮਾਰੂਥਲਾਂ ਵਿਚ ਵੀ ਸਰਜ਼ਮੀਂ ਦਾ, ਹੋ ਜਾਣੈ, ਕਦੇ ਆਗ਼ਾਜ਼ ਕਦੀ।
ਵਕਤ ਸ਼ਨਾਸ ਬਣ, ਉਠ, ਬਦਲਦੇ ਜ਼ਮਾਨੇ ਦੀ ਨਬਜ਼ ਪਛਾਣ,
ਕੌਣ ਆਪਣਾ, ਕੌਣ ਬਿਗਾਨਾ ਹੈ, ਕੌਣ ਦਿੰਦਾ ਹੈ, ਕਦੇ ਸਾਥ ਕਦੀ।
ਪਹਿਲਾਂ ਵੀ ਬਹਾਰਾਂ ਕਈ ਵਾਰੀਂ, ਬੂਹਾ ਖੜਕਾ ਕੇ ਮੁੜੀਆਂ ਨੇ,
ਦੇ ਸਕੇਂਗਾ ਇਸ ਅਣ-ਗਹਿਲੀ ਦਾ ਚੰਨ ਤੂੰ, ਕਦੇ ਜਵਾਬ ਕਦੀ।

*-ਚੰਨ, ਫੋਨ: 908-788-8427*

ਗੁਰਮਤਿ ਵਿਚਾਰ

# ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ



ਡਾ. ਗੁਰਨਾਮ ਕੌਰ, ਕੈਨੇਡਾ

ਅਧਿਆਤਮਕ ਪ੍ਰਾਪਤੀਆਂ ਵਾਸਤੇ ਇਸ਼ਨਾਨ ਕਰਨਾ ਜਾਂ ਤੀਰਥਾਂ 'ਤੇ ਇਸ਼ਨਾਨ ਕਰਨਾ ਵੀ ਪੁਰਾਤਨ ਹਿੰਦੂ ਪਰੰਪਰਾ ਰਹੀ ਹੈ। ਇਸ ਸਲੋਕ ਵਿਚ ਗੁਰੂ ਨਾਨਕ ਸਾਹਿਬ ਸਿੱਖ ਧਰਮ ਦੇ ਮੂਲ ਸਿਧਾਂਤ ਪਰਮਾਤਮਾ ਦੇ ਨਾਮ ਸਿਮਰਨ ਨੂੰ ਸਭ ਤੋਂ ਉਤਮ ਦੱਸਦੇ ਹੋਏ ਮਨੁੱਖ ਨੂੰ ਨਾਮ-ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ।

ਗੁਰੂ ਨਾਨਕ ਸਾਹਿਬ ਸਲੋਕ ਦੇ ਅਰੰਭ ਵਿਚ ਹੀ ਦੱਸਦੇ ਹਨ ਕਿ ਜਿਹੜੇ ਮਨੁੱਖ ਸਮੇਂ ਸਿਰ ਮਨ ਨਾਲ ਲੜਦੇ ਹਨ ਅਰਥਾਤ ਅੰਮ੍ਰਿਤ ਵੇਲੇ ਜਦੋਂ ਮਨੁੱਖ ਦਾ ਨੀਂਦ ਦੀ ਗੋਦ ਵਿਚ ਨਿੰਘ ਮਾਨਣ ਨੂੰ ਜੀਅ ਕਰਦਾ ਹੈ, ਉਸ ਵੇਲੇ ਜਿਹੜੇ ਉਦਮੀ ਬੰਦੇ ਮਨ ਦੀ ਮਰਜ਼ੀ ਦੇ ਖਿਲਾਫ ਉਠ ਕੇ ਵਾਹਿਗੁਰੂ ਨੂੰ ਇੱਕ ਮਨ ਹੋ ਕੇ ਧਿਆਉਂਦੇ ਹਨ, ਉਸ ਦੀ ਸਿਫਤਿ-ਸਾਲਾਹ ਕਰਦੇ ਹਨ, ਉਹ ਮਨੁੱਖ ਹੀ ਅਸਲੀ ਅਤੇ ਪੂਰੇਸ਼ਾਹ ਹਨ। ਅੰਮ੍ਰਿਤ ਵੇਲਾ ਇਕਾਗਰਤਾ ਦਾ ਸਮਾਂ ਹੈ ਜਦੋਂ ਮਨੁੱਖ ਦਾ ਮਨ ਸਹਿਜ ਨਾਲ ਹੀ ਅਕਾਲ ਪੁਰਖ ਦੇ ਧਿਆਨ ਵਿਚ ਲੱਗ ਸਕਦਾ ਹੈ। ਪਰ ਜਿਉਂ ਜਿਉਂ ਦਿਨ ਚੜ੍ਹਦਾ ਹੈ ਫਿਰ ਮਨੁੱਖ ਦਾ ਮਨ ਕਈ ਪਾਸੇ ਦੌੜਦਾ ਹੈ, ਮਨ ਦੀਆਂ ਬਿਰਤੀਆਂ ਖਿਲਰ ਜਾਂਦੀਆਂ ਹਨ, ਹੋਰ ਬਹੁਤ ਸਾਰੇ ਦੁਨਿਆਵੀ ਕੰਮ ਨਿਕਲ ਆਉਂਦੇ ਹਨ ਅਤੇ ਮਨੁੱਖ ਦੁਨੀਆਂਦਾਰੀ ਦੇ ਦੂਸਰੇ ਕੰਮਾਂ ਵਿਚ ਉਲਝ ਜਾਂਦਾ ਹੈ।

ਦੁਨੀਆਂਦਾਰੀ ਦੇ ਧੰਧੇ ਡੂੰਘੇ ਸਮੁੰਦਰ ਦੀ ਤਰ੍ਹਾਂ ਹਨ, ਜਿਨ੍ਹਾਂ ਵਿਚ ਫਸਿਆ ਮਨੁੱਖ ਫਿਰ ਗੋਤੇ ਖਾਂਦਾ ਰਹਿੰਦਾ ਹੈ, ਨਿਕਲਦਾ ਨਹੀਂ। ਦਿਨ ਦੇ ਤੀਸਰੇ ਪਹਿਰ ਮਨੁੱਖ ਅੰਦਰ ਭੁੱਖ ਅਤੇ ਪਿਆਸ-ਦੋਵੇਂ ਜਾਗ ਪੈਂਦੀਆਂ ਹਨ, ਜਿਸ ਕਰਕੇ ਮਨੁੱਖ ਆਪਣੀ ਭੁੱਖ ਮਿਟਾਉਣ ਲਈ ਰੋਟੀ ਦੇ ਆਹਰ ਲੱਗ ਜਾਂਦਾ ਹੈ। ਜਦੋਂ ਖਾਧਾ-ਪੀਤਾ ਸੁਆਹ ਬਣ ਜਾਂਦਾ ਹੈ ਅਰਥਾਤ ਭਸਮ ਹੋ ਜਾਂਦਾ ਹੈ ਤਾਂ ਹੋਰ ਭੁੱਖ ਲੱਗਦੀ ਹੈ ਅਤੇ ਖਾਣ ਦੀ ਤਾਂਘ ਪੈਦਾ ਹੁੰਦੀ ਹੈ। ਚਉਥੇ ਪਹਿਰ ਥੱਕੇ-ਟੁੱਟੇ ਮਨੁੱਖ ਨੂੰ ਨੀਂਦ ਆ ਦਬੋਚਦੀ ਹੈ, ਮਨੁੱਖ ਅੱਖਾਂ ਮੀਟ ਕੇ ਸੌਂ ਜਾਂਦਾ ਹੈ। ਦੂਸਰੇ ਦਿਨ ਤੋਂ ਫਿਰ ਉਹੀ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਨੀਂਦ ਤੋਂ ਉਠ ਕੇ ਮਨੁੱਖ ਦੁਬਾਰਾ ਸੰਸਾਰਕ ਧੰਧਿਆਂ ਵਿਚ ਲੱਗ ਜਾਂਦਾ ਹੈ ਜਿਵੇਂ ਮਨੁੱਖ ਨੇ ਸੰਸਾਰ ਤੋਂ ਕਦੀ ਜਾਣਾ ਹੀ ਨਾ ਹੋਵੇ।

ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਇਸ ਲਈ ਅੰਮ੍ਰਿਤ ਵੇਲਾ ਹੀ ਪਰਮਾਤਮਾ ਦੇ ਸਿਮਰਨ ਲਈ ਸਭ ਤੋਂ ਚੰਗਾ ਸਮਾਂ ਹੈ। ਇਸ ਤਰ੍ਹਾਂ ਜਦੋਂ ਮਨੁੱਖ ਦਾ ਮਨ ਪੂਰੀ ਤਰ੍ਹਾਂ ਪਰਮਾਤਮ-ਨਾਮ ਨਾਲ ਇੱਕਸੁਰ ਹੋ ਜਾਂਦਾ ਹੈ ਫਿਰ ਮਨੁੱਖ ਦਾ ਮਨ ਅੱਠੇ ਪਹਿਰ ਅਕਾਲ ਪੁਰਖ ਨਾਲ ਜੁੜਿਆ ਰਹਿੰਦਾ ਹੈ, ਉਹ ਸਦੀਵੀ ਮਨੁੱਖ ਦੇ ਮਨ ਵਿਚ ਵਸਿਆ ਰਹਿੰਦਾ ਹੈ ਅਤੇ ਅਜਿਹੀ ਅਵਸਥਾ ਅੰਦਰ ਸਮਝੋ ਹਰ ਤਰ੍ਹਾਂ ਨਾਲ ਅਧਿਆਤਮਕ ਇਸ਼ਨਾਨ ਦੀ ਪ੍ਰਾਪਤੀ ਹੋ ਜਾਂਦੀ ਹੈ,

ਸਬਾਹੀ ਸਾਲਾਹ
ਜਿਨੀ ਧਿਆਇਆ ਇਕ ਮਨਿ॥
ਸੇਈ ਪੂਰੇ ਸਾਹ
ਵਖਤੈ ਉਪਰਿ ਲੜਿ ਮੁਏ॥...
ਸਭੇ ਵੇਲਾਵਖਤ
ਸਭਿ ਜੇ ਅਠੀ ਭਉ ਹੋਇ॥
ਨਾਨਕ ਸਾਹਿਬੁ ਮਨਿ ਵਸੈ
ਸਚਾ ਨਾਵਣੁ ਹੋਇ॥੧॥
(ਪੰਨਾ ੧੪੫-੧੪੬)

ਇਸੇ ਸਿਧਾਂਤ ਦੀ ਨਿਰੰਤਰਤਾ ਵਿਚ ਅੱਗੇ ਦੂਸਰੀ ਨਾਨਕ ਜੋਤਿ ਗੁਰੂ ਅੰਗਦ ਦੇਵ ਜੀ ਦਾ ਸਲੋਕ ਹੈ ਜਿਸ ਵਿਚ ਉਹ ਦੱਸਦੇ ਹਨ ਕਿ ਉਹ ਪੂਰੇ ਸ਼ਾਹ ਅਰਥਾਤ ਧਨੀ ਹਨ ਜਿਨ੍ਹਾਂ ਨੇ ਉਸ ਪੂਰਨ ਪਰਮਾਤਮਾ ਨੂੰ ਪਾ ਲਿਆ ਹੈ। ਉਹ ਅੱਠੇ ਪਹਿਰ ਦੁਨੀਆਂ ਵੱਲੋਂ ਬੇਪਰਵਾਹ ਹੋ ਕੇ ਅਕਾਲ ਪੁਰਖ ਦੇ ਪ੍ਰੇਮ ਦੇ ਰੰਗ ਵਿਚ ਰੰਗੇ ਰਹਿੰਦੇ ਹਨ। ਭਾਵ ਉਨ੍ਹਾਂ ਦਾ ਮਨ ਸਦੀਵੀ ਅਕਾਲ ਪੁਰਖ ਨਾਲ ਜੁੜਿਆ ਰਹਿੰਦਾ ਹੈ। ਪਰ ਜਿਹੜੇ ਮਨੁੱਖ ਇਸ ਤਰ੍ਹਾਂ ਅਕਾਲ ਪੁਰਖ ਦੇ ਅਪਾਰ ਰੂਪ ਅਤੇ ਦੀਦਾਰ ਵਿਚ ਜੁੜੇ ਰਹਿੰਦੇ ਹਨ, ਉਹ ਵਿਰਲੇ ਭਾਵ ਬਹੁਤ ਥੋੜੇ ਹੁੰਦੇ ਹਨ। ਗੁਰਮਤਿ ਵਿਚਾਰਧਾਰਾ ਅਨੁਸਾਰ ਅਜਿਹੀ ਪ੍ਰਾਪਤੀ ਪੂਰਨ ਗੁਰੂ ਰਾਹੀਂ ਸੰਭਵ ਹੈ। ਇਸ ਲਈ ਗੁਰੂ ਅੰਗਦ ਦੇਵ ਕਹਿੰਦੇ ਹਨ ਕਿ ਪੂਰੇ ਬੋਲ ਵਾਲਾ ਪੂਰਾ ਗੁਰੂ ਮਨੁੱਖ ਨੂੰ ਬਹੁਤ ਕਿਸਮਤ ਨਾਲ ਮਿਲਦਾ ਹੈ, ਭਾਗਾਂ ਵਾਲਿਆਂ ਨੂੰ ਜਦੋਂ ਅਜਿਹਾ ਗੁਰੂ ਮਿਲ ਜਾਂਦਾ ਹੈ ਅਤੇ ਜਿਸ ਮਨੁੱਖ ਨੂੰ ਗੁਰੂ ਪੂਰਨ ਬਣਾ ਦਿੰਦਾ ਹੈ, ਉਸ ਦਾ ਸਬੰਧ ਅੱਠੇ ਪਹਿਰ ਅਕਾਲ ਪੁਰਖ ਨਾਲ ਬਣਿਆ ਰਹਿੰਦਾ ਹੈ, ਕਦੇ ਘਟਦਾ ਨਹੀਂ,

ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥
ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥
ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ॥
ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ॥
ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ॥੨॥
(ਪੰਨਾ ੧੪੬)

ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਇਹ ਤੱਥ ਦ੍ਰਿੜ ਕਰਵਾਉਂਦੇ ਹਨ ਕਿ ਜਿਸ ਮਨੁੱਖ ਨੂੰ ਅਕਾਲ ਪੁਰਖ ਦਾ ਆਸਰਾ ਹੋਵੇ ਉਸ ਨੂੰ ਕਿਸੇ ਹੋਰ ਆਸਰੇ ਦੀ ਜ਼ਰੂਰਤ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਹੇ ਅਕਾਲ ਪੁਰਖ! ਮੈਂ ਇਹ ਸੱਚ ਦੱਸ ਰਿਹਾ ਹਾਂ ਕਿ ਜੇ ਮੈਨੂੰ ਤੇਰਾ ਆਸਰਾ ਮਿਲਿਆ ਹੋਇਆ ਹੈ ਤਾਂ ਮੈਨੂੰ ਕਿਸੇ ਹੋਰ ਦੇ ਆਸਰੇ ਦੀ ਕੋਈ ਲੋੜ ਨਹੀਂ ਹੈ। ਜਿਹੜੇ ਮਨੁੱਖ ਨੂੰ ਇਹ ਸੰਸਾਰਕ ਧੰਧਿਆਂ ਦਾ ਚੋਰ ਠੱਗ ਲੈਂਦਾ ਹੈ, ਮੋਹ ਲੈਂਦਾ ਹੈ, ਉਸ ਨੂੰ ਉਸ ਅਕਾਲ ਪੁਰਖ ਦਾ ਦਰਵਾਜ਼ਾ ਨਹੀਂ ਲੱਭਦਾ, ਉਹ ਪਰਮਾਤਮਾ ਦੇ ਮਹਿਲ ਤੱਕ ਨਹੀਂ ਪਹੁੰਚ ਪਾਉਂਦਾ। ਉਹ ਆਪਣੇ ਕਠੋਰ ਮਨ ਦੇ ਕਾਰਨ (ਮਨ ਦੀਆਂ ਅਕਾਂਖਿਆਵਾਂ ਕਾਰਨ) ਆਪਣੀ ਮਿਹਨਤ ਨੂੰ, ਆਪਣੀ ਕੀਤੀ ਹੋਈ ਸੇਵ ਨੂੰ ਗੁਆ ਲੈਂਦਾ ਹੈ।

ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਜਿਸ ਹਿਰਦੇ ਵਿਚ ਸੱਚ ਦਾ ਨਿਵਾਸ ਨਹੀਂ ਹੈ, ਉਹ ਹਿਰਦਾ ਸਦਾ ਹੀ ਭੱਜਦਾ-ਘੜਦਾ ਰਹਿੰਦਾ ਹੈ ਅਰਥਾਤ ਅਜਿਹਾ ਮਨੁੱਖ ਜਨਮ ਲੈਂਦਾ ਅਤੇ ਮਰਦਾ ਰਹਿੰਦਾ ਹੈ, ਜਨਮ-ਮਰਨ ਦੇ ਚੱਕਰ ਤੋਂ ਮੁਕਤ ਨਹੀਂ ਹੁੰਦਾ। ਅਜਿਹੇ ਮਨੁੱਖ ਦੇ ਕੀਤੇ ਕਰਮਾਂ ਦਾ ਜਦੋਂ ਹਿਸਾਬ ਕੀਤਾ ਜਾਂਦਾ ਹੈ ਤਾਂ ਉਹ ਪੂਰੇ ਵੱਟੇ ਨਾਲ ਤੋਲ ਵਿਚ ਪੂਰਾ ਕਿਵੇਂ ਉਤਰ ਸਕਦਾ ਹੈ। ਪਰ ਇਸ ਦੇ ਉਲਟ ਜੇ ਕੋਈ ਮਨੁੱਖ ਆਪਣੇ ਮਨ ਦੀ ਹਉਮੈ ਤਿਆਗ ਦੇਵੇ, ਹਿਰਦੇ ਨੂੰ ਹਉਮੈ ਤੋਂ ਮੁਕਤ ਕਰ ਲਵੇ ਤਾਂ ਉਹ ਤੋਲ ਵਿਚ ਘਟ ਨਹੀਂ ਸਕਦਾ ਬਲਕਿ ਪੂਰਾ ਉਤਰਦਾ ਹੈ। ਜਿਹੜੇ ਮਨੁੱਖ ਆਪਣੇ ਚੰਗੇ ਕਰਮ ਕਰਨ ਕਰਕੇ ਖਰੇ ਹੁੰਦੇ ਹਨ, ਉਹ ਜਦੋਂ ਅਕਾਲ ਪੁਰਖ ਵਲੋਂ ਪਰਖੇ ਜਾਂਦੇ ਹਨ ਤਾਂ ਉਹ ਖਰਾ ਸੌਦਾ ਬਣ ਕੇ ਪੂਰੇ ਉਤਰਦੇ ਹਨ। ਪਰ ਗੁਰਮਤਿ ਅਨੁਸਾਰ ਇਹ ਖਰਾ ਸੌਦਾ ਇੱਕੋ ਹੱਟ ਤੋਂ ਮਿਲਦਾ ਹੈ ਅਤੇ ਉਹ ਹੱਟ ਹੈ ਪੂਰਾ ਗੁਰੂ ਅਰਥਾਤ ਪੂਰੇ ਗੁਰੂ ਪਾਸੋਂ ਹੀ ਇਸ ਸੰਸਾਰ 'ਤੇ ਸੱਚਾ ਜੀਵਨ ਜਿਉਣ ਦੀ ਜਾਚ ਮਿਲਦੀ ਹੈ,

ਜਾ ਤੂੰ ਤਾ ਕਿਆ ਹੋਰਿ
ਮੈ ਸਚੁ ਸੁਣਾਈਐ॥
ਮੁਠੀ ਧੰਧੈ ਚੋਰਿ
ਮਹਲੁ ਨ ਪਾਈਐ॥ (ਪੰਨਾ ੧੪੬)

ਅਗਲਾ ਸਲੋਕ ਗੁਰੂ ਅੰਗਦ ਦੇਵ ਜੀ ਦਾ ਹੈ ਜਿਸ ਵਿਚ ਉਹ ਦੱਸਦੇ ਹਨ ਕਿ ਕੋਈ ਵਿਰਲੇ ਭਾਗਾਂ ਵਾਲੇ ਮਨੁੱਖ ਹਨ ਜੋ ਗੁਰੂ ਪਾਸੋਂ ਸਿੱਖਿਆ ਲੈ ਕੇ ਉਸ ਅਨੁਸਾਰ ਚੱਲਦਿਆਂ ਨਾਮ ਦਾ ਖਜ਼ਾਨਾ ਲੱਭਦੇ ਹਨ ਅਤੇ ਗੁਣਾਂ ਦੇ ਭੰਡਾਰ ਅਕਾਲ ਪੁਰਖ ਨੂੰ ਭਾਲਦੇ ਹਨ। ਇਸ ਸਲੋਕ ਵਿਚ ਗੁਰੂ ਅੰਗਦ ਦੇਵ ਕਹਿੰਦੇ ਹਨ ਕਿ ਜੇ ਇਸ ਤਰ੍ਹਾਂ ਮੰਨ ਲਿਆ ਜਾਵੇ ਕਿ ਧਰਤੀ ਦੇ ਅੱਠ ਖੰਡ (ਹਿੱਸੇ) ਹਨ ਅਤੇ ਨੌਵਾਂ ਖੰਡ ਮਨੁੱਖੀ ਸਰੀਰ ਹੈ ਜਿਸ ਵਿਚ ਅਕਾਲ ਪੁਰਖ ਦਾ ਨਿਵਾਸ ਹੈ, ਤਾਂ ਇਹ ਇੱਕ ਤੱਥ ਹੈ ਕਿ ਦਿਨ ਦੇ ਅੱਠੇ ਪਹਿਰ ਮਨੁੱਖ ਦਾ ਮਨ ਸੰਸਾਰ ਦੇ ਅੱਠ ਖੰਡਾਂ ਦੇ ਪਦਾਰਥਾਂ ਦੀ ਪ੍ਰਾਪਤੀ ਵਿਚ ਲੱਗਾ ਰਹਿੰਦਾ ਹੈ। ਇਸ ਨੌਵੇਂ ਖੰਡ ਅਰਥਾਤ ਮਨੁੱਖੀ ਸਰੀਰ ਵਿਚ ਉਸ ਨਾਮ ਦਾ ਵਾਸਾ ਹੈ ਜੋ ਨੌਂ ਨਿੱਧੀਆਂ ਦਾ ਖਜ਼ਾਨਾ ਹੈ ਜਿਸ ਦੀ ਭਾਲ ਗੁਣਾਂ ਵਾਲੇ ਬੰਦੇ ਕਰਦੇ ਹਨ। ਕੋਈ ਵਿਰਲੇ ਭਾਗਾਂ ਵਾਲੇ ਮਨੁੱਖ ਹੁੰਦੇ ਹਨ ਜਿਹੜੇ ਕਿਸੇ ਗੁਰੂ ਜਾਂ ਪੀਰ ਦੀ ਅਗਵਾਈ ਵਿਚ ਇਸ ਅਥਾਹ ਗੁਣਾਂ ਦੇ ਭੰਡਾਰ ਅਕਾਲ ਪੁਰਖ ਦੀ ਭਾਲ ਕਰਦੇ ਹਨ।

ਸਵੇਰ ਦੇ ਚਉਥੇ ਪਹਿਰ ਅਰਥਾਤ ਅੰਮ੍ਰਿਤ ਵੇਲੇ ਜਿਨ੍ਹਾਂ ਦੀ ਸੁਰਤਿ ਪਰਮਾਤਮ-ਸੁਰਤਿ ਵਿਚ ਜੁੜੀ ਹੁੰਦੀ ਹੈ, ਉਨ੍ਹਾਂ ਦੇ ਮਨ ਵਿਚ ਇਸ ਨੌਂ-ਨਿਧਿ ਨਾਮ ਲਈ ਚਾਅ ਪੈਦਾ ਹੁੰਦਾ ਹੈ ਅਤੇ ਇਸ ਚਾਅ ਵਿਚੋਂ ਉਹ ਗੁਰਮੁਖਾਂ ਦੀ ਸੰਗਤ ਕਰਨ ਜਾਂਦੇ ਹਨ ਅਤੇ ਗੁਰਮੁਖਾਂ ਨਾਲ ਸਾਂਝ ਬਣਦੀ ਹੈ (ਦਰਿਆ ਇਥੇ ਨਾਮ ਦੇ ਪਰਵਾਹ ਦਾ ਪ੍ਰਤੀਕ ਹੈ ਜੋ ਗੁਰਮੁਖਾਂ ਦੀ ਸੰਗਤ ਵਿਚ ਚਲਦਾ ਹੈ, ਵਗਦਾ ਹੈ), ਇਸ ਸਾਂਝ ਵਿਚੋਂ ਉਨ੍ਹਾਂ ਦੇ ਮਨ ਅੰਦਰ ਅਤੇ ਮੂੰਹ ਵਿਚ ਵੀ ਨਾਮ ਵੱਸਦਾ ਹੈ। ਗੁਰਮੁਖਾਂ ਦੀ ਸੰਗਤ ਵਿਚ ਨਾਮ-ਅੰਮ੍ਰਿਤ ਵੰਡਿਆ ਜਾਂਦਾ ਹੈ, ਅਕਾਲ ਪੁਰਖ ਦੀ ਮਿਹਰ ਨਾਲ ਸੰਗਤ ਕਰਨ ਵਾਲੇ ਜੀਵਾਂ ਨੂੰ ਨਾਮ ਦੀ ਦਾਤ ਮਿਲਦੀ ਹੈ। ਜਿਸ ਤਰ੍ਹਾਂ ਸੋਨੇ ਨੂੰ ਅੱਗ ਵਿਚ ਤਾਅ ਕੇ ਕੱਸ ਲਾਈਦਾ ਹੈ ਅਤੇ ਸੋਨਾ ਚਮਕ ਉਠਦਾ ਹੈ, ਇਸੇ ਤਰ੍ਹਾਂ ਅੰਮ੍ਰਿਤ ਵੇਲੇ ਦੀ ਕੀਤੀ ਘਾਲ ਕਮਾਈ ਇਸ ਕਾਇਆ ਅਰਥਾਤ ਸਰੀਰ ਨੂੰ ਕੱਸ ਲਾਉਂਦੀ ਹੈ ਅਤੇ ਉਸ ਨੂੰ ਨਾਮ-ਭਗਤੀ ਦਾ ਸੂਹਣਾ ਰੰਗ ਚੜ੍ਹ ਜਾਂਦਾ ਹੈ। ਜਦੋਂ ਅਕਾਲ ਪੁਰਖ ਰੂਪੀ ਸਰਾਫ ਉਸ ਦੀ ਪਰਖ ਕਰਦਾ ਹੈ, ਉਸ ਦੀ ਮਿਹਰ ਦੀ ਨਜ਼ਰ ਹੁੰਦੀ ਹੈ ਤਾਂ ਫਿਰ ਇਸ ਸਰੀਰ ਰੂਪੀ ਸੋਨੇ ਨੂੰ ਹੋਰ ਤਾਅ ਦੇਣ ਦੀ ਜ਼ਰੂਰਤ ਨਹੀਂ ਰਹਿੰਦੀ।

ਗੁਰੂ ਅੰਗਦ ਦੇਵ ਜੀ ਕਹਿੰਦੇ ਹਨ ਕਿ ਅੱਠਵਾਂ ਪਹਿਰ ਭਾਵ ਅੰਮ੍ਰਿਤ ਵੇਲਾ ਅਕਾਲ ਪੁਰਖ ਦੇ ਚਰਨਾਂ ਦੀ ਪ੍ਰੀਤ ਨਾਲ ਹੀ ਜੋੜੀ ਰੱਖੀਏ, ਉਸ ਦੇ ਚਰਨ-ਕੰਵਲਾਂ ਦੀ ਪ੍ਰੀਤ ਵਿਚ ਲਾਈ ਰੱਖੀਏ ਅਤੇ ਬਾਕੀ ਦੇ ਸੱਤ ਪਹਿਰ ਭਲੇ ਲੋਕਾਂ ਦੀ ਸੰਗਤ ਵਿਚ ਗੁਜ਼ਾਰੀਏ ਅਤੇ ਗੁਰਮੁਖਾਂ ਦੀ ਸੰਗਤ ਵਿਚ ਆਪਣਾ ਵਿਅਕਤਿਤਵ ਉਸਾਰੀਏ, ਆਪਣੇ ਆਚਰਣ ਦੀ ਉਸਾਰੀ ਕਰੀਏ। ਇਸ ਸੰਗਤ ਵਿਚ ਪਾਪ-ਪੁੰਨ ਵਿਚਾਰਿਆ ਜਾਂਦਾ ਹੈ, ਉਥੇ ਚੰਗੇ ਅਤੇ ਮੰਦੇ ਕੰਮਾਂ ਦੀ ਪਰਖ ਕੀਤੀ ਜਾਂਦੀ ਹੈ, ਝੂਠ ਦੀ ਪੂੰਜੀ ਘਟਦੀ ਜਾਂਦੀ ਹੈ ਕਿਉਂਕਿ ਖੋਟੇ ਕੰਮਾਂ ਨੂੰ ਕੱਢ ਕੇ ਬਾਹਰ ਸੁੱਟ ਦਿੱਤਾ ਜਾਂਦਾ ਹੈ ਅਤੇ ਚੰਗੇ ਕੰਮਾਂ ਨੂੰ ਸਵੀਕਾਰਿਆ ਜਾਂਦਾ ਹੈ, ਉਨ੍ਹਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ।

ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਉਥੇ ਮਨੁੱਖ ਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਕਿਸੇ ਬੀਤੇ ਹੋਏ ਦੁੱਖ ਦਾ ਗਿਲਾ-ਸ਼ਿਕਵਾ ਕਰਨਾ ਵਿਅਰਥ ਹੈ ਕਿਉਂਕਿ ਦੁੱਖ ਅਤੇ ਸੁੱਖ ਉਹ ਅਕਾਲ ਪੁਰਖ ਆਪ ਹੀ ਦਿੰਦਾ ਹੈ, ਸਭ ਕੁਝ ਉਸ ਦੇ ਹੁਕਮ ਅਨੁਸਾਰ ਹੀ ਵਾਪਰਦਾ ਹੈ,

ਅਠੀ ਪਹਰੀ ਅਠ ਖੰਡ
ਨਾਵਾ ਖੰਡੁ ਸਰੀਰੁ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ
ਭਾਲਹਿ ਗੁਣੀ ਗਹੀਰੁ॥
ਕਰਮਵੰਤੀ ਸਾਲਾਹਿਆ
ਨਾਨਕ ਕਰਿ ਗੁਰੁ ਪੀਰੁ॥
ਚਉਥੈ ਪਹਰਿ ਸਬਾਹ ਕੈ
ਸੁਰਤਿਆ ਉਪਜੈ ਚਾਉ॥ (ਪੰਨਾ ੧੪੬)

ਇਸ ਤੋਂ ਅਗਲਾ ਸਲੋਕ ਵੀ ਗੁਰੂ ਅੰਗਦ ਦੇਵ ਜੀ ਦਾ ਹੈ। ਇਹ ਸਲੋਕ ਜਪੁਜੀ ਦੇ ਅਖ਼ੀਰ ਵਿਚ ਵੀ ਆਉਂਦਾ ਹੈ। ਇਸ ਸਲੋਕ ਵਿਚ ਗੁਰੂ ਅੰਗਦ ਦੇਵ ਜੀ ਨੇ ਹਵਾ ਨੂੰ ਜੀਵਾਂ ਦਾ ਗੁਰੂ ਕਿਹਾ ਹੈ, ਪਾਣੀ ਨੂੰ ਪਿਤਾ ਕਿਹਾ ਹੈ ਕਿਉਂਕਿ ਪਾਣੀ ਹੀ ਜੀਵਨ ਦਾਨ ਦੇਣ ਵਾਲਾ ਹੈ, ਧਰਤੀ ਜੀਵਾਂ ਦੀ ਸਭ ਤੋਂ ਵੱਡੀ ਮਾਂ ਹੈ, ਉਨ੍ਹਾਂ ਨੂੰ ਜਨਮ ਦੇਣ ਵਾਲੀ ਹੈ, ਦਿਨ ਅਤੇ ਰਾਤ ਖਿਡਾਵਾ ਅਤੇ ਖਿਡਾਵੀ ਹਨ ਜਿਸ ਨਾਲ ਸਾਰਾ ਸੰਸਾਰ ਖੇਡ ਰਿਹਾ ਹੈ। ਧਰਮਰਾਜ ਹਰ ਜੀਵ ਦੇ ਕੀਤੇ ਹੋਏ ਚੰਗੇ ਅਤੇ ਮੰਦੇ ਕੰਮਾਂ ਨੂੰ ਬਹੁਤ ਹੀ ਧਿਆਨ ਨਾਲ ਵਿਚਾਰਦਾ ਹੈ ਅਤੇ ਮਨੁੱਖਾਂ ਦੇ ਆਪੋ-ਆਪਣੇ ਕੀਤੇ ਹੋਏ ਕੰਮਾਂ ਦੇ ਅਨੁਸਾਰ ਕਈ ਮਨੁੱਖ ਅਕਾਲ ਪੁਰਖ ਦੇ ਨੇੜੇ ਚਲੇ ਜਾ ਰਹੇ ਹਨ ਅਤੇ ਕਈ ਉਸ ਤੋਂ ਦੂਰ ਹੋਈ ਜਾ ਰਹੇ ਹਨ।

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕੀਤਾ ਹੈ ਉਨ੍ਹਾਂ ਨੇ ਆਪਣੀ ਮਿਹਨਤ ਸਫਲ ਕਰ ਲਈ ਹੈ ਅਤੇ ਉਹ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਸੁਰਖਰੂ ਹਨ, ਹੋਰ ਵੀ ਬਹੁਤ ਸਾਰੇ ਲੋਕ ਅਜਿਹੇ ਲੋਕਾਂ ਦੀ ਸੰਗਤ ਵਿਚ ਰਹਿ ਕੇ ਮੁਕਤ ਹੋ ਜਾਂਦੇ ਹਨ,

ਪਉਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ॥
ਦਿਨਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ
ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ
ਹੋਰ ਕੇਤੀ ਛੁਟੀ ਨਾਲਿ॥੨॥

ਇਸ ਸਲੋਕ ਤੋਂ ਅੱਗੇ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਅਕਾਲ ਪੁਰਖ ਦਾ ਪ੍ਰੇਮ ਸੱਚਾ ਭੋਜਨ ਹੈ ਜਿਸ ਨਾਲ ਆਤਮਕ-ਤ੍ਰਿਪਤੀ ਮਿਲਦੀ ਹੈ ਅਤੇ ਉਹ ਮਨੁੱਖ ਕਰਮਾਂ ਵਾਲਾ ਹੈ ਜਿਸ ਨੂੰ ਸਤਿਗੁਰੂ ਨੇ ਇਹ ਭੋਜਨ ਦੱਸਿਆ ਹੈ। ਅਜਿਹਾ ਮਨੁੱਖ ਸੱਚੇ ਪਰਮਾਤਮਾ ਵਿਚ ਹੀ ਪਰਚ ਜਾਂਦਾ ਹੈ ਅਤੇ ਉਸ ਪਰਮਾਤਮਾ ਵਿਚ ਸੁਰਤਿ ਟਿਕਾ ਕੇ ਖੁਸ਼ ਹੁੰਦਾ ਰਹਿੰਦਾ ਹੈ। ਉਹ ਮਨੁੱਖ ਅਕਾਲ ਪੁਰਖ ਦੇ ਚਰਨ-ਰੂਪੀ ਸਵੈ-ਰੂਪ ਵਿਚ ਵੱਸਦਾ ਹੈ ਅਤੇ ਇਹ ਇਸੇ ਤਰ੍ਹਾਂ ਹੈ ਜਿਵੇਂ ਕਿਸੇ ਸਦਾ ਕਾਇਮ ਰਹਿਣ ਵਾਲੇ ਕਿਲੇ ਵਿਚ ਪਿੰਡ ਵੱਸਦਾ ਹੈ।

ਗੁਰੂ ਜੇ ਕਿਸੇ 'ਤੇ ਮਿਹਰਵਾਨ ਹੋ ਜਾਵੇ ਤਾਂ ਹੀ ਅਕਾਲ ਪੁਰਖ ਦੇ ਨਾਮ ਦੀ ਦਾਤ ਮਿਲਦੀ ਹੈ ਅਤੇ ਪਰਮਾਤਮਾ ਦੇ ਪ੍ਰੇਮ ਵਿਚ ਰਹਿ ਕੇ ਸਦਾ ਖਿੜੇ ਰਹਿ ਸਕੀਦਾ ਹੈ। ਅਕਾਲ ਪੁਰਖ ਦੇ ਦਰਬਾਰ ਵਿਚ ਅਰਥਾਤ ਉਸ ਦੀ ਹਾਜ਼ਰੀ ਵਿਚ ਝੂਠ ਦੇ ਸੌਦੇ ਨਾਲ ਨਹੀਂ ਪਹੁੰਚ ਸਕੀਦਾ, ਝੂਠ ਬੋਲ ਬੋਲ ਕੇ ਪਰਮਾਤਮਾ ਦਾ ਨਿਵਾਸ ਸਥਾਨ ਗਵਾ ਲਈਦਾ ਹੈ। ਸੱਚਾ ਸ਼ਬਦ ਅਕਾਲ ਪੁਰਖ ਤੱਕ ਪਹੁੰਚਣ ਦੀ ਰਾਹਦਾਰੀ ਹੈ ਜਿਸ ਰਾਹੀਂ ਉਸ ਤੱਕ ਪਹੁੰਚ ਸਕੀਦਾ ਹੈ। ਇਸ ਨਾਲ ਉਸ ਤੱਕ ਪਹੁੰਚਣ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਪੈਂਦੀ।

ਗੁਰਮਤਿ ਵਿਚ ਸ਼ਬਦ ਨੂੰ, ਨਾਮ ਨੂੰ ਸੁਣਨ, ਉਸ 'ਤੇ ਅਮਲ ਕਰਨ ਅਤੇ ਫਿਰ ਉਸ ਨੂੰ ਸਿਮਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਜਪੁਜੀ ਵਿਚ ਵੀ ਸਪੱਸ਼ਟ ਕੀਤਾ ਗਿਆ ਹੈ। ਇਥੇ ਵੀ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਕਾਲ ਪੁਰਖ ਦੇ ਨਾਮ ਨੂੰ ਸੁਣ ਕੇ, ਸਮਝ ਕੇ ਅਤੇ ਫਿਰ ਉਸ ਦਾ ਸਿਮਰਨ ਕਰਨ ਨਾਲ ਅਕਾਲ ਪੁਰਖ ਦੇ ਮਹਿਲ ਵਿਚ ਬੁਲਾਵਾ ਪੈਂਦਾ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਹੀ ਉਸ ਤੱਕ ਪਹੁੰਚਣ ਦਾ ਸੰਦੇਸ਼ ਪ੍ਰਾਪਤ ਹੁੰਦਾ ਹੈ,

ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥
ਸਚੇ ਹੀ ਪਤੀਆਇ ਸਚਿ ਵਿਗਸਿਆ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ॥
ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ॥
ਸਚੈ ਦੈ ਦੀਬਾਨਿ ਕੂੜਿ ਨ ਜਾਈਐ॥
ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥
ਸਚੁ ਸੁਣਿ ਬੁਝਿ ਵਖਾਣਿ
ਮਹਲਿ ਬੁਲਾਈਐ॥੧੮॥
(ਪੰਨਾ ੧੪੬-੧੪੭)

*(ਚਲਦਾ)*

ਗੁਰਬਾਣੀ ਗਿਆਨ

## ਪ੍ਰਥਮੇ ਮਿਟਿਆ ਤਨ ਕਾ ਦੂਖ

**ਆਸਾ ਮਹਲਾ ੫**
ਪ੍ਰਥਮੇ ਮਿਟਿਆ ਤਨ ਕਾ ਦੂਖ॥
ਮਨ ਸਗਲ ਕਉ ਹੋਆ ਸੂਖੁ॥
ਕਰਿ ਕਿਰਪਾ ਗੁਰ ਦੀਨੋ ਨਾਉ॥
ਬਲਿ ਬਲਿ ਤਿਸੁ ਸਤਿਗੁਰ ਕਉ ਜਾਉ॥੧॥
ਗੁਰੁ ਪੂਰਾ ਪਾਇਓ ਮੇਰੇ ਭਾਈ॥
ਰੋਗ ਸੋਗ ਸਭ ਦੂਖ ਬਿਨਾਸੇ
ਸਤਿਗੁਰ ਕੀ ਸਰਣਾਈ॥ਰਹਾਉ॥
ਗੁਰ ਕੇ ਚਰਨ ਹਿਰਦੈ ਵਸਾਏ॥
ਮਨ ਚਿੰਤਤ ਸਗਲੇ ਫਲ ਪਾਏ॥
ਅਗਨਿ ਬੁਝੀ ਸਭ ਹੋਈ ਸਾਂਤਿ॥
ਕਰਿ ਕਿਰਪਾ ਗੁਰਿ ਕੀਨੀ ਦਾਤਿ॥੨॥
ਨਿਥਾਵੇ ਕਉ ਗੁਰਿ ਦੀਨੋ ਥਾਨੁ॥
ਨਿਮਾਨੇ ਕਉ ਗੁਰਿ ਕੀਨੋ ਮਾਨੁ॥
ਬੰਧਨ ਕਾਟਿ ਸੇਵਕ ਕਰਿ ਰਾਖੇ॥
ਅੰਮ੍ਰਿਤ ਬਾਨੀ ਰਸਨਾ ਚਾਖੇ॥੩॥
ਵਡੈ ਭਾਗਿ ਪੂਜ ਗੁਰ ਚਰਨਾ॥
ਸਗਲ ਤਿਆਗਿ ਪਾਈ ਪ੍ਰਭ ਸਰਨਾ॥
ਗੁਰੁ ਨਾਨਕ ਜਾ ਕਉ ਭਇਆ ਦਇਆਲਾ॥
ਸੋ ਜਨੁ ਹੋਆ ਸਦਾ ਨਿਹਾਲਾ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਬਖ਼ਸ਼ਿਸ਼ ਕਰਦੇ ਹਨ, ਪ੍ਰਥਮੇ ਮਿਟਿਆ ਤਨ ਕਾ ਦੂਖ, ਹੇ ਭਾਈ! ਜਦੋਂ ਦਾ ਮੈਨੂੰ ਪੂਰੇ ਗੁਰੂ ਦਾ ਮਿਲਾਪ ਹੋਇਆ ਹੈ, ਪਹਿਲਾਂ ਤਾਂ ਮੇਰੇ ਸਰੀਰ ਦਾ ਹਰ ਦੁਖ ਮਿਟ ਗਿਆ; ਮਨ ਸਗਲ ਕਉ ਹੋਆ ਸੂਖੁ, ਤੇ ਫਿਰ ਮੇਰੇ ਮਨ ਨੂੰ ਪੂਰਨ ਅਨੰਦ ਦੀ ਪ੍ਰਾਪਤੀ ਹੋ ਗਈ; ਕਰਿ ਕਿਰਪਾ ਗੁਰ ਦੀਨੋ ਨਾਉ, ਉਪਰੰਤ ਪੂਰੇ ਗੁਰੂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਮੈਨੂੰ ਮਿਹਰਵਾਨ ਪ੍ਰਭ ਜੀ ਦਾ ਨਾਮ ਦਿੱਤਾ, ਇਸ ਲਈ ਹੇ ਭਾਈ! ਮੈਂ ਆਪਣੇ ਗੁਰੂ ਤੋਂ ਬਲਿਹਾਰ ਬਲਿਹਾਰ ਅਤੇ ਵਾਰੀ ਸਦਕੜੇ ਜਾਂਦਾ ਹਾਂ।

ਗੁਰੁ ਪੂਰਾ ਪਾਇਓ ਮੇਰੇ ਭਾਈ॥
ਰੋਗ ਸੋਗ ਸਭ ਦੂਖ ਬਿਨਾਸੇ
ਸਤਿਗੁਰ ਕੀ ਸਰਣਾਈ॥ਰਹਾਉ॥

ਰਹਾਉ ਦੀ ਪੰਕਤੀ ਵਿਚ ਗੁਰਦੇਵ ਜੀ ਸਾਡੇ 'ਤੇ ਮਿਹਰਾਂ ਕਰਦੇ ਆਖਦੇ ਹਨ, ਹੇ ਮੇਰੇ ਭਾਈ! ਮੇਰੇ ਵੀਰ! ਜਦੋਂ ਦਾ ਮੈਨੂੰ ਪੂਰਾ ਗੁਰੂ ਮਿਲ ਪਿਆ ਹੈ, ਉਦੋਂ ਤੋਂ ਹੀ ਮੇਰੇ ਰੋਗ, ਸਭ ਚਿੰਤਾ ਫਿਕਰ ਤੇ ਸਾਰੇ ਹੀ ਦੁੱਖਾਂ ਦਾ ਖਾਤਮਾ ਹੋ ਗਿਆ ਹੈ ਅਤੇ ਰੋਗ ਸੋਗ ਹੁਣ ਮੇਰੇ ਨੇੜੇ ਨਹੀਂ ਆ ਸਕਦੇ; ਸਤਿਗੁਰ ਕੀ ਸਰਣਾਈ, ਪਰ ਹੇ ਭਾਈ! ਇਨ੍ਹਾਂ ਸਾਰੇ ਰੋਗ ਸੋਗ ਅਤੇ ਦੁੱਖਾਂ ਦਾ ਨਾਸ ਪੂਰੇ ਸਤਿਗੁਰੂ ਦੀ ਸ਼ਰਨ ਪੈ ਕੇ ਹੀ ਹੋਇਆ ਹੈ ਅਤੇ ਗੁਰੂ ਨੇ ਹੀ ਕੀਤਾ ਹੈ।

ਗੁਰ ਕੇ ਚਰਨ ਹਿਰਦੈ ਵਸਾਏ॥
ਮਨ ਚਿੰਤਤ ਸਗਲੇ ਫਲ ਪਾਏ॥
ਅਗਨਿ ਬੁਝੀ ਸਭ ਹੋਈ ਸਾਂਤਿ॥
ਕਰਿ ਕਿਰਪਾ ਗੁਰਿ ਕੀਨੀ ਦਾਤਿ॥੨॥

ਮਿਹਰਾਂ ਵਿਚ ਆਏ ਗੁਰਦੇਵ ਜੀ ਪੂਰੇ ਗੁਰੂ ਦੀ ਉਪਮਾ ਕਰਦੇ ਹਨ, ਹੇ ਭਾਈ! ਜਦੋਂ ਦੇ ਮੈਂ ਗੁਰੂ ਦੇ ਚਰਨ ਕਵਲ ਆਪਣੇ ਹਿਰਦੇ ਵਿਚ ਵਸਾਏ ਹਨ, ਉਦੋਂ ਤੋਂ ਹੀ ਮੈਨੂੰ ਮੇਰੇ ਸਾਰ ਮਨਚਾਹੇ ਫਲ ਮਿਲ ਰਹੇ ਹਨ; ਅਗਨਿ ਬੁਝੀ ਸਭ ਹੋਈ ਸਾਂਤਿ, ਤੇ ਹੇ ਭਾਈ ਸੁਣੋ! ਹੁਣ ਗੁਰੂ ਦੀ ਕਿਰਪਾ ਸਦਕਾ ਮੇਰੇ ਅੰਦਰੋਂ ਤ੍ਰਿਸ਼ਨਾ ਰੂਪੀ ਅੱਗ ਵੀ ਬੁਝ ਗਈ ਹੈ ਅਤੇ ਮੇਰੇ ਅੰਦਰ ਪੂਰਨ ਤੌਰ 'ਤੇ ਠੰਢ ਪੈ ਗਈ ਹੈ, ਮਨ ਸ਼ਾਂਤ ਹੋ ਗਿਆ ਹੈ।

ਨਿਥਾਵੇ ਕਉ ਗੁਰਿ ਦੀਨੋ ਥਾਨੁ॥
ਨਿਮਾਨੇ ਕਉ ਗੁਰਿ ਕੀਨੋ ਮਾਨੁ॥
ਬੰਧਨ ਕਾਟਿ ਸੇਵਕ ਕਰਿ ਰਾਖੇ॥
ਅੰਮ੍ਰਿਤ ਬਾਨੀ ਰਸਨਾ ਚਾਖੇ॥੩॥

ਹੇ ਭਾਈ! ਮੈਂ ਤਾਂ ਨਿਥਾਵਾਂ ਸਾਂ, ਤੇ ਨਾ ਹੀ ਮੈਨੂੰ ਕਿਤੇ ਆਸਰਾ ਮਿਲਦਾ ਸੀ ਪਰ ਗੁਰੂ ਨੇ ਕਿਰਪਾ ਕਰ ਕੇ ਮੈਨੂੰ ਨਿਥਾਵੇ ਨੂੰ ਆਪਣੇ ਚਰਨਾਂ ਵਿਚ ਥਾਂ ਦਿੱਤਾ, ਤੇ ਮੈਨੂੰ ਨਿਮਾਣੇ ਜਿਹੇ ਨੂੰ ਗੁਰੂ ਨੇ ਮਾਣ ਵੀ ਦਿੱਤਾ; ਬੰਧਨ ਕਾਟਿ ਸੇਵਕ ਕਰਿ ਰਾਖੇ, ਹੇ ਭਾਈ! ਗੁਰੂ ਨੇ ਮੇਰੇ ਮੋਹ ਮਾਇਆ ਅਤੇ ਵਿਕਾਰਾਂ ਦੇ ਸਾਰੇ ਬੰਧਨ ਕੱਟ ਕੇ ਸੇਵਕ ਬਣਾ ਕੇ ਆਪਣੇ ਚਰਨਾਂ ਨਾਲ ਜੋੜ ਲਿਆ, ਹੁਣ ਮੇਰੀ ਜੀਭਾ ਸਦਾ ਹੀ ਅੰਮ੍ਰਿਤ ਰੂਪੀ ਬਾਣੀ ਦਾ ਰਸ ਚੱਖਦੀ ਰਹਿੰਦੀ ਹੈ।

ਵਡੈ ਭਾਗਿ ਪੂਜ ਗੁਰ ਚਰਨਾ॥
ਸਗਲ ਤਿਆਗਿ ਪਾਈ ਪ੍ਰਭ ਸਰਨਾ॥
ਗੁਰੁ ਨਾਨਕ ਜਾ ਕਉ ਭਇਆ ਦਇਆਲਾ॥
ਸੋ ਜਨੁ ਹੋਆ ਸਦਾ ਨਿਹਾਲਾ॥

ਸ਼ਬਦ ਦੇ ਅਖੀਰ ਵਿਚ ਸਤਿਗੁਰ ਆਖਦੇ ਹਨ, ਹੇ ਭਾਈ! ਭਾਗਾਂ ਨਾਲ ਹੀ ਮੈਨੂੰ ਗੁਰੂ ਦੇ ਚਰਨਾਂ ਦੀ ਪੂਜਾ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਉਸ ਸੇਵਾ ਦੀ ਬਰਕਤ ਨਾਲ ਹੀ ਮੈਂ ਹੋਰ ਸਾਰੇ ਦੁਨਿਆਵੀ ਆਸਰੇ ਛੱਡ ਕੇ ਉਸ ਮਿਹਰਵਾਨ ਪ੍ਰਭ ਦੀ ਸ਼ਰਨ ਆ ਪਿਆ ਹਾਂ; ਗੁਰੁ ਨਾਨਕ ਜਾ ਕਉ ਭਇਆ ਦਇਆਲਾ, ਨਾਨਕ ਆਖਦਾ ਹੈ, ਜਿਸ ਤੇ ਗੁਰੂ ਦਇਆਵਾਨ ਹੋ ਗਿਆ, ਉਹ ਜੀਵ ਸਦਾ ਲਈ ਹੀ ਨਿਹਾਲ ਹੋ ਗਿਆ।

ਗੁਰੂ ਪਿਆਰਿਓ, ਆਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਪਤਵੰਤਿਆਂ ਦੀ ਬੇਜਾਨ ਆਵਾਜ਼ ਅਤੇ ਪੱਤਰਕਾਰੀ ਦਾ ਖਾਸਾ

ਪੱਤਰਕਾਰੀ ਵਿਚ ਪੜ੍ਹਾਇਆ ਤਾਂ ਇਹੋ ਜਾਂਦਾ ਹੈ ਕਿ ਜਿਸ ਮੁੱਦੇ ਵਿਚ ਪਾਠਕ/ਸਰੋਤੇ/ਦਰਸ਼ਕ ਦੀ ਦਿਲਚਸਪੀ ਬਣਦੀ ਹੋਵੇ, ਉਸ ਤੱਕ ਪਹੁੰਚ ਕੀਤੀ ਜਾਂਦੀ ਹੈ। ਜਿਸ ਵਿਚ ਦਿਲਚਸਪੀ ਦਾ ਕਣ ਹੋਵੇ; ਉਸ ਮੁੱਦੇ, ਬਿਆਨ ਜਾਂ ਘਟਨਾ ਨੂੰ ਖ਼ਬਰ ਦਾ ਰੁਤਬਾ ਮਿਲਦਾ ਹੈ। ਪੱਤਕਰਾਰੀ ਅੰਦਰਲੇ ਮੌਜੂਦਾ ਰੁਝਾਨ ਬਾਰੇ ਕਿਹਾ ਜਾਂਦਾ ਹੈ ਕਿ ਪੱਤਰਕਾਰ ਪੱਕੀਆਂ ਸੜਕਾਂ ਤੋਂ ਦਸ ਕਿਲੋਮੀਟਰ ਇਧਰ-ਉਧਰ ਜਾਂਦੇ ਹਨ ਅਤੇ ਦੂਰ-ਦੁਰਾਡੇ ਦੇ ਜ਼ਿਆਦਾਤਰ ਇਲਾਕੇ ਨਜ਼ਰਅੰਦਾਜ਼ ਕਰ ਦਿੱਤੇ ਜਾਂਦੇ ਹਨ। ਇਹ ਦੋਵੇਂ ਧਾਰਨਾਵਾਂ ਪੱਤਰਕਾਰੀ ਬਾਰੇ ਹਨ ਪਰ ਇਨ੍ਹਾਂ ਦੋਵਾਂ ਨੂੰ ਜੋੜ ਕੇ ਸਮਝਣ ਦਾ ਸਬੱਬ ਘੱਟ ਹੀ ਬਣਦਾ ਹੈ। ਬੁੱਧੀਜੀਵੀਆਂ ਦੀਆਂ ਬਹਿਸਾਂ ਤੋਂ ਬਿਨਾਂ ਇਨ੍ਹਾਂ ਦੋਵਾਂ ਧਾਰਨਾਵਾਂ ਦਾ ਆਪਸ ਵਿਚ ਮੇਲ ਨਹੀਂ ਹੁੰਦਾ। ਕਦੇ-ਕਦਾਈਂ ਹੀ ਮੌਕਾ ਮੇਲ ਬਣਦਾ ਹੈ। ਚੰਡੀਗੜ੍ਹ ਵਰਗੇ ਸ਼ਹਿਰ ਵਿਚ ਕੋਈ ਨੈਸ਼ਨਲ ਇਨਾਮ ਜੇਤੂ ਫ਼ਿਲਮਸਾਜ਼ ਪ੍ਰੈਸ ਕਾਨਫਰੰਸ ਕਰੇ ਤਾਂ ਪੱਤਰਕਾਰ ਬਰਾਦਰੀ ਦੀ ਦਿਲਚਸਪੀ ਯਕੀਨੀ ਹੁੰਦੀ ਹੈ। ਜੇ ਕੋਈ ਦਹਾਕਿਆਂ ਤੋਂ



ਦਲਜੀਤ ਅਮੀ
ਫੋਨ : 91-97811-21873

ਮਨੁੱਖੀ ਹਕੂਕ ਦੇ ਸਵਾਲਾਂ ਉੱਤੇ ਅਦਾਲਤ ਤੋਂ ਲੈ ਕੇ ਸਮਾਜਕ, ਸਿਆਸੀ ਅਤੇ ਬੁੱਧੀਜੀਵੀ ਮੰਚਾਂ ਉੱਤੇ ਸਰਗਰਮ ਰਿਹਾ ਹੋਵੇ ਤਾਂ ਮੰਨਿਆ ਜਾਂਦਾ ਹੈ ਕਿ ਪੱਤਰਕਾਰ ਤਬਕਾ ਉਸ ਦੇ ਬੋਲਾਂ ਨੂੰ ਸੰਜੀਦਗੀ ਨਾਲ ਸੁਣਦਾ ਹੈ। ਜੇ ਕੋਈ ਸਮਾਜਕ ਕਾਰਕੁਨ ਵੱਡੀ ਕੀਮਤ ਉਤਾਰ ਕੇ ਕਿਸੇ ਸੂਬੇ ਦੇ ਪੁਲਿਸ ਮੁਖੀ ਖ਼ਿਲਾਫ਼ ਦੋ ਦਹਾਕਿਆਂ ਤੋਂ ਲੰਮੀ ਲੜਾਈ ਜਿੱਤਿਆ ਹੋਵੇ ਤਾਂ ਉਸ ਦਾ ਸਤਿਕਾਰ ਤਾਂ ਪੱਤਰਕਾਰ ਤਬਕਾ ਕਰੇਗਾ। ਜੇ ਯੂਨੀਵਰਸਿਟੀ ਦੇ ਅਹਿਮ ਪ੍ਰੋਫ਼ੈਸਰ ਕਿਸੇ ਸਮਾਜਕ-ਸਿਆਸੀ ਮੁੱਦੇ ਉੱਤੇ ਬਿਆਨ ਦੇਣ ਤਾਂ ਪੱਤਰਕਾਰ ਭਲਾ ਕਿਵੇਂ ਨਜ਼ਰਅੰਦਾਜ਼ ਕਰ ਸਕਦੇ ਹਨ? ਸ਼ਾਇਦ ਪੱਤਰਕਾਰ ਇਹੋ ਸੋਚ ਕੇ ਪ੍ਰੈਸ ਕਾਨਫਰੰਸ ਵਿਚ ਆਏ ਹੋਣਗੇ ਕਿ ਫ਼ਿਲਮਸਾਜ਼, ਸਮਾਜਕ ਕਾਰਕੁਨ, ਮਨੁੱਖੀ ਹਕੂਕ ਦੇ ਵਕੀਲ ਅਤੇ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਇਕੱਠੇ ਬੋਲ ਰਹੇ ਹਨ ਤਾਂ ਖ਼ਬਰ ਬਣਦੀ ਹੈ। ਉਂਜ, ਦੋਵਾਂ ਪੱਤਰਕਾਰਾਂ ਨੂੰ ਪਹੁੰਚਦੇ ਸਾਰ ਹੀ ਅਹਿਸਾਸ ਹੋ ਗਿਆ ਕਿ ਉਨ੍ਹਾਂ ਦਾ ਅੰਦਾਜ਼ਾ ਗ਼ਲਤ ਹੈ।

ਬੁਲਾਰਿਆਂ ਨੇ ਚੰਡੀਗੜ੍ਹ ਵਿਚ ਪਿਛਲੇ ਦਿਨੀਂ ਢਾਹੀਆਂ ਗਈਆਂ ਬਸਤੀਆਂ ਦੀ ਗੱਲ ਤੋਰੀ ਅਤੇ ਹੋਰ ਬਸਤੀਆਂ ਨੂੰ ਢਾਹੇ ਜਾਣ ਦੀ ਤਜਵੀਜ਼ ਉੱਤੇ ਸਵਾਲ ਕੀਤੇ। ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ ਸਾਫ਼ ਕਿਹਾ ਕਿ ਮੁੜ-ਵਸੇਬੇ ਦੇ ਇੰਤਜ਼ਾਮ ਤੋਂ ਪਹਿਲਾਂ ਇਨ੍ਹਾਂ ਬਸਤੀਆਂ ਨੂੰ ਉਜਾੜਨਾ ਗ਼ੈਰ-ਮਨੁੱਖੀ ਅਤੇ ਗ਼ੈਰ-ਜਮਹੂਰੀ ਹੈ। ਰਾਜਵਿੰਦਰ ਬੈਂਸ ਨੇ ਸਵਾਲ ਕੀਤਾ ਕਿ ਜਦੋਂ ਹਾਲੇ ਤੱਕ ਯੋਜਨਾ ਅਤੇ ਇਸ ਨੂੰ ਲਾਗੂ ਕਰਨ ਦਾ ਢੰਗ-ਤਰੀਕਾ ਸਵਾਲਾਂ ਦੇ ਘੇਰੇ ਵਿਚ ਹਨ ਤਾਂ ਅਤਿ ਦੀ ਗਰਮੀ ਵਿਚ ਲੋਕਾਂ ਨੂੰ ਬੇਘਰ ਕਿਵੇਂ ਕੀਤਾ ਜਾ ਸਕਦਾ ਹੈ? ਇੰਨੀ ਗਰਮੀ ਵਿਚ ਬੱਚਿਆਂ, ਬਜ਼ੁਰਗਾਂ, ਬਿਮਾਰਾਂ ਅਤੇ ਬਾਕੀ ਜੀਆਂ ਦੇ ਸਿਰ ਤੋਂ ਛੱਤ ਖੋਹਣਾ ਪ੍ਰਸ਼ਾਸਨ ਦੀ ਗ਼ੈਰ-ਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ। ਪ੍ਰੋ. ਅਕਸ਼ੇ ਕੁਮਾਰ ਨੇ ਪ੍ਰਸ਼ਾਸਨ ਨੂੰ ਸਿੱਧਾ ਸਵਾਲ ਕੀਤਾ ਕਿ ਬਿਨਾਂ ਜਵਾਬਦੇਹੀ ਤੋਂ ਕੁਝ ਅਫ਼ਸਰ ਇਸ ਸ਼ਹਿਰ ਵਿਚ ਆਪਣੀ ਤਾਨਾਸ਼ਾਹੀ ਚਲਾ ਰਹੇ ਹਨ ਜੋ ਜਮਹੂਰੀਅਤ ਲਈ ਸਿਹਤਮੰਦ ਨਹੀਂ ਹੈ। ਇਸੇ ਮੌਕੇ ਨੈਸ਼ਨਲ ਐਵਾਰਡ ਜੇਤੂ ਫ਼ਿਲਮਸਾਜ਼ ਰਾਜੀਵ ਕੁਮਾਰ ਨੇ ਕਿਹਾ ਕਿ ਮੌਜੂਦਾ ਦੌਰ ਵਿਚ ਸਮਾਜਕ ਇਨਸਾਫ਼ ਦੀ ਗੱਲ ਸਭ ਤੋਂ ਅਹਿਮ ਹੈ। ਕੁਝ ਕਾਨੂੰਨਾਂ ਅਤੇ ਤਕਨੀਕੀ ਨੁਕਤਿਆਂ ਦੇ ਹਵਾਲੇ ਨਾਲ ਨਾਇਨਸਾਫ਼ੀ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।



ਚੰਡੀਗੜ੍ਹ ਪ੍ਰਸ਼ਾਸਨ ਨੇ 10 ਮਈ ਨੂੰ ਚੰਡੀਗੜ੍ਹ ਵਿਚ ਚਾਰ ਬਸਤੀਆਂ ਉੱਤੇ ਬੁਲਡੋਜ਼ਰ ਚਲਾ ਦਿੱਤਾ ਸੀ। ਮਜ਼ਦੂਰ ਕਲੋਨੀ, ਕੁਲਦੀਪ ਕਲੋਨੀ, ਨਹਿਰੂ ਕਲੋਨੀ ਅਤੇ ਪੰਡਿਤ ਕਲੋਨੀ ਨੂੰ ਢਾਹੇ ਜਾਣ ਨਾਲ ਤਕਰੀਬਨ ਵੀਹ ਹਜ਼ਾਰ ਲੋਕ ਬੇਘਰ ਹੋਏ ਸਨ। ਇਸ ਤੋਂ ਪਹਿਲਾਂ ਨਵੰਬਰ 2013 ਵਿਚ ਕਲੋਨੀ ਨੰਬਰ ਪੰਜ ਨੂੰ ਢਾਹਿਆ ਗਿਆ ਸੀ ਜਿਸ ਨਾਲ ਤਕਰੀਬਨ 70,000 ਲੋਕਾਂ ਨੂੰ ਉਜਾੜਿਆ ਗਿਆ ਸੀ। ਹੁਣ ਪ੍ਰਸ਼ਾਸਨ ਨੇ ਨੌਂ ਹੋਰ ਬਸਤੀਆਂ ਨੂੰ ਢਾਹੁਣ ਦਾ ਨੋਟਿਸ ਜਾਰੀ ਕੀਤਾ ਹੈ। ਲਾਲ ਬਹਾਦਰ ਸ਼ਾਸਤਰੀ ਕਲੋਨੀ ਪਲਸੌਰਾ, ਮਦਰਾਸੀ ਕਲੋਨੀ ਸੈਕਟਰ 26, ਅੰਬੇਦਕਰ ਕਲੋਨੀ ਹੱਲੋਮਾਜਰਾ, ਘੁਮਾਰ ਕਲੋਨੀ, ਗੁਰਸਾਗਰ ਭੱਠਲ ਕਲੋਨੀ (ਨੇੜੇ ਮਲੋਆ), ਕਲਿਆਣ ਕਲੋਨੀ (ਨੇੜੇ ਖੁੱਡਾ ਲਾਹੌਰਾ), ਕਬਾੜੀ ਕਲੋਨੀ, ਸੰਜੇ ਕਲੋਨੀ ਅਤੇ ਜਨਤਾ ਕਲੋਨੀ ਨੂੰ ਜਾਰੀ ਹੋਇਆ ਨੋਟਿਸ 3 ਜੂਨ ਨੂੰ ਲਾਗੂ ਕੀਤਾ ਜਾਣਾ ਹੈ। ਪ੍ਰੈਸ ਕਾਨਫਰੰਸ ਵਿਚ ਬੁਲਾਰਿਆਂ ਨੇ ਨੁਕਤਾਵਾਰ ਸਾਫ਼ ਕੀਤਾ ਕਿ ਬੇਇਨਸਾਫ਼ੀ ਅਤੇ ਗ਼ੈਰ-ਜਮਹੂਰੀ ਰੁਝਾਨ ਦੀ ਨੁਮਾਇੰਦਗੀ ਕਿਵੇਂ ਹੁੰਦੀ ਹੈ। ਚੰਡੀਗੜ੍ਹ ਨੂੰ ਮਾਰਚ 2015 ਤੱਕ ਝੁੱਗੀ-ਝੌਂਪੜੀਆਂ ਤੋਂ ਮੁਕਤ ਕੀਤੇ ਜਾਣ ਦੀ ਯੋਜਨਾ ਤਹਿਤ ਪ੍ਰਸ਼ਾਸਨ ਇਹ ਕਾਰਵਾਈ ਕਰ ਰਿਹਾ ਹੈ। ਜਵਾਹਰ ਲਾਲ ਅਰਬਨ ਰਨਿਊਬਲ ਯੋਜਨਾ ਤਹਿਤ ਪ੍ਰਸ਼ਾਸਨ ਨੇ 25728 ਫਲੈਟ ਬਣਾ ਕੇ ਬਸਤੀਆਂ ਦੇ ਮੁੜ-ਵਸੇਬੇ ਦਾ ਬੰਦੋਬਸਤ ਕਰਨਾ ਸੀ। ਪ੍ਰਸ਼ਾਸਨ ਦੀ ਵੈੱਬਸਾਈਟ ਮੁਤਾਬਕ 23841 ਲੋਕ ਇਸ ਯੋਜਨਾ ਤਹਿਤ ਲਾਭਪਾਤਰੀ ਬਣਦੇ ਸਨ। ਹੁਣ ਤੱਕ ਪ੍ਰਸ਼ਾਸਨ ਨੇ ਤਕਰੀਬਨ 14000 ਫਲੈਟ ਬਣਾਏ ਹਨ ਜਿਨ੍ਹਾਂ ਦਾ ਵੱਡਾ ਹਿੱਸਾ ਹਾਲੇ ਤੱਕ ਲਾਭਪਾਤਰੀਆਂ ਦੇ ਹਵਾਲੇ ਨਹੀਂ ਕੀਤਾ ਗਿਆ।

ਬੁਲਾਰਿਆਂ ਨੇ ਯੋਜਨਾ ਦੇ ਖ਼ਾਸੇ ਅਤੇ ਬਾਅਦ ਵਿਚ ਪ੍ਰਸ਼ਾਸਨ ਵੱਲੋਂ ਲਾਭਪਾਤਰੀਆਂ ਦੀ ਸ਼ਨਾਖ਼ਤ ਵਿਚ ਕੀਤੀਆਂ ਊਣਤਾਈਆਂ ਦਾ ਜ਼ਿਕਰ ਕੀਤਾ। ਪ੍ਰਸ਼ਾਸਨ ਨੇ 2006 ਦੇ ਬਾਇਓ-ਮੈਟਰਿਕ ਸਰਵੇਖਣ ਨੂੰ ਲਾਭਪਾਤਰੀਆਂ ਦਾ ਸ਼ਨਾਖ਼ਤ ਲਈ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਝੁੱਗੀਆਂ-ਝੌਂਪੜੀਆਂ ਵਿਚ ਵਸਦਾ ਜ਼ਿਆਦਾਤਰ ਤਬਕਾ ਇਸ ਸਰਵੇਖਣ ਤੋਂ ਬਾਹਰ ਰਹਿ ਗਿਆ ਹੈ। ਸਰਵੇਖਣ ਵਿਚ ਦਰਜ ਹੋਏ ਸਭ ਲੋਕਾਂ ਨੂੰ ਵੀ ਘਰ ਅਲਾਟ ਨਹੀਂ ਕੀਤੇ ਗਏ। ਇਨ੍ਹਾਂ ਗੱਲਾਂ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਦੋਵੇਂ ਪੱਤਰਕਾਰਾਂ ਆਪਣੀ 'ਗ਼ਲਤੀ' ਨੂੰ ਦਰੁਸਤ ਕਰਦੇ ਹੋਏ ਚਲੇ ਗਏ ਸਨ। ਸਵਾਲ ਇਹ ਨਹੀਂ ਸੀ ਕਿ ਪ੍ਰੈਸ ਕਾਨਫਰੰਸ ਵਿਚ ਬੁਲਾਰੇ ਕੌਣ ਸਨ। ਸਵਾਲ ਇਹ ਸੀ ਕਿ ਬੁਲਾਰੇ ਕਿਸ ਵਿਸ਼ੇ ਉੱਤੇ ਬੋਲ ਰਹੇ ਸਨ। ਜਿਨ੍ਹਾਂ ਬਸਤੀਆਂ ਨੂੰ ਢਾਹੁਣ ਲਈ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨੂੰ ਵਧਾਈਆਂ ਮਿਲ ਰਹੀਆਂ ਹੋਣ ਅਤੇ ਬਸਤੀਆਂ ਦੇ ਲਾਗੇ ਇਲਾਕਿਆਂ ਦੇ ਸਰਦੇ-ਪੁੱਜਦੇ ਲੋਕ ਖ਼ੁਸ਼ੀ ਮਨਾ ਰਹੇ ਹੋਣ, ਉਨ੍ਹਾਂ ਦੇ ਬਸ਼ਿੰਦਿਆਂ ਨਾਲ ਹਮਦਰਦੀ ਵਾਲੀ ਆਵਾਜ਼ ਪੱਤਰਕਾਰ ਤਬਕੇ ਦੀ ਦਿਲਚਸਪੀ ਨਹੀਂ ਬਣਦੀ। ਇਹ ਧਾਰਨਾ ਸਮੁੱਚੇ ਪੱਤਰਕਾਰ ਤਬਕੇ ਬਾਰੇ ਪੇਸ਼ ਕੀਤੀ ਜਾ ਸਕਦੀ ਹੈ। ਕੋਈ ਇੱਕ-ਦੁੱਕਾ ਪੱਤਰਕਾਰ ਇਸ ਰੁਝਾਨ ਤੋਂ ਬਾਹਰ ਹੋ ਸਕਦਾ ਹੈ ਪਰ ਉਸ ਨਾਲ ਪੱਤਰਕਾਰ ਤਬਕੇ ਦੇ ਸਮੁੱਚੇ ਖ਼ਾਸੇ ਵਿਚ ਤਬਦੀਲੀ ਨਹੀਂ ਆ ਜਾਂਦੀ। ਇਹ ਪ੍ਰੈਸ ਕਾਨਫਰੰਸ ਚੰਡੀਗੜ੍ਹ ਦੇ ਸੈਕਟਰ 36 ਦੇ ਕਨਵੈਨਸ਼ਨ ਹਾਲ ਵਿਚ ਹੋ ਰਹੀ ਸੀ। ਥਾਂ ਦੇ ਹਵਾਲੇ ਨਾਲ ਦਲੀਲ ਇਹ ਦਿੱਤੀ ਗਈ ਕਿ ਸ਼ਾਇਦ ਇਹ ਥਾਂ ਦੂਰ ਪੈਂਦੀ ਹੈ ਜਿਸ ਕਾਰਨ ਪੱਤਰਕਾਰ ਨਹੀਂ ਆਏ। ਦਰਅਸਲ ਇਹ ਥਾਂ ਤਾਂ ਟ੍ਰਿਬਿਊਨ ਤੇ ਦੈਨਿਕ ਭਾਸਕਰ, ਟਾਈਮਜ਼ ਆਫ਼ ਇੰਡੀਆ ਅਤੇ ਹਿੰਦੋਸਤਾਨ ਟਾਈਮਜ਼, ਡੇਅ ਐਂਡ ਨਾਈਟ ਅਤੇ ਜ਼ੀ ਪੰਜਾਬ ਜਾਂ ਪੀ.ਟੀ.ਸੀ. ਚੈਨਲ ਦੇ ਤਕਰੀਬਨ ਵਿਚਕਾਰ ਪੈਂਦੀ ਹੈ। ਬਾਕੀ ਸਾਰੇ ਪੱਤਰਕਾਰਾਂ ਦਫ਼ਤਰ ਵੀ ਇਸ ਘੇਰੇ ਦੇ ਅੰਦਰ-ਅੰਦਰ ਆ ਜਾਂਦੇ ਹਨ। ਚੋਣਾਂ ਦੌਰਾਨ ਗੁੱਲ ਪਨਾਗ ਦੇ ਪਿੱਛੇ ਤਾਂ ਇਹ ਸਾਰੇ ਇਸੇ ਥਾਂ ਉੱਤੇ ਪਹੁੰਚੇ ਸਨ!

ਆਮ ਆਦਮੀ ਪਾਰਟੀ ਦੀ ਚੰਡੀਗੜ੍ਹ ਤੋਂ ਉਮੀਦਵਾਰ ਅਤੇ ਅਦਾਕਾਰ ਗੁੱਲ ਪਨਾਗ਼ ਆਪਣੇ ਚੋਣ ਪ੍ਰਚਾਰ ਵਿਚ ਕਹਿੰਦੀ ਸੀ ਕਿ ਚੰਡੀਗੜ੍ਹ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਉੱਤਰੀ ਸੈਕਟਰਾਂ ਵਿਚ ਹਰ ਸਹੂਲਤ ਦੀ ਬਹੁਤਾਤ ਹੈ ਪਰ ਦੱਖਣੀ ਸੈਕਟਰਾਂ ਵਿਚ ਹਰ ਸਹੂਲਤ ਦੀ ਘਾਟ ਹੈ। ਹੋ ਸਕਦਾ ਹੈ ਕਿ ਗੁੱਲ ਪਨਾਗ਼ ਦੇ ਦੱਖਣੀ ਸੈਕਟਰਾਂ ਵਿਚੋਂ ਬਸਤੀਆਂ ਗ਼ੈਰ-ਹਾਜ਼ਰ ਹੋਣ। ਇਨ੍ਹਾਂ ਬਸਤੀਆਂ ਵਿਚ ਸਹੂਲਤਾਂ ਨਦਾਰਦ ਹਨ ਅਤੇ ਇਨ੍ਹਾਂ ਦੀ ਸਰਕਾਰੀ ਦਰਬਾਰੇ ਸੁਣਵਾਈ ਨਹੀਂ ਹੁੰਦੀ। ਮੀਡੀਆ ਇਨ੍ਹਾਂ ਸੈਕਟਰਾਂ ਦੀ ਨਬਜ਼ ਟੋਹਣ ਦਾ ਤਰੱਦਦ ਨਹੀਂ ਕਰਦਾ। ਸ਼ਹਿਰ ਦਾ ਕੋਈ ਪੱਤਰਕਾਰ ਦਾਅਵਾ ਨਹੀਂ ਕਰ ਸਕਦਾ ਕਿ ਬਸਤੀਆਂ ਦੀ ਜ਼ਿੰਦਗੀ ਬਾਬਤ ਉਸ ਦੀ ਠੋਸ ਸਮਝ ਹੈ। ਇਸ ਮਾਮਲੇ ਵਿਚ ਸ਼ਰਤ ਲਗਾ ਕੇ ਜਿੱਤੀ ਜਾ ਸਕਦੀ ਹੈ। ਇਨ੍ਹਾਂ ਬਸਤੀਆਂ ਬਾਬਤ ਪਤਵੰਤਿਆਂ ਦੀ ਪ੍ਰੈਸ ਕਾਨਫਰੰਸ ਵਿਚ ਕੁਝ ਦਿਲਚਸਪ ਗੱਲਾਂ ਹੋਈਆਂ। ਪ੍ਰੋ. ਮਨਜੀਤ ਸਿੰਘ ਨੇ ਦੱਸਿਆ ਕਿ ਇਹ ਬਸਤੀਆਂ ਦੇ ਵਾਸ਼ਿੰਦੇ ਸ਼ਹਿਰ ਦੇ ਮੱਧ ਵਰਗ ਅਤੇ ਉੱਚ ਵਰਗ ਦੇ ਘਰਾਂ ਵਿਚ ਭਾਂਡੇ ਮਾਂਜਣ ਤੋਂ ਕੱਪੜੇ ਧੋਣ ਅਤੇ ਸਾਫ਼-ਸਫ਼ਾਈ ਕਰਨ ਤੋਂ ਲੈ ਕੇ ਚੌਂਕੀਦਾਰੇ ਦਾ ਕੰਮ ਕਰਦੇ ਹਨ। ਇਹ ਸ਼ਹਿਰ ਵਿਚ ਸਾਫ਼-ਸਫ਼ਾਈ, ਢੋਆ-ਢੁਆਈ ਅਤੇ ਰੇਹੜੀ-ਫੜ੍ਹੀ ਦੇ ਨਾਲ-ਨਾਲ ਟੁੱਟਵੀਂ ਦਿਹਾੜੀ ਦਾ ਕੰਮ ਕਰਦੇ ਹਨ। ਪ੍ਰੋਫੈਸਰ ਮਨਜੀਤ ਸਿੰਘ ਸਮਾਜ ਸ਼ਾਸਤਰੀ ਹਨ; ਸੋ ਇਹ ਸਭ ਕੁਝ ਤਾਂ ਉਨ੍ਹਾਂ ਦੇ ਪੇਸ਼ੇਵਰ ਅਧਿਐਨ ਦਾ ਨਿਚੋੜ ਹੋ ਸਕਦਾ ਹੈ। ਇਨ੍ਹਾਂ ਸਮਾਜ ਸ਼ਾਸਤਰੀ ਧਾਰਨਾਵਾਂ ਨਾਲ ਜੋੜ ਕੇ ਪੱਤਰਕਾਰੀ ਬਾਰੇ ਉੱਪਰ ਦਰਜ ਦੋਵੇਂ ਧਾਰਨਾਵਾਂ ਕੁਝ ਨਰਮ ਜਿਹੀਆਂ ਜਾਪਣ ਲੱਗਦੀਆਂ ਹਨ। ਪੱਤਰਕਾਰ ਤਬਕੇ ਨੇ ਦਿਲਚਸਪੀ ਅਤੇ ਪਹੁੰਚ ਬਾਰੇ ਇਹ ਧਾਰਨਾਵਾਂ ਆਪੇ ਸਿਰਜੀਆਂ ਅਤੇ ਪ੍ਰਚਾਰੀਆਂ ਹਨ। ਜਿਸ ਤਬਕੇ ਨੂੰ ਆਪਣੇ ਘਰਾਂ ਦੀਆਂ ਰਸੋਈਆਂ ਅੰਦਰ ਕੰਮ ਕਰਦੀਆਂ ਬੀਬੀਆਂ ਦੀ ਸਾਰ ਨਾ ਹੋਵੇ ਉਸ ਤੋਂ ਪੱਕੀਆਂ ਸੜਕਾਂ ਤੋਂ ਸੈਂਕੜੇ ਮੀਲ ਦੂਰ ਜਾਣ ਦੀ ਤਵੱਕੋ ਕਿਵੇਂ ਕੀਤੀ ਜਾ ਸਕਦੀ ਹੈ? ਜਿਸ ਤਬਕੇ ਦੀ ਆਪਣੇ ਖ਼ੂਬਸੂਰਤ ਸ਼ਹਿਰ ਦੇ ਸਿਰਜਕਾਂ ਦੇ ਮਸਲਿਆਂ ਨੂੰ ਅੰਕੜਿਆਂ ਜਾਂ ਕਾਨੂੰਨੀ ਨੁਕਤਿਆਂ ਤੱਕ ਮਹਿਦੂਦ ਕਰਨ ਦੀ ਆਦਤ, ਪੇਸ਼ੇਵਰ ਮਹਾਰਤ ਹੋ ਗਈ ਹੋਵੇ, ਉਸ ਤੋਂ ਜ਼ਿੰਦਗੀ ਦੇ ਬਾਹਰਮੁਖੀ ਸੁਹਜ ਦੀ ਆਸ ਕਿਵੇਂ ਕੀਤੀ ਜਾਵੇ?

ਇਸ ਦੌਰਾਨ ਇਹ ਪ੍ਰੈਸ ਕਾਨਫਰੰਸ ਜਾਰੀ ਸੀ ਪਰ ਨਾਮਨਿਹਾਦ ਨੂੰ ਵੀ ਕੋਈ ਪੱਤਰਕਾਰ ਹਾਜ਼ਰ ਨਹੀਂ ਸੀ। ਤਕਰੀਬਨ ਪੰਜ ਸੌ ਪੱਤਰਕਾਰਾਂ ਨੂੰ ਈਮੇਲ ਰਾਹੀਂ ਸੱਦਾ ਇੱਕ ਦਿਨ ਪਹਿਲਾਂ ਭੇਜਿਆ ਗਿਆ ਸੀ। ਪਤਵੰਤਿਆਂ ਤੋਂ ਬਾਅਦ ਉਜੜੀਆਂ ਬਸਤੀਆਂ ਦੇ ਉਜੜੇ ਜੀਆਂ ਨੇ ਆਪਣੀ ਹੱਡਬੀਤੀ ਸੁਣਾਈ। ਮੁਕੇਸ਼ ਨੇ ਦੱਸਿਆ ਕਿ ਉਸ ਦੇ ਬੱਚੇ ਆਪਣੇ ਪੁਰਾਣੇ ਦੋਸਤਾਂ ਨੂੰ ਯਾਦ ਕਰ ਕੇ ਰੋਂਦੇ ਹਨ। ਕਿਰਾਏ ਵਧ ਗਏ ਹਨ ਜਿਸ ਕਾਰਨ ਹਾਲੇ ਤੱਕ ਉਹ ਸੜਕ ਕਿਨਾਰੇ ਪੱਲੀ ਵਿਚ ਗੁਜ਼ਾਰਾ ਕਰ ਰਹੇ ਹਨ। ਰਾਜਿੰਦਰ ਨੇ ਦੱਸਿਆ ਕਿ ਤਮਾਮ ਦਸਤਾਵੇਜ਼ ਹੋਣ ਦੇ ਬਾਵਜੂਦ ਉਨ੍ਹਾਂ ਦੀ ਦਾਅਵੇਦਾਰੀ ਨੂੰ ਪ੍ਰਸ਼ਾਸਨ ਨੇ ਪ੍ਰਵਾਨ ਨਹੀਂ ਕੀਤਾ। ਹਰਿੰਦਰ ਦੇ ਬਿਆਨ ਨਾਲ ਰਾਜਵਿੰਦਰ ਬੈਂਸ ਦੀਆਂ ਅੱਖਾਂ ਛਲਕ ਆਈਆਂ। ਨਿਸਾਰ ਖ਼ਾਂ ਨੇ ਸਿੱਧਾ ਸਵਾਲ ਕੀਤਾ ਕਿ ਹਾਜ਼ਰ ਪਤਵੰਤੇ ਹੀ ਦੱਸ ਦੇਣ ਕਿ ਉਨ੍ਹਾਂ ਦੀ ਸੁਣਵਾਈ ਕਿਵੇਂ ਹੋ ਸਕਦੀ ਹੈ? ਸਾਰੇ ਪਤਵੰਤਿਆਂ ਕੋਲ ਨਿਸਾਰ ਖ਼ਾਂ ਦੇ ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ, ਕਿਉਂਕਿ ਅੱਜ ਤਾਂ ਉਨ੍ਹਾਂ ਦੀ ਵੀ ਮੀਡੀਆ ਵਿਚ ਸੁਣਵਾਈ ਨਹੀਂ ਹੋਈ। ਨਿਸਾਰ ਖ਼ਾਂ, ਰਾਜਿੰਦਰ, ਆਜ਼ਾਦ ਅਤੇ ਹਰਿੰਦਰ ਚਾਹ ਪੀਂਦੇ ਹੋਏ ਗੱਲਾਂ ਕਰ ਰਹੇ ਸਨ ਕਿ ਇਨ੍ਹਾਂ ਪਤਵੰਤਿਆਂ ਨੇ ਉਨ੍ਹਾਂ ਦੀ ਗੱਲਾਂ ਧਿਆਨ ਨਾਲ ਸੁਣੀਆਂ ਹਨ। ਇਸ ਸੁਣਵਾਈ ਤੋਂ ਉਨ੍ਹਾਂ ਨੂੰ ਕੁਝ ਆਸ ਬੱਝੀ ਜਾਪਦੀ ਸੀ। ਪਤਵੰਤਿਆਂ ਲਈ ਸਵਾਲ ਹੋ ਗਿਆ ਸੀ ਕਿ ਕੀ ਉਨ੍ਹਾਂ ਦੀ ਆਵਾਜ਼ ਬੇਜਾਨ ਹੈ ਜਾਂ ਮੌਜੂਦਾ ਮੰਡੀ ਅਤੇ ਮੀਡੀਆ ਦੇ ਦੌਰ ਵਿਚ ਪੱਤਰਕਾਰੀ ਅੰਦਰ ਦਰਦਮੰਦੀ ਨੂੰ ਖ਼ਬਰ ਦਾ ਰੁਤਬਾ ਨਹੀਂ ਮਿਲਦਾ? ਦਰਦਮੰਦੀ ਮਨੁੱਖੀ ਦਿਲਚਸਪੀ ਕਦੋਂ ਤੋਂ ਨਹੀਂ ਰਹੀ?

# ਕਾਂਗਰਸ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ

ਇਹ ਪਹਿਲੀ ਵਾਰ ਨਹੀਂ ਹੋਇਆ ਕਿ ਕਾਂਗਰਸ ਦਾ ਸਫਾਇਆ ਹੋ ਗਿਆ ਹੈ ਜਿਸ ਨੂੰ ਲੋਕ ਸਭਾ ਦੀਆਂ 543 ਸੀਟਾਂ 'ਚੋਂ ਸਿਰਫ਼ 44 ਸੀਟਾਂ ਹਾਸਿਲ ਹੋਈਆਂ ਹਨ। ਪਾਰਟੀ ਦੀ ਅਜਿਹੀ ਸਥਿਤੀ 1977 'ਚ ਹੋਈ ਸੀ ਜਦੋਂ ਐਮਰਜੈਂਸੀ ਤੋਂ ਬਾਅਦ ਚੋਣਾਂ ਹੋਈਆਂ ਸਨ। ਐਮਰਜੈਂਸੀ ਲਗਾਉਣ ਵਾਲੀ ਇੰਦਰਾ ਗਾਂਧੀ ਅਤੇ ਉਨ੍ਹਾਂ ਦਾ ਬੇਟਾ ਸੰਜੇ ਗਾਂਧੀ ਵੀ ਚੋਣ ਹਾਰ ਗਏ ਸਨ। ਫਿਰ ਵੀ ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਕੇਰਲਾ ਸਭ ਮਿਲਾ ਕੇ 150 ਸੀਟਾਂ ਦੇ ਨੇੜੇ-ਤੇੜੇ ਦਾ ਅੰਕੜਾ ਸੀ। ਉਹ ਯਕੀਨੀ ਤੌਰ 'ਤੇ ਹਾਰ ਹੀ ਸੀ ਪਰ

ਕੁਲਦੀਪ ਨਈਅਰ

ਇਸ ਵਾਰ ਵਾਂਗ ਜ਼ਬਰਦਸਤ ਸਫਾਇਆ ਨਹੀਂ।

ਉਦੋਂ ਲੋਕ ਐਮਰਜੈਂਸੀ 'ਚ ਹੋਈਆਂ ਵਧੀਕੀਆਂ ਨੂੰ ਲੈ ਕੇ ਗੁੱਸੇ ਸਨ। ਕਾਂਗਰਸ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਤੋਂ ਬਾਅਦ ਲੋਕ ਸ਼ਾਂਤ ਹੋ ਗਏ। ਉਨ੍ਹਾਂ ਨੇ ਇਸ ਪਾਰਟੀ ਨੂੰ ਵਾਪਿਸ ਲਿਆਂਦਾ, ਜਦੋਂ ਉਨ੍ਹਾਂ ਨੇ ਦੇਖਿਆ ਕਿ ਇਸ ਦੀ ਜਗ੍ਹਾ ਲੈਣ ਵਾਲੀ ਜਨਤਾ ਪਾਰਟੀ ਠੀਕ ਢੰਗ ਨਾਲ ਕੰਮ ਨਹੀਂ ਕਰ ਰਹੀ। ਇਹ ਉਨ੍ਹਾਂ ਦਾ ਗੁੱਸਾ ਸੀ, ਵਖਰੇਵਾਂ ਨਹੀਂ। ਇਸ ਵਾਰ ਘਟੀਆ ਸ਼ਾਸਨ ਅਤੇ ਘਪਲਿਆਂ ਵਿਰੁੱਧ ਲੋਕਾਂ ਨੇ ਵੋਟਾਂ ਦਿੱਤੀਆਂ। ਲੋਕਾਂ ਦਾ ਮੋਹ-ਭੰਗ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਡੂੰਘਾ ਸੀ। ਲੋਕਾਂ ਨੂੰ ਯਕੀਨ ਹੋ ਗਿਆ ਕਿ ਪਾਰਟੀ ਇਕ ਸਾਫ-ਸੁਥਰੀ ਅਤੇ ਕੁਸ਼ਲ ਸਰਕਾਰ ਨਹੀਂ ਦੇ ਸਕਦੀ।

ਜੇ ਨਰੇਂਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਕਾਸ ਅਤੇ ਰੋਜ਼ਗਾਰ ਦੇ ਏਜੰਡੇ 'ਤੇ ਕੰਮ ਕਰ ਸਕੇ, ਜਿਸ 'ਤੇ ਪਾਰਟੀ ਨੂੰ 282 ਸੀਟਾਂ ਮਿਲੀਆਂ ਹਨ ਤਾਂ 2019 ਦੀਆਂ ਚੋਣਾਂ 'ਚ ਵੀ ਕਾਂਗਰਸ ਦਾ ਵਾਪਿਸ ਆਉਣਾ ਮੁਸ਼ਕਿਲ ਹੋਵੇਗਾ। ਲੱਗਦਾ ਹੈ ਕਿ ਮੋਦੀ ਇਕ ਦਹਾਕੇ ਤਕ ਟਿਕਣਾ ਚਾਹੁੰਦੇ ਹਨ। ਜੇ ਤਰੱਕੀ ਤੇ ਰੋਜ਼ਗਾਰ ਦੇ ਖੇਤਰ 'ਚ ਉਹ ਚੰਗਾ ਨਤੀਜਾ ਦਿੰਦੇ ਹਨ ਤਾਂ ਇਸ ਨਾਲ ਨੇੜਲੇ ਭਵਿੱਖ 'ਚ ਕਾਂਗਰਸ ਦਾ ਸੱਤਾ 'ਚ ਵਾਪਿਸ ਆਉਣਾ ਹੋਰ ਵੀ ਮੁਸ਼ਕਿਲ ਹੋ ਸਕਦਾ ਹੈ।

ਮੋਦੀ ਸਮਝ ਗਏ ਹਨ ਕਿ ਹਿੰਦੂਵਾਦ ਦਾ ਪੱਤਾ ਖੇਡਣਾ ਜ਼ਰੂਰੀ ਨਹੀਂ ਹੈ, ਜਦੋਂ ਭਾਜਪਾ-ਆਰ. ਐੱਸ. ਐੱਸ. ਦੀ ਜੋੜੀ ਨੇ ਦੱਖਣ ਦੇ ਸੂਬਿਆਂ 'ਚ ਵੀ ਆਪਣੀ ਪੈਠ ਬਣਾ ਲਈ ਹੈ।

ਸੱਚ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਖੁੱਲ੍ਹੀ ਕਿਤਾਬ ਸਨ ਪਰ ਪ੍ਰਾਪਤੀਆਂ ਦੇ ਲਿਹਾਜ਼ ਨਾਲ ਇਸ 'ਚ ਬਹੁਤ ਘੱਟ ਲਿਖਿਆ ਹੋਇਆ ਸੀ। ਲਗਾਤਾਰ ਵਧਦੀਆਂ ਕੀਮਤਾਂ ਅਤੇ ਸੱਤਾ ਦੇ ਹੰਕਾਰ ਨੇ ਔਸਤਨ 8 ਫੀਸਦੀ ਵਿਕਾਸ ਦਰ ਨੂੰ ਵੀ ਬੇਕਾਰ ਬਣਾ ਦਿੱਤਾ। ਕਾਂਗਰਸ ਦੀ ਸਮੱਸਿਆ ਕਦੇ ਮਨਮੋਹਨ ਸਿੰਘ ਨਹੀਂ ਸਨ, ਜੋ ਕਿਸੇ ਵੀ ਤ੍ਰਾਂ ਨਾਲ ਹੁਣ ਕੱਲ ਦੀ ਕਹਾਣੀ ਹਨ। ਪਾਰਟੀ ਖ਼ੁਦ ਨੂੰ ਘਰਾਣੇ ਨਾਲੋਂ ਕਿਵੇਂ ਵੱਖ ਕਰਦੀ ਹੈ ਅਤੇ ਆਪਣੇ ਪੈਰਾਂ 'ਤੇ ਖੜ੍ਹੀ ਹੁੰਦੀ ਹੈ, ਪਾਰਟੀ ਅੱਜ ਇਸੇ ਸਮੱਸਿਆ ਦਾ ਸਾਹਮਣਾ ਕਰ ਰਹੀ ਹੈ। ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਅਤੇ ਉਨ੍ਹਾਂ ਦਾ ਬੇਟਾ ਰਾਹੁਲ ਗਾਂਧੀ ਸਰਕਾਰ ਅਤੇ ਪਾਰਟੀ ਚਲਾ ਰਹੇ ਸਨ। ਹੁਣ ਦੋਵੇਂ ਫੇਲ੍ਹ ਹੋ ਚੁੱਕੇ ਹਨ ਤਾਂ ਲੋਕ ਕਿਸ ਪਾਸੇ ਜਾਣ? ਦੋਹਾਂ ਨੇ ਅਸਤੀਫ਼ੇ ਦੀ ਪੇਸ਼ਕਸ਼ ਕੀਤੀ ਅਤੇ ਕਾਰਜ ਕਮੇਟੀ ਨੇ ਉਸ ਨੂੰ ਮਨਜ਼ੂਰ ਕਰਨ ਤੋਂ ਮਨ੍ਹਾ ਕਰ ਦਿੱਤਾ। ਉਨ੍ਹਾਂ ਦੋਹਾਂ ਨੇ ਕਿਸੇ ਹੋਰ ਨੂੰ ਉੱਭਰਨ ਨਹੀਂ ਦਿੱਤਾ। ਕਾਂਗਰਸ ਇਸ ਘਰਾਣੇ ਤੋਂ ਇਲਾਵਾ ਕਿਸੇ ਹੋਰ ਕੋਲ ਨਹੀਂ ਜਾ ਸਕਦੀ ਕਿਉਂਕਿ ਆਜ਼ਾਦੀ ਤੋਂ ਬਾਅਦ ਇਸੇ ਨੇ ਪਾਰਟੀ ਦੀ ਅਗਵਾਈ ਕੀਤੀ ਹੈ।

ਅੱਜ ਦੀ ਪਾਰਟੀ ਇਕਦਮ ਵੱਖਰੀ ਹੈ ਕਿਉਂਕਿ ਕਾਮਰਾਜ ਅਤੇ ਇੰਦਰਾ ਗਾਂਧੀ ਦੋਹਾਂ ਦੀ ਸਾਂਝੀ ਭੂਮਿਕਾ 'ਚ ਸੋਨੀਆ ਗਾਂਧੀ ਹੈ। ਸਵੈ-ਮੰਥਨ ਪਾਰਟੀ ਨੂੰ ਨਹੀਂ, ਸੋਨੀਆ ਨੂੰ ਕਰਨਾ ਪੈਣਾ ਹੈ। ਉਧਰ, ਮੋਦੀ ਦੇ ਚੋਣ ਪ੍ਰਚਾਰ ਨੇ ਦਿਖਾ ਦਿੱਤਾ ਹੈ ਕਿ ਉਹ ਇਸੇ ਤਰ੍ਹਾਂ ਕੰਮ ਕਰਨਗੇ। ਬੇਸ਼ੱਕ ਰਾਸ਼ਟਰਪਤੀ ਪ੍ਰਣਾਲੀ ਲੋਕਤੰਤਰਿਕ ਹੈ ਪਰ ਇਸ 'ਚ ਤਾਨਾਸ਼ਾਹੀ ਵੱਲ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਤਿਹਾਸ ਅਜਿਹੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਸੋਵੀਅਤ ਯੂਨੀਅਨ 'ਚ ਇਸੇ ਤਰ੍ਹਾਂ ਦਾ ਸ਼ਾਸਨ ਸੀ ਜੋ ਕਈ ਦਹਾਕਿਆਂ ਬਾਅਦ ਖਿੰਡਰ ਗਿਆ ਕਿਉਂਕਿ ਮਾਸਕੋ 'ਚ ਸੱਤਾ ਕੇਂਦਰਤ ਸੀ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਇਸੇ ਢੰਗ ਨਾਲ ਸ਼ਾਸਨ ਚਲਾਉਂਦੇ ਹਨ ਅਤੇ ਯੂਕਰੇਨ ਬਾਰੇ ਮਾਸਕੋ ਦੇ ਰਵੱਈਏ 'ਚ ਵੀ ਇਹੋ ਗੱਲ ਨਜ਼ਰ ਆਉਂਦੀ ਹੈ। ਕੰਟਰੋਲ ਅਤੇ ਸੰਤੁਲਨ ਕਾਰਨ ਰਾਸ਼ਟਰਪਤੀ ਪ੍ਰਣਾਲੀ ਦੇ ਬਾਵਜੂਦ ਅਮਰੀਕਾ ਤਾਨਾਸ਼ਾਹੀ ਤੋਂ ਬਚ ਗਿਆ। ਕਾਂਗਰਸ ਅਤੇ ਅਮਰੀਕੀ ਸੰਸਦ ਸ਼ਕਤੀਸ਼ਾਲੀ ਹੈ।

ਕਾਂਗਰਸ ਪਾਰਟੀ ਮੁੜ ਵਾਪਿਸ ਆ ਸਕਦੀ ਹੈ ਕਿਉਂਕਿ ਲੋਕਾਂ ਨੂੰ ਇਹੋ ਇਕ ਬਦਲ ਮਿਲਿਆ ਹੋਇਆ ਹੈ। ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਵਿਰੁੱਧ ਅੰਦੋਲਨ ਛੇੜ ਕੇ ਉੱਭਰੀ ਅਤੇ ਉਹ ਇਕ ਬਦਲ ਬਣ ਸਕਦੀ ਹੈ ਬਸ਼ਰਤੇ ਕਿ ਉਹ ਆਪਣਾ ਆਧਾਰ ਵਧਾਏ। ਇਸ ਪਾਰਟੀ ਨੇ ਚੋਣਾਂ 'ਚ ਤਿੰਨ ਫੀਸਦੀ ਤੋਂ ਘੱਟ ਵੋਟਾਂ ਹਾਸਿਲ ਕੀਤੀਆਂ ਹਨ।

ਜਿਸ ਤਰ੍ਹਾਂ ਉਹ ਭ੍ਰਿਸ਼ਟਾਚਾਰ ਵਿਰੁੱਧ ਖੜ੍ਹੀ ਹੋਈ, ਉਹ ਸ਼ਲਾਘਾਯੋਗ ਹੈ ਪਰ ਜੇ ਵੋਟਰਾਂ ਨੂੰ ਖਿੱਚਣਾ ਹੈ ਤਾਂ ਕੋਈ ਵਿਚਾਰਧਾਰਾ ਜਾਂ ਨਜ਼ਰੀਆ ਹੋਣਾ ਚਾਹੀਦਾ ਹੈ। ਦਿੱਲੀ 'ਚ ਇਸ ਨੂੰ ਇਕ ਵੱਡਾ ਮੌਕਾ ਮਿਲਿਆ ਸੀ ਪਰ ਉਹ ਇਸ ਨੇ ਗੁਆ ਲਿਆ।

> ***ਕਾਂਗਰਸ ਪਾਰਟੀ ਸੱਤਾ ਵਿਚ ਵਾਪਿਸ ਆ ਸਕਦੀ ਹੈ ਕਿਉਂਕਿ ਲੋਕਾਂ ਨੂੰ ਇਹੋ ਇਕ ਬਦਲ ਮਿਲਿਆ ਹੋਇਆ ਹੈ। ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਵਿਰੁੱਧ ਅੰਦੋਲਨ ਛੇੜ ਕੇ ਉੱਭਰੀ ਅਤੇ ਉਹ ਇਕ ਬਦਲ ਬਣ ਸਕਦੀ ਹੈ ਬਸ਼ਰਤੇ ਕਿ ਉਹ ਆਪਣਾ ਆਧਾਰ ਵਧਾਏ। ਇਸ ਪਾਰਟੀ ਨੇ ਚੋਣਾਂ 'ਚ ਤਿੰਨ ਫੀਸਦੀ ਤੋਂ ਘੱਟ ਵੋਟਾਂ ਹਾਸਿਲ ਕੀਤੀਆਂ ਹਨ। ਜਿਸ ਤਰ੍ਹਾਂ ਉਹ ਭ੍ਰਿਸ਼ਟਾਚਾਰ ਵਿਰੁੱਧ ਖੜ੍ਹੀ ਹੋਈ, ਉਹ ਸ਼ਲਾਘਾਯੋਗ ਹੈ ਪਰ ਜੇ ਵੋਟਰਾਂ ਨੂੰ ਖਿੱਚਣਾ ਹੈ ਤਾਂ ਕੋਈ ਵਿਚਾਰਧਾਰਾ ਜਾਂ ਨਜ਼ਰੀਆ ਹੋਣਾ ਚਾਹੀਦਾ ਹੈ। ਦਿੱਲੀ 'ਚ ਇਸ ਨੂੰ ਇਕ ਵੱਡਾ ਮੌਕਾ ਮਿਲਿਆ ਸੀ ਪਰ ਉਹ ਇਸ ਨੇ ਗੁਆ ਲਿਆ।***

## ਕਾਰਲ ਮਾਰਕਸ ਦੀ ਜੀਵਨ ਕਹਾਣੀ-2

# ਗੁਰਬਤ ਨਾਲ ਜੱਦੋਜਹਿਦ ਅਤੇ ਦਾਸ ਕੈਪੀਟਲ

*ਮਈ ਦਾ ਮਹੀਨਾ ਸੰਸਾਰ ਦੇ ਉਘੇ ਵਿਦਵਾਨ ਕਾਰਲ ਮਾਰਕਸ ਦੇ ਜਨਮ ਦਿਨ ਵਾਲਾ ਮਹੀਨਾ ਹੈ। ਉਹਦਾ ਜਨਮ 5 ਮਈ 1818 ਨੂੰ ਜਰਮਨੀ ਵਿਚ ਹੋਇਆ ਸੀ। ਉਸ ਨੇ ਸੰਸਾਰ ਨੂੰ ਦੋ ਅਜਿਹੀਆਂ ਅਦੁੱਤੀ ਰਚਨਾਵਾਂ 'ਦਿ ਕਮਿਊਨਿਸਟ ਮੈਨੀਫੈਸਟੋ' ਤੇ 'ਦਾਸ ਕੈਪੀਟਲ' ਦਿੱਤੀਆਂ ਜਿਸ ਨੇ ਸੰਸਾਰ ਭਰ ਵਿਚ ਤਰਥਲੀ ਮਚਾ ਦਿੱਤੀ। ਉਸ ਦੀਆਂ ਇਨ੍ਹਾਂ ਰਚਨਾਵਾਂ ਦਾ ਨਿਚੋੜ ਸਰਬੱਤ ਦਾ ਭਲਾ ਹੈ। ਉਸ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਰੂਸੀ ਲੀਡਰ ਲੈਨਿਨ ਨੇ ਸੰਸਾਰ ਦਾ ਪਹਿਲਾ ਇਨਕਲਾਬ ਲਿਆਂਦਾ ਜਿਸ ਨੇ ਸੰਸਾਰ ਭਰ ਦੇ ਨਿਤਾਣਿਆਂ ਅਤੇ ਨਿਮਾਣਿਆਂ ਲਈ ਆਸ ਦੀ ਕਿਰਨ ਜਗਾਈ। ਨਾਸਤਿਕ ਹੋਣ ਕਰ ਕੇ ਮਾਰਕਸ ਨੂੰ ਬੜੀਆਂ ਔਕੜਾਂ ਵਿਚੋਂ ਲੰਘਣਾ ਪਿਆ ਪਰ ਜਿਸ ਤਰ੍ਹਾਂ ਦਾ ਸਿਧਾਂਤ ਉਹ ਮਨੁੱਖ ਜਾਤੀ ਲਈ ਦੇ ਗਿਆ, ਉਹ ਲਾ-ਜਵਾਬ ਹੈ। ਇਸੇ ਕਰ ਕੇ ਹੁਣ ਤੱਕ ਸੈਂਕੜੇ-ਹਜ਼ਾਰਾਂ ਕਿਤਾਬਾਂ ਮਾਰਕਸ ਅਤੇ ਉਸ ਦੇ ਸਿਧਾਂਤ ਬਾਰੇ ਆ ਚੁੱਕੀਆਂ ਹਨ। ਸਾਲ 2011 ਵਿਚ ਅਮਰੀਕੀ ਲੇਖਕਾ ਮੇਰੀ ਜਬਰੀਲ ਨੇ ਕਾਰਲ ਮਾਰਕਸ ਤੇ ਉਸ ਦੇ ਜੀਵਨ ਬਾਰੇ ਕਿਤਾਬ ਲਿਖੀ, 'ਲਵ ਐਂਡ ਕੈਪੀਟਲ।' ਇਸ ਕਿਤਾਬ ਨੂੰ ਆਧਾਰ ਬਣਾ ਕੇ ਪ੍ਰੋ. ਹਰਪਾਲ ਸਿੰਘ ਪੰਨੂ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਇਸ ਕਰ ਕੇ ਵੀ ਦਿਲਚਸਪ ਹੈ ਕਿ ਇਹ ਆਸਤਿਕ ਚਿੰਤਕ ਵੱਲੋਂ ਨਾਸਤਿਕ ਚਿੰਤਕ ਬਾਰੇ ਲਿਖਿਆ ਗਿਆ ਹੈ। ਲੇਖ ਦੀ ਇਸ ਦੂਜੀ ਲੜੀ ਵਿਚ ਕਾਰਲ ਮਾਰਕਸ ਦੀ ਪਰਿਵਾਰਕ ਜੱਦੋ-ਜਹਿਦ ਬਾਰੇ ਚਰਚਾ ਹੈ। -ਸੰਪਾਦਕ*

ਕਾਰਲ ਦਾ ਸੁਭਾਅ ਅੱਖੜ ਸੀ। ਵਿਰੋਧੀ ਨੂੰ ਉਚੇ ਸੁਰ ਵਿਚ ਦਲੀਲਾਂ ਨਾਲ ਚਿੱਤ ਕਰ ਦਿੰਦਾ। ਵਿਰੋਧੀ ਕੋਈ ਬੇਗਾਨੇ ਨਹੀਂ, ਉਸ ਦੇ ਦੋਸਤ ਹੁੰਦੇ। ਇਕ-ਇਕ ਕਰ ਕੇ ਸਭ ਰੁੱਸ ਗਏ। ਇਕ ਵਾਰ ਤਾਂ ਏਂਗਲਜ਼ ਵੀ ਰੁੱਸ ਗਿਆ ਕਿਉਂਕਿ ਉਸ ਦੀ ਦੋਸਤ ਮੇਰੀ ਨਾਲ ਜੈਨੀ ਦੀ ਬਣਦੀ ਨਹੀਂ ਸੀ। ਪਰੂਧੋਂ ਨੇ ਕਿਤਾਬ ਲਿਖੀ 'ਫਿਲਾਸਫੀ ਆਫ ਪਾਵਰਟੀ।' ਕਾਰਲ ਨੂੰ ਕਿਤਾਬ ਫਜ਼ੂਲ ਲੱਗੀ, ਉਸ ਨੇ ਇਸ ਦਾ ਜਵਾਬ 'ਪਾਵਰਟੀ ਆਫ ਫਿਲਾਸਫੀ' ਰਾਹੀਂ ਦੇ ਕੇ ਦੋਸਤ ਨੂੰ ਦੁਸ਼ਮਣ ਬਣਾ ਲਿਆ। ਕੂਟਨੀਤਕ ਸੁਭਾਅ ਨਾ ਹੋਣ ਕਾਰਨ ਕਿਸੇ ਜਥੇਬੰਦੀ ਦੇ ਅਨੁਸ਼ਾਸਨ ਵਿਚ ਨਹੀਂ ਬੱਝ ਸਕਿਆ। ਉਹ ਕੇਵਲ ਫਿਲਾਸਫਰ ਸੀ, ਕੇਵਲ ਲੇਖਕ।



3 ਫਰਵਰੀ 1847 ਨੂੰ ਪਹਿਲੇ ਬੇਟੇ ਨੇ ਜਨਮ ਲਿਆ, ਨਾਮ ਰੱਖਿਆ ਐਡਗਰ।

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਜਿਸ ਪ੍ਰਕਾਸ਼ਕ ਨੇ 'ਪੁਲਿਟਿਕਲ ਇਕਾਨਮੀ' ਛਾਪਣੀ ਸੀ, ਉਸ ਦਾ ਖਤ ਆਇਆ, ਕਿਤਾਬ ਛਪਵਾਉਣ ਲਈ ਕੋਈ ਪ੍ਰਕਾਸ਼ਕ ਲੱਭ ਕੇ ਮੇਰੇ ਵਲੋਂ ਦਿੱਤੇ ਗਏ ਐਡਵਾਸ ਦੀ ਰਕਮ ਵਾਪਸ ਭੇਜੋ। ਏਂਗਲਜ਼ ਨੇ ਖਤ ਰਾਹੀਂ ਕਿਹਾ, ਅਪਰੈਲ ਵਿਚ ਮੇਰੇ ਕੋਲ ਪੈਸੇ ਆਉਣੇ ਨੇ, ਮੈਂ ਸਹਾਇਤਾ ਕਰਾਂਗਾ। ਜਿਸ ਜਰਮਨ ਪ੍ਰਕਾਸ਼ਕ ਨੇ ਕਾਰਲ ਦੀ 'ਪਾਵਰਟੀ ਆਫ ਫਿਲਾਸਫੀ' ਛਾਪੀ ਸੀ, ਉਸ ਨੂੰ ਗ੍ਰਿਫਤਾਰ ਕਰ ਲਿਆ।

ਕਾਰਲ ਆਪਣੀ ਜਾਇਦਾਦ ਦੀ ਵਿਰਾਸਤ ਦਾ ਹਿਸਾਬ-ਕਿਤਾਬ ਕਰਨ ਆਪਣੇ ਚਾਚੇ ਕੋਲ ਗਿਆ। ਕੁਝ ਰਕਮ ਮਿਲੀ। ਦੋਸਤ ਪਾਵੇਲ ਨੂੰ ਪੈਰਿਸ ਖਤ ਲਿਖਿਆ, 'ਮਾਲਕ ਮਕਾਨ ਕਿਰਾਏ ਲਈ ਤੇ ਦੁਕਾਨਦਾਰ ਕਰਜ਼ਾ ਵਾਪਸੀ ਲਈ ਗੇੜੇ 'ਤੇ ਗੇੜੇ ਮਾਰ ਰਹੇ ਹਨ। ਸੌ-ਦੋ ਸੌ ਫਰਾਂਕ ਭੇਜ ਦੇਹ। ਇਹ ਵੀ ਦੱਸ ਦਿਆਂ ਕਿ ਪਤਾ ਨਹੀਂ, ਪੈਸੇ ਤੈਨੂੰ ਵਾਪਸ ਕਰ ਸਕਾਂ ਕਿ ਨਾ।'

ਕਾਰਲ ਅਤੇ ਏਂਗਲਜ਼ ਨੇ ਕਮਿਊਨਿਸਟ ਮੈਨੀਫੈਸਟੋ ਲਿਖਣ ਦਾ ਇਤਿਹਾਸਕ ਫੈਸਲਾ ਕੀਤਾ ਜਿਸ ਦਾ ਮੂਲ ਮੰਤਰ ਹੋਵੇਗਾ, 'ਦੁਨੀਆਂ ਦੇ ਮਿਹਨਤਕਸ਼ੋ, ਇਕ ਹੋ ਜਾਓ।'

31 ਦਸੰਬਰ 1847 ਦੀ ਰਾਤ, ਵੱਡੇ ਹੋਟਲ ਵਿਚ ਦੋਸਤਾਂ ਨਾਲ ਬਿਤਾਉਣ ਦਾ ਫੈਸਲਾ ਹੋਇਆ। ਔਰਤਾਂ ਨੇ ਸ਼ਾਨਦਾਰ ਲਿਬਾਸ ਪਹਿਨੇ। ਕੁਝ ਮਜ਼ਦੂਰਾਂ ਦੇ ਪਰਿਵਾਰ ਵੀ ਆਏ ਜਿਨ੍ਹਾਂ ਨੇ ਚੰਗਾ ਲਿਬਾਸ ਤਾਂ ਕੀ ਪਹਿਨਣਾ, ਟੋਪੀਆਂ ਜੇਬਾਂ ਵਿਚ ਪਾ ਰੱਖੀਆਂ ਸਨ। ਇਸ ਤਰ੍ਹਾਂ ਦੇ ਲਿਬਾਸ ਸਦਕਾ ਗਾਹਕ ਨੂੰ ਹੋਟਲ ਵਿਚੋਂ ਕੱਢਿਆ ਜਾ ਸਕਦਾ ਸੀ ਪਰ ਏਂਗਲਜ਼ ਅਤੇ ਕਾਰਲ ਦੀ ਹਾਜ਼ਰੀ ਰਸੂਖਭਰੀ ਸੀ। ਗੀਤ ਗਾਏ, ਨਾਚ ਹੋਏ, ਜੈਨੀ ਨੇ ਡਰਾਮਾ ਖੇਡਿਆ। ਏਂਗਲਜ਼ ਮੇਰੀ ਨੂੰ ਨਾਲ ਲਿਆਇਆ ਸੀ। ਜੈਨੀ ਨੇ ਏਂਗਲਜ਼ ਨੂੰ ਕਿਹਾ, ਮੈਂ ਤੇਰੇ ਜਾਂ ਮੇਰੀ ਦੇ ਖਿਲਾਫ ਨਹੀਂ। ਗੱਲ ਇਹ ਹੈ ਕਿ ਇਹ ਮਜ਼ਦੂਰ ਦੀ ਧੀ ਹੈ ਜਿਸ ਨਾਲ ਤੂੰ ਵਿਆਹ ਵੀ ਨਹੀਂ ਕਰਵਾਇਆ। ਇਨ੍ਹਾਂ ਮਜ਼ਦੂਰਾਂ ਵਾਸਤੇ ਤੂੰ ਕਮਿਊਨਿਸਟ ਨਹੀਂ, ਸਰਮਾਏਦਾਰ ਹੈਂ ਜੋ ਮਜ਼ਦੂਰ ਛੋਕਰੀ ਨਾਲ ਮਨੋਰੰਜਨ ਕਰ ਰਿਹਾ ਹੈਂ।

ਦੁਨੀਆਂ ਆਜ਼ਾਦ ਵਪਾਰ ਵੱਲ ਵਧ ਰਹੀ ਸੀ। ਇਸ ਨਾਲ ਬੇਸ਼ਕ ਮਜ਼ਦੂਰ ਦਾ ਹੋਰ ਘਾਣ ਹੋਵੇਗਾ ਪਰ ਮਜ਼ਦੂਰ ਜਮਾਤ ਕੌਮਾਂਤਰੀ ਭਾਈਚਾਰੇ ਵਿਚ ਤਬਦੀਲ ਹੋਏਗੀ। ਇਸ ਨਾਲ ਦੋ ਜਮਾਤਾਂ ਹੋਣਗੀਆਂ-ਇਕ ਧਨੀਆਂ ਦੀ, ਦੂਜੀ ਨਿਰਧਨਾਂ ਦੀ। ਏਂਗਲਜ਼ ਨੇ ਦਰੁਸਤ ਕਰਦਿਆਂ ਕਿਹਾ, ਇਕ ਖਾਨਦਾਨੀ ਅਮੀਰੀ ਦੀ, ਦੂਜੀ ਖਾਨਦਾਨੀ ਕੰਗਾਲੀ ਦੀ ਜਮਾਤ।

ਫਰਵਰੀ 1848 ਵਿਚ ਲੰਡਨ ਤੋਂ ਕਮਿਊਨਿਸਟ ਮੈਨੀਫੈਸਟੋ ਪ੍ਰਕਾਸ਼ਿਤ ਹੋਇਆ। ਤੇਈ ਪੰਨਿਆਂ ਦੇ ਇਸ ਦਸਤਾਵੇਜ਼ ਦੀਆਂ 800 ਕਾਪੀਆਂ ਛਪੀਆਂ। ਜੂਲੀਅਨ ਹਾਰਨੇ ਨੇ ਕਿਹਾ, ਨਿੱਕੇ ਜਿਹੇ ਘਰ ਵਿਚ ਬੈਠਿਆਂ ਮਾਰਕਸ ਵਲੋਂ ਖਾਣੇ ਦੀ ਮੇਜ਼ ਉਤੇ ਲਿਖਿਆ ਤੇ ਜੈਨੀ ਵਲੋਂ ਉਤਾਰਾ ਕੀਤਾ ਇਹ ਅਜਿਹਾ ਕ੍ਰਾਂਤੀਕਾਰੀ ਪੱਤਰ ਹੈ ਜਿਸ ਵਰਗਾ ਦੁਨੀਆਂ ਨੇ ਅੱਜ ਤੱਕ ਦੇਖਿਆ ਨਹੀਂ।

ਕਾਰਲ ਨੇ ਲਿਖਿਆ, ਆਦਮੀ ਦਾ ਆਦਮੀ ਨਾਲ ਸਵਾਰਥੀ ਪੈਸੇ ਤੋਂ ਇਲਾਵਾ ਹੋਰ ਕੋਈ ਰਿਸ਼ਤਾ ਨਹੀਂ ਰਿਹਾ। ਡਾਕਟਰਾਂ, ਵਕੀਲਾਂ, ਪੁਜਾਰੀਆਂ, ਕਵੀਆਂ ਅਤੇ ਵਿਗਿਆਨੀਆਂ ਦੇ ਸਨਮਾਨਯੋਗ ਕਿੱਤੇ ਹੁਣ ਤਨਖਾਹਦਾਰ ਮੁਲਾਜ਼ਮਾਂ ਵਿਚ ਬਦਲ ਗਏ ਹਨ। ਪੈਸਾ ਕਮਾਉਣ ਦੀ ਹੋੜ ਲੱਗ ਗਈ ਹੈ। ਨਫੇ ਦੀ ਕੋਈ ਹੱਦ ਨਹੀਂ ਮਿਥੀ ਗਈ। ਇਸ ਨਵੇਂ ਤਾਣੇ-ਪੇਟੇ ਵਿਚ ਪੁਰਾਣੇ ਉਦਯੋਗ, ਪੁਰਾਣੀਆਂ ਸਭਿਅਤਾਵਾਂ ਉਲਝ ਗਈਆਂ ਹਨ। ਪੂੰਜੀ ਸੰਸਾਰ ਨੂੰ ਮਨਚਾਹਿਆ ਰੰਗ ਰੂਪ ਦੇ ਸਕਦੀ ਹੈ। ਇਹ ਸਿਸਟਮ ਆਪਣੀ ਤਬਾਹੀ ਵੀ ਆਪਣੇ ਨਾਲ ਲੈ ਆਇਆ ਹੈ ਜਿਵੇਂ ਜਾਦੂਗਰ ਸਿਵਾ ਜਗਾ ਲਵੇ ਤੇ ਪ੍ਰੇਤ ਉਪਰ ਵਸੀਕਰਨ ਦਾ ਮੰਤਰ ਚੱਲੇ ਨਾ। ਪੂੰਜੀਪਤੀ ਨੇ ਆਪੇ ਕਬਰ ਖੋਦ ਲਈ ਹੈ। ਇਸ ਪਿੱਛੇ ਮਜ਼ਦੂਰ ਦੀ ਫਤਹਿ ਯਕੀਨੀ ਹੈ। ਨੱਬੇ ਪ੍ਰਤੀਸ਼ਤ ਲੋਕਾਂ ਕੋਲ ਪ੍ਰਾਈਵੇਟ ਸੰਪਤੀ ਨਹੀਂ ਤੇ ਦਸ ਪ੍ਰਤੀਸ਼ਤਾਂ ਕੋਲ ਕ੍ਰਾਂਤੀ ਤੋਂ ਬਾਅਦ ਰਹੇਗੀ ਨਹੀਂ, ਸੰਸਾਰ ਵਿਚੋਂ ਨਿੱਜੀ ਜਾਇਦਾਦ ਦਾ ਸੰਪੂਰਨ ਸਫਾਇਆ ਹੋਵੇਗਾ। ਦਸ ਪ੍ਰਤੀਸ਼ਤ ਪੂੰਜੀਪਤੀਆਂ ਦੀ ਇਹ ਕਿਹੜਾ ਆਪਣੀ ਪੂੰਜੀ ਹੈ? ਇਹ ਉਨ੍ਹਾਂ ਨੇ ਭ੍ਰਿਸ਼ਟ ਤਰੀਕਿਆਂ ਰਾਹੀਂ ਇਕੱਠੀ ਕਰ ਲਈ ਜਿਹੜੀ ਕਦੀ ਸਭ ਦੀ ਸਾਂਝੀ ਹੁੰਦੀ ਸੀ।

ਕਾਰਲ ਉਤੇ ਦੋਸ਼ ਲੱਗਾ, ਇਸ ਦਾ ਕਮਿਊਨਿਜ਼ਮ ਪਰਿਵਾਰਕ ਬੰਧਨ ਤੋੜੇਗਾ। ਕਾਰਲ ਨੇ ਜਵਾਬ ਦਿੱਤਾ- ਪੂੰਜੀਵਾਦ ਵਿਚ ਪਰਿਵਾਰ ਰਹਿ ਕਿਥੇ ਗਿਐ? ਪਰਿਵਾਰ ਦੇ ਸਾਰੇ ਜੀਅ ਤਾਂ ਮਸ਼ੀਨ ਦੇ ਪੁਰਜ਼ੇ ਬਣ ਚੁੱਕੇ ਹਨ। ਪੂੰਜੀ, ਗਰੀਬ ਔਰਤਾਂ ਨੂੰ ਵੇਸਵਾਗਮਨੀ ਵੱਲ ਧੱਕ ਰਹੀ ਹੈ। ਗਰੀਬ ਕੋਲ ਹੈ ਕੀ ਗੁਆਉਣ ਲਈ? ਜੇ ਹੁਕਮਰਾਨਾਂ ਨੂੰ ਕਾਂਬਾ ਛਿੜਦਾ ਹੈ, ਛਿੜਨ ਦਿਓ। ਦੁਨੀਆਂ ਭਰ ਦੇ ਮਿਹਨਤਕਸ਼ੋ, ਇਕ ਹੋ ਜਾਓ।

ਫੇਲਿਸ ਲਿਚਨੋਵਸਕੀ ਨੇ ਲਿਖਿਆ, "ਮਜ਼ਦੂਰ ਆਪਣੇ ਆਪ ਤੋਂ, ਆਪਣੀ ਹੋਣੀ ਤੋਂ ਨਿਰਾਸ਼ ਨਹੀਂ ਸਨ। ਨਾ ਉਨ੍ਹਾਂ ਨੂੰ ਬਾਦਸ਼ਾਹ ਵਿਰੁਧ ਗੁੱਸਾ ਸੀ, ਨਾ ਰੱਬ ਨਾਲ ਨਾਰਾਜ਼ਗੀ ਪਰ ਆਖਰ ਜਦੋਂ ਉਨ੍ਹਾਂ ਦੇ ਪੇਟ ਵਿਚ ਭੁੱਖ ਜਾਗੀ, ਤਦ ਕ੍ਰੋਧ ਆ ਗਿਆ।"

ਫਰਵਰੀ 1848, ਪੈਰਿਸ ਵਿਚ ਬਗਾਵਤ ਫੈਲ ਗਈ। ਇਸ ਪਿਛੋਂ ਸਵਿਟਜ਼ਰਲੈਂਡ ਵਿਚ ਬਾਗੀ ਸੜਕਾਂ 'ਤੇ ਆ ਗਏ। ਯੂਰਪ ਵਿਚ ਥਾਂ-ਥਾਂ ਗਣਤੰਤਰ ਦੀ ਮੰਗ ਉਠੀ। ਬਾਦਸ਼ਾਹਾਂ ਨੇ ਇਕ ਜੁਟ ਹੋ ਕੇ ਗਰਮ ਨਾਸਤਿਕਾਂ ਦਾ ਸਫਾਇਆ ਕਰਨ ਦੀ ਵਿਉਂਤ ਬਣਾਈ। ਵੱਡੀ ਗਿਣਤੀ ਵਿਚ ਲੋਕਾਂ ਦਾ ਕਾਰਵਾਂ ਮਹਿਲ ਵੱਲ ਤੁਰ ਪਿਆ। ਉਹ ਜ਼ਾਲਮ ਪ੍ਰਧਾਨ ਮੰਤਰੀ ਗੀਜ਼ੋ ਵਿਰੁਧ ਮੁਰਦਾਬਾਦ ਦੇ ਨਾਅਰੇ ਲਾ ਰਹੇ ਸਨ। ਗੀਜ਼ੋ ਨੇ ਅੱਸੀ ਹਜ਼ਾਰ ਸੈਨਿਕ ਇਸ ਭੀੜ ਨੂੰ ਤਿਤਰ-ਬਿਤਰ ਕਰਨ ਲਈ ਤਾਇਨਾਤ ਕਰ ਦਿੱਤੇ। ਸਰਦੀ ਦੀ ਰੁੱਤ, ਬਾਰਸ਼ ਸ਼ੁਰੂ ਹੋ ਗਈ। ਬਰਫੀਲੀਆਂ ਕਣੀਆਂ ਸੂਲਾਂ ਵਾਂਗ ਵੱਜਦੀਆਂ ਪਰ ਭੀੜ ਘਟੀ ਨਹੀਂ। ਸੈਨਾ ਨੂੰ ਪਰਜਾ ਨਾਲ ਹਮਦਰਦੀ ਹੋ ਗਈ। ਸਿਪਾਹੀਆਂ ਨੇ ਨਾਲੀਆਂ ਜ਼ਮੀਨ ਵੱਲ ਤੇ ਬੰਦੂਕਾਂ ਦੇ ਬੱਟ ਅਸਮਾਨ ਵੱਲ ਕਰ ਕੇ ਦੱਸ ਦਿੱਤਾ ਕਿ ਉਹ ਪਰਜਾ ਨਾਲ ਹਨ। ਵਿਆਪਕ ਜੋਸ਼ ਫੈਲ ਗਿਆ।


ਬੁੱਢੇ ਰਾਜੇ ਲੂਈ ਫਿਲਿਪੀ ਨੇ ਗੀਜ਼ੋ ਨੂੰ ਡਿਸਮਿਸ ਕਰ ਦਿੱਤਾ ਪਰ ਭੀੜ ਮਹਿਲ ਵੱਲ ਵਧਣੋਂ ਨਾ ਹਟੀ। ਖਤਰਾ ਭਾਂਪਦਿਆਂ ਬਾਦਸ਼ਾਹ ਭੇਸ ਵਟਾ ਕੇ ਇੰਗਲੈਂਡ ਵਿਚ ਭੱਜ ਗਿਆ। ਜਾਣ ਤੋਂ ਪਹਿਲੋਂ ਨੌਂ ਸਾਲ ਦੇ ਪੋਤੇ ਨੂੰ ਆਪਣਾ ਉਤਰਾਧਿਕਾਰੀ ਥਾਪ ਗਿਆ, ਬਾਲਗ ਹੋਣ ਤੱਕ ਉਸ ਦੀ ਮਾਂ ਸਰਪ੍ਰਸਤ ਰਹੇਗੀ ਪਰ ਥੋੜ੍ਹੀ ਦੇਰ ਬਾਅਦ ਇਹ ਮਾਂ-ਪੁੱਤ ਵੀ ਭੱਜ ਗਏ। ਆਰਜ਼ੀ ਸਰਕਾਰ ਬਣ ਗਈ ਜਿਸ ਨੂੰ ਸਭ ਤੋਂ ਪਹਿਲਾਂ ਅਮਰੀਕਾ ਨੇ ਮਾਨਤਾ ਦਿੱਤੀ। ਕਾਰਲ 4 ਮਾਰਚ ਨੂੰ ਪੈਰਿਸ ਵਾਸਤੇ ਪਰਿਵਾਰ ਸਮੇਤ ਰਵਾਨਾ ਹੋ ਗਿਆ। ਪੈਰਿਸ ਦੇ ਚਿਹਰੇ 'ਤੇ ਜ਼ਖਮਾਂ ਦੇ ਨਿਸ਼ਾਨ ਸਨ। ਪਥਰਾਉ ਕਾਰਨ ਮਕਾਨਾਂ ਦੇ ਸ਼ੀਸ਼ੇ ਟੁੱਟੇ ਹੋਏ, ਸੜਕਾਂ 'ਤੇ ਥਾਂ-ਥਾਂ ਪੱਥਰ, ਮਹਿਲ ਦੇ ਸ਼ੀਸ਼ੇ ਖਤਮ, ਗਾਰਡਰੂਮ ਅਗਜ਼ਨੀ ਦੀ ਲਪੇਟ ਵਿਚ ਤੇ ਗਾਰਡਾਂ ਦੇ ਪਿੰਜਰ, ਬੱਸਾਂ-ਟਰੱਕ ਉਲਟਾਏ ਹੋਏ। ਮਹਿਲ ਅੰਦਰਲੇ ਪਰਦੇ ਟੁੱਟੇ ਸ਼ੀਸ਼ਿਆਂ ਵਿਚੋਂ ਦੀ ਬਾਹਰ ਹਵਾ ਨਾਲ ਝੂਲ ਰਹੇ, ਹਾਰ ਦਾ ਮਾਤਮ। ਸ਼ਾਨਦਾਰ ਸ਼ਹਿਰ ਟੁੱਟ-ਭੱਜ ਦਾ ਸ਼ਿਕਾਰ ਹੋ ਚੁੱਕਾ ਸੀ। ਫਲਾਬੇਅਰ, ਬਗਾਵਤ ਦੇਖਣ ਵਾਸਤੇ ਪੈਰਿਸ ਆ ਗਿਆ।

ਪੈਰਿਸ ਤੋਂ ਪਿਛੋਂ ਆਸਟਰੀਆ ਵਿਚ ਬਗਾਵਤ ਹੋ ਗਈ, ਕੇਵਲ ਹਫਤੇ ਦੇ ਸੰਘਰਸ਼ ਉਪਰੰਤ ਬਾਗੀਆਂ ਨੇ ਰਾਜਧਾਨੀ ਸੰਭਾਲ ਲਈ। ਇਸ ਪਿਛੋਂ ਜਰਮਨੀ ਦੀ ਵਾਰੀ ਸੀ। ਲੋਕ 16 ਮਾਰਚ ਨੂੰ ਕਾਫਲੇ ਦੀ ਸ਼ਕਲ ਵਿਚ ਬਾਦਸ਼ਾਹ ਫਰੈਡਰਿਕ ਵਿਲਮ ਦੇ ਮਹਿਲ ਵੱਲ ਤੁਰ ਪਏ। ਨੇੜੇ ਗਏ ਤਾਂ ਫੌਜ ਨੂੰ ਫਾਇਰ ਕਰਨ ਦਾ ਹੁਕਮ ਮਿਲਿਆ। ਜਿਸ ਨੂੰ ਗੋਲੀ ਲਗਦੀ, ਚੀਕ ਮਾਰ ਕੇ ਡਿੱਗ ਪੈਂਦਾ, ਪਰ ਬਾਕੀ ਅੱਗੇ ਵਧਣੋਂ ਨਾ ਹਟੇ, ਡਿੱਗੀਆਂ ਲਾਸ਼ਾਂ ਮਹਿਲ ਸਾਹਮਣੇ ਚਿਣ ਦਿੱਤੀਆਂ ਤੇ ਭੀੜ ਨੇ ਚੀਕ ਕੇ ਬਾਦਸ਼ਾਹ ਨੂੰ ਬਾਹਰ ਆਉਣ ਲਈ ਕਿਹਾ। ਬਾਦਸ਼ਾਹ ਖਿੜਕੀ ਵਿਚੋਂ ਦੀ ਹੇਠਾਂ ਝਾਕਿਆ। ਲਾਸ਼ਾਂ ਵੱਲ ਉਂਗਲ ਕਰਦਿਆਂ ਭੀੜ ਨੇ ਹੁਕਮ ਦਿੱਤਾ, ਟੋਪ ਉਤਾਰ ਕੇ ਸ਼ਹੀਦਾਂ ਦਾ ਸਤਿਕਾਰ ਕਰ! ਬਾਦਸ਼ਾਹ, ਜਿਸ ਦਾ ਸਿਰ ਕਿਸੇ ਅੱਗੇ ਅਜ ਤੱਕ ਝੁਕਿਆ ਨਹੀਂ ਸੀ, ਨੇ ਹੈਟ ਉਤਾਰ ਦਿੱਤਾ। ਫੌਜਾਂ ਨੂੰ ਬਰਲਿਨ ਵਿਚੋਂ ਚਲੇ ਜਾਣ ਦਾ ਹੁਕਮ ਦੇ ਦਿੱਤਾ। ਬੰਦ ਘਰਾਂ ਦੀਆਂ ਤਾਕੀਆਂ ਵਿਚੋਂ ਲੋਕ ਫੌਜ ਨੂੰ ਬਰਲਿਨ ਵਿਚੋਂ ਬਾਹਰ ਨਿਕਲਦੀ ਦੇਖਦੇ ਰਹੇ। ਸੰਵਿਧਾਨ ਬਣਾਉਣ ਦਾ ਐਲਾਨ ਹੋ ਗਿਆ। ਸਰਕਾਰੀ ਇਮਾਰਤਾਂ ਉਪਰ ਨਾਗਰਿਕਾਂ ਨੇ ਲਿਖ ਦਿੱਤਾ, ਲੋਕਾਂ ਦੀ ਜਾਇਦਾਦ।



*ਪਰੂਧੋਂ ਜਿਸ ਦੀ ਕਿਤਾਬ 'ਫਿਲਾਸਫੀ ਆਫ ਪਾਵਰਟੀ' ਉਤੇ ਮਾਰਕਸ ਨੇ ਤਿੱਖੀ ਟਿੱਪਣੀ ਕੀਤੀ ਸੀ।*

ਕਾਰਲ ਨੂੰ ਪੈਰਿਸ ਛੱਡਣ ਦਾ ਹੁਕਮ ਹੋ ਗਿਆ, ਕਿਉਂਕਿ ਉਸ ਦਾ ਅਖਬਾਰ ਸਰਕਾਰ ਦੀ ਅੱਖ ਵਿਚ ਰੜਕਦਾ ਸੀ। ਉਸ ਨੇ ਲੰਡਨ ਦਾ ਰਸਤਾ ਫੜਿਆ। ਜੈਨੀ ਦੋ ਹਫਤਿਆਂ ਬਾਅਦ ਆਪਣਾ ਨਿੱਕ-ਸੁੱਕ ਵੇਚ ਕੇ ਪੈਸੇ ਇੱਕਠੇ ਕਰ ਕੇ ਬੱਚਿਆਂ ਸਮੇਤ ਆਏਗੀ। ਸਲ੍ਹਾਬੇ, ਠੰਢੇ, ਉਦਾਸੇ ਲੰਡਨ ਅਤੇ ਇਥੋਂ ਦੀ ਗਰੀਬੀ ਨਾਲ ਵਾਹ ਪੈਣਾ ਸੀ। ਦੁਨੀਆਂ ਭਰ ਦੀਆਂ ਸਰਕਾਰਾਂ ਵਲੋਂ ਜਲਾਵਤਨ ਕੀਤੇ ਲੋਕ ਇਥੇ ਪਨਾਹਗੀਰ ਸਨ।









*ਖੱਬੇ ਹੱਥ 'ਕਮਿਊਨਿਸਟ ਮੈਨੀਫੈਸਟੋ' ਦੇ ਟਾਈਟਲ ਦੀ ਤਸਵੀਰ ਅਤੇ ਸੱਜੇ ਹੱਥ 'ਦਾਸ ਕੈਪੀਟਲ' ਦੇ ਪਹਿਲੇ ਅਡੀਸ਼ਨ ਦਾ ਟਾਈਟਲ।*

ਸਵੇਰ ਵੇਲੇ ਇਨ੍ਹਾਂ ਨੂੰ ਪਤਾ ਨਹੀਂ ਹੁੰਦਾ ਸੀ ਰਾਤ ਕਿਥੇ ਕੱਟਣਗੇ; ਜਿਥੇ ਰਾਤ ਕੱਟਦੇ, ਪਤਾ ਨਹੀਂ ਸੀ ਸਵੇਰੇ ਖਾਣ ਨੂੰ ਮਿਲੇਗਾ ਕੁਝ ਕਿ ਨਹੀਂ। ਚੀਥੜੇ ਪਹਿਨੀ ਇਹ ਵਿਦੇਸ਼ੀ ਲੋਕ ਪੈਸੇ ਧੇਲੀ ਵਾਸਤੇ ਹੱਥ ਅੱਡੀ ਰੱਖਦੇ। ਵਧੇਰੇ ਗਿਣਤੀ ਜਰਮਨਾਂ ਦੀ ਸੀ। ਮਾਰਕਸ ਨੇ ਜਰਮਨੀ ਵਿਚ ਇਸ਼ਤਿਹਾਰ ਛਪਵਾ ਕੇ ਸਹਾਇਤਾ ਮੰਗਦਿਆਂ ਲਿਖਿਆ, "ਇਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ, ਆਪਣੀ ਜਰਮਨ ਜ਼ਬਾਨ 'ਚ ਅੰਗਰੇਜ਼ਾਂ ਅੱਗੇ ਹੱਥ ਅੱਡ ਰਹੇ ਹਨ।" ਸਹਾਇਤਾ ਆਉਣੀ ਸ਼ੁਰੂ ਹੋ ਗਈ।

ਕਾਰਲ ਲੰਡਨ ਤੋਂ ਅਖਬਾਰ ਕੱਢਣਾ ਚਾਹੁੰਦਾ ਸੀ ਜਿਸ ਲਈ ਘੱਟੋ-ਘੱਟ ਪੰਜ ਸੌ ਪੌਂਡ ਚਾਹੀਦੇ ਸਨ। ਜਿਨ੍ਹਾਂ ਨੂੰ ਨਫਰਤ ਕਰਦਾ ਸੀ, ਉਨਾਂ ਸ਼ਾਹੂਕਾਰਾਂ ਪਾਸੋਂ ਪੈਸੇ ਮੰਗਣ ਗਿਆ। ਦੋਸਤਾਂ ਵਿਚ ਅਕਸਰ ਕਿਹਾ ਕਰਦਾ, ਸਿਆਸਤ ਵਿਚ ਜੇ ਸ਼ੈਤਾਨ ਨਾਲ ਰਲ ਕੇ ਚੱਲਣਾ ਪਵੇ ਤਾਂ ਵੀ ਹਰਜ ਨਹੀਂ, ਬੱਸ ਇੰਨਾ ਧਿਆਨ ਰੱਖਣਾ ਪਏਗਾ ਕਿ ਅਖੀਰ ਵਿਚ ਸ਼ੈਤਾਨ ਲੁੱਟਿਆ ਗਿਆ ਹੋਵੇ।

ਜੈਨੀ ਨੇ ਚੌਥੇ ਬੱਚੇ ਨੂੰ ਜਨਮ ਦਿੱਤਾ, ਬੇਟੇ ਦਾ ਨਾਮ ਫਾਸਕੀ ਰੱਖਿਆ। ਜਨਮ ਤੋਂ ਹੀ ਬਿਮਾਰ ਸੀ, ਕਮਜ਼ੋਰ ਸੀ। ਭੁੱਖ ਲੱਗਣ 'ਤੇ ਇੰਨੇ ਜ਼ੋਰ ਨਾਲ ਦੁੱਧ ਚੁੰਘਦਾ ਕਿ ਜੈਨੀ ਦੀ ਛਾਤੀ 'ਤੇ ਜ਼ਖਮ ਹੋ ਗਏ। ਮਕਾਨ ਮਾਲਕਣ ਗੁੱਸੇ ਨਾਲ ਅੰਦਰ ਆਈ, ਤੇ ਜੈਨੀ ਨੂੰ ਕਿਹਾ, ਹੁਣੇ ਇਸੇ ਵਕਤ ਮੇਰਾ ਬਕਾਇਆ ਪੰਜ ਪੌਂਡ ਦੇਹ, ਤੇ ਘਰ ਖਾਲੀ ਕਰ। ਪੈਸੇ ਨਹੀਂ ਸਨ, ਮਨ ਪਸੰਦ ਵਸਤਾਂ, ਬੱਚੇ ਦਾ ਸੁਹਣਾ ਪੰਘੂੜਾ, ਲਾਰਾ ਦੇ ਖਿਡੌਣੇ ਚੁੱਕ ਲਏ। ਬੱਚੇ ਰੋਂਦੇ ਰਹੇ। ਰੇਹੜੇ ਵਿਚ ਸਮਾਨ ਲੱਦ ਲਿਆ ਤਾਂ ਕਿ ਕਿਸੇ ਦੋਸਤ ਕੋਲ ਰਾਤ ਕੱਟ ਸਕਣ। ਇੰਨੇ ਨੂੰ ਦਿਨ ਛਿਪ ਗਿਆ। ਸੂਰਜ ਛਿਪਣ ਤੋਂ ਬਾਅਦ ਇੰਗਲੈਂਡ ਦੇ ਕਾਨੂੰਨ ਮੁਤਾਬਕ ਸਾਮਾਨ ਨਾਲ ਸਫਰ ਨਹੀਂ ਕਰਨਾ। ਦੋ ਢਾਈ ਸੌ ਲੋਕਾਂ ਦੇ ਇੱਕਠ ਨੇ ਇਹ ਤਮਾਸ਼ਾ ਦੇਖਿਆ।

ਕਵੀ, ਪੱਤਰਕਾਰ ਤੇ ਲੇਖਕ ਵਜੋਂ ਏਂਗਲਜ਼, ਕਾਰਲ ਤੋਂ ਪਹਿਲਾਂ ਸਥਾਪਤ ਹੋ ਚੁੱਕਾ ਸੀ, ਪਰ ਉਹ ਸਮਝ ਚੁੱਕਾ ਸੀ ਕਿ ਕਾਰਲ ਵਧੀਕ ਡੂੰਘਾ ਅਤੇ ਦੂਰੰਦੇਸ਼ ਹੈ। ਫਲਸਰੂਪ ਆਪਣਾ ਲੇਖਣ ਕਾਰਜ ਪਿੱਛੇ ਪਾ ਕੇ ਉਸ ਨੇ ਕਾਰਲ ਦੀ ਮਾਇਕ ਸਹਾਇਤਾ ਜਾਰੀ ਰੱਖੀ। ਮਾਰਕਸ ਪਰਿਵਾਰ ਉਤੇ ਸਾਰੀ ਉਮਰ ਮੁਸੀਬਤਾਂ ਤੇ ਪ੍ਰੇਸ਼ਾਨੀਆਂ ਦੇ ਭਾਰ ਟੁੱਟਦੇ ਰਹੇ ਪਰ ਇਹ ਉਹ ਦੌਰ ਸੀ ਜਦੋਂ ਉਹ ਕਿਸੇ ਗਹਿਰੇ ਮਾਨਸਿਕ ਸੰਕਟ ਵਿਚੋਂ ਗੁਜ਼ਰ ਰਿਹਾ ਸੀ। ਜੈਨੀ ਨੇ ਆਪਣੇ ਪੇਕੇ ਪਰਿਵਾਰ ਕੋਲ ਸਹਾਇਤਾ ਲਈ ਕਦੇ ਹੱਥ ਨਹੀਂ ਅੱਡਿਆ ਸੀ, ਪਰ ਹਾਲਾਤ ਅਜਿਹੇ ਬਣੇ ਕਿ ਉਸ ਨੂੰ ਆਪਣੀ ਮਾਂ ਕੋਲੋਂ ਸਹਾਇਤਾ ਵਜੋਂ ਪੈਸੇ ਲੈਣ ਜਾਣਾ ਪਿਆ। ਜੈਨੀ ਦੀ ਮਾਂ ਨੇ ਆਪਣੀ ਸ਼ਹਿਜ਼ਾਦੀ ਵਰਗੀ ਪਿਆਰੀ ਧੀ ਦੇ ਸਹਿਯੋਗ ਲਈ ਲਿੰਚਨ ਨਾਂ ਦੀ ਬਹੁਤ ਸੂਝਵਾਨ ਅਤੇ ਸੰਵੇਦਨਸ਼ੀਲ ਲੜਕੀ ਉਸ ਕੋਲ ਭੇਜੀ ਹੋਈ ਸੀ। ਜੈਨੀ ਦੀ ਗੈਰ-ਹਾਜ਼ਰੀ ਵਿਚ ਲਿੰਚਨ, ਮਾਰਕਸ ਦੀ ਮਨੋਦਸ਼ਾ ਨੂੰ ਭਾਵਨਾਤਮਿਕ ਤਰੀਕੇ ਨਾਲ ਦੇਖ ਰਹੀ ਸੀ। ਦਰਅਸਲ ਉਹ ਘਰ ਦੀ ਮਹਿਜ਼ ਨੌਕਰਾਣੀ ਨਹੀਂ ਸੀ; ਬੇਹੱਦ ਹਸੀਨ ਦਿਲ ਦਿਮਾਗ ਵਾਲੀ ਇਹ ਔਰਤ ਮਾਰਕਸ ਪਰਿਵਾਰ ਦੀ ਮਾਨੋ ਰੂਹ ਸੀ। ਜੈਨੀ ਦੀ ਗੈਰ-ਹਾਜ਼ਰੀ ਵਿਚ ਮਾਰਕਸ ਤੋਂ ਗਰਭਵਤੀ ਹੋ ਗਈ, ਇਕ ਪੁੱਤਰ ਨੂੰ ਜਨਮ ਦਿੱਤਾ ਜੋ ਰਿਸ਼ਤਿਆਂ ਵਿਚ ਤਕਰਾਰ ਦਾ ਕਾਰਨ ਬਣਿਆ।

*(ਬਾਕੀ ਅਗਲੇ ਸਫੇ 'ਤੇ)*

ਉਂਜ ਉਸ ਔਰਤ ਨੇ ਸਾਰੀ ਉਮਰ ਪਰਿਵਾਰ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਿਆਂ ਜ਼ਿੰਦਗੀ ਲੇਖੇ ਲਾ ਦਿੱਤੀ। ਮਾਰਕਸ ਅਤੇ ਲਿੰਚਨ ਵੱਲੋਂ ਪੈਦਾ ਕੀਤੇ ਬੱਚੇ ਦੀ ਸਮੱਸਿਆ ਏਂਗਲਜ਼ ਨੇ ਉਸ ਨੂੰ ਆਪਣਾ ਪੁੱਤਰ ਸਵੀਕਾਰ ਕੇ ਨਜਿੱਠੀ।

ਕਾਰਲ ਦੇਖ ਰਿਹਾ ਸੀ ਕਿ ਜਗੀਰਦਾਰ ਜਮਾਤ ਵਪਾਰ ਰਾਹੀਂ ਪੂੰਜੀਪਤੀ ਕਲਾਸ ਵਿਚ ਬਦਲ ਰਹੀ ਸੀ। ਕੱਚਾ ਮਾਲ ਖਰੀਦੋ, ਮਜ਼ਦੂਰੀ ਖਰੀਦੋ, ਖਰੀਦ ਸਸਤੀ ਤੋਂ ਸਸਤੀ ਹੋਵੇ, ਬਣਿਆ ਮਾਲ ਮਹਿੰਗੇ ਤੋਂ ਮਹਿੰਗਾ ਖੁੱਲ੍ਹੀ ਮੰਡੀ ਵਿਚ ਵਿਕੇ। ਇਹ ਰਸਤਾ ਕ੍ਰਾਂਤੀ ਵੱਲ ਜਾਂਦਾ ਰਾਹ ਸੀ। ਦੋਸਤ ਜਦੋਂ ਉਸ ਨੂੰ ਇਨਕਲਾਬ ਦਾ ਸੱਦਾ ਦੇਣ ਲਈ ਆਖਦੇ ਤਾਂ ਉਤਰ ਹੁੰਦਾ, ਛੋਟੀ ਬੁਰਜੁਆ ਸ਼੍ਰੇਣੀ ਪੈਦਾ ਹੋਣ ਦਿਓ, ਮਜ਼ਦੂਰ ਸੰਗਠਨ ਮਜ਼ਬੂਤ ਹੋਣ, ਮਜ਼ਦੂਰਾਂ ਦੀ ਸੂਝ ਠੀਕ ਹੋਵੇ, ਫਿਰ ਕ੍ਰਾਂਤੀ ਆਏਗੀ। ਪਲੋ-ਪਲੀ ਧਰਤੀ ਉਤੇ ਸਵਰਗ ਉਤਾਰਨ ਲਈ ਅਰਾਜਕਤਾਵਾਦੀ ਸਾਥੀਆਂ ਨੇ ਉਸ ਨੂੰ ਨਿਕੰਮਾ, ਡਰਪੋਕ ਅਤੇ ਸੋਧਵਾਦੀ ਆਦਿਕ ਕਿਹਾ, ਉਸ ਨੂੰ ਮਾਰਨ ਦੇ ਯਤਨ ਵੀ ਹੋਏ ਪਰ ਉਹ ਆਪਣੇ ਕੰਮ ਲੱਗਾ ਰਿਹਾ।

ਕਾਰਲ ਦੇ ਘਰ ਨੂੰ ਕਬੂਤਰਖਾਨਾ ਕਿਹਾ ਜਾਂਦਾ ਕਿਉਂਕਿ ਹਰ ਪਰਦੇਸੀ ਸ਼ਰਨਾਰਥੀ ਨੂੰ ਇਥੇ ਪਨਾਹ ਮਿਲਦੀ। ਪਨਾਹ ਵਾਸਤੇ ਕੇਵਲ ਦੋ ਥਾਂਵਾਂ ਸਨ-ਕਾਰਲ ਦਾ ਘਰ ਜਾਂ ਕਬਰਿਸਤਾਨ। ਅਮੀਰ ਘਰ ਵਿਚ ਜੰਮੀ ਪਲੀ ਜੈਨੀ ਗੰਵਾਰ, ਕੁਰੱਖਤ, ਦੁਖੀ ਮਹਿਮਾਨਾਂ ਨਾਲ ਨਿਮਰਤਾ, ਹਮਦਰਦੀ ਨਾਲ ਪੇਸ਼ ਆਉਂਦੀ। ਬਹੁਤਿਆਂ ਵਾਸਤੇ ਕਾਰਲ ਨਾਲੋਂ ਜੈਨੀ ਵਧੀਕ ਚੰਗੀ ਸੀ ਜਿਸ ਨੂੰ ਖਾਨਾਬਦੋਸ਼ੀ ਦੀ ਹਾਲਤ ਵਿਚ ਰਹਿਣਾ ਆ ਗਿਆ ਸੀ। ਬੱਚੇ ਹਰ ਗਤੀਵਿਧੀ ਵਿਚ ਸ਼ਾਮਲ ਹੁੰਦੇ, ਇਸ ਲਈ ਨਹੀਂ ਕਿ ਵੱਡਿਆਂ ਤੋਂ ਕੁਝ ਸਿੱਖਣਗੇ, ਕਾਰਲ ਕਿਹਾ ਕਰਦਾ ਸੀ, ਵੱਡੇ ਇਨ੍ਹਾਂ ਤੋਂ ਅਕਲ ਲੈਣ।

ਕਾਰਲ ਦੇ ਵਿਰੋਧੀਆਂ ਨੇ ਇਹ ਖਬਰ ਦੂਰ-ਦੂਰ ਤੱਕ ਚਟਖਾਰੇ ਲਾ-ਲਾ ਫੈਲਾਈ ਕਿ ਕਾਰਲ ਦੀਆਂ ਦੋ ਔਰਤਾਂ ਹਨ, ਤੇ ਦੋਵਾਂ ਦੇ ਬੱਚੇ ਹੋਏ ਹਨ। ਉਨ੍ਹਾਂ ਨੂੰ ਇਹ ਕਹਿਣ ਦਾ ਮੌਕਾ ਮਿਲਿਆ ਕਿ ਇਨ੍ਹਾਂ ਨਾਸਤਿਕਾਂ ਦਾ ਸਮਾਜ ਦੁਰਾਚਾਰੀ ਹੋਵੇਗਾ। ਅਫਵਾਹ ਉਡਾਈ ਗਈ ਕਿ ਮਾਰਕਸ ਦੀ ਪਾਰਟੀ ਦੁਰਾਚਾਰੀਆਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕਰਦੀ ਹੈ, ਤੇ ਨੇਕੀ ਕਰਨ ਵਾਲਿਆਂ ਦਾ ਮਜ਼ਾਕ ਉਡਾਇਆ ਜਾਂਦਾ ਹੈ।

23 ਜੂਨ ਲਿੰਚਨ ਦੇ ਜਦੋਂ ਬੇਟਾ ਪੈਦਾ ਹੋਇਆ, ਫਰੈਡਰਿਕ ਏਂਗਲਜ਼ ਦੇ ਨਾਮ 'ਤੇ ਉਸ ਦਾ ਨਾਮ ਹੈਨਰੀ ਫਰੈਡਰਿਕ ਰੱਖਿਆ, ਫਰੈਡੀ ਕਿਹਾ ਜਾਂਦਾ। ਜਿਸ ਔਰਤ ਨੂੰ ਬੱਚੇ ਦੀ ਪਰਵਰਿਸ਼ ਸੌਂਪੀ, ਉਹ ਗਰੀਬ ਸੀ। ਸੋ, ਏਂਗਲਜ਼ ਨੇ ਵਜ਼ੀਫਾ ਦੇਣਾ ਸ਼ੁਰੂ ਕਰ ਦਿੱਤਾ। ਨਿਊ ਯਾਰਕ ਡੇਲੀ ਟ੍ਰਿਬਿਊਨ ਦੋ ਲੱਖ ਦੀ ਗਿਣਤੀ ਵਿਚ ਛਾਪਦਾ ਸੀ, ਉਸ ਦੇ ਸੰਪਾਦਕ ਨੇ ਕਾਰਲ ਨੂੰ ਲਿਖਤਾਂ ਭੇਜਣ ਲਈ ਕਿਹਾ। ਕਾਰਲ ਦੀ ਅੰਗਰੇਜ਼ੀ ਸਹੀ ਨਹੀਂ ਸੀ। ਉਸ ਦੇ ਲੇਖ ਏਂਗਲਜ਼ ਨੂੰ ਟ੍ਰਾਂਸਲੇਟ ਕਰਨੇ ਪੈਂਦੇ। ਇਸ ਨਾਲ ਕੁਝ ਆਮਦਨ ਹੋ ਜਾਂਦੀ। ਹੋਰ ਕੋਈ ਹੀਲਾ-ਵਸੀਲਾ ਨਹੀਂ ਸੀ।

ਜੈਨੀ ਦੀ ਸਭ ਤੋਂ ਛੋਟੀ ਧੀ ਅਜੇ ਸਾਲ ਦੀ ਨਹੀਂ ਹੋਈ ਸੀ ਕਿ ਦਮੇ ਸਦਕਾ ਮੌਤ ਹੋ ਗਈ। ਮੌਤ ਦਾ ਦੁੱਖ ਤਾਂ ਹੈ ਈ ਸੀ, ਦੂਜਾ ਦੁੱਖ ਕੱਫਣ ਖਰੀਦਣ ਲਈ ਪੈਸੇ ਨਹੀਂ। ਲਾਸ਼ ਉਦੋਂ ਤੱਕ ਪਿਛਲੇ ਕਮਰੇ ਵਿਚ ਰੱਖ ਦਿੱਤੀ ਜਦੋਂ ਤੱਕ ਕੱਫਣ ਦਾ ਇੰਤਜ਼ਾਮ ਨਹੀਂ ਹੁੰਦਾ। ਤਰਸ ਖਾ ਕੇ ਕਿਸੇ ਫਰਾਂਸੀਸੀ ਗਵਾਂਢੀ ਨੇ ਦੋ ਪੌਂਡ ਦਿੱਤੇ। ਜੈਨੀ ਲਿਖਦੀ ਹੈ, "ਜਨਮ ਸਮੇਂ ਮੇਰੀ ਇਸ ਧੀ ਨੂੰ ਪੰਘੂੜਾ ਨਹੀਂ ਮਿਲਿਆ, ਮੌਤ ਵਕਤ ਕੱਫਣ ਨਹੀਂ।"

ਕਾਰਲ ਨੇ ਏਂਗਲਜ਼ ਨੂੰ ਲਿਖਿਆ, ਅੱਠ ਦਿਨਾਂ ਤੋਂ ਬਰੈਡ ਅਤੇ ਆਲੂ ਖਾ ਰਹੇ ਹਾਂ। ਕੱਲ੍ਹ ਨੂੰ ਇਹ ਵੀ ਨਹੀਂ ਹੋਣਗੇ। ਘਰ ਨਹੀਂ, ਇਹ ਹਸਪਤਾਲ ਲਗਦੈ।

ਜੈਨੀ ਦਾ ਨੈਕਲੇਸ ਵੇਚਣ ਗਏ ਕਾਰਲ ਨੂੰ ਚੋਰ ਸਮਝ ਕੇ ਦੁਕਾਨਦਾਰ ਨੇ ਪੁਲਿਸ ਨੂੰ ਫੜਵਾ ਦਿੱਤਾ, ਮੁਸ਼ਕਿਲ ਨਾਲ ਛੁਡਵਾ ਕੇ ਲਿਆਈ। ਖੁਫੀਆ ਫਾਈਲ ਵਿਚ ਉਸ ਬਾਰੇ ਲਿਖਿਆ ਹੈ, "ਸਭ ਤੋਂ ਗੰਦੇ ਅਤੇ ਸਸਤੇ ਇਲਾਕੇ ਵਿਚ ਰਹਿ ਰਿਹਾ ਹੈ। ਦੋ ਕਮਰੇ ਹਨ, ਸ਼ੈਲਫਾਂ ਉਤੇ ਗਰਦ ਚੜ੍ਹੀ ਪਈ ਹੈ। ਇਕ ਮੇਜ਼ ਉਪਰ ਥਿੰਧਾ ਕੱਪੜਾ ਵਿਛਾਇਆ ਹੋਇਆ ਹੈ। ਹਰ ਚੀਜ਼ ਟੁੱਟੀ-ਭੱਜੀ ਤੇ ਖਿੰਡੀ-ਪੁੰਡੀ। ਮੇਜ਼ ਉਪਰ ਉਸ ਦੀਆਂ ਲਿਖਤਾਂ ਅਤੇ ਅਖਬਾਰ ਪਏ ਹਨ, ਕੁਝ ਖਿਡੌਣੇ ਹਨ, ਪਿਆਲੀਆਂ ਦੇ ਕੁੰਡੇ ਟੁੱਟੇ ਹੋਏ, ਲੈਂਪ, ਕਲਮ ਦਵਾਤ, ਗਲਾਸ ਪਏ ਹਨ। ਬੈਠਣਾ ਖਤਰਨਾਕ ਹੈ ਕਿਉਂਕਿ ਕੁਰਸੀ ਦੀ ਲੱਤ ਟੁੱਟੀ ਹੋਈ ਹੈ। ਜਿਹੜੀ ਕੁਰਸੀ ਦੀਆਂ ਚਾਰੇ ਲੱਤਾਂ ਠੀਕ ਹਨ, ਬੱਚੇ ਉਸ ਉਪਰ ਖਾਣਾ ਬਣਾਉਣ ਦੀ ਖੇਡ-ਖੇਡ ਰਹੇ ਹਨ। ਮਹਿਮਾਨ ਲਈ ਇਹੋ ਕੁਰਸੀ ਹੈ, ਪਰ ਜੇ ਮਹਿਮਾਨ ਦੇ ਆਏ ਤੋਂ ਬੱਚੇ ਆਪਣੀ ਖੇਡ ਬੰਦ ਨਾ ਕਰਨ, ਫੇਰ? ਜੇ ਖੇਡ ਬੰਦ ਕਰ ਕੇ ਬੈਠਣ ਲਈ ਕਹਿ ਦੇਣ ਤਾਂ ਪੈਂਟ ਗੰਦੀ ਹੋ ਜਾਏਗੀ।"



*ਮਾਰਕਸ ਦੀ ਪਤਨੀ ਜੈਨੀ ਤੇ ਧੀ ਲਾਰਾ। ਐਨ ਸੱਜੇ ਨੌਕਰਾਣੀ ਲਿੰਚਨ।*

ਕਾਰਲ ਪਰਿਵਾਰ ਵਿਚ ਕ੍ਰਿਸਮਸ ਮਨਾਉਣ ਦਾ ਕੋਈ ਖਾਸ ਮਤਲਬ ਨਹੀਂ। ਬੱਚੇ ਯਸੂ ਮਸੀਹ ਬਾਰੇ ਪੁੱਛਦੇ ਤਾਂ ਪਿਤਾ ਦੱਸਦਾ, "ਗਰੀਬ ਤਰਖਾਣ ਨੂੰ ਅਮੀਰਾਂ ਨੇ ਮਾਰ ਦਿੱਤਾ ਸੀ।" ਫਿਰ ਕਹਿ ਦਿੰਦਾ, ਈਸਾਈ ਧਰਮ ਨੂੰ ਇਸ ਗੱਲ ਕਰ ਕੇ ਮੁਆਫ ਕੀਤਾ ਜਾ ਸਕਦਾ ਹੈ ਕਿ ਉਸ ਨੇ ਬੱਚੇ ਦੀ ਪੂਜਾ ਕਰਨ ਦਾ ਰਿਵਾਜ ਪਇਆ। ਏਂਗਲਜ਼ ਬੱਚਿਆਂ ਲਈ ਖਿਡੌਣੇ ਲਿਆਉਣੇ ਕਦੀ ਨਾ ਭੁੱਲਦਾ।

ਲੰਡਨ ਹੈਜ਼ੇ ਦੀ ਲਪੇਟ ਵਿਚ ਆ ਗਿਆ, ਗਿਆਰਾਂ ਹਜ਼ਾਰ ਮੌਤਾਂ ਹੋਈਆਂ। ਸੀਵਰੇਜ ਦਾ ਪਾਣੀ ਲੀਕ ਹੋ ਕੇ ਉਨ੍ਹਾਂ ਖੂਹਾਂ ਵਿਚ ਚਲਾ ਗਿਆ ਸੀ ਜਿਥੋਂ ਲੋਕ ਪੀਣ ਲਈ ਪਾਣੀ ਭਰਦੇ ਸਨ।

ਕਾਰਲ ਲਿਖਦਾ ਹੈ, ਬੇਕਨ ਨੇ ਕਿਹਾ ਸੀ, ਮਹਾਨ ਆਦਮੀ ਵੱਡੇ ਤੋਂ ਵੱਡਾ ਘਾਟਾ ਵੀ ਛੇਤੀ ਭੁੱਲ ਜਾਂਦਾ ਹੈ, ਪਰ ਮੈਂ ਮਹਾਨ ਆਦਮੀ ਨਹੀਂ।

17 ਜਨਵਰੀ 1855 ਨੂੰ ਧੀ ਏਲੀਨਰ ਦਾ ਜਨਮ ਹੋਇਆ। ਅੱਠ ਸਾਲ ਦਾ ਬੇਟਾ ਬਿਮਾਰ ਹੋ ਗਿਆ, ਇੰਨਾ ਬਿਮਾਰ ਕਿ ਹਿੱਲਣ ਜੋਗਾ ਨਾ ਰਿਹਾ। ਭੈਣਾਂ ਅਤੇ ਪਿਤਾ ਉਸ ਦਾ ਖਿਆਲ ਰੱਖਦੇ, ਜੈਨੀ ਇਸ ਕਮਰੇ ਵਿਚ ਨਾ ਆਉਂਦੀ ਕਿਉਂਕਿ ਉਸ ਤੋਂ ਰੋਣ ਨਾ ਥਮਦਾ। ਬੇਟਾ ਇੰਨਾ ਸਿਆਣਾ, ਭੈਣਾਂ ਨੂੰ ਆਖ ਦਿੰਦਾ, ਇਸ ਕਮਰੇ ਵਿਚ ਮੰਮੀ ਆਵੇ ਤਾਂ ਮੇਰੀਆਂ ਲੱਤਾਂ ਬਾਹਾਂ ਕੱਪੜੇ ਨਾਲ ਢਕ ਦਿਆ ਕਰੋ, ਇੰਨੇ ਪਤਲੇ ਅੰਗ ਦੇਖ ਕੇ ਦੁਖੀ ਹੋਵੇਗੀ।

ਫਿਰ 6 ਅਪਰੈਲ ਦੀ ਰਾਤ ਨੂੰ ਉਹ ਕਾਰਲ ਦੀ ਗੋਦ ਵਿਚ ਦਮ ਤੋੜ ਗਿਆ। ਰੋਂਦੀ ਜੈਨੀ ਨੇ ਆਪਣੀਆਂ ਧੀਆਂ ਇਉਂ ਕੱਸ ਕੇ ਛਾਤੀ ਨਾਲ ਲਈਆਂ ਹੋਈਆਂ ਸਨ ਜਿਵੇਂ ਲਗਦਾ ਹੋਵੇ ਮੌਤ ਇਨ੍ਹਾਂ ਨੂੰ ਵੀ ਖੋਹਣ ਆਈ ਹੈ। ਕਾਰਲ ਨੇ ਕਿਹਾ, ਘਾਟਾ ਨਹੀਂ ਪਿਆ, ਡਾਕਾ ਪਿਐ। ਨਾ ਚੰਗੀ ਖੁਰਾਕ, ਨਾ ਦਵਾਈ, ਸੁੰਦਰ ਸਮਾਜ ਦੀ ਸਿਰਜਣਾ ਦਾ ਸੁਪਨਾ ਲੈਣ ਕਾਰਨ ਕੁਦਰਤ ਨੇ ਮੈਨੂੰ ਭਿਆਨਕ ਸਦਮਾ ਦਿੱਤਾ ਹੈ। ਟੁੱਟ ਚੁੱਕੇ ਕਾਰਲ ਨੂੰ ਦੋਸਤ ਨੇ ਧਰਵਾਸ ਦੇਣਾ ਚਾਹਿਆ ਤਾਂ ਚੀਕਿਆ, "ਮੇਰੇ ਬੇਟੇ ਨੂੰ ਵਾਪਸ ਨਹੀਂ ਲਿਆ ਸਕਦਾ, ਚੁੱਪ ਤਾਂ ਕਰ।" ਇਸ ਦੋਸਤ ਨੇ ਲਿਖਿਆ, "ਕਬਰ ਵਿਚ ਉਤਾਰਨ ਲਈ ਜਦੋਂ ਬੱਚੇ ਦਾ ਤਾਬੂਤ ਚੁੱਕਿਆ ਗਿਆ, ਮੈਂ ਡਰ ਗਿਆ ਸਾਂ ਕਿਤੇ ਕਾਰਲ ਟੋਏ ਵਿਚ ਨਾ ਕੁੱਦ ਪਵੇ।"

ਏਂਗਲਜ਼ ਨੂੰ ਲਿਖਿਆ, ਉਸ ਸ਼ਾਮ ਇੰਨਾ ਸਿਰ ਦਰਦ ਹੋਇਆ ਕਿ ਮੈਨੂੰ ਦਿਸਣੋਂ ਤੇ ਸੁਣਨੋਂ ਹਟ ਗਿਆ। ਸਾਰੀ ਰਾਤ ਬੇਹੋਸ਼ੀ ਵਿਚ ਲੰਘੀ।

ਸ਼ੇਕਸਪੀਅਰ ਦਾ ਵਾਕ, ਮੇਰੀ ਵਿਛੜੀ ਨੰਨ੍ਹੀ ਜਾਨ, ਜੇ ਤੂੰ ਸਵਰਗ ਵਿਚ ਅਜੇ ਨਹੀਂ ਗਈ ਤਾਂ ਨਿੱਕੇ ਨਿੱਕੇ ਖੰਭਾਂ ਨਾਲ ਆਪਣੀ ਮਾਂ ਦੁਆਲੇ ਕੁਝ ਚਿਰ ਉਡ ਕੇ ਉਸ ਦਾ ਰੁਦਨ ਤਾਂ ਸੁਣ।

ਜੈਨੀ ਨੇ ਲਿਖਿਆ, ਇਕ ਪੈਸੇ ਦੀ ਪਤਲੀ ਮੋਮਬੱਤੀ ਵਰਗੀ ਹੋ ਗਈ ਹਾਂ। ਇਸ ਘਰ ਵਿਚ ਬੇਟੇ ਦੀਆਂ ਯਾਦਾਂ ਤੋਂ ਖਹਿੜਾ ਛਡਾਉਣ ਲਈ ਜੱਦੀ ਘਰ ਚਲੇ ਗਏ। ਜਾਂਦਿਆਂ ਚਾਚੇ ਦੀ ਮੌਤ ਹੋ ਗਈ ਤੇ ਉਸ ਦੀ ਵਿਰਾਸਤ ਵਿਚੋਂ ਕਾਫੀ ਪੌਂਡ ਮਿਲੇ। ਸਾਡੇ ਕੋਲ ਇਹ ਪੈਸੇ ਪਹਿਲਾਂ ਆ ਜਾਂਦੇ, ਇਲਾਜ ਹੋ ਜਾਂਦਾ। ਕਾਰਲ ਨੇ ਏਂਗਲਜ਼ ਨੂੰ ਲਿਖਿਆ, ਮੇਰੀਆਂ ਧੀਆਂ ਮੈਨੂੰ ਪੁੱਛਦੀਆਂ ਨੇ, ਖੇਡਾਂ ਵਿਚ ਜਿਹੜਾ ਰੋਲ ਸਾਡਾ ਭਰਾ ਕਰਿਆ ਕਰਦਾ, ਉਹ ਹੁਣ ਕੌਣ ਕਰੇਗਾ? ਅਸੀਂ ਖੇਡੀਏ ਕਿਵੇਂ?

ਖਬਰ ਮਿਲੀ, ਮਾਂ ਦੀ ਤਬੀਅਤ ਠੀਕ ਨਹੀਂ, ਜੈਨੀ ਪੇਕੇ ਚਲੀ ਗਈ। ਗਿਆਰਾਂ ਦਿਨ ਸੇਵਾ ਕਰਾਉਣ ਬਾਅਦ ਅਲਵਿਦਾ ਆਖ ਗਈ। ਲਿੰਚਨ ਦੀ ਭੈਣ ਮੇਰੀਆਨੀ, ਮਾਂ ਦੀ ਨੌਕਰਾਣੀ ਸੀ। ਉਸ ਨੂੰ ਆਪਣੇ ਨਾਲ ਲੈ ਆਈ, ਕਿਉਂਕਿ ਇਸ ਦਾ ਕੋਈ ਹੋਰ ਸਹਾਰਾ ਨਹੀਂ ਸੀ।

ਵਿਰਾਸਤੀ ਪੈਸੇ ਮੁੱਕ ਗਏ। ਵੱਖ-ਵੱਖ ਤਰ੍ਹਾਂ ਦੀਆਂ ਮੁਸੀਬਤਾਂ ਘੇਰਦੀਆਂ। ਜੈਨੀ ਨੇ ਲਿਖਿਆ, "ਅਸੀਂ ਅਮੀਰ ਹੋਣ ਦਾ ਦਿਖਾਵਾ ਕਰ ਰਹੇ ਹਾਂ। ਘਰ ਪਈਆਂ ਚੀਜ਼ਾਂ ਫਿਰ ਵਿਕਣ ਲੱਗੀਆਂ ਨੇ। ਹਾਸਾ ਮਜ਼ਾਕ ਮਨਫੀ ਹੋ ਗਿਐ। ਤਾਂ ਵੀ ਸਿਰ ਉਚਾ ਕਰ ਕੇ ਤੁਰਨਾ ਪਵੇਗਾ, ਕਿਉਂਕਿ ਦੁਨੀਆਂ ਕੇਵਲ ਬਹਾਦਰਾਂ ਨੂੰ ਜਿਉਣ ਦਾ ਹੱਕ ਦਿੰਦੀ ਐ।"

ਏਂਗਲਜ਼ ਨੂੰ ਕਾਰਲ ਪਰਿਵਾਰ ਦੀ ਦਸ਼ਾ ਦਾ ਪਤਾ ਲੱਗਾ ਤਾਂ ਲਿਖਿਆ, ਮੇਰਾ ਖਿਆਲ ਸੀ ਠੀਕ ਚੱਲ ਰਿਹੈ ਸਭ। ਮੇਰੇ ਪਾਪਾ ਨੇ ਬਿਜ਼ਨਸ ਵੱਲ ਮੇਰੀ ਰੁਚੀ ਦੇਖ ਕੇ ਪੈਸੇ ਦਿੱਤੇ, ਮੇਰੀ ਘੋੜਾ ਖਰੀਦਣ ਦੀ ਇੱਛਾ ਪੂਰਤੀ ਵਾਸਤੇ ਇਨਾਮ ਵਜੋਂ। ਮੈਂ ਵਧੀਆ ਘੋੜਾ ਖਰੀਦ ਲਿਆ। ਹੁਣ ਕੀ ਕਰਾਂ? ਇਹ ਪੈਸੇ ਤੇਰੇ ਕੰਮ ਆਉਂਦੇ, ਅਫਸੋਸ! ਤਾਂ ਵੀ ਪੰਜ ਪੌਂਡ ਹਰ ਮਹੀਨੇ ਭੇਜਦਾ ਰਹਾਂਗਾ।

ਪਹਿਲਾਂ ਬੱਚਿਆਂ ਨੂੰ ਅਮੀਰੀ ਗਰੀਬੀ ਦਾ ਕੁਝ ਪਤਾ ਨਹੀਂ ਸੀ, ਹੁਣ ਉਹ ਆਪਣੇ ਹਾਣੀਆਂ ਦਾ ਰਹਿਣ-ਸਹਿਣ, ਖਾਣ-ਖਰਚਣ ਦੇਖ ਸਮਝਣ ਲੱਗ ਗਏ ਕਿ ਉਨ੍ਹਾਂ ਦਾ ਦਰਜਾ ਕੀ ਹੈ। ਧੀਆਂ ਪੜ੍ਹਨ ਵਿਚ ਚੰਗੀਆਂ ਨਿਕਲੀਆਂ। ਚਿਨ ਫਸਟ ਆਈ ਤੇ ਲਾਰਾ ਕਲਾਸ ਵਿਚ ਸੈਕੰਡ। ਅੰਗਰੇਜ਼ੀ ਤੋਂ ਇਲਾਵਾ ਉਨ੍ਹਾਂ ਨੇ ਜਰਮਨ, ਫਰੈਂਚ, ਇਤਾਲਵੀ ਅਤੇ ਸਪੇਨੀ ਜ਼ਬਾਨਾਂ ਸੌਖ ਨਾਲ ਸਿੱਖ ਲਈਆਂ।

ਚਾਰਲਸ ਡਾਰਵਿਨ ਦੀ ਕਿਤਾਬ 'ਉਰਿਜਿਨ ਆਫ ਦਿ ਸਪੀਸ਼ੀਜ਼' ਛਪੀ ਤਾਂ ਤਹਿਲਕਾ ਮਚ ਗਿਆ। ਇਕ ਦਿਨ ਵਿਚ ਪਹਿਲੀ ਐਡੀਸ਼ਨ ਵਿਕ ਗਈ, ਰਾਤੋ-ਰਾਤ ਰਾਇਲਟੀ ਸਦਕਾ ਮਾਲਾ-ਮਾਲ ਹੋ ਗਿਆ। ਕਾਰਲ ਨੇ ਇਹ ਕਿਤਾਬ ਪੜ੍ਹੀ ਤਾਂ ਕਿਹਾ, ਗਜ਼ਬ! ਸ਼ਾਨਦਾਰ ਵਿਗਿਆਨਕ ਵਿਕਾਸਵਾਦ। ਡਾਰਵਿਨ ਨੇ ਉਹੀ ਕੰਮ ਕੀਤਾ ਜੋ ਮੈਂ ਕਰ ਰਿਹਾ ਹਾਂ, ਬਸ ਅਸੀਂ ਆਪੋ-ਆਪਣੇ ਲੀਵਰ ਵੱਖ-ਵੱਖ ਥਾਂਵਾਂ 'ਤੇ ਟਿਕਾਏ ਹੋਏ ਹਨ। ਜੈਨੀ ਖਬਰਾਂ ਸੁਣ-ਸੁਣ ਇਸ ਲਈ ਖੁਸ਼ ਹੋ ਰਹੀ ਸੀ ਕਿ ਇਸੇ ਤਰ੍ਹਾਂ ਕਾਰਲ ਦੀ ਕਿਤਾਬ ਸਦਕਾ ਉਹ ਅਮੀਰ ਹੋ ਜਾਏਗੀ।

ਵੋਗ ਨਾਮ ਦੇ ਲਿਖਾਰੀ ਨੇ 'ਮਾਈ ਐਕਸ਼ਨ' ਨਾਂ ਦੀ ਕਿਤਾਬ ਛਪਵਾਈ, ਤਿੰਨ ਹਜ਼ਾਰ ਦੀ ਗਿਣਤੀ ਹੱਥੋ-ਹੱਥ ਵਿਕ ਗਈ। ਇਸ ਕਿਤਾਬ ਵਿਚ ਕਾਰਲ ਖਿਲਾਫ ਖੂਬ ਮਸਾਲਾ ਸੀ, ਲਿਖਿਆ ਸੀ, ਕਾਰਲ ਦੇ ਕਾਮਰੇਡ ਸਾਥੀ, ਗੁੰਡਿਆਂ ਦਾ ਗਰੋਹ ਹੈ। ਇਹ ਬਲੈਕਮੇਲ ਕਰਦੇ ਹਨ, ਜ਼ਬਰਦਸਤੀ ਪੈਸੇ ਉਗਰਾਹੁੰਦੇ ਹਨ, ਹਿੰਸਕ ਹਨ ਤੇ ਕਹਿੰਦੇ ਹਨ, ਅਸੀਂ ਮਜ਼ਦੂਰਾਂ ਦੇ ਭਲੇ ਲਈ ਕਰਦੇ ਹਾਂ। ਇਸ ਦਾ ਸਾਲਾ ਫਰਡੀਨੰਦ ਸਰਕਾਰ ਦਾ ਵੱਡਾ ਅਫਸਰ ਹੈ। ਕਾਰਲ ਉਸ ਵਾਸਤੇ ਜਾਸੂਸੀ ਦਾ ਕੰਮ ਕਰ ਕੇ ਚੰਗੀ ਕਮਾਈ ਕਰਦਾ ਹੈ।

ਜੈਨੀ ਕਈ ਦਿਨ ਬੁਖਾਰ ਵਿਚ ਪਈ ਰਹੀ। ਡਾਕਟਰ ਨੇ ਟੈਸਟ ਕੀਤੇ ਤਾਂ ਪਤਾ ਲੱਗਾ, ਚੇਚਕ ਦਾ ਹਮਲਾ ਹੈ। ਗ਼ੈਬੀ ਕਹਿਰ। ਇਸ ਨਾਲ ਤਾਂ ਮੌਤ ਹੋ ਜਾਂਦੀ, ਅੱਖਾਂ ਦੀ ਰੌਸ਼ਨੀ ਚਲੀ ਜਾਂਦੀ, ਚਿਹਰਾ ਕਰੂਪ ਹੋ ਜਾਂਦਾ ਸੀ, ਪਰਿਵਾਰ ਦੇ ਬਾਕੀ ਜੀਆਂ ਨੂੰ ਲਾਗ ਹੋ ਸਕਦੀ ਸੀ, ਕੁੜੀਆਂ ਕਿਸੇ ਵਾਕਫ ਦੇ ਘਰ ਭੇਜ ਦਿੱਤੀਆਂ। ਲਿੰਚਨ ਅਤੇ ਕਾਰਲ ਨੂੰ ਵੈਕਸੀਨ ਦੇ ਟੀਕੇ ਲਾ ਦਿੱਤੇ।

ਦੋ ਮਹੀਨਿਆਂ ਦੇ ਸੰਘਰਸ਼ ਤੋਂ ਬਾਅਦ ਜੈਨੀ ਰਾਜ਼ੀ ਤਾਂ ਹੋ ਗਈ, ਪਰ ਰੰਗ ਕਾਲਾ ਹੋ ਗਿਆ। ਚਿਹਰਾ ਦਾਗਾਂ ਨਾਲ ਭਰ ਗਿਆ ਤੇ ਇਕ ਪਾਸਾ ਕਮਜ਼ੋਰ ਪੈ ਗਿਆ। ਕ੍ਰਿਸਮਸ ਦੀ ਸ਼ਾਮ ਨੂੰ ਕੁੜੀਆਂ ਆਪਣੇ ਘਰ ਆਈਆਂ, ਮਾਂ ਨੂੰ ਮਿਲਣ ਲਈ ਛਾਲਾਂ ਮਾਰਦੀਆਂ ਉਸ ਦੇ ਕਮਰੇ ਵਿਚ ਗਈਆਂ, ਦੇਖਦਿਆਂ ਹੀ ਉਚੀ-ਉਚੀ ਰੋਣ ਲੱਗ ਪਈਆਂ। ਉਨ੍ਹਾਂ ਦੀ ਮੰਮੀ ਦੇ ਬਿਸਤਰ ਉਤੇ ਤਾਂ ਕੋਈ ਹੋਰ ਹੀ ਬੇਪਛਾਣ ਔਰਤ ਪਈ ਸੀ।

ਕਾਰਲ ਆਪਣੇ ਚਾਚੇ ਫਿਲਿਪ ਤੋਂ ਪੈਸਿਆਂ ਦੀ ਮਦਦ ਲੈਣ ਹਾਲੈਂਡ ਗਿਆ। ਪੈਸਾ ਤਾਂ ਕੋਈ ਨਾ ਮਿਲਿਆ, ਪਰ ਬਚਪਨ ਤੋਂ ਹੀ ਮੂਲ ਰੂਪ ਵਿਚ ਰੁਮਾਂਟਿਕ ਸੁਭਾਅ ਦਾ ਹੋਣ ਕਰ ਕੇ ਸੁਹਣੀ ਤੇ ਦਿਮਾਗੀ ਤੌਰ 'ਤੇ ਤੇਜ਼ ਤਰਾਰ ਕੁੜੀ ਆਪਣੀ ਕਜ਼ਨ, ਨਾਨੇਟੀ ਦੀ ਸ਼ਖਸੀਅਤ ਦੇ ਜਾਦੂ ਦਾ ਸ਼ਿਕਾਰ ਹੋ ਗਿਆ। ਇਸ ਰੋਮਾਂਸ ਵਿਚ ਇੰਨਾ ਉਲਝਿਆ ਕਿ ਨਾ ਜੈਨੀ ਨੂੰ, ਨਾ ਏਂਗਲਜ਼ ਨੂੰ ਪੱਤਰ ਲਿਖਿਆ। ਸਾਰੇ ਭੈਭੀਤ ਸਨ ਕਿ ਪੁਲਿਸ ਨੇ ਨਾ ਕਿਤੇ ਫੜ ਲਿਆ ਹੋਵੇ, ਕਿਉਂਕਿ ਸਫਰ ਵਾਲੇ ਕਾਗਜ਼ ਸਭ ਜਾਅਲੀ ਸਨ। ਇਥੋਂ ਬਰਲਿਨ ਚਲਾ ਗਿਆ ਜਿਥੇ ਉਸ ਦੇ ਦੋਸਤ ਲੈਸਲੀ ਨੇ ਇਕ ਅਮੀਰ ਜਗੀਰਦਾਰਨੀ ਨਾਲ ਮਿਲਵਾਇਆ। ਇਹ ਮੇਲ ਵੀ ਰੋਮਾਂਸ ਵਿਚ ਬਦਲ ਗਿਆ। ਇਸ ਕਾਉਂਟੈਸ ਦੀ ਅਕਲ ਅਤੇ ਖੂਬਸੂਰਤੀ ਬਾਰੇ ਖਤਾਂ ਵਿਚ ਆਪਣੀਆਂ ਧੀਆਂ ਨੂੰ ਦੱਸਿਆ। ਰੂਸੀ ਇਨਕਲਾਬ ਪਿਛੋਂ ਜਦੋਂ ਸਟਾਲਿਨ ਦੇ ਹੱਥ ਸੱਤਾ ਆਈ, ਕਾਰਲ ਦੀਆਂ ਜੀਵਨੀਆਂ ਛਪਣੀਆਂ ਸ਼ੁਰੂ ਹੋਈਆਂ। ਸਟਾਲਿਨ ਨੇ ਇਨ੍ਹਾਂ ਜੀਵਨੀਆਂ ਵਿਚ ਉਸ ਦੀਆਂ ਕਮਜ਼ੋਰੀਆਂ ਛਪਣ ਨਹੀਂ ਦਿੱਤੀਆਂ। ਵਾਪਸ ਆ ਕੇ ਆਪਣੇ ਤੋਂ ਅੱਧੀ ਉਮਰ ਦੀ ਕਜ਼ਨ ਨੂੰ ਲੰਮਾ ਖਤ ਲਿਖਿਆ ਜਿਸ ਵਿਚ ਉਸ ਦੀ ਹਰ ਪੱਖੋਂ ਤਾਰੀਫ ਹੀ ਤਾਰੀਫ ਸੀ। ਰੋਮਾਂਸ ਨੂੰ ਜਾਰੀ ਰੱਖਣਾ ਚਾਹੁੰਦਾ ਸੀ। ਬਰਲਿਨ ਤੋਂ ਇੰਗਲੈਂਡ ਵੱਲ ਚੱਲਿਆ ਤਾਂ ਰਾਹ ਵਿਚ ਫਿਰ ਚਾਚੇ ਕੋਲ ਰੁਕਿਆ। ਚਾਚੇ ਤੋਂ 160 ਪੌਂਡ ਲੈਣ ਵਿਚ ਸਫਲ ਹੋ ਗਿਆ ਤੇ ਨਾਨੇਟੀ ਨੂੰ ਮਿਲਿਆ। ਇਹ ਉਹੀ ਫਿਲਿਪ ਹੈ ਜਿਸ ਦੀ ਬਿਜਲੀ ਦੀ ਕੰਪਨੀ ਫਿਲਿਪਸ ਹੁਣ ਤੱਕ ਦੁਨੀਆਂ 'ਚ ਫੈਲੀ ਹੋਈ ਹੈ। ਕਾਰਲ ਨੇ ਲਿਖਿਆ, ਥਿਊਰੀ ਉਜਾੜਾ ਹੈ ਅਤੇ ਵਪਾਰ ਹਰਿਆਵਲ। ਇਸ ਗੱਲ ਦਾ ਮੈਨੂੰ ਬਹੁਤ ਲੇਟ ਪਤਾ ਲੱਗਾ ਦੋਸਤ।

ਅਬਰਾਹਮ ਲਿੰਕਨ ਨੇ ਗੁਲਾਮ ਪ੍ਰਥਾ ਖਤਮ ਕਰਨ ਦੀ ਖਤਰਨਾਕ ਲੜਾਈ ਲੜੀ। ਇੰਗਲੈਂਡ ਦੇ ਵਪਾਰੀ ਫਿਕਰਮੰਦ ਹੋ ਗਏ ਕਿ ਇਸ ਨਾਲ ਉਨ੍ਹਾਂ ਦੇ ਵਪਾਰ ਨੂੰ ਸੱਟ ਵੱਜੀ ਹੈ। ਸਰਕਾਰ ਵਿਚ ਸਲਾਹਾਂ ਹੋਣ ਲੱਗੀਆਂ ਕਿ ਅਮਰੀਕਾ ਉਪਰ ਸੈਨਾ ਚਾੜ੍ਹੀ ਜਾਵੇ। ਮਜ਼ਦੂਰ ਜਮਾਤ ਅਤੇ ਕਿਸਾਨੀ, ਲਿੰਕਨ ਦੀ ਪ੍ਰਸ਼ੰਸਕ ਸੀ ਕਿਉਂਕਿ ਉਸ ਨੇ ਕਾਲੇ ਨੀਗਰੋਜ਼ ਨੂੰ ਗੁਲਾਮੀ ਤੋਂ ਮੁਕਤ ਕਰਵਾ ਕੇ ਬਰਾਬਰ ਦੇ ਹੱਕ ਦਿੱਤੇ। ਇੰਗਲੈਂਡ ਦੀ ਫੌਜ ਵਿਚ ਕਿਸਾਨਾਂ-ਮਜ਼ਦੂਰਾਂ ਦੇ ਹੀ ਬੱਚੇ ਸਨ, ਹੋਰ ਭਰਤੀ ਕਰਨੀ ਪੈਣੀ ਸੀ, ਤਾਂ ਵੀ ਇਸੇ ਕਲਾਸ ਵਿਚੋਂ ਜੁਆਨ ਲੈਣੇ ਸਨ। ਇਹ ਸਾਰੇ ਬਗਾਵਤ ਕਰ ਕੇ ਜੇ ਲਿੰਕਨ ਵੱਲ ਹੋ ਗਏ, ਫਿਰ? ਲਿੰਕਨ ਦੇ ਯੁੱਧ ਕਾਰਨ ਏਂਗਲਜ਼ ਦੀ ਮਿੱਲ ਦਾ ਮਾਲ ਵਿਕਣੋਂ ਹਟ ਗਿਆ, ਘਾਟਾ ਪੈਣ ਲੱਗਾ। ਰੋਜ਼ਮੱਰਾ ਦੀਆਂ ਵਸਤਾਂ ਮਹਿੰਗੀਆਂ ਹੋ ਗਈਆਂ। ਕਾਰਲ ਤੰਗੀ ਵਿਚ ਫਸਦਾ ਗਿਆ। ਬੱਚਿਆਂ ਅਤੇ ਨੌਕਰਾਣੀਆਂ ਦੇ ਬੂਟ ਤੱਕ ਵਿਕ ਗਏ। ਲਹਿਣੇਦਾਰਾਂ ਤੋਂ ਡਰਦਾ ਕਾਰਲ ਅੰਡਰਗਰਾਊਂਡ ਹੋ ਗਿਆ। ਪਤਾ ਲੱਗਾ, ਰੇਲਵੇ ਵਿਚ ਕਲਰਕ ਰੱਖਣੇ ਹਨ। ਕਾਰਲ ਨੇ ਅਰਜ਼ੀ ਦੇ ਦਿੱਤੀ। ਨੌਕਰੀ ਇਸ ਕਰ ਕੇ ਨਹੀਂ ਮਿਲੀ, ਕਿਉਂਕਿ ਲਿਖਾਈ ਗੰਦੀ ਹੋਣ ਕਰ ਕੇ ਪੜ੍ਹੀ ਨਹੀਂ ਜਾਂਦੀ ਸੀ।

ਨਰਮ ਚਿਤ ਹੋਣ ਦੇ ਬਾਵਜੂਦ ਕੁਝ ਮਾਮਲਿਆਂ ਵਿਚ ਕਾਰਲ ਬਹੁਤ ਖੁਸ਼ਕ ਹੁੰਦਾ ਸੀ। ਏਂਗਲਜ਼ ਦਾ ਖਤ ਆਇਆ ਜਿਸ ਵਿਚ ਲਿਖਿਆ ਸੀ, ਪਤਨੀ ਮੇਰੀ ਰੋਜ਼, ਦੋ ਦਹਾਕਿਆਂ ਦਾ ਸਮਾਂ ਮੇਰੇ ਨਾਲ ਬਿਤਾ ਕੇ ਸੰਸਾਰ ਵਿਚੋਂ ਚਲੀ ਗਈ। ਦੁੱਖ ਵਿਚ ਘਿਰਿਆ ਤੇਰਾ, ਏਂਗਲਜ਼। ਕਾਰਲ ਨੇ ਪਹਿਲੇ ਦੋ ਵਾਕ ਹਮਦਰਦੀ ਵਜੋਂ ਲਿਖ ਕੇ ਆਪਣੀ ਗਰੀਬੀ ਦੇ ਰੋਣੇ-ਧੋਣੇ ਲਿਖਣੇ ਸ਼ੁਰੂ ਕਰ ਦਿੱਤੇ, ਤੇ ਖਤ ਭੇਜ ਦਿੱਤਾ। ਏਂਗਲਜ਼ ਨੂੰ ਗੁੱਸੇ 'ਤੇ ਕਾਬੂ ਪਾਉਣ ਲਈ ਹਫਤਾ ਲੱਗਾ। ਹਫਤੇ ਪਿਛੋਂ ਲਿਖਿਆ, ਮੇਰੇ ਵਿਰੋਧੀਆਂ ਨੇ ਵੀ ਹਮਦਰਦੀ ਦੇ ਲਫਜ਼ ਭੇਜੇ। ਇਕ ਤੂੰ ਹੈਂ ਜਿਸ ਨੂੰ ਤੇਰੀਆਂ ਤਕਲੀਫਾਂ ਸਭ ਤੋਂ ਵੱਧ ਮਹੱਤਵਪੂਰਨ ਲਗਦੀਆਂ ਹਨ। ਖੂਹ ਵਿਚ ਛਾਲ ਮਾਰ ਮੇਰੇ ਵਲੋਂ -ਏਂਗਲਜ਼।

ਕਾਰਲ ਨੇ ਖਿਮਾ ਦੀ ਜਾਚਨਾ ਕਰਦਿਆਂ ਗਿਆਰਾਂ ਦਿਨ ਮਗਰੋਂ ਖਤ ਲਿਖਿਆ, ਜੈਨੀ ਨੂੰ ਕਸੂਰਵਾਰ ਠਹਿਰਾਇਆ, ਤੰਗੀ ਨੇ ਮੱਤ ਮਾਰ ਦਿੱਤੀ ਹੈ, ਕੀ ਕਰਾਂ... ਆਦਿਕ। ਏਂਗਲਜ਼ ਨੇ ਜਵਾਬ ਲਿਖਿਆ, ਨੌਕਰਾਣੀਆਂ ਨੂੰ ਘਰੋਂ ਕੱਢ। ਧੀਆਂ ਨੂੰ ਲੋਕਾਂ ਦੇ ਘਰ ਕੰਮ ਕਰਨ ਭੇਜ। ਦੀਵਾਲੀਆ ਹੋਣ ਦਾ ਐਲਾਨ ਕਰ ਕੇ ਕਿਸੇ ਝੁੱਗੀ ਝੋਂਪੜੀ ਵਿਚ ਟਿਕਾਣਾ ਕਰ।

ਪਰ ਏਂਗਲਜ਼ ਨੂੰ ਆਪਣੇ ਜੀਨੀਅਸ ਮਿੱਤਰ ਦਾ ਫਿਕਰ ਸੀ। ਵੱਡੇ ਬੰਦੇ ਦੇ ਨੁਕਸ ਨਜ਼ਰ-ਅੰਦਾਜ਼ ਕਰਨੇ ਚਾਹੀਦੇ ਨੇ। ਸੌ ਪੌਂਡ ਭੇਜਦਿਆਂ ਲਿਖਿਆ, ਇਸੇ ਘਰ ਵਿਚ ਰਹਿ। ਧੀਆਂ ਨੂੰ ਸਕੂਲ ਭੇਜ। ਮੈਂ ਤੇਰੀ ਮਦਦ ਕਰਾਂਗਾ।

ਕੁੜੀਆਂ 'ਤੇ ਜਵਾਨੀ ਦਾ ਨਿਖਾਰ ਆ ਗਿਆ। ਵੱਡੀ ਚਿਨ ਪਿਤਾ 'ਤੇ ਗਈ ਸੀ, ਸੁਹਣਾ ਰੋਅਬਦਾਰ ਚਿਹਰਾ। ਲਾਰਾ ਮਾਂ ਵਰਗੀ ਸੁਹਣੀ, ਇੰਨੀ ਸੁਹਣੀ ਕਿ ਸਹੇਲੀਆਂ ਈਰਖਾ ਕਰਨ, ਦਰਮਿਆਨਾ ਕੱਦ ਪਰ ਆਤਮ-ਵਿਸ਼ਵਾਸੀ। ਇਉਂ ਲਗਦਾ ਸੀ ਜਿਵੇਂ ਜੈਨੀ ਦੀ ਭੈਣ ਹੋਵੇ। ਦੋਵਾਂ ਭੈਣਾਂ ਦਾ ਆਪਸ ਵਿਚ ਗੂੜ੍ਹਾ ਪਿਆਰ। ਚਿਨ ਬਿਮਾਰ ਹੋਈ ਤਾਂ ਲਾਰਾ ਹਰ ਰੋਜ਼ ਨਵੀਂ ਕਵਿਤਾ ਲਿਖ ਕੇ ਸੁਣਾਉਂਦੀ।

***(ਚਲਦਾ)***

## ਕਾਵਿ-ਵਿਅੰਗ

***ਜਸਵੰਤ***

ਵਿਚ ਜੇਬ ਦੇ ਹੋਣ ਜੇ ਚਾਰ ਪੈਸੇ,
ਕਹਿੰਦੇ 'ਜੱਸੇ' ਨੂੰ ਫਿਰ ਜਸਵੰਤ ਲੋਕੀਂ।
ਚੋਰੀ ਯਾਰੀ 'ਚ ਹੁੰਦੇ ਗਲਤਾਨ ਅੰਦਰੋਂ,
ਬਾਹਰੋਂ ਦਿੰਦੇ ਦਿਖਾਈ ਜੋ ਸੰਤ ਲੋਕੀਂ।
ਝਾਤੀ ਆਪਣੇ ਆਪ ਵੱਲ ਮਾਰਦੇ ਨਾ,
ਨੁਕਸ ਦੂਜੇ 'ਚੋਂ ਕੱਢਣ ਬੇਅੰਤ ਲੋਕੀਂ।
ਲੱਗੇ ਜਿਨ੍ਹਾਂ ਦੇ ਹੋਏ ਨੇ ਦਾਅ 'ਚੋਹਲਾ',
ਰਾਤੋ ਰਾਤ ਉਹ ਬਣੇ ਧਨਵੰਤ ਲੋਕੀਂ।

***-ਰਮੇਸ਼ ਬੱਗਾ ਚੋਹਲਾ***

***ਫੋਨ-91-94631-32719***

## ਕਾਵਿ-ਕਿਆਰੀ

### ਸੰਨ ਚੁਰਾਸੀ

ਨਿਤ ਨਾਲ ਮੌਤ ਦੇ ਲੜਦੇ ਹਾਂ,
ਨਾ ਦੁਸ਼ਮਣ ਕੋਲੋਂ ਡਰਦੇ ਹਾਂ।
ਸਿਰ ਧਰ ਕੇ ਤਲੀ 'ਤੇ ਕਰਦੇ ਹਾਂ,
ਅਸੀਂ ਰਾਖੀ ਆਪਣੇ ਘਰ ਦੀ।
ਸਾਨੂੰ ਰੋਜ਼ ਆਵਾਜ਼ਾਂ ਦੇਂਦੀ ਏ,
ਸਾਡੀ ਧਰਤੀ ਅੰਮ੍ਰਿਤਸਰ ਦੀ।

ਸੰਨ ਜੂਨ ਚੁਰਾਸੀ ਆਉਂਦਾ ਏ,
ਜ਼ਖ਼ਮਾਂ 'ਤੇ ਮਿਰਚਾਂ ਪਾਉਂਦਾ ਏ।
ਸਾਨੂੰ ਮੁੜ-ਮੁੜ ਕੇ ਤੜਫਾਉਂਦਾ ਏ,
ਕਿਵੇਂ ਕੌਮ ਪੀੜ ਪਈ ਜਰਦੀ।...

ਸਾਡੇ ਅਕਾਲ ਤਖਤ ਨੂੰ ਢਾਹਿਆ ਸੀ,
ਸਾਡੀ ਗੈਰਤ ਨੂੰ ਹੱਥ ਪਾਇਆ ਸੀ।
ਉਸ ਕੌਮ ਨੂੰ ਆਣ ਜਗਾਇਆ ਸੀ,
ਜਿਹੜੀ ਕਦੀ ਕਿਤੇ ਨਾ ਹਰਦੀ।...

ਅਸੀਂ ਦਸਮ ਪਿਤਾ ਦੇ ਲਾਲ ਹਾਂ,
ਸ਼ੇਰਾਂ ਦੀ ਚੱਲਦੇ ਚਾਲ ਹਾਂ।
ਦੁਸ਼ਮਣ ਲਈ ਬਣਦੇ ਕਾਲ ਹਾਂ,
ਜਦ ਪਾਈਏ ਮੌਤ ਦੀ ਵਰਦੀ।...

ਅਸੀਂ ਦੱਸ ਦੇਈਏ ਸਰਕਾਰਾਂ ਨੂੰ,
ਬੇਈਮਾਨਾਂ ਅਤੇ ਗੱਦਾਰਾਂ ਨੂੰ।
ਸੁਣੋ ਸਿੰਘਾਂ ਦੀਆਂ ਲਲਕਾਰਾਂ ਨੂੰ,
ਸਿੱਖ ਕੌਮ ਕਦੀ ਨਹੀਂ ਡਰਦੀ।...

ਅਸੀਂ ਤੀਰ ਚਲਾਈਏ ਕੱਸ ਕੇ,
ਵੈਰੀ ਨੂੰ ਮਾਰੀਏ ਦੱਸ ਕੇ।
ਅਤੇ ਮੌਤ ਵਿਆਹੀਏ ਹੱਸ ਕੇ,
ਤਾਂ ਛਾਤੀ ਸਾਡੀ ਠਰਦੀ।...

ਇਸ ਕੌਮ 'ਚ ਗੈਰਤ ਬੜੀ ਏ,
ਕਦੀ ਦੇਗਾਂ ਦੇ ਵਿਚ ਕੜ੍ਹੀ ਏ।
ਕਦੀ ਚਰਖੜੀਆਂ 'ਤੇ ਚੜ੍ਹੀ ਏ,
ਸਦਾ ਜਾਨ ਤਲੀ 'ਤੇ ਧਰਦੀ।...

ਅਸੀਂ ਦੱਸ ਕੇ ਬਦਲੇ ਲਾਹੁੰਦੇ ਹਾਂ,
ਵੈਰੀ ਨੂੰ ਮਾਰ ਮੁਕਾਉਂਦੇ ਹਾਂ।
ਨਿਤ ਨਵੀਆਂ ਭਾਜੀਆਂ ਪਾਉਂਦੇ ਹਾਂ,
ਸਾਰੀ ਦੁਨੀਆਂ ਗੱਲਾਂ ਕਰਦੀ।...

ਸਾਡੀ ਹਰਿਮੰਦਰ ਨਾਲ ਪ੍ਰੀਤ ਹੈ,
ਇਸ ਘਰ ਦੀ ਏਹੋ ਰੀਤ ਹੈ।
ਸਿੱਖ ਕੌਮ ਸਦਾ 'ਸੁਰਜੀਤ' ਹੈ,
ਜੋ ਮਾਰਿਆਂ ਵੀ ਨਹੀਂ ਮਰਦੀ।...

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

ਕਹਾਣੀ

# ਲਿਖਤੁਮ ਰਤੀ

***ਕਹਾਣੀਕਾਰ ਬਲਦੇਵ ਸਿੰਘ ਢੀਂਡਸਾ ਦੀ ਕਹਾਣੀ 'ਲਿਖਤੁਮ ਰਤੀ' ਪੰਜਾਬ ਦੀਆਂ ਜੜ੍ਹਾਂ ਵਿਚ ਬੈਠੇ ਪਰਵਾਸ ਦੀਆਂ ਪਰਤਾਂ ਖੋਲ੍ਹਦੀ ਹੈ। ਸਿਤਮਜ਼ਰੀਫੀ ਇਹ ਹੈ ਕਿ ਇਹ ਪਰਤਾਂ ਜਿਵੇਂ-ਜਿਵੇਂ ਖੁੱਲ੍ਹਦੀਆਂ ਜਾਂਦੀਆਂ ਹਨ, ਹਾਲਾਤ ਹੋਰ ਵੀ ਗੁੰਝਲਦਾਰ ਜਾਪਣ ਲੱਗ ਪੈਂਦੇ ਹਨ। ਕਹਾਣੀ ਦੀ ਨਾਇਕਾ ਤੂਫਾਨਾਂ ਦੀਆਂ ਟੱਕਰਾਂ ਨਾਲ ਨਿਢਾਲ ਹੋਈ ਪਈ ਹੈ, ਪਰ ਉਸ ਦੇ ਮੱਥੇ ਉਤੇ ਪਿਆਰ ਦਾ ਫੇਹਾ ਰੱਖਣ ਵਾਲਾ ਕੋਈ ਨਹੀਂ ਹੈ। ਪਰਵਾਸ ਅਸਲ ਵਿਚ ਕੁੜੀਆਂ ਦੀ ਜ਼ਿੰਦਗੀ ਦਾ ਉਹ ਸਫਰ ਹੈ ਜਿਸ ਨੂੰ ਕਦੀ ਵੀ ਨਾ ਮੁੱਕਣ ਦਾ ਸ਼ਾਇਦ ਸਰਾਪ ਮਿਲਿਆ ਹੋਇਆ ਹੈ। -ਸੰਪਾਦਕ***

**ਬਲਦੇਵ ਸਿੰਘ ਢੀਂਡਸਾ**

ਪਿਆਰੀ ਜਸਪ੍ਰੀਤ,

ਨਿੱਘੀ ਪਿਆਰ ਗਲਵੱਕੜੀ।

ਤੂੰ ਸੱਚਮੁੱਚ ਬਹੁਤ ਹੈਰਾਨ ਹੋਏਂਗੀ, ਇਹ ਪੱਤਰ ਪ੍ਰਾਪਤ ਕਰ ਕੇ। ਜਦੋਂ ਪੜ੍ਹੇਂਗੀ ਫਰਾਮ ਰਤਿੰਦਰ ਰੱਤੀ, ਕੈਨੇਡਾ। ਇਹ ਮੇਰਾ ਯਕੀਨ ਏ।

ਉਦਾਂ ਹੈ ਵੀ ਹੈਰਾਨੀ ਵਾਲੀ ਗੱਲ। ਲਗਭਗ ਦੋ ਸਾਲ ਪਹਿਲਾਂ ਕੈਨੇਡਾ ਆ ਗਈ ਸਾਂ ਮੈਂ ਪਰ ਅੱਜ ਤਾਈਂ ਇਕ ਵੀ ਖ਼ਤ ਨਹੀਂ ਲਿਖਿਆ ਤੈਨੂੰ। ਉਦੋਂ ਵੀ ਨਹੀਂ ਜਦੋਂ ਸਾਲ ਕੁ ਪਹਿਲਾਂ ਮੇਰੇ ਡਾਈਵੋਰਸ 'ਤੇ ਤੂੰ ਬਹੁਤ ਦੁਖੀ ਮਨ ਨਾਲ ਬੜਾ ਲੰਮਾ ਚੌੜਾ, ਹਮਦਰਦੀ ਤੇ ਹੌਸਲੇ ਵਿਚ ਗੜੁੱਚ ਪੱਤਰ ਲਿਖਿਆ ਸੀ। ਬੱਸ ਰੁਟੀਨ 'ਚ ਹੁੰਦੇ ਟੈਲੀਫ਼ੋਨ 'ਤੇ ਸਿਰਫ਼ ਇਨਾ ਕੁ ਆਖ ਸਕੀ ਸਾਂ- ਪ੍ਰੀਤ, ਜ਼ਿੰਦਗੀ ਵਿਚ ਅਜੇ ਪਤਾ ਨਹੀਂ ਕੀ ਕੁਝ ਵਾਪਰਨਾ ਏ...ਤੂੰ ਹੌਸਲਾ ਰੱਖ...ਮੈਨੂੰ ਡਾਈਵੋਰਸ ਦਾ ਬਹੁਤਾ ਦੁੱਖ ਨਹੀ...ਇਹ ਤਾਂ...।

ਮੈਂ ਗੱਲ ਹੋਰ ਥਾਵੇਂ ਪਾ ਲਈ ਸੀ।

ਤੂੰ ਮੈਨੂੰ ਵਾਰ-ਵਾਰ ਇਹ ਤਾਂ...'ਤੋਂ ਅੱਗੇ ਪੁੱਛਦੀ ਰਹੀ ਤੇ ਮੈਂ ਕੁਝ ਛੁਪਾਉਂਦੀ ਰਹੀ, ਬੜੀ ਬੇਵਸੀ ਨਾਲ।

ਛੁਪਾਉਂਦੀ ਸ਼ਬਦ ਤੈਨੂੰ ਹੋਰ ਵੀ ਹੈਰਾਨ ਕਰੇਗਾ।

ਹਾਂ ਪ੍ਰੀਤ, ਜ਼ਿੰਦਗੀ ਦੀ ਚਾਲ ਆਪਣੀ ਹੀ ਹੁੰਦੀ ਏ...ਇਹ ਮਨੁੱਖੀ ਸੋਚ ਤੇ ਇੱਛਾਵਾਂ ਤੋਂ ਅੱਡਰਾ ਰਸਤਾ ਵੀ ਬਣਾ ਲਿਆ ਕਰਦੀ ਏ...ਇਹ ਮੈਨੂੰ ਹੁਣ ਸਮਝ ਪਈ ਏ। ਗੂੜ੍ਹੀ ਸਹੇਲੀ ਹੋ ਕੇ ਵੀ ਤੇਰੇ ਕੋਲੋਂ ਬਹੁਤ ਕੁਝ ਛੁਪਾ ਕੇ ਰੱਖਾਂਗੀ...ਇਹ ਮੈਂ ਵੀ ਕਦੀ ਨਹੀਂ ਸੀ ਸੋਚਿਆ।

ਅਸਲ ਵਿਚ ਗੱਲ ਉਸੇ ਸਾਲ ਦੀ ਹੈ, ਜਿਸ ਸਾਲ ਆਪਣੇ ਕਾਲਜ ਦੀਆਂ ਕਬੱਡੀ ਟੀਮਾਂ ਦੀ ਸਾਰੇ ਪੰਜਾਬ ਵਿਚ ਬੱਲੇ-ਬੱਲੇ ਸੀ। ਕੁੜੀਆਂ ਦੀ ਕੈਪਟਨ ਮੈਂ ਸਾਂ, ਤੇ ਮੈਦਾਨ ਵਿਚਲੇ ਜੌਹਰ ਦੇਖ ਕੇ ਤੂੰ ਮੈਨੂੰ ਰੱਤੀ ਦੀ ਥਾਵੇਂ ਰੱਤੂ ਭਲਵਾਨ ਵੀ ਆਖ ਲਿਆ ਕਰਦੀ ਸੀ।

ਯਾਨਿ ਫਰਵਰੀ 19...

ਲੈ ਫੂਨ ਖੜਕ ਪਿਆ ਏ।...

---

ਮੇਰਾ ਸ਼ੱਕ ਠੀਕ ਨਿਕਲਿਆ। ਉਸੇ ਦਾ ਹੀ ਸੀ। ਡਾ.ਵਨੀਤਾ ਦਾ। ਇਹ ਮੇਰੀ ਜਾਂਚ ਕਰ ਰਹੀ ਡਾਕਟਰਾਂ ਦੀ ਟੀਮ ਵਿਚ ਹੁਣੇ ਸ਼ਾਮਲ ਕੀਤੀ ਗਈ ਸੀ। ਮਨੋਰੋਗਾਂ ਦੀ ਮਾਹਰ ਏ। ਪੰਜਾਬਣ ਆ। ਬੜੀ ਜ਼ਿੰਦਾ ਦਿਲ।

ਇਹ ਕੈਨੇਡਾ ਦਾ ਸਿਹਤ ਵਿਭਾਗ ਵੀ ਅਜੀਬ ਹੈ। ਡਾਕਟਰ ਵਾਲ ਦੀ ਖੱਲ ਲਾਹੀ ਜਾਂਦੇ ਨੇ। ਐਡੀ ਗੱਲ ਵੀ ਕੀ ਸੀ? ਆਨ ਡਿਊਟੀ ਬੇਹੋਸ਼ ਹੋ ਗਈ ਸਾਂ। ਦੱਸਦੇ ਨੇ ਮੇਰੀਆਂ ਮੁੱਠੀਆਂ ਘੁੱਟੀਆਂ ਹੋਈਆਂ ਸਨ। ਦੰਦ ਜੁੜੇ ਹੋਏ। ਜੀਹਨੂੰ ਆਪਣੇ ਦੰਦ-ਛਿਕੜ ਕਹਿੰਦੇ ਨੇ ਜਾਂ ਫਿਰ ਗਸ਼ ਜਾਂ ਗਸੀ। ਮਿੰਟਾਂ-ਸਕਿੰਟਾਂ ਵਿਚ ਐਂਬੂਲੈਂਸ ਆ ਗਈ ਸੀ।

ਇੰਡੀਆ ਇੰਨੀ ਨੌਬਤ ਕਿਥੋਂ ਆਉਣੀ ਸੀ। ਮੈਨੂੰ ਯਾਦ ਹੈ, ਇਕ ਵਾਰ ਮੇਰੇ ਮਾਮੇ ਦੀ ਜਵਾਨ ਧੀ ਨੂੰ ਇਸੇ ਤਰ੍ਹਾਂ ਗਸ਼ੀ ਪੈ ਗਈ। ਸਿਖਰ ਦੁਪਹਿਰੇ, ਵਿਹੜੇ ਦੇ ਗੱਭੇ। ਮਾਮੀ ਵਾਖਰੂ-ਵਾਖਰੂ ਕਰਦੀ ਉਸ ਦੇ ਮੂੰਹ ਵਿਚ ਉਂਗਲਾਂ ਪਾਉਣ ਲੱਗ ਪਈ। ਜਦੇ ਨਾਨੀ ਕੜਕ ਪਈ, ਤੂੰ ਉਂਗਲਾਂ ਵਢਾਉਣੀਆਂ। ਉਹ ਚਮਚਾ ਲੈ ਆਈ ਸੀ ਦੰਦਾਂ ਵਿਚ ਪਾਉਣ ਲਈ...ਤੇ ਕੁਝ ਪਾਣੀ ਛਿੱਟੇ ਮਾਰਨ ਲਈ। ਫਿਰ ਓਪਰੀ ਕਸਰ ਬਣ ਗਈ। ਗੁੱਗਲ ਤੇ ਮਿਰਚਾਂ ਦੀ ਧੂਣੀ ਧੁਖ ਪਈ। ਸ਼ਾਮੀਂ ਸਿਆਣਾ ਘਰੇ ਆਇਆ ਸੀ।

ਪਰ ਇਨ੍ਹਾਂ ਮੈਨੂੰ ਤਿੰਨ ਦਿਨ ਹਸਪਤਾਲ ਪਾਈ ਰੱਖਿਆ। ਜਿਹੜਾ ਨੀ ਕਿਹੜਾ ਟੈਸਟ ਕੀਤਾ। ਕੰਮ 'ਤੇ ਜਾਣ ਦੀ ਅਜੇ ਵੀ ਮਨਾਹੀ ਹੈ। ਮੁੜ ਘਿੜ ਉਹੀ ਸਵਾਲ ਪੁੱਛੀ ਜਾਂਦੇ ਨੇ...ਤੂੰ ਗੁੰਮ ਹੋਣ ਤੋਂ ਪਹਿਲਾਂ ਕੀ ਸੋਚਦੀ ਸੀ?...ਤੂੰ ਕੀਹਦੇ ਨਾਲ ਰਹਿੰਦੀ ਏਂ?...ਪਹਿਲਾਂ ਕੀ ਤਕਲੀਫ਼ ਸੀ?...ਕੌਣ ਇਲਾਜ ਕਰਦਾ ਸੀ? ਆਦਿ।

ਮੈਂ ਕਈ ਵਾਰ ਦੱਸ ਚੁੱਕੀ ਹਾਂ ਕਿ ਸੋਮਵਾਰ ਕਰ ਕੇ ਗਾਹਕ ਘੱਟ ਸੀ। ਕੈਸ਼ 'ਤੇ ਬੈਠੀ ਸਾਂ। ਨਿਗ੍ਹਾ ਕੰਪਿਊਟਰ ਦੀ ਸਕਰੀਨ 'ਤੇ ਟਿਕੀ ਹੋਈ ਸੀ। ਮਨ ਇਵੇਂ ਹੀ ਬੀਤੇ ਦੇ ਹਿਸਾਬ-ਕਿਤਾਬ 'ਚ ਉਲਝ ਗਿਆ। ਫਿਰ ਮੈਨੂੰ ਮੁੱਠੀਆਂ ਮੀਟ ਹੁੰਦੀਆਂ ਲੱਗੀਆਂ...ਦੰਦ ਪੀਚ ਹੁੰਦੇ...ਦਿਮਾਗ ਸੁੰਨ ਜਿਹਾ...ਦਿਲ ਨੂੰ ਨਾ ਤੜਫਣ ਨਾ ਘਬਰਾਹਟ...ਸਗੋਂ ਇਕ ਆਰਾਮ ਜਿਹਾ...ਸਰੀਰ ਖੱਬੇ ਪਾਸੇ ਨੂੰ ਟੇਢਾ ਹੁੰਦਾ ਜਾਪਿਆ। ਉਸ ਤੋਂ ਬਾਅਦ ਪਤਾ ਨਹੀਂ...।

ਇਹ ਵੀ ਦੱਸ ਚੁੱਕੀ ਹਾਂ ਕਿ ਇਕੱਲੀ ਰਹਿੰਦੀ ਹਾਂ। ਮਾਂ-ਪੇ ਨੂੰ ਸਪਾਂਸਰ ਕਰ ਚੁੱਕੀ ਹਾਂ। ਸਪਾਂਸਰ ਕਰਨ ਲਈ ਢੇਰ ਸਾਰੀ ਸੈਲਰੀ ਸ਼ੋਅ ਕਰਨੀ ਸੀ, ਇਸ ਲਈ ਪਿਛਲੇ ਡੇਢ ਸਾਲ ਤੋਂ ਖੋਤੇ ਵਾਂਗ ਕੰਮ ਕਰ ਰਹੀ ਹਾਂ। ਕੁੱਝ ਪੇਪਰ ਭਾਵੇਂ ਦੋ ਨੰਬਰ ਵਿਚ ਬਣਾ ਲਏ ਸਨ।...ਆਪਣੇ ਭਾਈਆਂ ਦੀ ਫੈਕਟਰੀ 'ਚੋਂ।

ਪਹਿਲੀ ਤਕਲੀਫ਼ ਬਾਰੇ ਵੀ ਦੱਸਿਆ। ਕਈ ਵਾਰ ਕਿ ਮੇਰੀ ਖੱਬੀ ਬਾਂਹ ਵਿਚ ਹਰ ਦਮ ਕੁਚਰ-ਕੁਚਰ ਹੁੰਦੀ ਰਹਿੰਦੀ ਏ। ਜਿਵੇਂ ਘੁਣ ਕਿਰੜ-ਕਿਰੜ ਕਰਦਾ ਹੋਵੇ। ਹਰ ਵੇਲੇ ਮੱਠਾ-ਮੱਠਾ ਦਰਦ। ਕਦੇ ਤਿੱਖਾ ਵੀ। ਕਿਸੇ ਪਾਸੇ ਧੌਣ ਦੀਆਂ ਨਾੜਾਂ ਨੂੰ ਵੀ ਖਿੱਚ ਪੈਂਦੀ ਰਹਿੰਦੀ ਏ। ਫਿਰ ਇਸੇ ਪਾਸਿਉਂ ਇਕ ਮੱਠੀ ਜਿਹੀ ਚੀਸ ਉਠ ਕੇ ਵੱਖੀ ਰਾਹੀਂ ਕੁੱਲ੍ਹੇ ਤਾਈਂ ਪਹੁੰਚ ਜਾਂਦੀ ਹੈ। ਡਾਕਟਰ ਜੇਮਜ਼ ਬਥੇਰਾ ਇਲਾਜ ਕਰਦਾ ਰਿਹਾ। ਕਾਲਰ ਵੀ ਬੰਨ੍ਹਾਇਆ। ਬਿਨ ਸਿਰਹਾਣੇ ਤੇ ਬਿਨ ਗੱਦੇ ਦੇ ਹਾਰਡ ਬੈਡ ਦੀ ਹਦਾਇਤ ਦਾ ਪਾਲਣ ਵੀ ਮਸਲਾ ਪੂਰੀ ਤਰ੍ਹਾਂ ਹੱਲ ਨੀ ਕਰ ਸਕਿਆ।



ਹੁਣ ਵਨੀਤਾ ਤਾਂ ਹੱਦ ਹੀ ਲਾਹੀ ਜਾਂਦੀ ਹੈ। ਵੱਖ-ਵੱਖ ਢੰਗਾਂ ਨਾਲ ਮੇਰੇ ਮਨ ਨੂੰ ਵੀ ਕੁਰੇਦਣ ਲਈ ਪੂਰੀ ਚੁਸਤੀ ਵਰਤ ਰਹੀ ਏ।

ਪਤਾ ਪਰਸੋਂ ਕੀ ਕਹਿੰਦੀ, ਅਖੇ 'ਕੱਲੀ ਰਹਿੰਦੀ ਏਂ ਕੋਈ ਮੁੰਡਾ-ਮੰਡਾ ਚੱਕਰ ਨੀ ਕੱਟਦਾ?

ਮੈਂ ਵੀ ਹੱਸ ਕੇ ਆਖ ਦਿੱਤਾ, ਬਈ ਮੁੰਡਾ-ਮੰਡਾ ਤਾਂ ਕੋਈ ਨਹੀਂ ਪਰ ਮੁੰਡਿਆਂ ਦੇ ਰਿਸ਼ਤੇਦਾਰ ਬਥੇਰੇ ਚੱਕਰ ਕੱਟਦੇ ਨੇ। ਬੜਾ ਹੇਜ ਜਿਤਾਉਂਦੇ ਨੇ ਤੇ ਮਗਰੋਂ ਸਾਰੇ ਇਕੋ ਗੱਲ 'ਤੇ ਤੋੜਾ ਝਾੜ ਦਿੰਦੇ ਨੇ। ਸਾਡਾ ਮੁੰਡਾ ਏ ਇੰਡੀਆ...ਸੋਹਣਾ-ਸੁਨੱਖਾ...ਉੱਚਾ-ਲੰਬਾ...ਨਿਰੀ ਮੂਰਤ...ਸਾਊ...ਰਾਜ ਕਰੇਂਗੀ ਉਹਦੇ ਸਿਰ 'ਤੇ...ਸਾਰੀ ਉਮਰ ਪੈਰ ਧੋ-ਧੋ ਪੀਊ...। ਮੈਨੂੰ ਉਨ੍ਹਾਂ ਦੀਆਂ ਲੇਲ੍ਹੜੀਆਂ 'ਤੇ ਕਈ ਵਾਰ ਹਾਸਾ ਵੀ ਆ ਜਾਂਦਾ ਏ। ਕਈ ਤਾਂ ਸਿੱਧਾ ਠਾਹ ਸੋਟਾ ਮਾਰਨਗੇ, ਤੂੰ ਸਾਡਾ ਮੁੰਡਾ ਮੰਗਾ ਦੇ, ਅਸੀਂ ਤੇਰਾ ਕੋਈ ਰਿਸ਼ਤੇਦਾਰ ਮੰਗਾ ਦਿੰਦੇ ਹਾਂ। ਤੰਗ ਆ ਜਾਂਦਾ ਏ ਮਨ ਕਈ ਵਾਰ ਅਜਿਹੀਆਂ ਗੱਲਾਂ ਤੋਂ। ਹਾਂ ਸੱਚ, ਕੱਲ੍ਹ ਵਨੀਤਾ ਇਕ ਹੋਰ ਕਹਾਣੀ ਸੁਣਾ ਗਈ।

...ਅਖੇ, ਕਿਸੇ ਰਾਜੇ ਦੇ ਸਿਰ 'ਚ ਸਿੰਗ ਸਨ, ਛੋਟੇ-ਛੋਟੇ। ਜੋ ਵੀ ਨਾਈ ਉਸ ਦੇ ਵਾਲ ਕੱਟਣ ਜਾਂਦਾ, ਉਹ ਵਾਲ ਕੱਟਦਾ-ਕੱਟਦਾ ਇਕ ਦਮ ਚੌਂਕ ਪੈਂਦਾ...ਸਿੰਗ। ਉਹ ਨਾਈ ਮੁੜ ਘਰ ਨਾ ਪਹੁੰਚਦਾ। ਨਾਈ ਭਾਈਚਾਰਾ ਚਿੰਤਤ ਹੋ ਉਠਿਆ। ਕਾਫੀ ਸੋਚ ਵਿਚਾਰ ਮਗਰੋਂ ਕਿਸੇ ਬੁੱਧੀਮਾਨ ਨੇ ਹੱਲ ਸੋਚਿਆ, ਤੇ ਉਹ ਆਪ ਰਾਜੇ ਦੇ ਵਾਲ ਕੱਟਣ ਗਿਆ। ਵਾਲ ਕੱਟਣ ਗਿਆ ਉਹ ਨਾ ਚੀਕਿਆ ਨਾ ਚਿਲਾਇਆ ਨਾ ਚੌਂਕਿਆ। ਰਾਜਾ ਬੜਾ ਹੈਰਾਨ ਹੋਇਆ। ਉਸ ਨੇ ਨਾਈ ਨੂੰ ਪੁੱਛਿਆ, ਸਿਰ ਠੀਕ-ਠਾਕ ਹੈ। ਉਹ ਕਹਿੰਦਾ ਜੀ ਬਿਲਕੁਲ ਠੀਕ। ਹਾਂ ਦੋ ਥਾਈਂ ਥੋੜ੍ਹਾ ਜਿਹਾ ਮਾਸ ਉਭਰਿਆ ਹੋਇਆ ਹੈ। ਤੁਸੀਂ ਜ਼ਰੂਰ ਬਚਪਨ ਵਿਚ ਕਿਤੇ ਡਿੱਗੇ ਹੋਵੋਗੇ।

ਇਹ ਨਾਈ ਰਾਜੇ ਦਾ ਪੱਕਾ ਹੱਜਾਮ ਬਣ ਗਿਆ ਪਰ ਛੇਤੀ ਹੀ ਉਹ ਬਿਮਾਰ ਰਹਿਣ ਲੱਗ ਪਿਆ। ਵੈਦ ਹਕੀਮ ਥੱਕ ਗਏ। ਉਸ ਮੰਜਾ ਨਾ ਛੱਡਿਆ। ਫਿਰ ਕੋਈ ਨਜੂਮੀ ਲਿਆਂਦਾ ਗਿਆ। ਉਸ ਕਾਫੀ ਪੜਤਾਲ ਮਗਰੋਂ ਸਲਾਹ ਦਿੱਤੀ ਕਿ ਇਸ ਦਾ ਮੰਜਾ ਕਿਤੇ ਦੂਰ ਜੰਗਲਾਂ ਵਿਚ ਛੱਡ ਆਓ। ਇਸ ਦੇ ਅੰਦਰ ਕੋਈ ਗੱਲ ਹੈ। ਉਹ ਇਹ ਕਿਸੇ ਨੂੰ ਨਹੀਂ ਦੱਸ ਸਕਦਾ। ਉਥੇ ਜੰਗਲ ਵਿਚ ਜਾ ਕੇ ਉਚੀ-ਉਚੀ ਗੱਲ ਕਹੇ। ਘਰਦਿਆਂ ਨੇ ਇੰਝ ਹੀ ਕੀਤਾ।

ਨਾਈ ਨੇ ਆਸ-ਪਾਸ ਦੇਖਿਆ, ਤੇ ਚੀਕ ਉਠਿਆ, ਓ ਰਾਜੇ ਦੇ ਸਿਰ 'ਤੇ ਸਿੰਗ ਓ...ਓ...ਸਿੰਗ...ਓ ਸਿੰਗ...ਰਾਜੇ ਦੇ...। ਕਹਿੰਦੇ ਨੇ ਉਹ ਸ਼ਾਮ ਨੂੰ ਤੁਰ ਕੇ ਘਰ ਆ ਗਿਆ ਸੀ।

ਓ ਲੈ...ਗੱਲ ਤਾਂ ਕਿਧਰੇ ਹੋਰ ਪਾਸੇ ਹੀ ਤੁਰ ਪਈ। ਇਹ ਵਨੀਤਾ ਦੇ ਫੂਨ ਦਾ ਹੀ ਪੰਗਾ ਏ। ਸੌਰੀ ਪ੍ਰੀਤ ਸੌਰੀ, ਵੈਰੀ ਸੌਰੀ। ਹਾਂ! ਮੈਂ ਦੱਸਣ ਲੱਗੀ ਸਾਂ? ਫਰਵਰੀ 1997 ਸੀ। ਕਾਲਜ ਚਾਰ ਛੁੱਟੀਆਂ ਸਨ ਤੇ ਤੂੰ ਪਿੰਡ ਗਈ ਹੋਈ ਸੀ।

ਸਾਡੇ ਕਿਸੇ ਰਿਸ਼ਤੇਦਾਰ ਨੇ ਮੇਰੇ ਰਿਸ਼ਤੇ ਦੀ ਗੱਲ ਚਲਾ ਦਿੱਤੀ ਅਚਾਨਕ ਹੀ। ਉਸ ਦੀ ਜਾਣ-ਸਿਆਣ ਵਿਚ ਕੋਈ ਮੁੰਡਾ ਕੈਨੇਡਾ ਤੋਂ ਆਇਆ ਸੀ। ਕੈਨੇਡਾ ਦਾ ਨਾਂ ਸੁਣ ਕੇ ਮੇਰੀਆਂ ਲਾਲਾਂ ਟਪਕ ਪਈਆਂ। ਮਨ ਉਡਾਰੀਆਂ ਭਰਦਾ ਫਿਰੇ। ਦਿਲ ਕਰੇ ਤੈਨੂੰ ਉਡ ਕੇ ਜਾ ਮਿਲਾਂ। ਤੁਹਾਡੇ ਅਜੇ ਫੂਨ ਨਹੀਂ ਸੀ ਲੱਗਾ। ਦੂਜਾ, ਬਣ ਰਿਹਾ ਵਿਚੋਲਾ ਕਾਹਲਾ ਪਿਆ ਹੋਇਆ ਸੀ। ਉਹ ਦੱਸਦਾ ਸੀ ਕਿ ਕੁੜੀਆਂ ਵਾਲੇ ਤਾਂ ਲਾਈਨਾਂ ਲਾਈ ਖੜ੍ਹੇ ਹਨ। ਦੇਖਣ-ਦਿਖਾਲਣ ਸਵੇਰੇ ਹੀ ਕਰਨਾ ਹੈ।

ਵਿਚੋਲੇ ਰਾਹੀਂ ਪਤਾ ਲੱਗ ਚੁੱਕਾ ਸੀ ਕਿ ਮੁੰਡਾ ਕੱਦਾਵਰ ਏ। ਕੁੜੀ ਸਾਢੇ ਪੰਜ ਫੁੱਟ ਤੋਂ ਉਪਰ ਤੇ ਤਕੜੇ ਘਰ ਦੀ ਚਾਹੁੰਦਾ ਏ। ਦੂਜੇ ਦਿਨ ਹੀ ਦੇਖਣ-ਦਿਖਾਲਣ ਸੀ ਵਿਚੋਲੇ ਦੇ ਘਰੇ।

ਪ੍ਰੀਤ ਜਿਸ ਗੱਲ ਦਾ ਡਰ ਸੀ ਉਹੀ ਗੱਲ ਹੋਈ। ਮੈਂ ਵਟਿਰਕੀ ਗਈ।

ਦਿਲ ਕਰੇ ਮੈਂ ਧਾਹਾਂ ਮਾਰ ਕੇ ਰੋਵਾਂ। ਤੂੰ ਕੋਲ ਹੋਵੇਂ ਤੇ ਤੇਰੇ ਗਲ ਚਿੰਬੜ ਜਾਵਾਂ।

ਵਾਪਸੀ 'ਤੇ ਮੈਂ, ਮੰਮੀ ਤੇ ਡੈਡੀ ਗੱਲ ਤਾਂ ਇਕ ਪਾਸੇ, ਇਕ-ਦੂਜੇ ਨਾਲ ਅੱਖ ਵੀ ਮੇਲ ਨਾ ਸਕੇ। ਹਾਰੇ ਟੁੱਟੇ ਮਨ ਨਾਲ ਮੈਂ ਘਰ ਪਹੁੰਚੀ।

ਪ੍ਰੀਤ ਉਹ ਰਾਤ ਮੇਰੇ ਲਈ ਕਿਆਮਤ ਦੀ ਰਾਤ ਸੀ। ਸੋਚਾਂ ਦਾ ਲਾਵਾ ਚਾਰੇ ਪਾਸੇ ਵਹਿ ਰਿਹਾ ਸੀ। ਦਰਅਸਲ ਮੇਰਾ ਮੱਥਾ ਤਾਂ ਉਦੋਂ ਹੀ ਠਣਕਿਆ ਸੀ ਜਦੋਂ ਮੈਂ ਸ਼ੀਸ਼ੇ ਮੂਹਰੇ ਖੜ੍ਹੀ ਆਪਣੀ ਤਿਆਰੀ ਨੂੰ ਫਾਈਨਲ ਟੱਚ ਦੇ ਰਹੀ ਸੀ। ਇਹ ਤਾਂ ਡੈਡੀ ਦੀ ਵਿਚੋਲੇ ਰਾਹੀਂ ਕਾਰ, ਮੂੰਹ ਮੰਗੇ ਦਾਜ ਤੇ ਸ਼ਾਹੀ ਸੇਵਾ ਦੀ ਕੀਤੀ ਆਫਰ ਐਵੇਂ ਭਰਮ ਪਾਲਕ ਬਣ ਰਹੀ ਸੀ। ਇਕ ਭਰੋਸਾ ਜਿਹਾ ਵੀ ਜਾਗਦਾ ਸੀ ਕਿ ਬਹੁਤੇ ਲੋਕ ਲੋਭੀ ਹੁੰਦੇ ਹਨ। ਫਿਰ ਪੰਜ ਫੁੱਟ ਸੱਤ ਇੰਚ ਕੱਦ ਵੀ ਵਿਰਲੀ-ਵਿਰਲੀ ਹਾਮੀ ਭਰ ਰਿਹਾ ਸੀ ਪਰ ਕੁਝ ਵੀ ਕੰਮ ਨਾ ਆਇਆ। ਜਿਹੜੀ ਰੱਤੀ ਕਬੱਡੀ ਦੇ ਮੈਦਾਨ ਵਿਚ ਹਰ ਧਾਵਕ ਨੂੰ ਗੁੱਟੋਂ ਜਾਂ ਗਿੱਟਿਉਂ ਫੜ ਰੋਪੜੀ ਜੰਦਰਾ ਮਾਰ ਦਿਆ ਕਰਦੀ ਸੀ, ਉਹ ਜ਼ਿੰਦਗੀ ਦੇ ਸ਼ਾਹਕਾਰ ਦੇ ਪਰਛਾਵੇਂ ਮਗਰ ਦੌੜਦੀ ਮੂੰਹ ਭਾਰ ਡਿੱਗ ਪਈ।

ਦੇਖਣ-ਦਿਖਾਲਣ ਵਿਚ ਯੈਸ-ਨੋ ਤਾਂ ਹੁੰਦੀ ਈ ਏ ਪਰ ਰਿਜੈਕਟ ਹੋਈ ਕੁੜੀ ਦੇ ਮਨ ਦੀ ਹਾਲਤ ਇੰਨੀ ਦਰਦੀਲੀ ਹੁੰਦੀ ਹੋਵੇਗੀ, ਤੌਬਾ-ਤੌਬਾ! ਅੱਜ ਵੀ ਲੂਈ ਕੰਡਿਆ ਜਾਂਦੀ ਏ ਚੇਤਾ ਆਉਂਦਿਆਂ।

ਅੜੀਏ ਰਾਤ ਬੀਤਦੀ ਜਾ ਰਹੀ ਸੀ। ਨੀਂਦ ਦਾ ਪਰਛਾਵਾਂ ਵੀ ਨਹੀਂ ਸੀ ਪੈ ਰਿਹਾ। ਮਨ ਦੀ ਧਰਤੀ ਪੁੱਠੇ ਸਿੱਧੇ ਸਵਾਲਾਂ ਨਾਲ ਅੱਟੀ ਪਈ ਸੀ। ਪਲ-ਪਲ ਇਸ ਵਿਚ ਵਾਧਾ ਹੋਈ ਜਾ ਰਿਹਾ ਸੀ।

ਫਿਰ ਅਚਾਨਕ 'ਮਰਦ ਦੀ ਦਿੱਤੀ ਚੀਜ਼ ਨੂੰ ਮਰਦ ਹੀ ਰਿਜੈਕਟ ਕਿਉਂ ਕਰਦੈ?' ਦਾ ਸਵਾਲ ਮਨ ਦੇ ਬੂਹੇ ਅੜ ਖੜੋਤਾ। ਪਾਸੇ ਹੋਣ ਦਾ ਨਾਂ ਹੀ ਨਾ ਲਵੇ।

ਤੂੰ ਤਾਂ ਜਾਣਦੀ ਹੀ ਏਂ ਕਿ ਮੇਰੀ ਮੰਮੀ ਕਿੰਨੀ ਸੋਹਣੀ ਏ। ਤੂੰ ਆਪ ਹੀ ਕਿਹਾ ਕਰਦੀ ਹੁੰਦੀ ਸੈਂ ਕਿ ਅਗਰ ਮੰਮੀ ਫਿਲਮ ਨਗਰੀ ਵਿਚ ਹੁੰਦੀ ਤਾਂ ਕਈ ਦੇਵੀਆਂ ਦੇ ਪੱਤੇ ਕੱਟ ਦਿੰਦੀ। ਮੇਰੇ ਸਰੀਰ ਦੀ ਸੁਡੌਲਤਾ, ਲੰਬਾਈ ਤੇ ਬਣਤਰ ਐਨ ਮੰਮੀ 'ਤੇ ਹੈ ਪਰ ਪੱਕਾ ਰੰਗ, ਮੋਟੇ ਬੁੱਲ੍ਹ ਤੇ ਚੌੜਾ ਨੱਕ ਡੈਡੀ ਵਰਗੇ ਹਨ। ਬਸ ਰਹਿ-ਰਹਿ ਕੇ ਖਿਆਲ ਆਵੇ ਕਿ ਮੰਮੀ ਨੇ ਆਪਣੇ ਨੈਣ-ਨਕਸ਼ ਮੈਨੂੰ ਕਿਉਂ ਨਹੀਂ ਦਿੱਤੇ? ਮੰਮੀ ਨੇ ਆਪਣੇ ਵਰਗੇ ਸੋਹਣੇ ਮੁੰਡੇ ਨਾਲ ਵਿਆਹ ਕਿਉਂ ਨਹੀਂ ਕਰਾਇਆ? ਕੁੜੀਆਂ ਦੇ ਵਿਆਹ ਜਾਇਦਾਦਾਂ ਨਾਲ ਕਿਉਂ ਹੁੰਦੇ ਹਨ? ਵਿਗਿਆਨੀ ਮੱਝਾਂ, ਗਾਵਾਂ ਦੀ ਨਸਲ ਸੁਧਾਰਨ 'ਤੇ ਜ਼ੋਰ ਲਾਈ ਜਾਂਦੇ ਨੇ। ਲੋਕੀਂ ਵੀ ਉਨ੍ਹਾਂ ਮਗਰ ਲਗਦੇ ਨੇ। ਮਨੁੱਖੀ ਔਲਾਦ ਬਿਨਾਂ ਸੋਚੇ ਸਮਝੇ ਕਿਉਂ ਪੈਦਾ ਕੀਤੀ ਜਾ ਰਹੀ ਹੈ? ਵਿਆਹ ਰਾਹੀਂ ਸੈਕਸ ਪੂਰਤੀ ਤੇ ਔਲਾਦ ਪੈਦਾ ਕਰਨ ਨੂੰ ਵੱਖ-ਵੱਖ ਕਰ ਕੇ ਕਿਉਂ ਨਹੀਂ ਦੇਖਿਆ ਜਾਂਦਾ? ਦਿਲ ਕਰੇ ਕਿ ਸਵੇਰੇ ਕੋਠੇ ਚੜ੍ਹ ਕੇ ਰੌਲਾ ਪਾਵਾਂ ਜਾਂ ਫਿਰ ਕਿਸੇ ਕੋਰਟ ਵਿਚ ਕੇਸ ਠੋਕ ਦਿਆਂ ਕਿ ਔਲਾਦ ਪੈਦਾ ਕਰਨ ਦਾ ਹੱਕ ਹਰ ਕਿਸੇ ਨੂੰ ਨਹੀਂ ਚਾਹੀਦਾ।

ਪਤਾ ਨਹੀਂ ਕਦੋਂ ਅੱਖ ਲੱਗੀ। ਸਵੇਰੇ ਉਠੀ ਤਾਂ ਮੈਨੂੰ ਆਪਣੀਆਂ ਰਾਤ ਦੀਆਂ ਸੋਚਾਂ 'ਤੇ ਸ਼ਰਮਿੰਦਗੀ ਜਿਹੀ ਆਈ ਜਾਵੇ ਪਰ ਫਿਰ ਵੀ ਸੋਚ ਦੇ ਗਰਭ ਅੰਦਰ ਬੁੱਲ੍ਹ, ਨੱਕ, ਰੰਗ, ਮੰਮੀ, ਡੈਡੀ, ਮੱਝਾਂ, ਗਾਵਾਂ, ਵਿਗਿਆਨੀ, ਵਿਆਹ, ਸੈਕਸ, ਔਲਾਦ ਆਦਿ ਸ਼ਬਦ ਹੀ ਉਤੇ ਥੱਲੇ ਹੁੰਦੇ ਰਹੇ।

ਕਾਲਜ, ਤੂੰ ਵੀ ਉਤਰੇ ਚਿਹਰੇ ਬਾਰੇ ਪੁੱਛਦੀ ਰਹੀ ਸੀ। ਦਿਲ ਕਰੇ ਰੋ-ਰੋ ਤੈਨੂੰ ਸਭ ਕੁਝ ਦੱਸ ਦਿਆਂ ਪਰ ਨਹੀਂ ਸੀ ਦੱਸ ਸਕੀ।

ਫਿਰ ਡੂਢ ਮਹੀਨੇ 'ਚ ਇਹ ਹਾਦਸਾ ਦੋ ਵਾਰ ਹੋਰ ਵਾਪਰਿਆ। ਦੁੱਖ ਤਾਂ ਹੋਇਆ ਪਰ ਪਹਿਲੇ ਜਿੰਨਾ ਨਹੀਂ; ਸਗੋਂ ਮਗਰਲੀ ਵਾਰੀ ਤਾਂ ਮੇਰਾ ਰੋਹ ਹੀ ਭੜਕ ਉਠਿਆ। ਉਹ ਲਮਕਦੇ ਢਿੱਡ ਵਾਲਾ ਵੀ ਮੈਨੂੰ ਰਿਜੈਕਟ ਕਰ ਗਿਆ। ਸਾਲਾ ਟਮਕ ਜਿਹਾ। ਦਿਲ ਕਰੇ ਕਿ ਕਬੱਡੀ ਦੇ ਮੈਦਾਨ ਵਿਚ ਹੋਵੇ ਤਾਂ ਭੁਆ ਕੇ ਥੱਲੇ ਸੁੱਟ ਲਵਾਂ ਤੇ...।

ਇਸ ਵਾਰ ਲੱਗਾ ਜਿਵੇਂ ਡੈਡੀ ਪੂਰੇ ਤੌਰ 'ਤੇ ਟੁੱਟ ਗਿਆ ਹੋਵੇ। ਸਰਪੰਚ ਹੋਣ ਦੇ ਨਾਤੇ ਲੋਕਾਂ ਦੇ ਵੱਡੇ-ਵੱਡੇ ਮਸਲੇ ਸੁਲਝਾਉਣ ਵਾਲੇ ਦਾ ਆਪਣਾ ਮਸਲਾ ਉਲਝ ਕੇ ਰਹਿ ਗਿਆ ਸੀ। ਰਾਤੀਂ ਡੈਡ ਮੇਰੇ ਕਮਰੇ ਵਿਚ ਆਇਆ ਸੀ। ਪੜ੍ਹਦੀ ਦੀ ਪਿੱਠ ਥਾਪੜ ਕੇ ਆਖ ਗਿਆ ਸੀ, "ਰੱਤੀ ਪੁੱਤ, ਤੂੰ ਕੋਈ ਗੱਲ ਮਨ 'ਤੇ ਨਾ ਲਾਈਂ। ਮੈਂ ਭੇਜਾਂਗਾ ਤੈਨੂੰ ਕੈਨੇਡਾ। ਮੇਰਾ ਨਾਂ ਵੀ ਅਰਜਨ ਸਿੰਘ ਏ, ਸਾਲੇ ਲੋਕ ਪਤਾ ਨੀ ਆਪਣੇ-ਆਪ ਨੂੰ ਕੀ ਸਮਝਦੇ ਨੇ? ਕੁੱਤੇ ਕਿਤੋਂ ਦੇ।"

ਮੈਨੂੰ ਲੱਗਾ ਕਿ ਡੈਡੀ ਦੀ ਪੀਤੀ ਹੋਈ ਸੀ। ਉਨ੍ਹਾਂ ਦਾ ਗਲਾ ਭਰਿਆ ਹੋਇਆ ਸੀ।

ਪ੍ਰੀਤ ਇਕ ਦਿਲ ਕਰੇ, ਮੈਂ ਡੈਡੀ ਨੂੰ ਆਖ ਦਿਆਂ ਕਿ ਮੈਂ ਕੈਨੇਡਾ ਨਹੀਂ ਜਾਣਾ ਪਰ ਖੁੰਦਕ ਜਿਹੀ ਵੀ ਉਠੇ ਮਨ ਅੰਦਰ ਵੱਟਾ ਕਰਨ ਵਾਲਿਆਂ ਲਈ। ਬਈ ਉਨ੍ਹਾਂ ਨੂੰ ਕੈਨੇਡਾ ਪਹੁੰਚ ਕੇ ਹੀ ਦੱਸੂੰ। ਡੈਡੀ ਦੇ ਮਨ ਅੰਦਰ ਵੀ ਸ਼ਾਇਦ ਇਹੀ ਖੁੰਦਕ ਹੋਵੇ ਪਰ ਮੈਨੂੰ ਲੱਗਦਾ ਕਿ ਡੈਡੀ ਦੀ ਕਮਜ਼ੋਰੀ ਮੈਥੋਂ ਤਿੰਨ ਕੁ ਵਰ੍ਹੇ ਛੋਟਾ ਇੰਦਰ ਵੀ ਸੀ ਜੋ ਛੋਟੀ ਉਮਰੇ ਹੀ ਬੁਰੀ ਸੋਹਬਤ ਵਿਚ ਪੈ ਚੁੱਕਾ ਸੀ ਜਾਂ ਫਿਰ ਤੂੰ ਕਹਿੰਦੀ ਹੁੰਦੀ ਸੀ ਕਿ ਦੁਆਬੀਆਂ, ਖਾਸ ਕਰ ਕੇ ਜੱਟਾਂ ਲਈ ਸਰਬੋਤਮ ਡਿਗਰੀ ਅਮਰੀਕਾ, ਕੈਨੇਡਾ ਹੀ ਏ। ਹੋ ਸਕਦਾ ਹੈ ਕਿ ਡੈਡੀ ਵੀ ਇਹੀ ਡਿਗਰੀ ਪਾ ਕੇ ਭਾਈਚਾਰੇ ਵਿਚ ਬੈਠਣ ਜੋਗਾ ਹੋਣਾ ਚਾਹੁੰਦਾ ਹੋਵੇ। ਕਿਉਂਕਿ ਇੰਦਰ ਤੋਂ ਛੋਟੇ ਜੌੜੇ ਬੱਬੀ ਤੇ ਪਾਲਾ ਉਨ੍ਹਾਂ ਦੇ ਨਾਲ ਲੰਘ ਜਾਣੇ ਸਨ।

ਚੱਲ ਛੱਡ, ਓੜਕ ਡੈਡੀ ਸਫਲ ਹੋ ਗਿਆ। ਰਮਨ ਕਲਾਥ ਹਾਊਸ ਵਾਲੇ ਲਾਲੇ ਵਿਚੋਲੇ ਬਣ ਗਏ ਤੇ ਜੰਡਿਆਲੀਆ ਰਾਜਵੀਰ ਜੌਹਲ ਉਰਫ਼ ਰਾਜ ਵਿਆਹੁਣ ਆ ਗਿਆ, ਤੇਰਾ ਜੀਜਾ ਬਣ ਕੇ।

ਹਾਂ ਪ੍ਰੀਤ, ਇਥੇ ਦੇਖਣ-ਦਿਖਾਲਣ ਵੀ ਨਹੀਂ ਸੀ ਹੋਇਆ। ਮੈਂ ਤੈਨੂੰ ਝੂਠਾ-ਮੂਠਾ ਹੀ ਦੱਸਿਆ ਸੀ ਉਦੋਂ। ਇਹ ਤਾਂ ਸ਼ਾਇਦ ਮੈਂ ਤੈਨੂੰ ਦੱਸ ਹੀ ਦਿੱਤਾ ਸੀ ਕਿ ਰਾਜ ਅਪਣੇ ਸ਼ਰੀਕੇ ਵਿਚੋਂ ਲਗਦੀ ਚਾਚੀ ਕੋਲ ਠਹਿਰਿਆ ਸੀ। ਵਿਆਹੀ ਗਈ ਨੇ ਪਹਿਲੀ ਰਾਤ ਉਥੇ ਹੀ ਕੱਟੀ ਸੀ। ਛੋਟਾ ਬੱਬੀ ਨਾਲ ਸੀ। ਚਾਚੀ ਦੇ ਤੌਰ ਤਰੀਕੇ ਠੀਕ ਨਹੀਂ ਸਨ ਲੱਗੇ। ਉਹ ਰਾਜ ਨੂੰ ਹੁੱਝਾਂ ਮਾਰ-ਮਾਰ ਪੁੱਛੇ-'ਕਰਦਿਆਂ 'ਕੱਠੇ ਅੱਜ' ਮੈਨੂੰ ਤਾਂ ਉਥੇ ਗੜਬੜ ਲੱਗਦੀ ਸੀ। ਖੈਰ ਦਫਾ ਕਰ...

ਜਦੋਂ ਮੈਂ ਤੇ ਰਾਜ ਵਾਪਸ ਆਏ ਸੀ, ਤੁਸੀਂ 'ਕੱਠੀਆਂ ਹੋ ਰਾਜ ਦੇ ਆਲੇ-ਦੁਆਲੇ ਝੁਰਮਟ ਪਾ ਲਿਆ ਸੀ। ਤੂੰ ਤੇ ਜੀਤੀ ਕੁਛ ਜ਼ਿਆਦਾ ਹੀ ਚਾਂਭਲੀਆਂ ਪਈਆਂ ਸੀ। ਜੀਤੀ ਕਈ ਵਾਰ ਅੰਦਰ ਬੈਠੀ ਦੇ ਮੇਰੇ ਚੂੰਢੀ ਵੱਢ ਆਖ ਗਈ ਸੀ, ਅੱਜ ਲੱਗ ਜੂ ਰਾਜ ਭਾਅ ਜੀ ਨੂੰ ਰੋਪੜੀ ਜਿੰਦਾ ਤੇ ਚਾਬੀ ਖੂਹ 'ਚ, ਉਹ ਵੀ ਸ਼ਿਮਲੇ ਜਾ ਕੇ। ਤੁਹਾਡੇ ਠੱਠੇ ਮਖੌਲ ਵਿਚ ਮੈਂ ਵੀ ਅਸਲੀਅਤ ਨੂੰ ਵਿਸਰਦੀ ਆਪ ਉਤੇਜਿਤ ਹੁੰਦੀ ਜਾ ਰਹੀ ਸਾਂ।

ਪ੍ਰੀਤ, ਚਾਰ ਕੁ ਵਜੇ ਅਸੀਂ ਸ਼ਿਮਲੇ ਪਹੁੰਚ ਗਏ ਸੀ। ਹੋਟਲ ਰਿੱਜ ਵਿਊ ਵਿਚ ਕਮਰੇ ਬੁੱਕ ਕਰਾਏ। ਮੇਰੇ ਤੇ ਰਾਜ ਦੇ ਨਾਂ ਬੁੱਕ ਕਮਰੇ ਦਾ ਨੰਬਰ ਵੀਹ ਸੀ, ਤੇ ਇੰਦਰ ਦੇ ਕਮਰੇ ਦਾ ਸੋਲਾਂ। ਕਮਰਿਆਂ ਵਿਚ ਸਮਾਨ ਰੱਖ ਕੇ ਕੁਫਰੀ ਚਲੇ ਗਏ। ਸਨੋਅ ਫਾਲ ਹੋਈ ਨੂੰ ਮੁੱਦਤ ਹੋ ਗਈ ਲੱਗਦੀ ਸੀ। ਕਈ ਨੌਜਵਾਨ ਜੋੜੇ ਗੁਟਕਦੇ ਫਿਰਦੇ ਸਨ। ਉਨ੍ਹਾਂ ਨੂੰ ਦੇਖ ਕੇ ਮੇਰਾ ਦਿਲ ਹੋਰੂ-ਹੋਰੂ ਹੋਈ ਜਾਂਦਾ ਸੀ। ਕਈ ਮੈਨੂੰ ਵਿਆਹੇ ਹੋਏ ਲੱਗਦੇ ਤੇ ਜ਼ਿਆਦਾ ਦੋ ਨੰਬਰੀ। ਉਨ੍ਹਾਂ ਨੂੰ ਦੇਖਦੀ ਵੀ ਮੈਂ ਹੋਰ ਥਾਵੇਂ ਹੀ ਗੁਆਚੀ ਰਹੀ...ਭਟਕਣਾਂ ਦੇ ਸਾਗਰੀਂ।

ਪ੍ਰੀਤ, ਮੇਰੀ ਸੁਹਾਗ ਰਾਤ ਆ ਰਹੀ ਸੀ। ਮਨ ਵਿਚ ਨਾ ਚਾਅ, ਨਾ ਡਰ, ਨਾ ਝਿਜਕ। ਫਿਰ ਕੀ ਸੀ? ਉਸ ਹਾਲਤ ਨੂੰ ਕੀ ਆਖਾਂ? ਮੈਨੂੰ ਅੱਜ ਵੀ ਪਤਾ ਨਹੀਂ ਲੱਗਦਾ।

ਖ਼ੈਰ! ਸ਼ਾਮੀਂ ਰਿੱਜ 'ਤੇ ਗਏ। ਮਾਲ ਰੋਡ ਘੁੰਮੀ। ਇੰਦਰ ਤੇ ਰਾਜ ਅਕਸਰ 'ਕੱਠੇ ਰਹਿੰਦੇ। ਮੈਂ ਪਿੱਛੇ-ਪਿੱਛੇ ਉਧਾਲੀ ਹੋਈ ਤੀਵੀਂ ਵਾਂਗ, ਜੋ ਪਛਾਣੇ ਜਾਣ ਤੋਂ ਡਰਦੀ ਹੋਵੇ। ਹਾਂ ਕਈ ਥਾਈਂ ਰਾਜ ਮੇਰੇ ਨਾਲ ਫੋਟੋਆਂ ਖਿਚਵਾਉਂਦਾ ਰਿਹਾ। ਕੁਫਰੀ ਘੋੜੇ 'ਤੇ ਚੜ੍ਹ ਕੇ ਵੀ ਖਿਚਾਈ। ਕਿਤੇ ਉਹ ਮੇਰਾ ਹੱਥ ਫੜ ਕੇ ਖਿਚਾਉਂਦਾ, ਕਦੀ ਗੱਲ ਬਾਹਾਂ ਪਾ ਕੇ। ਕਦੀ ਲੱਕ ਦੁਆਲੇ ਬਾਂਹ ਪਾ ਕੇ। ਕਦੀ ਇਹ ਸਾਰਾ ਕੁਝ ਮੈਨੂੰ ਕਰਨਾ ਪੈਂਦਾ। ਪ੍ਰੀਤ ਮਰਦ ਛੋਹ ਨਾਲ ਮੇਰਾ ਸਰੀਰ ਬਲ ਉਠਦਾ। ਹਜ਼ਾਰਾਂ ਬਿਜਲੀਆਂ ਮੇਰੇ ਤਨ ਅੰਦਰ ਜ਼ਰਬਾਂ ਖਾ ਜਾਂਦੀਆਂ ਪਰ ਛੇਤੀ ਹੀ ਮੈਂ ਆਪੇ ਨੂੰ ਸਹਿਜ ਕਰਨ ਵਿਚ ਜੁਟ ਜਾਂਦੀ। ਇੰਦਰ ਦੀ ਡਿਊਟੀ ਸਨੈਪ ਲੈਣ ਦੀ ਹੁੰਦੀ।

ਖਾਣਾ ਅਸੀਂ ਬਾਹਰ ਹੀ ਖਾ ਲਿਆ ਸੀ।

*(ਅਗਲੇ ਸਫੇ 'ਤੇ ਜਾਰੀ)*

ਸੱਚ ਪੁੱਛੇਂ ਤਾਂ ਮੇਰੇ ਰੋਟੀ ਲੰਘੀ ਨਹੀਂ। ਐਵੇਂ ਮੂੰਹ ਵਿਚ ਫੁੱਲ-ਫੁੱਲ ਜਾਵੇ। ਇੰਦਰ ਤੇ ਰਾਜ ਕਾਫ਼ੀ ਘੁਲ-ਮਿਲ ਗਏ ਸਨ। ਉਹਨੇ ਦਾਰੂ ਵੀ ਪੀਤੀ ਸੀ।

ਪ੍ਰੀਤ ਸਭ ਕੁਝ ਪਹਿਲਾਂ ਪਤਾ ਹੋਣ ਦੇ ਬਾਵਜੂਦ ਇੰਜ ਲੱਗੇ ਜਿਵੇਂ ਜ਼ਿੰਦਗੀ ਦੁਖਾਂਤ ਦੀ ਸਿਖ਼ਰ 'ਤੇ ਪਹੁੰਚ ਗਈ ਹੋਵੇ। ਵੀਹ ਨੰਬਰ ਕਮਰੇ ਵਿਚ ਮੈਂ 'ਕੱਲੀ ਤੇ ਸੋਲਾਂ ਨੰਬਰ ਵਿਚ ਰਾਜ ਤੇ ਇੰਦਰ। ਇਹ ਸੀ ਮੇਰੀ ਸੁਹਾਗ ਰਾਤ। ਕੰਤ ਵਾਲੇ ਕਮਰੇ ਵਿਚ ਭਰਾ ਤੇ ਸੁਹਾਗ ਸੇਜ 'ਤੇ ਰਤੀ 'ਕੱਲੀ।

ਅੰਦਰ ਵੜਦੀ ਨੇ ਮੈਂ ਚਿਟਕਣੀ ਲਾ ਲਈ ਸੀ। ਜਾ ਡਿੱਗੀ ਸਾਂ ਬੈਡ 'ਤੇ ਸਣੇ ਸ਼ੂਜ਼। ਪਈ ਰਹੀ ਸਾਂ ਕਿੰਨਾ ਚਿਰ ਮੂਧੇ ਮੂੰਹ। ਦਿਮਾਗ ਫਟਣ ਨੂੰ। ਫਿਰ ਇਕ ਡੂੰਘੇ ਜਿਹੇ ਹਉਕੇ ਨਾਲ ਸਰੀਰ ਸਿੱਧਾ ਹੋ ਗਿਆ। ਸ਼ੂ ਉਤਰ ਗਏ। ਨਜ਼ਰ ਕਮਰੇ ਵਿਚ ਘੁੰਮੀ ਜਾਵੇ। ਟੀ.ਵੀ., ਵੀ.ਸੀ.ਆਰ.ਤੇ ਫਰਿੱਜ ਪਏ ਸਨ। ਟੀ.ਵੀ.ਲਾਉਣ ਲਈ ਵੀ ਦਿਲ ਨਾ ਕੀਤਾ।

ਅਚਾਨਕ ਮੈਨੂੰ ਚੇਤਾ ਆਇਆ। ਤੂੰ ਤੁਰਨ ਲੱਗੀ ਦੇ ਪਰਸ ਵਿਚ ਨਿੱਕਾ ਜਿਹਾ ਪੈਕਟ ਪਾਇਆ ਸੀ ਤੇ ਸੁਹਾਗ ਸੇਜ 'ਤੇ ਖੋਲ੍ਹਣ ਦਾ ਵਾਅਦਾ ਵੀ ਲਿਆ ਸੀ। ਝੱਟ ਦੇਣੀ ਪਰਸ ਚੁੱਕਿਆ। ਤੇਰਾ ਦਿੱਤਾ ਪੈਕਟ ਖੋਲ੍ਹਿਆ। ਪ੍ਰੀਤ ਤੇਰਾ ਇਹ ਮਜ਼ਾਕ ਸੀ ਪਰ ਮੇਰਾ ਸੀਨਾ ਧੱਕ-ਧੱਕ ਕਰ ਉਠਿਆ, ਤਿੰਨ ਪੀਸ ਲਗਜ਼ਰੀ ਕੰਡੋਮ ਦੇਖ ਕੇ। ਮੈਂ ਝੱਟ ਦੇਣੀ ਪਰਸ ਦੀ ਚੋਰ ਜੇਬ ਵਿਚ ਤੁੰਨ ਦਿੱਤੇ। ਜਿਵੇਂ ਮੈਥੋਂ ਇਨ੍ਹਾਂ ਨੂੰ ਦੇਖ ਕੇ ਕੋਈ ਪਾਪ ਹੋ ਗਿਆ ਹੋਵੇ।

ਕਦੀ ਮੇਰੀ ਨਜ਼ਰ ਪਾਏ ਹੋਏ ਗਹਿਣਿਆਂ 'ਤੇ ਜਾਵੇ, ਕਦੀ ਕੀਮਤੀ ਕੱਪੜਿਆਂ 'ਤੇ, ਕਦੀ ਮਹਿੰਦੀ ਲੱਗੇ ਹੱਥਾਂ 'ਤੇ, ਕਦੀ ਰੰਗਲੇ ਚੂੜੇ 'ਤੇ, ਤੇ ਕਦੀ ਸਰਹਾਣੇ ਪਏ ਪਰਸ ਉਤੇ। ਮੈਨੂੰ ਲੱਗਾ, ਜਿਵੇਂ ਮੇਰੀਆਂ ਗੱਲ੍ਹਾਂ ਵਿਚੋਂ ਸੇਕ ਨਿਕਲ ਰਿਹਾ ਹੋਵੇ। ਮਨ ਔਰਤ-ਮਰਦ ਦੀ ਪ੍ਰੇਮ ਕ੍ਰੀੜਾ ਦੇ ਦ੍ਰਿਸ਼ਾਂ ਵਿਚ ਗੁਆਚ ਗਿਆ। ਮੈਨੂੰ ਪਤਾ ਹੀ ਨਾ ਲੱਗਾ ਮੈਂ ਕਦੋਂ ਅਲਮਾਰੀ ਵਿਚ ਫਿੱਟ ਆਦਮ ਕੱਦ ਸ਼ੀਸ਼ੇ ਮੂਹਰੇ ਜਾ ਖੜ੍ਹੀ ਹੋਈ। ਹੁਣ ਮੈਂ, ਮੈਂ ਨਹੀਂ ਸੀ। ਗੱਲ ਵਿਚ ਪਾਈ ਚੁੰਨੀ ਬੈਡ 'ਤੇ ਜਾ ਪਈ। ਗਹਿਣੇ ਇਕ-ਇਕ ਕਰ ਕੇ ਉਤਰੇ ਤੇ ਪਰਸ ਵਿਚ ਜਾ ਵੜੇ। ਬਾਹਾਂ ਚੁੱਕ ਕੇ ਭਰਵੀਂ ਉਦਾਸੀ ਲਈ। ਫਿਰ ਪਤਾ ਨਹੀਂ ਦਿਲ ਵਿਚ ਕੀ ਆਇਆ, ਜੈਂਪਰ ਵੀ ਬੈਡ 'ਤੇ ਪਹੁੰਚ ਗਿਆ। ਮਗਰੇ ਸਲਵਾਰ ਵੀ। ਬ੍ਰਾਅ ਤੇ ਪੈਂਟੀ ਰਹਿ ਗਏ। ਥੋੜ੍ਹੇ ਚਿਰੀਂ ਉਹ ਵੀ।...

ਪ੍ਰੀਤ ਸ਼ੀਸ਼ੇ ਮੋਹਰੇ ਖੜ੍ਹੀ ਦੀਆਂ ਮੇਰੀਆਂ ਧਾਹਾਂ ਨਿਕਲ ਗਈਆਂ। ਮੈਂ ਭੱਜ ਕੇ ਬਾਥਰੂਮ ਵਿਚ ਜਾ ਵੜੀ। ਦੋਨੋਂ ਟੂਟੀਆਂ ਖੋਲ੍ਹ ਦਿੱਤੀਆਂ, ਬਾਲਟੀ ਵਿਚ ਪਾਣੀ ਡਿੱਗਣ ਦਾ ਖੜਕਾ ਤੇ ਮੇਰੇ ਉਚੀ-ਉਚੀ ਹਟਕੋਰੇ ਇਕ-ਮਿਕ ਹੋ ਗਏ ਸਨ।

ਰੋਂਦੀਆਂ ਅੱਖਾਂ ਰਾਹੀਂ ਮੈਨੂੰ ਸਾਫ਼ ਦਿਖ ਵੀ ਨਹੀਂ ਸੀ ਰਿਹਾ। ਮੈਥੋਂ ਪੈਰ ਨਾਲ ਹੀ ਚੌਂਕੀ ਖਿੱਚੀ ਗਈ। ਫਿਰ ਮਲਕੜੇ ਜਿਹੇ ਉਸ ਉਪਰ ਬੈਠਿਆ ਗਿਆ। ਮੇਰੇ ਖੱਬੇ ਹੱਥ ਬਾਲਟੀ 'ਚ ਪਾਣੀ ਡਿੱਗ ਰਿਹਾ ਸੀ। ਮਲਕੜੇ ਜਿਹੇ ਸਿਰ ਸੱਜੀ ਗੱਲ੍ਹ ਦੇ ਸਹਾਰੇ ਗੋਡਿਆਂ ਉਪਰ ਟਿਕ ਗਿਆ। ਟਿਕਟਿਕੀ ਬਾਲਟੀ ਉਪਰ ਲੱਗ ਗਈ। ਵਾਧੂ ਪਾਣੀ ਉਛਲ-ਉਛਲ ਕੇ ਬਾਹਰ ਵਹਿ ਰਿਹਾ ਸੀ। ਪਤਾ ਨਹੀਂ ਕਿੰਨਾ ਚਿਰ ਇਸ ਵਗਦੇ ਪਾਣੀ ਨੂੰ ਤੱਕਦੀ ਰਹੀ। ਹਉਕੇ ਵਿਰਲੇ ਹੁੰਦੇ-ਹੁੰਦੇ ਮੁੱਕ ਗਏ।

ਅਣਮੰਨੇ ਮਨ ਨਾਲ ਸਿਰ ਗੋਡਿਆਂ ਉਪਰੋਂ ਚੁੱਕਿਆ ਗਿਆ। ਥੱਕੀਆਂ-ਥੱਕੀਆਂ ਬਾਹਾਂ ਹਰਕਤ ਵਿਚ ਆਈਆਂ, ਮਰੀਅਲ ਜਿਹੀ ਚਾਲ ਨਾਲ, ਜਿਵੇਂ ਕੁੜੀ ਜੰਮ ਕੇ ਬਿਮਾਰ ਛਿਲੇ ਵਿਚੋਂ ਉਠੀ ਹੋਵਾਂ। ਪਾਣੀ ਚੋਂਦੇ ਸਰੀਰ ਨੂੰ ਬਾਥਰੂਮ ਵਿਚੋਂ ਬਾਹਰ ਧੂਹ ਲਿਆਈ। ਸੂਟਕੇਸ ਵਿਚੋਂ ਟਾਵਲ ਕੱਢ ਕੇ ਦੇਹ ਪੂੰਝੀ। ਨਾਈਟੀ ਪਾ ਲਈ। ਮਨ ਰੋ ਕੇ ਕਾਫ਼ੀ ਹਲਕਾ ਹੋ ਗਿਆ ਸੀ। ਹੁਣ ਨਾ ਕੋਈ ਇੱਛਾ ਸੀ ਨਾ ਸੱਤਿਆ। ਛਾਤੀ 'ਤੇ ਹੱਥ ਰੱਖ ਬੈਡ 'ਤੇ ਪੈ ਗਈ। ਨਜ਼ਰਾਂ ਛੱਤ 'ਤੇ ਜੰਮ ਗਈਆਂ।

ਟਿਊਬ ਬੰਦ ਕਰਨ ਲਈ ਹੱਥ ਸਵਿਚ 'ਤੇ ਪਹੁੰਚ ਗਿਆ ਪਰ ਅਚਾਨਕ ਰੁਕ ਗਿਆ। ਪੈਰ ਦਰਵਾਜ਼ੇ ਵੱਲ ਵਧ ਗਏ, ਚਿਟਕਣੀ ਖੁੱਲ੍ਹ ਗਈ। ਨੰਗੇ ਪੈਰ ਹੀ ਸੋਲਾਂ ਨੰਬਰ ਵੱਲ ਵਗ ਗਏ। ਦਰਵਾਜ਼ੇ ਮੂਹਰੇ ਆ ਕੇ ਚਾਲ ਹੌਲੀ ਹੋ ਗਈ। ਅੰਦਰੋਂ ਘੁਰਾੜਿਆਂ ਦੀ ਆਵਾਜ਼ ਆ ਰਹੀ ਸੀ। ਸ਼ਾਇਦ ਇਹ ਇੰਦਰ ਤੇ ਰਾਜ ਦੀ ਪੀਤੀ ਸ਼ਰਾਬ ਕਾਰਨ ਸੀ। ਮੈਂ ਹੌਲੀ-ਹੌਲੀ ਬਰਾਮਦੇ ਵਿਚ ਤੁਰਦੀ ਗਈ। 'ਕੱਲੇ-ਕੱਲੇ ਕਮਰੇ ਦਾ ਨੰਬਰ ਗਹੁ ਨਾਲ ਪੜ੍ਹਦੀ ਗਈ। ਅਖੀਰਲੇ ਕਮਰੇ ਮੂਹਰੇ ਤੋਂ ਵਾਪਸ ਮੁੜੀ ਹੀ ਸੀ ਕਿ ਇਸ ਦਾ ਬੂਹਾ ਇਕ ਦਮ ਬੰਦ ਹੋਣ ਦੇ ਵਿਚਕਾਰਲੇ ਸਮੇਂ ਮੇਰੀ ਨਜ਼ਰ ਅੰਦਰ ਘੁੰਮ ਗਈ। ਟੀ.ਵੀ.'ਤੇ ਕੋਈ ਬਲਿਊ ਫ਼ਿਲਮ ਚੱਲ ਰਹੀ ਸੀ। ਭਰਵੇਂ ਬਦਨ ਵਾਲੀ ਔਰਤ ਅਰਧ ਲੇਟੀ ਦੇਖ ਰਹੀ ਸੀ। ਮੇਰੇ ਕਦਮ ਆਪਣੇ-ਆਪ ਹੀ ਕਾਹਲੀ ਹੋ ਗਏ, ਜਿਵੇਂ ਮੈਂ ਉਨ੍ਹਾਂ ਦੀ ਚੋਰ ਹੋਵਾਂ।

ਆਪਣੇ ਕਮਰੇ ਮੂਹਰੇ ਪਹੁੰਚੀ ਤਾਂ ਨਜ਼ਰਾਂ ਇਸ ਦੇ ਨੰਬਰ ਨੂੰ ਘੋਖਣ ਲੱਗੀਆਂ। ਹੈਂ! ਇਹ ਕੀ? ਅੰਕ 20 ਅੱਗੇ ਕਿਸੇ ਨੇ ਪੈਨਸਿਲ ਨਾਲ ਅੰਕ 4 ਉਕਰਿਆ ਹੋਇਆ ਸੀ। ਪਹਿਲਾਂ ਨਜ਼ਰ ਹੀ ਨਹੀਂ ਸੀ ਪਿਆ। ਇਹ ਬਹੁਤ ਮੱਧਮ ਸੀ, ਪਰ ਮੇਰੀ ਧੜਕਣ ਇਸ ਨੇ ਤੇਜ਼ ਕਰ ਦਿੱਤੀ। ਮੈਂ ਕਾਹਲੀ ਨਾਲ ਅੰਦਰ ਵੜ ਚਿਟਕਣੀ ਲਾਈ ਤੇ ਬੈਡ 'ਤੇ ਪੈ ਆਪੇ ਨੂੰ ਸਹਿਜ ਕਰਨ ਲਈ ਮਨ ਨੂੰ ਟਿਕਾਉਣ ਦਾ ਯਤਨ ਕਰਨ ਲੱਗੀ।...

...ਪਰ ਇਹ ਪੰਜਾਬ ਆ ਵੜਿਆ।

ਅਚਾਨਕ ਇਸੇ ਨੇ ਹਰਮੀਤ ਨੂੰ ਟੋਲ ਲਿਆ। ਉਹੀ ਹਰਮੀਤ ਜੋ ਆਪਾਂ ਤੋਂ ਇਕ ਸਾਲ ਅੱਗੇ ਸੀ। ਜਿਹਦੇ ਨਾਲ ਕਦੀ ਕਦਾਈਂ ਗੱਪਸ਼ੱਪ ਵੀ ਹੋ ਜਾਇਆ ਕਰਦੀ ਸੀ। ਆਪਣੀ ਕਾਲਜ ਦੀ ਕਬੱਡੀ ਟੀਮ ਦਾ ਕੈਪਟਨ ਤੇ ਪੰਜਾਬ ਦਾ ਮੰਨਿਆ ਧਾਵਕ। ਤੈਨੂੰ ਯਾਦ ਹੋਣੈ, ਮੈਂ ਤੈਨੂੰ ਦੱਸਿਆ ਸੀ ਨਾ, ਇਕ ਵਾਰ ਮੈਂ ਕੰਟੀਨ 'ਚ ਬੈਠੀ ਜੀਤੀ ਨੂੰ ਉਡੀਕ ਰਹੀ ਸੀ। ਤੂੰ ਉਸ ਦਿਨ ਆਈ ਨਹੀਂ ਸੀ। ਉਹ ਮਲਕੜੇ ਜਿਹੇ ਆਣ ਬੈਠਾ ਸੀ ਤੇ ਮੈਂ ਸਮਝਿਆ ਕਿ ਕਬੱਡੀ ਬਾਰੇ ਗੱਲਬਾਤ ਕਰਨ ਆਇਆ ਹੋਵੇਗਾ ਪਰ ਉਹ ਹੋਰ ਲਹਿਜੇ ਵਿਚ ਬੋਲ ਪਿਆ।

ਮੁਆਫ਼ ਕਰਨਾ...ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ ਤੁਹਾਡੇ ਨਾਲ।

ਕਹੋ ਭਰਾਤਾ ਸ੍ਰੀ...ਮੈਂ ਸ਼ਰਾਰਤ ਨਾਲ ਆਖ ਗਈ।

ਸਤਿਆ ਨਾਸ...ਮੈਂ ਕਿਹੜੀ ਗੱਲ ਕਰਨ ਨੂੰ ਫਿਰਦੈਂ, ਇਹ ਭਰਾਤਾ ਸ੍ਰੀ ਦੱਸਦੀ ਏ...

ਦੇਖ ਕਬੱਡੀ ਦੇ ਖੇਤਰ ਵਿਚ ਤੇਰੀ ਮੇਰੀ ਧਾਂਕ ਬਰਾਬਰ ਏ। ਮੈਨੂੰ ਪੁਲਿਸ ਦੀ ਨੌਕਰੀ ਦੀ ਆਫਰ ਆ ਚੁੱਕੀ ਏ। ਤੈਨੂੰ ਵੀ ਕੋਈ ਨਾ ਕੋਈ ਡਿਪਾਰਟਮੈਂਟ ਲੈ ਜਾਊਗਾ।

ਹਾਂ! ਅਗਰ ਆਪਾਂ ਵਿਆਹ ਕਰਵਾ ਲਈਏ ਤਾਂ ਬਹਿਜਾ-ਬਹਿਜਾ ਹੋਜੂ...ਇਕੋ ਖੇਤਰ...ਇਕੋ ਟੇਸਟ...।

ਜਿਹੜੀ ਆਪਣੇ ਯੋਗ ਤੋਂ ਔਲਾਦ ਪੈਦਾ ਹੋਵੇਗੀ, ਉਹ ਬੜੀ ਫੁਰਤੀਲੀ, ਬਲਸ਼ਾਲੀ ਤੇ ਪ੍ਰਤਿਭਾਸ਼ਾਲੀ ਹੋਵੇਗੀ।

ਅਗਰ ਲੋਹੜੀ ਦਾ ਗੁੜ ਢਿੱਲਾ ਹੋਇਆ? ਮੈਂ ਸ਼ਰਾਰਤੀ ਮੂਡ ਵਿਚ ਸੀ।

ਨਹੀਂ ਰਤੀ ਨਹੀਂ...ਨਿਹਚਾ ਨਾਲ ਪੈਦਾ ਕੀਤੀ ਔਲਾਦ ਕਦੀ ਵੀ ਇੱਛਾਵਾਂ ਦੇ ਉਲਟ ਨਹੀਂ ਹੋ ਸਕਦੀ। ਉਹ ਗੰਭੀਰ ਸੀ।

ਸੋਚਾਂਗੇ। ਆਖ ਮੈਂ ਉਠ ਆਈ ਸੀ।

ਪ੍ਰੀਤ ਉਦੋਂ ਮੇਰੇ ਲਈ ਇਹ ਗੱਲਾਂ ਮੀਨਿੰਗਲੈਸ ਸਨ, ਪਰ ਹੁਣ ਚੰਦਰਾ ਡਾਢਾ ਯਾਦ ਆ ਰਿਹਾ ਸੀ। ਦਿਲ ਕਰੇ ਕਿ ਉਹ ਕਿਧਰੋਂ ਆ ਟਪਕੇ, ਤੇ ਮੈਂ ਧਾਅ ਕੇ ਉਸ ਦੇ ਗਲ ਲੱਗ ਜਾਵਾਂ।

ਪਤਾ ਨਹੀਂ ਕਿਉਂ, ਮੇਰੇ ਕੋਲੋਂ ਫਿਰ ਬੈਡ ਤੋਂ ਉਠਿਆ ਗਿਆ। ਮਲਕੜੇ ਜਿਹੇ ਚੋਰਾਂ ਵਾਂਗੂ ਹੌਲੀ-ਹੌਲੀ ਚਿਟਕਣੀ ਖੋਲ੍ਹੀ ਗਈ।

ਇਹ ਰਾਜ ਲਈ ਸੀ, ਜਾਂ ਫਿਰ ਹਰਮੀਤ ਲਈ, ਇਸ ਦਾ ਨਿਰਣਾ ਅੱਜ ਤੋੜੀ ਨਹੀਂ ਹੋ ਸਕਿਆ।

ਸਵੇਰੇ ਜਦੋਂ ਇੰਦਰ ਮੈਨੂੰ ਹਿਲਾਅ-ਹਿਲਾਅ ਕੇ ਜਗਾ ਰਿਹਾ ਸੀ ਤਾਂ ਉਹ ਖੁੱਲ੍ਹੀ ਚਿਟਕਣੀ ਦਾ ਗਿਲਾ ਕਰ ਰਿਹਾ ਸੀ। ਅਗਰ ਗਹਿਣੇ ਚੋਰੀ ਹੋ ਜਾਂਦੇ? ਸੁਣ, ਮੇਰੀ ਮੱਤ ਨੇ ਅਸਲੀਅਤ ਦੇ ਖੇਮੀ ਉਤਰਨਾ ਸ਼ੁਰੂ ਕੀਤਾ। ਉਸ ਦਾ ਗਿਲਾ ਜਾਇਜ਼ ਵੀ ਸੀ। ਅਕਸਰ ਘਰੋਂ ਉਸ ਨੂੰ ਮੇਰਾ ਰਾਖਾ ਬਣਾ ਕੇ ਤੋਰਿਆ ਗਿਆ ਸੀ।

ਪ੍ਰੀਤ ਸ਼ਿਮਲੇ ਤੋਂ ਮਗਰੋਂ ਅਸੀਂ ਕੁਝ ਦਿਨ ਆਗਰੇ ਵੀ ਰਹੇ। ਹਰ ਰੋਜ਼ ਪੰਜ-ਸੱਤ ਸਨੈਪ ਰਾਜ ਨਾਲ ਕਰਾਉਣੇ ਪੈਂਦੇ ਪਰ ਰਾਜ ਦੀਆਂ ਹਰਕਤਾਂ ਬਦਲ ਗਈਆਂ ਸਨ। ਉਹ ਕਈ ਵਾਰ ਜਦੋਂ ਮੇਰੇ ਮੋਢੇ 'ਤੇ ਹੱਥ ਰੱਖ ਕੇ ਫ਼ੋਟੋ ਖਿਚਵਾਉਂਦਾ ਤਾਂ ਉਂਗਲਾਂ ਦਾ ਦਬਾਅ ਵਧਾ ਦਿੰਦਾ। ਕਈ ਵਾਰ ਹੱਥ ਵਿਚ ਹੱਥ ਹੁੰਦਾ ਤਾਂ ਹੱਥ 'ਤੇ ਹਲਕੀ ਜਿਹੀ ਖੁਰਕ ਕਰ ਜਾਂਦਾ। ਮੇਰੇ ਲਈ ਇਹ ਅਸਹਿ ਹੋ ਜਾਂਦਾ।

ਅੜੀਏ ਮੈਂ ਇਸ ਨਾਟਕੀ ਜ਼ਿੰਦਗੀ ਤੋਂ ਤੰਗ ਆ ਗਈ ਸੀ। ਦਿਲ ਘਰ ਪਹੁੰਚਣ ਨੂੰ ਕਾਹਲਾ ਪਿਆ ਹੋਇਆ ਸੀ, ਪਰ ਤੁਹਾਡੀਆਂ ਸੰਭਾਵੀ ਪੁੱਛਾਂ ਕੰਬਣੀ ਛੇੜ ਰਹੀਆਂ ਸਨ।

ਅੰਤ ਅਸੀਂ ਦਿੱਲੀ ਪੁੱਜੇ। ਰਾਤ ਦੀ ਸਟੇਅ ਅਪਰਾ ਹੋਟਲ 'ਚ ਸੀ। ਸਵੇਰੇ ਅਸੀਂ ਕੈਨੇਡਾ ਅੰਬੈਸੀ ਜਾਣਾ ਸੀ। ਸ਼ਾਮੀਂ ਰਾਜ ਨੂੰ ਏਅਰਪੋਰਟ 'ਤੇ ਅੱਡ ਛੱਡ ਅਸੀਂ ਵਾਪਸ ਤੁਰ ਪੈਣਾ ਸੀ।

ਰੋਟੀ-ਪਾਣੀ ਤੋਂ ਵਿਹਲੇ ਹੋ ਕੇ ਆਪੋ-ਆਪਣੀ ਕਮਰੀਂ ਜਾ ਵੜੇ। ਮੈਂ ਅੰਦਰ ਵੜਦੀ ਨੇ ਲੌਕ ਲਾ ਲਿਆ। ਨਾਈਟੀ ਪਾ ਬਿਸਤਰ 'ਤੇ ਪੈ ਗਈ। ਸੋਚਾਂ ਦਾ ਘੜਮੱਸ ਨੀਂਦ ਨੂੰ ਦੂਰ ਭਜਾਈ ਜਾਵੇ।

ਰਾਤ ਦੇ ਗਿਆਰਾਂ ਜਾਂ ਸਾਢੇ ਗਿਆਰਾਂ ਵੱਜੇ ਹੋਣਗੇ, ਕਿਸੇ ਬੂਹਾ ਠਕੋਰਿਆ। ਮੈਂ ਸਮਝੀ ਸ਼ਾਇਦ ਇੰਦਰ ਹੋਵੇਗਾ। ਕੁਝ ਲੈਣ ਆਇਆ ਹੋਵੇਗਾ ਪਰ ਉਸ ਤਾਂ ਜ਼ਿਆਦਾ ਪੀਤੀ ਹੋਈ ਸੀ। ਉਹ ਤਾਂ ਰੋਟੀ ਵੀ ਚੱਜ ਨਾਲ ਨਹੀਂ ਸੀ ਖਾ ਰਿਹਾ। ਸ਼ਸ਼ੋਪੰਜ ਵਿਚ ਬੂਹਾ ਖੋਲ੍ਹਿਆ ਤਾਂ ਮੈਂ ਹੈਰਾਨ ਹੋ ਗਈ। ਇਹ ਤਾਂ ਰਾਜ ਸੀ।

ਆ...ਮੇਰਾ ਮੂੰਹ ਅੱਡਿਆ ਹੀ ਰਹਿ ਗਿਆ।

ਹਾਂ ਮੈਂ, ਕੁਝ ਜ਼ਰੂਰੀ ਗੱਲਾਂ ਕਰਨੀਆਂ ਸਨ।

ਸਵੇਰੇ ਕਰ ਲੈਂਦੇ, ਇਹ ਵੇਲਾ ਠੀਕ ਨਹੀਂ।

ਨਹੀਂ ਸਵੇਰੇ ਹੋਰ ਕੰਮ ਨੇ, ਆਖ ਉਹ ਅੰਦਰ ਲੰਘ ਆਇਆ। ਮੈਂ ਪਾਸੇ ਹਟ ਗਈ। ਉਸ ਦਰਵਾਜ਼ਾ ਬੰਦ ਕਰ ਦਿੱਤਾ। ਦਿਲ ਧੜਕ-ਧੜਕ ਕਰਨ ਲੱਗਾ। ਕਈ ਪ੍ਰਸ਼ਨ ਜ਼ਿਹਨ ਵਿਚ ਆਉਣ ਲੱਗੇ। ਘਰੋਂ ਤੁਰਨ ਲੱਗੀ ਦੇ ਮਰਦ ਮਨ ਬਾਰੇ ਪੈਦਾ ਹੋਈਆਂ ਸ਼ੰਕਾਵਾਂ ਸਿਰ ਉਚਾ ਕਰਨ ਲੱਗੀਆਂ। ਉਹ ਕੁਰਸੀ ਖਿੱਚ ਕੇ ਬੈਡ ਕੋਲ ਬੈਠ ਗਿਆ।

ਦੇਖ ਰਤੀ, ਉਸ ਠਰੰਮੇ ਨਾਲ ਬੋਲਣਾ ਸ਼ੁਰੂ ਕੀਤਾ।

ਆਪਣੇ ਵਿਚ ਜੋ ਤੈਅ ਹੋਇਐ, ਤੈਨੂੰ ਪਤਾ ਈ ਹੈ। ਮੈਂ ਚਾਹੁੰਦਾ ਹਾਂ ਕਿ ਤੇਰਾ ਕੇਸ ਪਹਿਲੀ ਵਾਰੀ ਹੀ ਕਲੀਅਰ ਹੋ ਜਾਵੇ। ਅਪੀਲਾਂ-ਸ਼ੀਲਾਂ ਦੇ ਚੱਕਰ ਤੋਂ ਬਚ ਜਾਈਏ। ਉਨ੍ਹਾਂ 'ਤੇ ਪੈਸਾ ਬਹੁਤ ਖਰਚ ਹੁੰਦਾ ਏ, ਤੇ ਨਾਲੇ ਟਾਈਮ ਵੀ। ਵੈਸੇ ਵੀ ਜੇ ਅਪੀਲ ਕਰਨੀ ਪਈ ਪੈਸੇ ਤੁਹਾਡੇ ਹੀ ਲੱਗਣੇ ਨੇ। ਇਹ ਗੱਲ ਪਹਿਲਾਂ ਹੀ ਸਪਸ਼ਟ ਹੋ ਚੁੱਕੀ ਹੈ, ਪਰ ਮੈਂ ਟਾਈਮ ਜ਼ਾਇਆ ਨਹੀਂ ਕਰ ਸਕਦਾ।

ਹਾਂ, ਕੈਨੇਡਾ ਇਮੀਗਰੇਸ਼ਨ ਵਾਲੇ ਬਹੁਤ ਸਖ਼ਤ ਹੋ ਗਏ ਹਨ ਅੱਜ ਕੱਲ੍ਹ। ਇਸ ਵਿਚ ਕਸੂਰ ਵੀ ਆਪਣੇ ਲੋਕਾਂ ਦਾ ਹੈ। ਕਈ ਸਕੇ ਭੈਣ ਭਰਾਵਾਂ ਨੇ ਝੂਠੇ ਵਿਆਹ ਕਰਾ ਲਏ, ਝੂਠੇ ਸਰਟੀਫਿਕੇਟ, ਝੂਠੀਆਂ ਐਲਬਮਾਂ। ਹੁਣ ਉਹ ਵਿਆਹ ਤੋਂ ਮਗਰਲੀ ਸਥਿਤੀ ਦੀ ਜ਼ਿਆਦਾ ਘੋਖ ਕਰਦੇ ਨੇ। ਲਗਦੈ ਅੱਗੇ ਤੋਂ ਐਲਬਮਾਂ ਦਾ ਹਨੀਮੂਨ ਵਾਲਾ ਭਾਗ ਜ਼ਿਆਦਾ ਭਾਰੀ ਹੋਇਆ ਕਰੇਗਾ। ਉਥੇ ਤਾਂ ਇਕ ਹੋਰ ਅਫਵਾਹ ਵੀ ਉਡਦੀ ਸੀ, ਬਈ ਸ਼ੱਕੀ ਕੇਸਾਂ ਵਿਚ ਕੁੜੀਆਂ ਦਾ ਕੁਆਰਾਪਣ ਚੈਕ ਹੋਇਆ ਕਰੇਗਾ। ਆਪਾਂ ਨੂੰ ਸ਼ਿਮਲੇ, ਆਗਰੇ ਤੇ ਦਿੱਲੀ ਵਾਲੇ ਫੋਟੋਗ੍ਰਾਫ਼ਸ ਤੇ ਹੋਟਲਾਂ ਦੀ ਰੂਮ ਬੁਕਿੰਗ ਵਾਲੀਆਂ ਰਸੀਦਾਂ ਬਹੁਤ ਸਹਾਈ ਹੋਣਗੀਆਂ। ਤੂੰ ਇੰਟਰਵਿਊ ਵੇਲੇ ਸਭ ਕੁਝ ਨਾਲ ਲੈ ਕੇ ਜਾਈਂ।

ਉਸ ਦੀਆਂ ਕਈ ਗੱਲਾਂ ਸੱਚੀਆਂ ਲੱਗੀਆਂ ਪਰ ਕੁਆਰਾਪਣ ਵਾਲੀ ਬੇਹੂਦਾ। ਅਮਾਨਵੀ ਤੇ ਉਸ ਦੇ ਕਪਟੀ ਇਰਾਦੇ ਦੀ ਸੂਚਕ।

ਅਚਾਨਕ ਉਹ ਕੁਰਸੀ ਛੱਡ ਬੈਡ 'ਤੇ ਆਣ ਬੈਠਾ। ਮੈਂ ਸੁੰਗੜ ਕੇ ਪਰ੍ਹਾਂ ਹੋ ਗਈ।

ਇਹ ਸਭ ਠੀਕ ਨਹੀਂ। ਤੁਸੀਂ ਆਪਣੇ ਕਮਰੇ ਵਿਚ ਜਾਓ...ਇੰਦਰ ਜਾਗ ਪਏਗਾ। ਮੈਂ ਡਰ ਜਿਹੇ ਵਿਚ ਬੋਲ ਗਈ।

ਨਹੀਂ ਇੰਦਰ ਸਵੇਰੇ ਹੀ ਉਠੇਗਾ। ਉਸ ਨੇ ਅੱਜ ਬਹੁਤ ਪੀਤੀ ਹੋਈ ਐ। ਅਸਲ ਗੱਲ ਇਹ ਵੇ ਕਿ ਇੰਨੇ ਦਿਨ ਤੇਰੇ ਨੇੜੇ ਰਹਿਣ ਨਾਲ ਅਪਣੱਤ ਤੇ ਖਿੱਚ ਜਿਹੀ ਹੋ ਗਈ ਏ...ਦਿਲ ਤਾਂ ਕਰਦੈ ਤੇਰੇ ਨਾਲ ਉਮਰਾਂ ਭਰ ਦੇ ਰਿਸ਼ਤੇ ਜੋੜ ਲਵਾਂ।

ਦੇਖੋ, ਇਨ੍ਹਾਂ ਗੱਲਾਂ ਦਾ ਕੋਈ ਫਾਇਦਾ ਨਹੀਂ। ਤੁਸੀਂ ਜੋ ਚਾਹਿਆ ਸੀ, ਉਹ ਡੈਡੀ ਹੋਰੀਂ ਪੂਰਾ ਕਰ ਚੁੱਕੇ ਨੇ, ਜਾਂ ਫਿਰ ਕਰ ਦੇਣਗੇ। ਰਮਨ ਕਲਾਥ ਹਾਊਸ ਵਾਲੇ ਜੋ ਹੈਗੇ ਵਿਚ। ਮੇਰਾ ਜੁਆਬ ਰੁਖਾਈ ਵਾਲਾ ਸੀ।

ਰਤੀ ਮੈਂ ਮੁੱਕਰਦਾ ਥੋੜ੍ਹਾ ਆਂ...। ਮੈਂ ਦੋ ਲੱਖ ਲੈ ਚੁੱਕਾ ਹਾਂ, ਬਾਕੀ ਅੱਠ ਲੱਖ ਤੇਰੇ ਕੈਨੇਡਾ ਪਹੁੰਚਣ ਤੋਂ ਮਗਰੋਂ ਮਿਲਣਾ ਹੈ। ਹਾਂ ਸੱਚ ਤੈਨੂੰ ਦੱਸ ਦੇਵਾਂ। ਗਿਆਰਵਾਂ ਲੱਖ ਰਮਨ ਕਲਾਥ ਹਾਊਸ ਵਾਲਿਆਂ ਨੇ ਹੀ ਰੱਖਣਾ ਐ। ਲੱਖ ਕੁ ਤੁਸੀਂ ਰੋਟੀ ਪਾਣੀ 'ਤੇ ਖਰਚ ਕਰ ਚੁੱਕੇ ਹੋ। ਮੇਰਾ ਦਿਲ ਤਾਂ ਕਰਦੈ ਕਿ ਇਹ ਸਭ ਕੁਝ ਮੁੜਵਾ ਦਿਆਂ। ਜੀ ਕਰਦੈ ਤੇਰੀ ਗੋਦੀ ਵਿਚ ਸਿਰ ਰੱਖ ਕੇ ਸਾਰੀ ਰਾਤ ਸੁੱਤਾ ਰਹਾਂ। ਸਦਾ-ਸਦਾ ਲਈ ਤੇਰਾ ਹੋ ਜਾਵਾਂ...ਪਲੀਜ਼ ਰਤੀ ਪਲੀਜ਼, ਉਹ ਤਰਲਿਆਂ 'ਤੇ ਉਤਰ ਆਇਆ।

ਪ੍ਰੀਤ ਇਕ ਪਲ ਲਈ ਮਨ ਵਿਚ ਹਲਕੀ ਜਿਹੀ ਖੁਸ਼ੀ ਰੁਮਕੀ। ਦਿਲ ਪਸੀਜਣ ਲੱਗਾ ਪਰ ਜਦੇ ਇਹ ਉਸ ਦੀ ਚਾਲ ਮਹਿਸੂਸ ਹੋਈ...ਮੈਂ ਸੰਭਲ ਗਈ।

ਦੇਖੋ ਤੁਸੀਂ ਮੈਨੂੰ ਕੈਨੇਡਾ ਪਹੁੰਚਦੀ ਕਰਨ ਦਾ ਕਿਰਾਇਆ ਵਸੂਲ ਕਰ ਚੁੱਕੇ ਹੋ, ਆਪਣੇ ਵਾਅਦੇ ਤੱਕ ਸੀਮਤ ਰਹੋ। ਮੈਂ ਜ਼ਰਾ ਸਖ਼ਤੀ ਨਾਲ ਆਖ ਗਈ।

ਕਿਰਾਇਆ? ਉਹ ਚੀਕ ਪਿਆ।

ਮੈਂ ਕੋਈ ਭਾੜੇ ਦਾ ਟੱਟੂ ਆਂ? ਮੈਂ ਕੋਈ ਮੰਗਤਾ ਆਂ? ਤੇਰੇ ਡੈਡੀ ਨੇ ਹੀ ਅਪਰੋਚ ਕੀਤੀ ਸੀ ਰਮਨ ਕਲਾਥ ਹਾਊਸ ਵਾਲਿਆਂ ਰਾਹੀਂ। ਬਾਹਲੀ ਗੱਲ ਹੈ ਤਾਂ ਸਵੇਰੇ ਹੀ ਕੈਂਸਲ ਕਰ ਦਿੰਦੇ ਹਾਂ ਸਾਰਾ ਐਗਰੀਮੈਂਟ। ਵੈਸੇ ਤੁਸੀਂ ਘਾਟੇ ਵਿਚ ਨੀ ਜਾਣਾ। ਕੱਲ੍ਹ ਨੂੰ ਮੰਮੀ ਡੈਡੀ ਨੂੰ ਮੰਗਾਏਂਗੀ ਨਾ...ਛੋਟੇ ਦੋਏ ਨਾਲ ਲੰਘ ਜਾਣੇ ਨੇ...ਫਿਰ ਇਕ-ਦੋ ਫਰਜ਼ੀ ਵਿਆਹ ਕਰ ਲਿਓ ਉਨ੍ਹਾਂ ਦੇ...ਜਦ ਨੂੰ ਰੇਟ ਵੀ ਵੀਹ ਲੱਖ ਨੂੰ ਟੱਪ ਜੂ...ਫਿਰ ਆਪਣੇ ਵੱਟੇ ਇੰਦਰ ਨੂੰ ਵੀ ਲੰਘਾ ਸਕਦੀ ਏਂ, ਉਦਾਂ ਉਸ ਸ਼ਰਾਬੀ ਨੂੰ ਕਿਸੇ ਛੋਲਿਆਂ ਵੱਟੇ ਨੀ ਪੁੱਛਣਾ।

ਉਹ ਕਈ ਕੁਝ ਬੋਲਦਾ ਰਿਹਾ। ਮੈਂ ਡਰ ਗਈ ਸਾਂ। ਕੀ ਪਤਾ ਇਹ ਮੁੱਕਰ ਹੀ ਜਾਵੇ। ਮੰਮੀ ਡੈਡੀ 'ਤੇ ਕੀ ਬੀਤੂ? ਇਸ ਲਡੋਰ ਦਾ ਕੋਈ ਕੀ ਫੜ ਲਊ। ਲੋਕਾਂ ਦੀਆਂ ਨਜ਼ਰਾਂ ਵਿਚ ਮੈਂ ਤਾਂ ਵਿਆਹੀ ਗਈ ਹਾਂ। ਤਲਾਕ ਹੋਵੇ 'ਤੇ ਛੁੱਟੜ ਦਾ ਲੇਬਲ ਤਾਂ ਮੱਥੇ 'ਤੇ ਚਿਪਕ ਹੀ ਜਾਣਾ ਹੈ। ਫਿਰ ਛੁੱਟੜ ਕੁਆਰੀ ਹੋਣ ਦਾ ਦਾਅਵਾ ਕਰ ਹੀ ਨਹੀਂ ਸਕਦੀ। ਕਦੇ ਵੀ ਨਹੀਂ। ਜੋ ਦੂਜਾ ਮਿਲੇਗਾ, ਭਾਵੇਂ ਉਸ ਨੂੰ ਲੱਖ ਕਸਮਾਂ ਖਾ ਕੇ ਦੱਸੂੰ, ਪਈ ਰਾਜ ਦਾ ਤੇ ਮੇਰਾ ਰਿਸ਼ਤਾ ਮੁੱਲ ਦਾ ਸੀ ਪਰ ਉਹ ਕਤਈ ਇਤਬਾਰ ਨਹੀਂ ਕਰੇਗਾ। ਰਾਈ ਜਿੰਨਾ ਵੀ ਨਹੀਂ। ਬੱਸ ਅਪਣੇ ਅੰਦਰੇ-ਅੰਦਰ ਸਕੂਨ ਪਾਲ ਸਕਾਂਗੀ ਕਿ ਮੈਂ ਰਾਜ ਨੂੰ ਟੱਚ ਨਹੀਂ ਕਰਨ ਦਿੱਤਾ। ਨਹੀਂ ਰਤੀ ਨਹੀਂ, ਤੂੰ ਇਸ ਤਰ੍ਹਾਂ ਨਹੀਂ ਕਰੇਂਗੀ। ਤੂੰ ਆਪੇ ਦੀ ਛੱਡ...ਮੰਮੀ ਡੈਡੀ ਦੀ ਸੋਚ...ਹਾਂ-ਹਾਂ ਵਿਚਾਰੇ ਡੈਡੀ ਦੀ।

ਪਰ ਦੂਜੇ ਪਲ ਮਨ ਬਿਫਰ-ਬਿਫਰ ਜਾਵੇ। ਇਸ ਨੂੰ ਮੂੰਹ ਮੰਗੇ ਪੈਸੇ ਮਿਲ ਰਹੇ ਨੇ...ਇਹ ਹੋਰ ਕੀ ਚਾਹੁੰਦਾ ਹੈ। ਇਹ ਡੈਡੀ ਹੋਰਾਂ ਕੀ ਤੈਅ ਕਰ ਲਿਆ?...ਨਕਲੀ ਹਨੀਮੂਨ ਦਾ...ਫ਼ੋਟੋਆਂ ਦਾ। ਜੇ ਇਸ ਦਾ ਇਹ ਦੂਜਾ ਵਿਆਹ ਹੈ ਤਾਂ ਮੈਂ ਕੀ ਕਰਾਂ? ਅਖੇ ਦੂਜੇ ਵਿਆਹ ਵਾਲੇ ਕੇਸਾਂ ਦੀ ਬਹੁਤ ਛਾਣਬੀਣ ਕਰਦੇ ਨੇ, ਪਰ ਮੇਰਾ ਕੀ ਕਸੂਰ? ਹੁਣ ਕੀਤੇ ਤੋਂ ਅੱਗੇ ਕਿਉਂ ਵੱਧ ਰਿਹਾ ਏ?...ਕਮੀਨਾ...। ਮੈਂ ਸੋਚਾਂ ਦੀ ਫੰਦੀ ਵਿਚ ਛਟਪਟਾ ਰਹੀ ਸਾਂ।

ਅੱਛਾ ਮੈਂ ਚੱਲਦਾਂ। ਉਹ ਹਿਰਖ ਵਿਚ ਪਰ ਬਹੁਤ ਹੀ ਧੀਮਾ ਜਿਹਾ ਬੋਲਿਆ ਤੇ ਉਠ ਖਲੋਤਾ।

ਹਾਂ! ਤੂੰ ਤੇ ਇੰਦਰ ਸਵੇਰੇ ਵਾਪਸ ਚਲੇ ਜਾਇਓ, ਮੈਂ ਸ਼ਾਮੀ ਫਲਾਈਟ ਲੈ ਲਵਾਂਗਾ। ਜੋ ਵੀ ਤੁਹਾਡਾ ਖਰਚ ਹੋਇਆ, ਮੈਂ ਜਾਂਦਾ ਹੀ ਭੇਜ ਦਿਆਂਗਾ। ਅਗਰ ਰਮਨ ਕਲਾਥ ਹਾਊਸ ਵਾਲਿਆਂ ਕੋਈ ਐਡਵਾਂਸ ਲੈ ਛੱਡਿਆ ਹੋਏਗਾ, ਉਹ ਵੀ ਫੂਨ ਕਰ ਕੇ ਵਾਪਸ ਕਰਵਾ ਦਿਆਂਗਾ। ਆਪ ਨੂੰ ਡਿਸਟਰਬ ਕੀਤਾ ਸੌਰੀ।

ਪ੍ਰੀਤ, ਇਹ ਮੁਲਾਇਮ ਸ਼ਬਦਾਂ ਵਿਚ ਪੂਰੀ ਧਮਕੀ ਸੀ।

ਨਾਰਾਜ਼ ਹੋ ਗਏ ਹੋ? ਬੈਠੋ ਨਾ ਜ਼ਰਾ। ਤੁਰਨ ਲੱਗੇ ਦਾ ਮੈਥੋਂ ਹੱਥ ਫੜਿਆ ਗਿਆ।

ਉਹ ਬੈਠਦੇ ਸਾਰ ਹੀ ਮੈਨੂੰ ਚੰਬੜ ਗਿਆ। ਬੇਤਹਾਸ਼ਾ ਕਿੱਸ ਕਰਨ ਲੱਗਾ। ਮੇਰੇ ਵੱਲੋਂ ਨਾ ਕੋਈ ਵਿਰੋਧ ਸੀ, ਨਾ ਕੋਈ ਸਾਥ। ਉਹ ਅੱਗੇ ਹੀ ਵਧਦਾ ਗਿਆ। ਫਿਰ ਬਹੁਤ ਅੱਗੇ। ਮੈਂ ਉਸ ਨੂੰ ਰੋਕ ਦਿੱਤਾ। ਉਸ ਦੀਆਂ ਅੱਖਾਂ ਬਲ ਰਹੀਆਂ ਸਨ। ਉਹ ਪੂਰਾ ਹਿੰਸਕ ਹੋ ਚੁੱਕਾ ਸੀ। ਮੈਂ ਸਿਰਹਾਣਿਉਂ ਪਰਸ ਚੁੱਕ ਉਸ ਵਿਚ ਤੇਰਾ ਦਿੱਤਾ ਗਿਫ਼ਟ ਕੱਢ ਕੇ ਫੜਾ ਦਿੱਤਾ। ਉਹ ਜੇਤੂ ਖੁਸ਼ੀ ਵਿਚ ਬਾਹਰ ਜਾ ਰਿਹਾ ਸੀ, ਤੇ ਮੈਂ! ਮੇਰਾ ਰੋਣ ਥੰਮ੍ਹਿਆ ਨਹੀਂ ਸੀ ਜਾ ਰਿਹਾ, ਤੇ ਪ੍ਰੀਤ ਹੁਣ ਵੀ। ਅੱਛਾ! ਕਦੀ ਫਿਰ ਸਹੀ। ਤੇਰੀ ਆਪਣੀ, ਰਤੀ।

---

## ਆਸਾਰ ਸਮੇਂ ਦੇ

ਆਸਾਰ ਸਮੇਂ ਦੇ ਚੰਗੇ ਨਹੀਂ,
ਅਣਹੋਈਆਂ ਗੱਲਾਂ ਤੁਰੀਆਂ ਨੇ।
ਕਲਮਾਂ ਲਹੂ ਵਿਚ ਡੁੱਬੀਆਂ ਨੇ,
ਕਵੀਆਂ ਦੇ ਹੱਥ ਛੁਰੀਆਂ ਨੇ।
ਕੰਜਕਾਂ ਦੇ ਕੁੱਛੜ ਕਾਕੇ ਨੇ,
ਸਭਿਅਤਾ ਦੀਆਂ ਨੀਂਹਾਂ ਰੁੜ੍ਹੀਆਂ ਨੇ।
ਵੱਟ ਗੋਲੀ ਮੂੰਹ ਵਿਚ ਸੁੱਟ ਲੈਂਦੇ,
ਸ਼ਰਮ ਹਯਾਵਾਂ ਥੁੜੀਆਂ ਨੇ।
ਲੱਜਾ ਦੇ ਡੋਰੇ ਉਤਰ ਗਏ,
ਆਧੁਨਿਕ ਹੜ੍ਹ ਵਿਚ ਹੜ੍ਹੀਆਂ ਨੇ।
ਕੂੰਜਾਂ ਡਾਰੋਂ ਖੁੰਝੀਆਂ ਜੋ,
ਕੁਰਲਾਉਂਦੀਆਂ ਵਾਪਸ ਮੁੜੀਆਂ ਨੇ।
ਪ੍ਰਤਿਭਾ ਉਖੜੀ ਫਿਰਦੀ ਹੈ,
ਪੰਚਾਇਤਾਂ ਸੱਥ 'ਚ ਜੁੜੀਆਂ ਨੇ।
ਰਿਵਾਲਵਰ-ਗੰਨਾਂ ਮੋਢੇ ਲੱਜਾ ਦੇ,
ਜੇਬ ਡਰੱਗ ਦੀ ਪੁੜੀਆਂ ਨੇ।
ਚੀਜ਼ਾਂ ਪੁਰਜੇ ਕਹਿੰਦੇ ਜਿਸ ਨੂੰ,
ਤੁਹਾਡੀ ਮਾਂ ਭੈਣ ਜਾਂ ਕੁੜੀਆਂ ਨੇ।
ਤੁਹਾਨੂੰ ਜੰਮ ਕੇ ਜੋ ਪਛਤੌਂਦੇ ਨੇ,
ਤੁਹਾਡੇ ਮਾਂ-ਪਿਉ-ਬੁੜੀਆਂ ਨੇ।

**-ਚਰਨਜੀਤ ਪੰਨੂ, ਸੈਨ ਹੋਜ਼ੇ**

---

## ਮਿੰਨੀ ਕਹਾਣੀ

### ਤੀਸਰਾ ਨੇਤਰ

ਰਿਸ਼ਤੇ ਦੀ ਗੱਲ ਤੁਰੀ ਤਾਂ ਦਾਜ ਦੀ ਗੱਲ ਅੰਦਰਖਾਤੇ ਨਿੱਬੜ ਗਈ। ਬਾਕੀ ਕੋਈ ਗੱਲ ਕੁੜੀ ਮੁੰਡੇ ਦੀ ਮਰਜ਼ੀ ਅਨੁਸਾਰ ਸੀ। ਕੁੜੀ ਬੀ.ਏ. ਕਰਕੇ ਹਾਲ ਹੀ 'ਚ ਕਾਲਜ 'ਚੋਂ ਨਿਕਲੀ ਸੀ ਪਰ ਮੁੰਡੇ ਨੇ ਮਸਾਂ ਮਰ ਕੇ ਦਸਵੀਂ ਕੀਤੀ ਸੀ, ਹੋਰ ਪੜ੍ਹਨ ਦੀ ਜ਼ਰੂਰਤ ਹੀ ਨਹੀਂ ਸਮਝੀ ਜਾਂ ਪੜ੍ਹਿਆ ਹੀ ਨਹੀਂ ਗਿਆ।

ਪੜ੍ਹਾਈ ਦੀ ਗੱਲ ਤੁਰੀ ਤਾਂ ਮੁੰਡੇ ਦਾ ਬਾਪ ਬੋਲਿਆ, "ਊਂ ਤਾਂ ਜੀ...ਵਿੱਦਿਆ ਬੰਦੇ ਦਾ ਤੀਸਰਾ ਨੇਤਰ ਆ ਪਰ ਆਪਾਂ ਕਿਹੜੇ ਨੌਕਰੀ ਕਰਾਉਣੀ ਆ...ਸੁੱਖ ਨਾਲ ਬਥੇਰਾ ਕੁਸ਼ ਆ ਘਰੇ।" ਫਿਰ ਗੱਲਾਂ ਦਾ ਰੁੱਖ ਮੁੰਡੇ ਵੱਲ ਹੋਇਆ ਤਾਂ ਮੁੰਡੇ ਦੇ ਮੱਥੇ ਦੀ ਤਿਊੜੀ ਉਭਰੀ ਸੀ। ਇਸ ਦਾ ਰਾਜ਼ ਮੁੰਡੇ ਦੀ ਮਾਂ ਨੇ ਖੋਲ੍ਹਿਆ, ਜੋ ਮੁੰਡੇ ਨਾਲ ਘੁਸਰਮੁਸਰ ਕਰ ਰਹੀ ਸੀ।

"ਗੱਲ ਤਾਂ ਕੁਸ਼ ਵੀ ਨਈਂ...ਐਵੇਂ ਜੁਆਕਾਂ ਵਾਲੀ ਜ਼ਿੱਦ ਆ, ਆਂਹਦਾ ਮੈਂ ਕੁੜੀ ਦੁਬਾਰਾ ਦੇਖਣੀ ਆ, ਪਹਿਲਾਂ ਤਾਂ...।"

ਕੁੜੀ ਦੇ ਬਾਪ ਨੇ ਲਹੂ ਦਾ ਘੁੱਟ ਭਰਿਆ ਅਤੇ ਆਪਣੀ ਤ੍ਰੀਮਤ ਵੱਲ ਵੇਖਿਆ। ਅੱਖਾਂ ਦੀ ਭਾਸ਼ਾ ਸਮਝਦੀ ਹੋਈ ਉਹ ਉਠੀ ਤੇ ਅੰਦਰੋਂ ਕੁੜੀ ਨੂੰ ਚਾਹ ਦੇ ਖਾਲੀ ਬਰਤਨ ਚੁੱਕਣ ਲਈ ਦੁਬਾਰਾ ਬਾਹਰ ਭੇਜਿਆ।

ਫਿਰ ਮੁੰਡੇ ਦੀ ਅੱਠ ਮੀਟਰ ਦੀ ਪੱਗ ਵਾਲਾ ਸਿਰ ਹਿੱਲਿਆ ਤੇ ਕੁੜੀ ਦੀ ਜ਼ਿੰਦਗੀ ਦਾ ਫ਼ੈਸਲਾ ਹੋ ਗਿਆ। ਪਰ ਕੁੜੀ ਮੁੰਡੇ ਦੀ ਇਸ ਹਰਕਤ 'ਤੇ ਸਿਰ ਤੋਂ ਪੈਰਾਂ ਤੀਕ ਮੱਚ ਉਠੀ। ਮਹਿਮਾਨ ਖੁਸ਼ੀ ਨਾਲ ਕੁਰਸੀਆਂ ਤੋਂ ਝੂਮਦੇ ਹੋਏ ਉਠੇ, ਸਾਰੀ ਗੱਲ ਤਾਂ ਤੈਅ ਹੋ ਗਈ ਸੀ ਪਰ ਅੰਦਰਲੀ ਸਬ੍ਹਾਤ 'ਚੋਂ ਅੱਗ ਵਰਗੀ ਤੱਤੀ ਖ਼ਬਰ ਬਾਹਰ ਆਈ। ਕੁੜੀ ਦੀ ਮਾਂ ਦੇ ਬੋਲ ਪਾਟੇ ਹੋਏ ਬਾਂਸ ਵਾਂਗ ਖੜਕੇ ਮੈਂ ਖਿਆ ਜੀ, ਮਾੜਾ ਹੋਇਆ, ਨਿੰਦਰ ਤਾਂ ਮੁੱਕਰ'ਗੀ, ਆਂਹਦੀ ਮੈਨੂੰ ਮੁੰਡਾ ਈ ਪਸੰਦ ਨਹੀਂ।

ਇਹ ਬੋਲ ਕੁੜੀ ਨਿੰਦਰ ਨੇ ਹੀ ਬੋਲੇ ਸਨ, ਕਿਸੇ ਵਿਚ ਪੁੱਛਣ ਦੀ ਹਿੰਮਤ ਹੀ ਨਈਂ ਪਈ, ਜਾਂ ਪੁੱਛਣ ਦਾ ਵੇਲਾ ਹੀ ਗੁਆਚ ਗਿਆ ਸੀ। ਇਹ ਬੋਲ ਵਿਹੜੇ ਵਿਚ ਵਾਵਰੋਲੇ ਦੀ ਤਰ੍ਹਾਂ ਘੁੰਮੇ ਤੇ ਹਵਾ ਵਿਚ ਚਾਮਚੜਿੱਕ ਵਾਂਗ ਪੁੱਠੇ ਲਟਕ ਗਏ।

**-ਬਲਦੇਵ ਪੋਹਲੋਪੁਰੀ**

---

### ਬੁੱਧੂ

ਅੱਜ ਕਲੱਬ ਵਿਚ ਸ਼ਹਿਰ ਦੇ ਮਸ਼ਹੂਰ ਸ਼ਾਇਰ ਤੇ ਬੁੱਧੀਜੀਵੀ ਇਕੱਠੇ ਹੋਏ ਸਨ। ਸ਼ਾਇਦ ਸ਼ੇਅਰੋ-ਸ਼ਾਇਰੀ ਦਾ ਦੌਰ ਚਲਣਾ ਸੀ। ਮੈਂ ਵੀ ਸ਼ਾਇਰੀ ਦਾ ਅਨੰਦ ਲੈਣ ਲਈ ਉਨ੍ਹਾਂ ਕਵੀਆਂ 'ਚ ਜਾ ਬੈਠਾ। ਸ਼ੇਅਰੋ-ਸ਼ਾਇਰੀ ਦੌਰਾਨ ਮੇਰੇ ਗੁਆਂਢੀ ਅੰਕਲ ਨੇ ਤਾਂ ਕਮਾਲ ਹੀ ਕਰ ਦਿੱਤੀ, ਖੂਬ ਵਾਹ-ਵਾਹ ਹੋਈ ਤੇ ਤਾੜੀਆਂ ਵੀ ਬਹੁਤ ਵੱਜੀਆਂ।

ਮੈਂ ਅੰਕਲ ਦੇ ਘਰ ਆਂਟੀ ਨੂੰ ਵਧਾਈਆਂ ਦਿੱਤੀਆਂ ਤੇ ਕਿਹਾ, "ਆਂਟੀ! ਅੰਕਲ ਨੇ ਤਾਂ ਅੱਜ ਕਮਾਲ ਹੀ ਕਰ ਦਿੱਤੀ।"

"ਵੇ ਕਾਹਦੀ ਕਮਾਲ ਕਰਤੀ, ਸੌਦਾ-ਪੱਤਾ ਲੈਣ ਬਾਜ਼ਾਰ ਗਏ ਸੀ, ਹੁਣ ਤਕ ਬਹੁੜੇ ਹੀ ਨਹੀਂ, ਪਤਾ ਨਹੀਂ ਕਿਥੇ ਮਰ ਗਿਆ।" ਆਂਟੀ ਦੇ ਤੇਵਰ ਬਦਲੇ ਹੋਏ ਸਨ। ਮੈਂ ਡਰਦੇ ਡਰਦੇ ਨੇ ਆਂਟੀ ਨੂੰ ਦੱਸਿਆ ਕਿ ਕਲੱਬ ਵਿਚ ਅੱਜ ਬੁੱਧੀਜੀਵੀਆਂ ਦੀ ਮੀਟਿੰਗ ਸੀ, ਅੰਕਲ ਨੇ ਉਥੇ ਬਹੁਤ ਸੋਹਣੀਆਂ ਕਵਿਤਾਵਾਂ ਪੇਸ਼ ਕੀਤੀਆਂ ਤੇ ਖੂਬ ਵਾਹ ਵਾਹ ਹੋਈ। ਆਂਟੀ ਫਿਰ ਭੁੜਕੇ, "ਮੈਂ ਫੂਕਣਾ ਫੋਕੀ ਵਾਹ ਵਾਹ ਨੂੰ, ਇਸ ਬੁੱਧੂ ਨੂੰ ਤਾਂ ਘਰ ਦੀ ਕੋਈ ਫਿਕਰ ਹੀ ਨਹੀ, ਜਿਥੇ ਜਾਂਦਾ, ਉਥੇ ਹੀ ਬੈਠ ਜਾਂਦਾ।" ਹੁਣ ਮੈਂ ਉਥੋਂ ਖਿਸਕਣ ਵਿਚ ਭਲਾਈ ਸਮਝੀ।

**-ਨਾਇਬ ਸਿੰਘ ਸੈਂਪਲੇ**
**ਫੋਨ: 91-98724-05203**

# ਮੁੰਦੀ ਯਾਨਿ ਛਾਪ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਪਰਸਪਰ ਸਬੰਧਾਂ ਵਿਚਕਾਰ ਘਨਿਸ਼ਟਤਾ ਪ੍ਰਗਟ ਕਰਨ ਲਈ ਮੁੰਦੀ ਸਦੀਆਂ ਤੋਂ ਲਗਭਗ ਹਰ ਸਭਿਅਤਾ ਵਿਚ ਪ੍ਰਚਲਤ ਰਹੀ ਹੈ। ਮਹਾਂਕਵੀ ਕਾਲੀਦਾਸ ਵਲੋਂ ਰਚੇ ਨਾਟਕ 'ਅਭਿਗਿਆਨਮ ਸ਼ਕੁੰਤਲਮ' ਨਾਲੋਂ ਵਧ ਮੁੰਦਰੀ ਦਾ ਮਨੁਖੀ ਸਬੰਧਾਂ ਵਿਚ ਮਹੱਤਵ ਸ਼ਾਇਦ ਹੀ ਕਿਸੇ ਹੋਰ ਸਾਹਿਤਕ ਕ੍ਰਿਤ ਵਿਚ ਦਰਸਾਇਆ ਗਿਆ ਹੋਵੇ। ਨਾਟਕ ਦੇ ਨਾਂ ਦਾ ਹੀ ਮਤਲਬ ਹੈ, 'ਨਿਸ਼ਾਨੀ ਦੁਆਰਾ ਪਛਾਣੀ ਗਈ ਸ਼ਕੁੰਤਲਾ।' ਬਹੁਤੇ ਇਹ ਕਥਾ ਜਾਣਦੇ ਹੋਣਗੇ, ਫਿਰ ਵੀ ਸੰਖੇਪ ਵਿਚ ਇਸ ਦਾ ਬਿਆਨ ਕੁਥਾਂ ਨਹੀਂ ਹੋਵੇਗਾ।

ਸ਼ਿਕਾਰ 'ਤੇ ਗਿਆ ਰਾਜਾ ਦੁਸ਼ਿਅੰਤ ਵਣਾਂ ਵਿਚ ਰਹਿੰਦੀ ਸ਼ਕੁੰਤਲਾ ਨੂੰ ਮਿਲਦਾ ਹੈ। ਦੋਨਾਂ ਦਾ ਆਪਸ ਵਿਚ ਪਿਆਰ ਪੈ ਜਾਂਦਾ ਹੈ। ਪਿਤਾ ਦੀ ਗੈਰਹਾਜ਼ਰੀ ਵਿਚ ਸ਼ਕੁੰਤਲਾ ਦੁਸ਼ਿਅੰਤ ਨਾਲ ਗੰਧਰਵ ਵਿਆਹ ਰਚਾ ਲੈਂਦੀ ਹੈ। ਉਹ ਕੁਝ ਸਮਾਂ ਇਕੱਠੇ ਰਹਿੰਦੇ ਹਨ ਤੇ ਇਸ ਸਮੇਂ ਦੌਰਾਨ ਸ਼ਕੁੰਤਲਾ ਗਰਭਵਤੀ ਹੋ ਜਾਂਦੀ ਹੈ। ਆਖਰ ਰਾਜੇ ਨੇ ਵਾਪਿਸ ਮੁੜਨਾ ਹੁੰਦਾ ਹੈ। ਉਹ ਸ਼ਕੁੰਤਲਾ ਨੂੰ ਮਹਿਲਾਂ ਵਿਚ ਬੁਲਾਉਣ ਦਾ ਵਾਅਦਾ ਕਰਕੇ ਵਿਦਾ ਹੁੰਦਾ ਹੈ ਤੇ ਜਾਣ ਲੱਗਿਆਂ ਆਪਣੇ ਵਿਆਹ ਦੀ ਨਿਸ਼ਾਨੀ ਵਜੋਂ ਸ਼ਕੁੰਤਲਾ ਦੇ ਮੁੰਦਰੀ ਪਹਿਨਾ ਦਿੰਦਾ ਹੈ, ਮੁੰਦਰੀ ਜਿਸ ਵਿਚ ਉਸ ਦੇ ਪਿਆਰ ਦੀ ਛਾਪ ਜੜੀ ਹੁੰਦੀ ਹੈ। ਇਕ ਦਿਨ ਦੁਰਵਾਸ਼ਾ ਰਿਸ਼ੀ ਸ਼ਕੁੰਤਲਾ ਦੀ ਝੋਂਪੜੀ ਵਿਚ ਪਧਾਰਦਾ ਹੈ। ਆਪਣੇ ਪਤੀ ਦੇ ਖਿਆਲਾਂ ਵਿਚ ਖੋਈ ਸ਼ਕੁੰਤਲਾ ਉਸ ਵੱਲ ਧਿਆਨ ਨਾ ਦੇ ਸਕੀ। ਗੁੱਸੇ ਵਿਚ ਆਏ ਦੁਰਵਾਸ਼ਾ ਨੇ ਉਸ ਨੂੰ ਬੁਰਾ ਭਲਾ ਕਹਿੰਦਿਆਂ ਸਰਾਪ ਦੇ ਦਿੱਤਾ ਕਿ ਜਿਸ ਦੇ ਖਿਆਲਾਂ ਵਿਚ ਮਗਨ ਤੂੰ ਮੇਰਾ ਅਪਮਾਨ ਕੀਤਾ ਹੈ, ਤੈਨੂੰ ਉਹ ਯਾਦ ਵੀ ਨਹੀਂ ਰੱਖੇਗਾ। ਸ਼ਕੁੰਤਲਾ ਦੀਆਂ ਸਖੀਆਂ ਵਲੋਂ ਮਿੰਨਤ ਤਰਲਾ ਕਰਨ 'ਤੇ ਰਿਸ਼ੀ ਆਪਣਾ ਸਰਾਪ ਨਰਮ ਕਰ ਲੈਂਦਾ ਹੈ। ਚਲੋ ਜੇ ਤੂੰ ਕੋਈ ਆਪਣੇ ਪਿਆਰੇ ਨੂੰ ਨਿਸ਼ਾਨੀ ਦਿਖਾ ਸਕੇਂਗੀ ਤਾਂ ਉਸ ਨੂੰ ਤੇਰੀ ਯਾਦ ਆ ਜਾਵੇਗੀ।

ਪਰ ਸਰਾਪ ਦੇ ਅਸਰ ਕਾਰਨ ਦੁਸ਼ਿਅੰਤ ਸ਼ਕੁੰਤਲਾ ਨੂੰ ਭੁਲਾ ਦਿੰਦਾ ਹੈ। ਸ਼ਕੁੰਤਲਾ ਦੇ ਇਕ ਬਾਲ ਹੋ ਜਾਂਦਾ ਹੈ ਜਿਸ ਦਾ ਨਾਂ 'ਭਾਰਤ' ਰੱਖਿਆ ਗਿਆ। ਚਿੰਤਾਤੁਰ ਬਾਬਲ ਆਪਣੀ ਧੀ ਅਤੇ ਉਸ ਦੇ ਬੱਚੇ ਨੂੰ ਪਤੀ ਦੇ ਘਰ ਲੈ ਜਾਂਦਾ ਹੈ। ਰਾਹ ਵਿਚ ਦਰਿਆ ਪਾਰ ਕਰਦਿਆਂ ਸ਼ਕੁੰਤਲਾ ਦੇ ਹੱਥੋਂ ਮੁੰਦਰੀ ਪਾਣੀ ਦੀ ਧਾਰਾ ਵਿਚ ਡਿੱਗ ਪੈਂਦੀ ਹੈ। ਸ਼ਕੁੰਤਲਾ ਜਦ ਦੁਸ਼ਿਅੰਤ ਦੇ ਮਹਿਲਾਂ ਵਿਚ ਪੁੱਜਦੀ ਹੈ ਤਾਂ ਉਹ ਸਰਾਪ ਦੇ ਅਸਰ ਕਾਰਨ ਉਸ ਨੂੰ ਪਛਾਨਣ ਤੋਂ ਇਨਕਾਰ ਕਰ ਦਿੰਦਾ ਹੈ ਤੇ ਮਹਿਲਾਂ ਵਿਚ ਸ਼ਰਨ ਦੇਣ ਲਈ ਵੀ ਤਿਆਰ ਨਹੀਂ। ਵਿਚਾਰਿਆਂ ਨੂੰ ਵਾਪਿਸ ਮੁੜਨਾ ਪੈਂਦਾ ਹੈ। ਕਾਫੀ ਸਮੇਂ ਪਿਛੋਂ ਇਕ ਮਾਛੀ ਨੂੰ ਪਕੜੀ ਹੋਈ ਮੱਛੀ ਦੇ ਪੇਟ ਵਿਚੋਂ ਉਹੀ ਮੁੰਦਰੀ ਲਭਦੀ ਹੈ ਤਾਂ ਉਹ ਇਸ ਨੂੰ ਮਹਿਲਾਂ ਵਿਚ ਲੈ ਜਾਂਦਾ ਹੈ। ਦੁਸ਼ਿਅੰਤ ਨੂੰ ਉਹ ਮੁੰਦਰੀ ਦੇਖ ਕੇ ਸਭ ਕੁਝ ਯਾਦ ਆ ਜਾਂਦਾ ਹੈ। ਉਸ ਦਾ ਮਨ ਗੁਨਾਹ ਅਤੇ ਬੇਇਨਸਾਫੀ ਦੇ ਭਾਵਾਂ ਨਾਲ ਭਰ ਜਾਂਦਾ ਹੈ ਤੇ ਉਹ ਸ਼ਕੁੰਤਲਾ ਨੂੰ ਲੈਣ ਵਣਾਂ ਵਿਚ ਚਲਾ ਜਾਂਦਾ ਹੈ। ਖੈਰ, ਸ਼ਕੁੰਤਲਾ ਉਸ ਨੂੰ ਮੁਆਫ ਕਰ ਦਿੰਦੀ ਹੈ। ਦੋਨਾਂ ਦਾ ਮਿਲਣ ਹੋ ਜਾਂਦਾ ਹੈ ਤੇ ਉਹ ਖੁਸ਼ੀ ਖੁਸ਼ੀ ਵਿਆਹੁਤਾ ਜੀਵਨ ਬਤੀਤ ਕਰਦੇ ਹਨ।



ਦੱਸਿਆ ਜਾਂਦਾ ਹੈ ਕਿ ਸ਼ਕੁੰਤਲਾ ਦੇ ਪੇਟੋਂ ਪੈਦਾ ਹੋਏ ਬੱਚੇ ਦੇ ਨਾਂ 'ਤੇ ਹੀ ਦੇਸ਼ ਦਾ ਨਾਂ ਭਾਰਤ ਰੱਖਿਆ ਗਿਆ। ਸ਼ਕੁੰਤਲਾ ਦਾ ਇਹ ਨਾਂ 'ਸ਼ਕੁਨ' ਸ਼ਬਦ ਤੋਂ ਰੱਖਿਆ ਗਿਆ ਸੀ ਜਿਸ ਦਾ ਮਤਲਬ ਵੱਡਾ ਪੰਛੀ ਖਾਸ ਤੌਰ 'ਤੇ ਇੱਲ ਆਦਿ ਹੁੰਦਾ ਹੈ। ਇਹ ਸ਼ਬਦ ਆਮ ਪੰਛੀ ਲਈ ਵੀ ਵਰਤਿਆ ਜਾਂਦਾ ਹੈ। ਕਹਾਣੀ ਅਨੁਸਾਰ ਸ਼ਕੁਨ ਕਹਾਉਂਦੇ ਇਹ ਪੰਛੀ ਜੰਗਲ ਦੇ ਖੂੰਖਾਰ ਜਾਨਵਰਾਂ ਤੋਂ ਸ਼ਕੁੰਤਲਾ ਦੀ ਰੱਖਿਆ ਕਰਦੇ ਸਨ। ਇਹ ਸ਼ਕੁਨ ਸ਼ਬਦ ਹੀ ਪੰਜਾਬੀ ਵਿਚ ਆ ਕੇ ਸ਼ਗਨ ਬਣ ਗਿਆ। ਕਿਸੇ ਕੰਮ 'ਚ ਹੱਥ ਪਾਉਣ ਲੱਗਿਆਂ ਸ਼ਗਨ ਵਿਚਾਰੇ ਜਾਂਦੇ ਹਨ ਕਿਉਂਕਿ ਪੁਰਾਣੇ ਸਮਿਆਂ ਵਿਚ ਪੰਛੀ ਦੀ ਚਾਲ ਅਤੇ ਬੋਲੀ ਤੋਂ ਲੋਕ ਬੁਰੇ ਭਲੇ ਨਤੀਜਿਆਂ ਦੀ ਆਸ ਰਖਦੇ ਸਨ, "ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵਹਿ॥" -ਗੁਰੂ ਅਰਜਨ ਦੇਵ।

ਸ਼ਗਨ ਤੋਂ ਪੰਜਾਬੀ 'ਚ ਸਉਣ ਸ਼ਬਦ ਬਣਿਆ ਜੋ ਗੁਰਬਾਣੀ ਵਿਚ ਇਨ੍ਹਾਂ ਅਰਥਾਂ ਵਿਚ ਆਉਂਦਾ ਹੈ, "ਸੋਈ ਸਾਸਤੁ ਸਉਣ ਸੋਇ॥" -ਗੁਰੂ ਅਰਜਨ ਦੇਵ। ਸਉਣ ਸਾਸਤ ਉਸ ਸ਼ਾਸਤਰ ਨੂੰ ਆਖਦੇ ਹਨ ਜਿਸ ਤੋਂ ਭਲੇ ਬੁਰੇ ਸ਼ਗਨਾਂ ਦਾ ਫਲ ਲਿਆ ਜਾਵੇ, "ਛਨਿਛਰਵਾਰ ਸਉਣ-ਸਾਸਤ ਬੀਚਾਰ" -ਗੁਰੂ ਰਾਮ ਦਾਸ।

ਇਸ ਪ੍ਰਸੰਗ ਵਿਚ ਮੁੰਦੀ ਸ਼ਬਦ ਦੇ ਮੁਢਲੇ ਅਰਥਾਂ 'ਤੇ ਵਿਚਾਰ ਕਰਨਾ ਜ਼ਰੂਰੀ ਹੈ। ਸੰਸਕ੍ਰਿਤ ਵਿਚ ਇਕ ਸ਼ਬਦ ਹੈ 'ਮੁਦ੍' ਜਿਸ ਦਾ ਅਰਥ ਬੰਦ ਕਰਨਾ, ਛਾਪ ਲਾਉਣਾ, ਮੋਹਰ ਲਾਉਣਾ, ਠੱਪਾ ਲਾਉਣਾ ਆਦਿ ਹੁੰਦਾ ਹੈ। ਬੰਦ ਕਰਨਾ ਅਤੇ ਛਾਪ ਲਾਉਣਾ ਭਾਵਾਂ ਵਿਚ ਕੀ ਸਾਂਝ ਹੋ ਸਕਦੀ ਹੈ? ਸੋਚੋ, ਦੋਨਾਂ ਵਿਚ ਦਬਾਉਣ ਦੀ ਕ੍ਰਿਆ ਹੈ। ਜੇ ਅਸੀਂ ਹੱਥਾਂ ਨਾਲ ਕੰਨ ਜਾਂ ਅੱਖਾਂ ਦਬਾਉਂਦੇ ਹਾਂ ਤਾਂ ਉਹ ਬੰਦ ਹੋ ਜਾਂਦੀਆਂ ਹਨ। ਕਿਸੇ ਠੱਪੇ ਨੂੰ ਕਪੜੇ 'ਤੇ ਦਬਾਉਣ ਨਾਲ ਉਹ ਆਪਣੀ ਛਾਪ ਛੱਡਦਾ ਹੈ। ਮੁਦ੍ਰਣ ਦਾ ਅਰਥ ਛਾਪਣਾ ਹੁੰਦਾ ਹੈ ਤੇ ਮੁਦ੍ਰਕ ਛਾਪਕ ਨੂੰ ਆਖਦੇ ਹਨ। ਠੱਪ ਦੇਣਾ ਦਾ ਮਤਲਬ ਬੰਦ ਕਰਨਾ ਹੁੰਦਾ ਹੈ ਤੇ ਠੱਪਾ ਲਾਉਣਾ ਦਾ ਮਤਲਬ ਛਾਪਣਾ ਹੁੰਦਾ ਹੈ। ਅੰਗਰੇਜ਼ੀ 'ਸੀਲ' ਦਾ ਅਰਥ ਬੰਦ ਕਰਨਾ ਵੀ ਤੇ ਮੁਹਰ ਛਾਪ ਵੀ ਹੁੰਦਾ ਹੈ। ਮੁੰਦਣਾ ਸ਼ਬਦ ਇਸੇ ਮੁਦ੍ ਤੋਂ ਆ ਰਿਹਾ ਹੈ ਜਿਸ ਦਾ ਅਰਥ ਕੋਈ ਵੀ ਚੀਜ਼ ਬੰਦ ਕਰਨਾ ਹੁੰਦਾ ਹੈ ਜਿਵੇਂ ਅੱਖਾਂ ਮੁੰਦਣਾ। ਮੁੰਦਰੀ ਜਾਂ ਮੁੰਦੀ ਦਰਅਸਲ ਉਹ ਗਹਿਣਾ ਹੈ ਜਿਸ ਵਿਚ ਕੋਈ ਅੱਖਰ ਛਾਪੇ ਜਾਂ ਖੁਣੇ ਹੋਣ। ਧਿਆਨ ਦਿਉ ਛਾਪ ਦਾ ਅਰਥ ਮੁੰਦੀ ਵੀ ਹੁੰਦਾ ਹੈ ਤੇ ਛਪੇ ਹੋਏ ਅੱਖਰ ਜਾਂ ਚਿੱਤਰ ਵੀ। ਮੁੰਦਰੀ ਦਾ ਸੰਸਕ੍ਰਿਤ ਰੂਪ ਮੁਦ੍ਰਿਕਾ ਹੁੰਦਾ ਹੈ। ਇਸ ਤੋਂ ਹੀ ਨਿਸ਼ਾਨ, ਭੇਖ ਚਿੰਨ੍ਹ, ਵਿਖਾਵਾ ਆਦਿ ਦੇ ਭਾਵ ਸਾਹਮਣੇ ਆਏ। ਇਸ ਤੋਂ ਪ੍ਰਸੰਨਤਾ, ਖੁਸ਼ੀ ਦੇ ਭਾਵ ਆਏ, "ਹਮਰੀ ਮੁਦ੍ ਨਮਹਰਿ ਸੁਆਮੀ" -ਰਾਮ ਦਾਸ।

ਇਸ ਸੰਦਰਭ ਵਿਚ ਸਭ ਤੋਂ ਅਹਿਮ ਸ਼ਬਦ ਹੈ ਮੁਦਰਾ ਜਾਂ ਮੁਦ੍ਰਾ ਜੋ ਵਿਆਪਕ ਅਰਥਾਂ ਵਿਚ ਵਰਤਿਆ ਜਾਂਦਾ ਹੈ। ਮੁਦਰਾ ਮਨੁਖੀ ਹਾਵ-ਭਾਵ ਦਾ ਪ੍ਰਗਟਾਅ ਹੈ। ਇਹ ਮੂਰਤੀਆਂ ਵਿਚ ਵੀ ਦਰਸਾਇਆ ਜਾਂਦਾ ਹੈ ਤੇ ਨਾਚ ਵਿਚ ਵੀ। ਨਾਥ ਪੰਥੀ ਜੋਗ ਸਾਧਨਾ ਦੇ ਅੰਤਰਗਤ ਇਹ ਅਧਿਆਤਮਕ ਰੂਪ ਲੈ ਲੈਂਦਾ ਹੈ। ਨਾਥ ਪੰਥੀ ਉਂਗਲੀਆਂ ਦੀਆਂ ਅਜੀਬੋ ਗਰੀਬ ਮੁਦਰਾਵਾਂ ਬਣਾ ਕੇ ਅਨੇਕਾਂ ਪ੍ਰਕਾਰ ਦੇ ਸੰਕੇਤ ਪ੍ਰਗਟਾਉਂਦੇ ਹਨ। ਕਿਸੇ ਭਾਵ ਨੂੰ ਕੇਵਲ ਚਿੰਨ੍ਹ ਜਾਂ ਭੇਖ ਰੂਪ ਵਿਚ ਪ੍ਰਸਤੁਤ ਕਰਨਾ ਵੀ ਮੁਦਰਾ ਹੈ। ਏਥੇ ਆ ਕੇ ਨਾਥ ਪੰਥ ਅਨੁਸਾਰ ਕੰਨ ਪੜਵਾ ਕੇ ਮੁੰਦਰਾਂ ਧਾਰਨ ਕਰਨ ਦਾ ਆਸ਼ਾ ਵੀ ਸਮਝ ਆਉਂਦਾ ਹੈ। ਮੁੰਦਰਾਂ ਲਈ ਮੁੰਦਾ ਸ਼ਬਦ ਵੀ ਚਲਦਾ ਹੈ, "ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿ ਭੂਤਿ" -ਜਪੁ। ਮੁੰਦਰਾਂ ਇਕੋ ਵੇਲੇ ਕੰਨ ਵੀ ਮੁੰਦਦੀਆਂ ਹਨ ਤੇ ਨਾਲ ਦੀ ਨਾਲ ਨਾਥ ਪੰਥ ਦੀਆਂ ਗੁਝੀਆਂ ਧਾਰਨਾਵਾਂ ਦਾ ਚਿੰਨ੍ਹ ਵੀ ਹਨ। ਗੁਰੂ ਸਾਹਿਬ ਨੇ ਇਸ ਦੀ ਅਲੋਚਨਾ ਕੀਤੀ ਹੈ, "ਜੋਗਿ ਨਾ ਮੁੰਦੀ ਮੂਡਿਮੁਡਾਇਆ।" ਸਿਧਿ ਗੋਸਟਿ ਵਿਚ ਗੁਰੂ ਸਾਹਿਬ ਪ੍ਰਸ਼ਨ ਕਰਦੇ ਹਨ, "ਗਿਆਨ ਕੀ ਮੁਦ੍ਰਾ ਕਵਨ ਅਉਧੂ?"

ਮੁਦ੍ਰਾ ਇਕ ਅਰਥ ਅਲੰਕਾਰ ਵੀ ਹੈ ਜਿਸ ਵਿਚ ਕੋਈ ਪ੍ਰਸੰਗ ਕਹਿੰਦੇ ਹੋਏ ਕਿਸੇ ਪਦ ਦੁਆਰਾ ਹੋਰ ਅਰਥਾਂ ਦਾ ਬੋਧ ਵੀ ਹੁੰਦਾ ਹੈ ਜਿਵੇਂ "ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ" ਵਿਚ ਸੂਅਰ ਮੁਸਲਮਾਨ ਲਈ ਅਤੇ ਗਾਇ ਹਿੰਦੂ ਦਾ ਸੰਕੇਤਕ ਬਣਦਾ ਹੈ। ਇਸ ਵਿਚ ਛਪਣ ਦੇ ਅਰਥ ਸਮਾਏ ਹੋਣ ਕਾਰਨ ਹੀ ਮੁਦ੍ਰਾ ਜਿਸ ਨੂੰ ਅਸੀਂ ਅੱਜ ਕਲ੍ਹ ਮੁਦਰਾ ਵਜੋਂ ਲਿਖਦੇ ਹਾਂ, ਕਰੰਸੀ ਦੇ ਭਾਵ ਵੀ ਦਿੰਦਾ ਹੈ। ਸਿੱਕਾ ਜਾਂ ਕਰੰਸੀ ਅਸਲ ਵਿਚ ਸਰਕਾਰ ਵਲੋਂ ਪਰਜਾ ਅੱਗੇ ਪੇਸ਼ ਕੀਤਾ ਉਹ ਸਾਧਨ ਹੈ ਜਿਸ ਉਤੇ ਸਰਕਾਰੀ ਮੋਹਰ ਦੀ ਛਾਪ ਹੁੰਦੀ ਹੈ। ਬਿਨਾਂ ਅਧਿਕਾਰਿਤ ਛਾਪ ਤੋਂ ਖਾਲੀ ਕਾਗਜ਼ ਜਾਂ ਧਾਤ ਦਾ ਟੁਕੜਾ ਮੁਦਰਾ ਨਹੀਂ ਹੈ। ਇਥੇ ਤੁਹਾਨੂੰ ਇਕ ਦਿਲਚਸਪ ਗੱਲ ਦਸਦੇ ਹਾਂ। ਰਾਜਿਆਂ ਦੇ ਰਸੋਈ ਘਰ ਦਾ ਇੰਚਾਰਜ ਆਪਣੇ ਸਾਹਮਣੇ ਭੋਜਨ ਤਿਆਰ ਕਰਵਾ ਕੇ ਦੇਗਾਂ 'ਤੇ ਮੋਹਰਾਂ ਲਾਉਂਦਾ ਸੀ ਤਾਂ ਕਿ ਕੋਈ ਜ਼ਹਿਰ ਆਦਿ ਨਾ ਮਿਲਾ ਸਕੇ। ਇਸ ਕ੍ਰਿਆ ਨੂੰ ਮੁੰਦਣਾ ਕਹਿੰਦੇ ਹਨ। ਇਹੀ ਮੁੰਦਾਵਣੀ ਵੀ ਹੈ। ਇਹ ਭਾਵ ਗੁਰੂ ਗ੍ਰੰਥ ਸਾਹਿਬ ਵਿਚ ਇਸ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ, "ਏਹ ਮੁਦਾਵਣੀ ਸਤਿਗੁਰੂ ਗੁਰਸਿਖਾਂ ਲਧੀ ਭਾਲ" -ਗੁਰੂ ਅਮਰ ਦਾਸ। ਭਾਵ ਗੁਰਉਪਦੇਸ਼ ਸਿੱਖਾਂ ਦਾ ਮਨ ਦ੍ਰਿੜਾ ਕੇ ਸਤਿਗੁਰ ਨੇ ਸਿੱਖਾਂ ਦੇ ਮੋਹਰਛਾਪ ਲਾ ਦਿੱਤੀ ਹੈ ਤਾਂ ਕਿ ਨੇਮਾਂ ਵਿਚ ਗੜਬੜ ਨਾ ਹੋਵੇ। "ਮੁੰਦਾਵਣੀ ਮਹਲਾ 5" ਸਿਰਲੇਖ ਅਧੀਨ ਆਈ ਮੁੰਦਾਵਣੀ ਦਾ ਭਾਵ ਅੰਤਮ ਮੁਹਰਛਾਪ ਹੈ ਅਰਥਾਤ ਪਾਠ ਦੀ ਸਮਾਪਤੀ ਹੋ ਗਈ ਹੈ, ਭੋਗ ਪੈ ਗਿਆ ਹੈ। ਮੁਦਰਾ ਦੇ ਹੀ ਬਹੁਤੇ ਅਰਥ ਰਖਦਾ ਫਾਰਸੀ ਸੁਜਾਤੀ ਸ਼ਬਦ ਮੁਹਰ ਹੈ। ਪਾਠਕ ਦੇਖਣਗੇ ਕਿ ਮੁਹਰ ਵਿਚ ਹੀ ਛਾਪ ਦੇ ਅਰਥ ਵੀ ਸਮਾਏ ਹੋਏ ਹਨ।

ਸ਼ਕੁੰਤਲਾ ਦੀ ਕਹਾਣੀ ਵਿਚ ਮੁੰਦੀ ਦਾ ਅਹਿਮ ਰੋਲ ਹੈ। ਮੁੰਦੀ ਵਿਚ ਹੀ ਦੁਸ਼ਿਅੰਤ ਦਾ ਸ਼ਕੁੰਤਲਾ ਨਾਲ ਪਿਆਰ ਖੁਣਿਆ ਹੋਇਆ ਸੀ। ਤੇ ਇਹ ਮੁੰਦਰੀ ਲਭਣ ਪਿਛੋਂ ਹੀ ਪਿਆਰ ਮੁੜ ਜਾਗ੍ਰਿਤ ਹੁੰਦਾ ਹੈ।

# ਮਾਂਵਾਂ ਨੂੰ ਮਿਲੀਏ ਚਾਵਾਂ ਨਾਲ...


ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com


ਗਿਆਰਾਂ ਮਈ ਨੂੰ 'ਮਾਂ ਦਿਵਸ' ਮਨਾਉਂਦਿਆਂ ਬਹੁਤ ਸਾਰੇ ਸੱਜਣਾਂ-ਮਿੱਤਰਾਂ ਅਤੇ ਭੈਣਾਂ ਨੇ ਆਪਣੀਆਂ ਮਾਂਵਾਂ ਨਾਲ ਫੋਟੋਆਂ ਖਿੱਚਵਾ ਕੇ ਫੇਸਬੁੱਕ, ਟਵਿੱਟਰ ਅਤੇ ਵੱਟਸਐਪ 'ਤੇ ਪਾਈਆਂ। ਕਈ ਮਿੱਤਰਾਂ ਨੇ ਸੋਗ ਭਰੇ ਸੁਨੇਹੇ ਵੀ ਪਾਏ ਹੋਏ ਸਨ, ਕਿਉਂਕਿ ਉਨ੍ਹਾਂ ਦੀਆਂ ਮਾਂਵਾਂ ਇਸ ਦੁਨੀਆਂ ਤੋਂ ਤੁਰ ਗਈਆਂ ਸਨ। ਕਈ ਮੇਰੇ ਵਰਗੇ ਮਾਂਵਾਂ ਤੋਂ ਕਈ ਸਾਲ ਦੇ ਵਿਛੜੇ ਹੋਣ ਕਰ ਕੇ ਹਉਕਿਆਂ ਨਾਲ ਮਾਂਵਾਂ ਨੂੰ ਯਾਦ ਕਰ ਰਹੇ ਸਨ। ਕਦੇ ਸੁਣਿਆ ਸੀ, 'ਤੁਸੀਂ ਚਿੱਠੀਆਂ ਪਾਉਣੀਆਂ ਭੁੱਲ ਗਏ, ਜਦੋਂ ਦਾ ਟੈਲੀਫੋਨ ਲੱਗਿਆ'; ਹੁਣ ਜਦੋਂ ਦਾ ਆਹ ਫੇਸਬੁੱਕ, ਟਵਿੱਟਰ ਆ ਗਏ, ਹੁਣ ਫੋਨ ਕਰਨਾ ਵੀ ਭੁੱਲਦੇ ਜਾਂਦੇ ਹਾਂ। ਸਭ ਸੁਨੇਹੇ ਗੁੰਗੀ ਜ਼ੁਬਾਨ 'ਚ ਹੱਥ ਹੀ ਬੋਲੀ ਜਾਂਦੇ ਹਨ।

ਖ਼ੈਰ! ਮੈਂ ਅੱਖਾਂ ਮਲਦਿਆਂ ਫੋਨ 'ਤੇ ਫੇਸਬੁੱਕ ਦੇ ਦਰਸ਼ਨ ਕਰਦਿਆਂ ਮਨ ਨੂੰ ਉਦਾਸ ਅਵਸਥਾ ਵਿਚ ਡਬੋ ਲਿਆ। ਮਾਂ ਦੀ ਘੂਰੀ ਤੇ ਚੂਰੀ ਚੇਤੇ ਆ ਗਈ। ਮੈਂ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ। ਸਾਡੀ ਮਹੀਨੇ ਦੀ ਫੀਸ ਪੰਜਾਹ ਪੈਸੇ ਹੁੰਦੀ ਸੀ ਜੋ ਪਹਿਲੀ ਤੋਂ ਪੰਜ ਤਾਰੀਕ ਤੱਕ ਦੇਣੀ ਹੁੰਦੀ ਸੀ, ਪਰ ਮਾਂ ਨੇ ਫੀਸ ਸੱਤ ਤਾਰੀਕ ਤੱਕ ਵੀ ਨਾ ਦਿੱਤੀ, ਤੇ ਮੈਂ ਅੱਠ ਤਾਰੀਕ ਨੂੰ ਸਕੂਲ ਜਾਣ ਤੋਂ ਨਾਂਹ ਕਰ ਦਿੱਤੀ। ਪਤਾ ਨਹੀਂ ਕੀ ਕਾਰਨ ਸਨ, ਜਾਂ ਤਾਂ ਘਰ ਪੈਸੇ ਨਹੀਂ ਸਨ, ਜਾਂ ਮਾਂ ਆਪ ਫੀਸ ਦੇ ਕੇ ਆਉਣਾ ਚਾਹੁੰਦੀ ਸੀ। ਜਦੋਂ ਮੈਂ ਸਕੂਲ ਜਾਣ ਤੋਂ ਨਾਂਹ ਕੀਤੀ, ਮਾਂ ਨੇ ਮੈਨੂੰ ਚੰਗਾ ਕੁੱਟਿਆ। ਮੈਂ ਰੱਜ ਕੇ ਰੋਇਆ। ਮੈਨੂੰ ਅੱਜ ਵੀ ਯਾਦ ਹੈ, ਮੇਰੇ ਹਰੇ ਰੰਗ ਦਾ ਕਮੀਜ਼ ਪਾਇਆ ਸੀ ਤੇ ਨੀਲੇ ਰੰਗ ਦੀ ਨਿੱਕਰ ਤੇ ਪੈਰੀਂ ਚੱਪਲਾਂ ਸਨ। ਮੈਂ ਰੋਂਦਾ ਹੀ ਆਪਣੇ ਨਾਨਕਿਆਂ ਵੱਲ ਹੋ ਤੁਰਿਆ। ਸੁਧਾਰ ਤੱਕ ਤੁਰ ਕੇ ਗਿਆ। ਸੁਧਾਰ ਤੋਂ ਤੂੜੀ ਵਾਲੀ ਖਾਲੀ ਟਰਾਲੀ ਮਿਲ ਗਈ। ਟਰਾਲੀ ਹਲਵਾਰੇ ਤੋਂ ਪੱਖੋਵਾਲ ਵੱਲ ਮੁੜ ਗਈ ਤੇ ਟਰਾਲੀ ਮੁੜਦਿਆਂ ਹੀ ਮੈਂ ਛਾਲ ਮਾਰ ਗਿਆ। ਮੂੰਹੋਂ ਇਹੀ ਅਰਦਾਸਾਂ ਕਰੀ ਜਾਵਾਂ-ਹੇ ਰੱਬਾ! ਮੇਰੀ ਮਾਂ ਨੂੰ ਚੁੱਕ ਲੈ।

ਹਲਵਾਰੇ ਤੋਂ ਮੈਂ ਫਿਰ ਤੁਰਿਆ। ਹਲਵਾਰੇ ਅਤੇ ਨੂਰਪੁਰੇ ਵਿਚਕਾਰ ਸੂਆ ਵਗਦਾ ਹੈ। ਸੜਕ ਦੇ ਕੰਢੇ ਵੱਡਾ ਬਰੋਟਾ ਸੀ। ਉਸ ਦੇ ਥੱਲੇ ਲੱਗੇ ਨਲਕੇ ਤੋਂ ਪਾਣੀ ਪੀਤਾ, ਮੂੰਹ ਧੋਤਾ ਤੇ ਅਗਲੇ ਪੜਾਅ ਦੀ ਤਿਆਰੀ ਕੀਤੀ। ਅੱਗੇ ਤੁਰਿਆ ਤਾਂ ਭੱਠੇ ਤੋਂ ਇੱਟਾਂ ਨਾਲ ਭਰਿਆ ਖੱਚਰ ਰੇਹੜਾ ਬਾਹਰ ਨਿਕਲਦਾ ਦੇਖਿਆ। ਮੈਂ ਭੱਜ ਕੇ ਰੇਹੜੇ ਨੂੰ ਹੱਥ ਪਾ ਲਿਆ। ਜਿਵੇਂ-ਜਿਵੇਂ ਖੱਚਰ ਰੇਹੜਾ ਭੱਜਦਾ ਗਿਆ, ਮੇਰਾ ਸਾਹ ਚੜ੍ਹਦਾ ਗਿਆ। ਖੱਚਰ ਰੇਹੜੇ ਦਾ ਮਾਲਕ ਚਾਲੀ ਕੁ ਸਾਲ ਦਾ ਹੋਵੇਗਾ, ਮੈਨੂੰ ਸਵਾਲ ਪੁੱਛਦਾ ਗਿਆ। ਮੈਂ ਸਾਹੋ-ਸਾਹ ਚੜ੍ਹੇ ਉਸ ਨੂੰ ਉਤਰ ਦਿੰਦਾ ਗਿਆ। ਉਸ ਦੇ ਮਨ ਮਿਹਰ ਪਈ ਤੇ ਉਸ ਨੇ ਖੱਚਰ ਰੇਹੜਾ ਰੋਕ ਕੇ ਉਤੇ ਬਿਠਾ ਲਿਆ। ਭਿੱਜੇ ਮੁੱਖ 'ਤੇ ਇੱਟਾਂ ਦੀ ਕੇਰੀ ਪੈਣ ਨਾਲ ਮੇਰਾ ਮੂੰਹ ਲਾਲ ਹੋ ਚੁੱਕਿਆ ਸੀ, ਤੇ ਸਾਰੇ ਮੁੱਖ 'ਤੇ ਖਾਰਸ਼ ਛਿੜ ਗਈ ਸੀ। ਸੜਕ ਦੇ ਕੰਢੇ ਖੇਤਾਂ ਵਿਚ ਬੁੜ੍ਹੀਆਂ ਕਪਾਹ ਚੁਗਦੀਆਂ ਸਨ। ਜਿਉਂ-ਜਿਉਂ ਨਾਨਕਾ ਪਿੰਡ ਨੇੜੇ ਆ ਰਿਹਾ ਸੀ, ਮੈਨੂੰ ਖੁਸ਼ੀ ਅਤੇ ਡਰ ਦੋਵੇਂ ਹੀ ਘੇਰਾ ਪਾ ਰਹੇ ਸਨ। ਖੱਚਰ ਰੇਹੜੇ ਵਾਲਾ ਮੈਨੂੰ ਨੂਰਪੁਰੇ ਉਤਾਰ ਗਿਆ। ਢਾਈ ਕਿਲੋਮੀਟਰ ਤੁਰਿਆ। ਭੁੱਖ ਨਾਲ ਜਾਨ ਨਿਕਲ ਰਹੀ ਸੀ। ਡਰਦੇ ਨੇ ਕਿਸੇ ਦੇ ਖੇਤੋਂ ਗੰਨਾ ਵੀ ਨਾ ਪੁੱਟਿਆ। ਬੱਸ ਮਾਂ ਦੇ ਖ਼ਿਲਾਫ਼ ਬੋਲੀ ਜਾ ਰਿਹਾ ਸਾਂ। ਗਰਮੀ ਵੀ ਬਹੁਤ ਸੀ। ਮੈਂ ਪਿੰਡ ਬਰ੍ਹਮੀ ਪਹੁੰਚ ਗਿਆ। ਜਨਾਨੀਆਂ ਨਾਲ ਗੱਲਾਂ ਕਰਦੀ ਮੇਰੀ ਮਾਸੀ ਨੇ ਮੈਨੂੰ ਦੇਖਦਿਆਂ ਹੀ ਕਿਹਾ, "ਨੀ ਉਹ ਸਾਡਾ ਮੇਜੀ ਤੁਰਿਆ ਆਉਂਦੈ?" ਸਾਰੀਆਂ ਜਨਾਨੀਆਂ ਦਾ ਧਿਆਨ ਮੇਰੇ ਵੱਲ ਹੁੰਦਿਆਂ, ਫਿਰ ਮੇਰੀ ਹਾਲਤ ਵੱਲ ਵੀ ਚਲਿਆ ਗਿਆ। ਮੇਰੀ ਮਾਸੀ ਨੇ ਮੈਨੂੰ ਘੁੱਟ ਕੇ ਬੁੱਕਲ ਵਿਚ ਲੈਂਦਿਆਂ ਪੁੱਛਿਆ, "ਵੇ ਤੈਨੂੰ ਕੀ ਹੋ ਗਿਆ? ਸੁੱਖ ਤਾਂ ਹੈ? ਤੂੰ 'ਕੱਲਾ ਕਿਉਂ ਆਇਆਂ?" ਮਾਸੀ ਇਕੋ ਸਾਹੇ ਕਈ ਸਾਵਲ ਪੁੱਛ ਗਈ ਪਰ ਮੈਂ ਰੋਂਦਾ-ਰੋਂਦਾ ਇੰਨਾ ਕੁ ਹੀ ਦੱਸ ਸਕਿਆ ਕਿ ਬੀਬੀ ਨੇ ਮੈਨੂੰ ਬਹੁਤ ਕੁੱਟਿਆ ਹੈ।

ਮਾਸੀ ਨੇ ਪਹਿਲਾਂ ਮੇਰਾ ਮੂੰਹ ਧੋਤਾ, ਪਾਣੀ ਪਿਲਾਇਆ। ਮੇਰੀ ਦੁੱਖ ਭਰੀ ਕਹਾਣੀ ਸੁਣੀ, ਤੇ ਬੀਬੀ ਨੂੰ ਵੀਹ ਗਾਲ੍ਹਾਂ ਕੱਢੀਆਂ। ਚਾਹ ਪਿਛੋਂ ਮਾਸੀ ਨੇ ਰੋਟੀ ਖੁਆਈ। ਫਿਰ ਮਾਮੇ ਹੋਰੀਂ ਖੇਤੋਂ ਆ ਗਏ। ਸਭ ਬੀਬੀ ਨੂੰ ਬੁਰਾ-ਭਲਾ ਬੋਲਦੇ ਰਹੇ। ਪਿੰਡ 'ਚ ਬੁੱਧਵਾਰੀਆ ਰਾਏਕੋਟ ਤੋਂ ਕੱਪੜੇ ਵੇਚਣ ਆਉਂਦਾ ਸੀ, ਮਾਸੀ ਨੇ ਉਸ ਤੋਂ ਮੈਨੂੰ ਸੂਟ ਲੈ ਕੇ ਦਿੱਤਾ ਤੇ ਸ਼ਿੰਦਰ ਤਰਖਾਣੀ ਕੋਲ ਲਿਜਾ ਕੇ ਮੇਚਾ ਦੁਆ ਆਈ। ਸ਼ਾਮ ਤੱਕ ਕੁੜਤਾ ਪਜਾਮਾ ਬਣਾਉਣ ਵਾਸਤੇ ਕਿਹਾ। ਫਿਰ ਕਿਸੇ ਨਾਲ ਮਕਾਣ ਗਈ ਮੇਰੀ ਨਾਨੀ ਵੀ ਵਾਪਸ ਆ ਗਈ। ਉਸ ਨੇ ਵੀ ਕਿਹਾ, "ਮੈਂ ਤੇਰੀ ਮਾਂ ਦੇ ਭੰਨਾਂਗੀ ਹੱਡ!"

ਇੱਧਰ ਬੀਬੀ ਨੇ ਇਹ ਸਮਝਿਆ ਕਿ ਕੁੱਟ ਖਾ ਕੇ ਸਕੂਲ ਚਲਿਆ ਗਿਆ ਹੈ। ਜਦੋਂ ਸਾਰੀ ਛੁੱਟੀ ਹੋ ਗਈ ਤੇ ਮੈਂ ਘਰ ਨਾ ਪਹੁੰਚਿਆ ਤਾਂ ਮਾਂ ਕਮਲੀ ਹੋਈ ਸਭ ਨੂੰ ਪੁੱਛੀ ਜਾਵੇ। ਜਦੋਂ ਮਾਂ ਨੂੰ ਪਤਾ ਲੱਗਿਆ ਕਿ ਮੈਂ ਤਾਂ ਸਕੂਲ ਹੀ ਨਹੀਂ ਗਿਆ ਤਾਂ ਉਹਨੂੰ ਵੀ ਪਤਾ ਲੱਗ ਗਿਆ ਕਿ ਮੈਂ ਨਾਨਕੀਂ ਤੁਰ ਗਿਆ ਹਾਂ, ਉਹ ਵੀ ਬੂਟੀਆਂ ਵਾਲਾ ਝੋਲਾ ਚੁੱਕ ਸ਼ਾਮ ਤੱਕ ਨਾਨਕੀਂ ਪਹੁੰਚ ਗਈ। ਮਾਂ ਨੂੰ ਤੁਰੀ ਆਉਂਦੇ ਦੇਖ ਕੇ ਮੈਨੂੰ ਵੱਡੇ ਪਲੰਘ ਥੱਲੇ ਲੁਕੋ ਦਿੱਤਾ ਗਿਆ। ਮਾਂ ਰੋਂਦੀ ਹੋਈ ਅੰਦਰ ਵੜੀ ਤੇ ਮੇਰੇ ਬਾਰੇ ਪੁੱਛਿਆ। ਪਹਿਲਾਂ ਸਾਰਿਆਂ ਨੇ ਬੀਬੀ ਦੀ ਚੰਗੀ ਕਲਾਸ ਲਾਈ। ਜਦੋਂ ਬੀਬੀ ਰੋਣ ਤੋਂ ਨਾ ਹਟੀ, ਤਾਂ ਫਿਰ ਮੇਰਾ ਮਾਮਾ ਮੈਨੂੰ ਪਲੰਘ ਥੱਲਿਉਂ ਕੱਢ ਲਿਆਇਆ। ਬੀਬੀ ਨੇ ਬਾਹਾਂ ਖਿਲਾਰ ਦਿੱਤੀਆਂ ਤੇ ਮੈਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ। ਅਸੀਂ ਦੋਵੇਂ ਮਾਂ-ਪੁੱਤ ਭੁੱਲ ਗਏ ਕਿ ਸਾਡਾ ਕੋਈ ਗੁੱਸਾ-ਗਿੱਲਾ ਸੀ। ਫਿਰ ਕਹਾਣੀ ਹਾਸੇ ਵੱਲ ਮੁੜਨ ਲੱਗੀ। ਸ਼ਾਮ ਤੱਕ ਮੇਰਾ ਕੁੜਤਾ ਪਜਾਮਾ ਵੀ ਤਿਆਰ ਹੋ ਗਿਆ। ਮਾਸੀ ਹੱਟੀਉਂ ਨਵੀਆਂ ਚੱਪਲਾਂ ਵੀ ਪੁਆ ਲਿਆਈ। ਫਿਰ ਸਾਰਿਆਂ ਨੇ ਬੀਬੀ ਨੂੰ ਕਿਹਾ, "ਤੈਂ ਅੱਜ ਤੋਂ ਬਾਅਦ ਮੁੰਡੇ ਨੂੰ ਹੱਥ ਨਹੀਂ ਲਾਉਣਾ, ਨਹੀਂ ਤਾਂ ਅਸੀਂ ਇਸ ਨੂੰ ਇੱਥੇ ਪੜ੍ਹਨ ਲਾ ਲੈਣਾ।"

ਬੀਬੀ ਮੈਨੂੰ ਪਿਆਰ ਦੀਆਂ ਗੱਲਾਂ ਦੀ ਚੂਰੀ ਖੁਆਉਂਦੀ ਪਿੰਡ ਲੈ ਆਈ। ਮੈਨੂੰ ਵੀ ਬੀਬੀ ਦੇ ਪਿਆਰ ਨੇ ਕੁੱਟ ਭੁਲਾ ਦਿੱਤੀ। ਹੁਣ 'ਮਾਂ ਦਿਵਸ' ਉਤੇ ਮਾਂ ਨੂੰ ਯਾਦ ਕਰਦਾ ਇਹ ਅਰਦਾਸ ਕਰ ਰਿਹਾ ਸੀ-ਪਰਮਾਤਮਾ ਕ੍ਰਿਪਾ ਕਰੀਂ, ਮੈਂ ਮਾਂ ਨੂੰ ਜਿਉਂਦੀ ਨੂੰ ਮਿਲ ਲਵਾਂ। ਜੇ ਤੂੰ ਇੰਜ ਨਹੀਂ ਕਰਨਾ, ਤਾਂ ਆਖਰੀ ਮੋਢਾ ਦੇਣ ਦਾ ਹੱਕ ਨਾ ਖੋਹੀਂ। ਉਹ ਬਚਪਨ ਦੇ ਦਿਨ ਸਨ, ਜਦੋਂ ਕਹਿੰਦਾ ਸੀ...'ਮਾਂ ਮਰ ਜਾਵੇ' ਅੱਜ ਜੇ ਮਾਂ ਉਚੀ ਵੀ ਖੰਘਦੀ ਹੈ, ਫਿਕਰ ਹੋ ਜਾਂਦੈ ਕਿ ਮਾਂ ਨੂੰ ਕੁਝ ਹੋ ਨਾ ਜਾਵੇ।

ਆਪਣੇ ਅਤੀਤ ਵਿਚੋਂ ਨਿਕਲ ਕੇ ਮੈਂ ਚਾਹ ਦਾ ਕੱਪ ਪੀਤਾ ਤੇ ਬਾਹਰ ਸੈਰ ਕਰਨ ਤੁਰ ਗਿਆ। ਰਸਤੇ ਵਿਚ ਪੰਜਾਬੀ ਬਜ਼ੁਰਗ ਜੋੜਾ ਰਹਿੰਦਾ ਹੈ। ਮੈਂ ਲੰਘਦਿਆਂ ਬੇਬੇ ਦੇ ਗੋਡੀ ਹੱਥ ਲਾਉਂਦਿਆਂ ਪੁੱਛਿਆ, "ਬੇਬੇ, ਅੱਜ ਗੁਰਦੁਆਰੇ ਨਹੀਂ ਗਏ?"

"ਨਹੀਂ ਪੁੱਤ, ਅੱਜ ਮਾਂਵਾਂ ਦਾ ਦਿਨ ਹੈ। ਬਿੱਲੂ ਹੋਰਾਂ ਨੇ ਆਉਣਾ ਹੈ। ਅਸੀਂ ਸੋਚਿਆ, ਪਿੱਛੋਂ ਆ ਕੇ ਮੁੜ ਨਾ ਜਾਣ। ਤੇਰਾ ਬਾਬਾ ਤਾਂ ਫੋਨ ਕੋਲ ਬੈਠਾ ਆ ਕਿ ਕਿਤੇ ਵੱਜ ਕੇ ਨਾ ਹਟ ਜਾਵੇ ਤੇ ਸਾਨੂੰ ਸੁਣੇ ਨਾ।" ਪਿਛਲੇ ਚਾਰ ਸਾਲ ਤੋਂ ਇਹ ਜੋੜਾ ਇਕੱਲਾ ਰਹਿ ਰਿਹਾ ਹੈ। ਇਕ ਧੀ ਕੈਨੇਡਾ ਹੈ, ਇਕ ਇੰਡੀਆ। ਪੁੱਤ ਇਥੇ ਹੀ ਆਪਣੀ ਪਤਨੀ ਤੇ ਬੱਚਿਆਂ ਨਾਲ ਰਹਿੰਦਾ ਹੈ। ਮੈਂ ਲੰਘਦਾ ਹੋਇਆ ਇਨ੍ਹਾਂ ਨੂੰ ਫਤਹਿ ਬੁਲਾ ਕੇ ਅਗਾਂਹ ਲੰਘ ਜਾਂਦਾ ਹਾਂ। ਇਨ੍ਹਾਂ ਨੂੰ ਐਤਵਾਰੀਂ ਗੁਰਦੁਆਰੇ ਵੀ ਇਨ੍ਹਾਂ ਦਾ ਪਾਕਿਸਤਾਨੀ ਗੁਆਂਢੀ ਛੱਡ ਕੇ ਆਉਂਦਾ ਹੈ। ਗੁਰਦੁਆਰੇ ਹੀ ਮੈਂ ਬੇਬੇ-ਬਾਪੂ ਦੇ ਪੁੱਤ-ਨੂੰਹ ਨੂੰ ਮਿਲਿਆ ਸੀ। ਇਕ ਵਾਰ ਬਾਪੂ ਬਾਹਰ ਬੈਂਚ 'ਤੇ ਬੈਠਾ ਸੀ ਤੇ ਮੈਂ ਵੀ ਬਾਪੂ ਦੇ ਕੋਲ ਹੀ ਬੈਠਾ ਸੀ। ਬਾਪੂ ਦਾ ਪੁੱਤ ਆਇਆ ਤੇ ਬੋਲਿਆ, "ਲੰਗਰ ਲੱਗ ਗਿਆ ਹੈ, ਜੇ ਝੁਲਸਣਾ ਹੈ ਤਾਂ ਝੁਲਸ ਲੈ, ਫਿਰ ਘਰੇ ਜਾ ਕੇ ਟੱਕਰਾਂ ਮਾਰੋਗੇ।"

ਮੇਰੇ ਕੋਲੋਂ ਰਿਹਾ ਨਾ ਗਿਆ, ਮੈਂ ਕਿਹਾ, "ਬਾਈ ਜੀ! ਗੁਰੂ ਦੇ ਲੰਗਰ ਨੂੰ ਇੰਜ ਨਹੀਂ ਕਹੀਦਾ, ਨਾਲੇ ਬਜ਼ੁਰਗਾਂ ਦਾ ਸਤਿਕਾਰ ਕਰੀਦਾ।" ਉਹ ਬੋਲਿਆ, "ਜੇ ਇੰਨਾ ਹੀ ਦੁੱਖ ਹੈ ਤਾਂ ਘਰ ਲੈ ਜਾ।" ਮੈਂ ਅੱਗਿਉਂ ਕੁਝ ਬੋਲਦਾ, ਉਸ ਤੋਂ ਪਹਿਲਾਂ ਬਾਪੂ ਨੇ ਮੇਰੇ ਮੋਢਾ ਘੁੱਟ ਦਿੱਤਾ। ਬਾਪੂ ਦਾ ਪੁੱਤ ਜਾ ਚੁੱਕਾ ਸੀ। ਮੈਂ ਬਾਪੂ ਨੂੰ ਪ੍ਰਸ਼ਾਦਾ ਛਕਾ ਦਿੱਤਾ। ਬਾਪੂ ਦੇ ਪੁੱਤ ਨਾਲੋਂ ਉਨ੍ਹਾਂ ਦਾ ਖਿਆਲ ਪਾਕਿਸਤਾਨੀ ਜ਼ਿਆਦਾ ਰੱਖਦਾ ਹੈ। ਉਸ ਦੇ ਮਾਪੇ ਉਸ ਨੂੰ ਬਚਪਨ ਵਿਚ ਛੱਡ ਕੇ ਜਹਾਨੋਂ ਤੁਰ ਗਏ ਸਨ। ਉਸ ਨੂੰ ਮਾਪਿਆਂ ਦੇ ਪਿਆਰ ਦੀ ਕਮੀ ਹਰ ਪਲ ਸਤਾਉਂਦੀ ਹੈ। ਉਹ ਬੇਬੇ ਬਾਪੂ ਨਾਲ ਆਪਣਾ ਦੁੱਖ ਸਾਂਝਾ ਕਰ ਲੈਂਦਾ ਹੈ, ਨਾਲੇ ਕਹਿੰਦਾ ਹੈ ਕਿ ਮਾਂ ਦੇ ਪੈਰਾਂ ਵਿਚ ਜੰਨਤ ਹੁੰਦੀ ਹੈ।

ਪਤਾ ਨਹੀਂ ਕੀ ਕਾਰਨ ਹੈ, ਬੇਬੇ-ਬਾਪੂ ਆਪਣੇ ਪੁੱਤ-ਨੂੰਹ ਤੋਂ ਅਲੱਗ ਕਿਉਂ ਰਹਿੰਦੇ ਹਨ? ਬੇਬੇ ਦੱਸਦੀ ਹੈ ਕਿ ਜਦੋਂ ਕਿਤੇ ਪੁੱਤ ਦਾ ਜੀਅ ਕਰਦਾ ਹੈ, ਮਿਲਣ ਆ ਜਾਂਦਾ ਹੈ। ਨੂੰਹ ਦੇ ਪੇਕੇ ਵੀ ਕਿਸੇ ਹੋਰ ਸ਼ਹਿਰ ਰਹਿੰਦੇ ਹਨ। ਨੂੰਹ ਤਾਂ ਪੁੱਤ ਨਾਲੋਂ ਪਹਿਲਾਂ ਮਾਪਿਆਂ ਨੂੰ ਜਾ ਕੇ ਮਿਲ ਆਉਂਦੀ ਹੈ। ਖ਼ੈਰ! ਬੇਬੇ ਸਾਰਾ ਦਿਨ ਆਪਣੇ ਪੁੱਤ ਨੂੰ ਉਡੀਕਦੀ ਰਹੀ ਪਰ ਉਹ ਨਹੀਂ ਆਇਆ। ਮੈਂ ਵੀ ਘਰ ਆ ਕੇ ਕਿਸੇ ਪਾਸੇ ਨਾ ਗਿਆ। ਮੈਨੂੰ ਵੀ ਮਾਂ ਦੀਆਂ ਯਾਦਾਂ ਨੇ ਘੇਰੀ ਰੱਖਿਆ। ਬੰਦਾ ਰੋਟੀ-

(ਬਾਕੀ ਅਗਲੇ ਸਫੇ 'ਤੇ)

# ਵਧੀਆ ਗਾਇਕ-ਕਲਾਕਾਰ, ਉਤਮ ਇਨਸਾਨ

## ਪ੍ਰੋ. ਨਿਰੰਜਣ ਸਿੰਘ ਮਾਨ-4

***ਸ. ਗੁਰਬਚਨ ਸਿੰਘ ਭੁੱਲਰ ਨੇ ਇਸ ਲੇਖ ਲੜੀ ਵਿਚ ਉਸ ਦੌਰ ਦਾ ਜ਼ਿਕਰ ਛੋਹਿਆ ਹੈ ਜਦੋਂ ਲੋਕ-ਸਰੋਕਾਰਾਂ ਨਾਲ ਜੁੜੇ ਲੋਕ ਘਰੋਂ ਨਿਕਲ ਤੁਰੇ ਸਨ ਅਤੇ ਤਨ, ਮਨ, ਧਨ ਲਾ ਕੇ ਨਿਸ਼ਕਾਮ ਸੇਵਾ ਵਿਚ ਜੁਟ ਗਏ ਸਨ। ਨੌਜਵਾਨਾਂ ਵਿਚ ਜਨੂੰਨ ਦਾ ਇਹ ਉਹ ਦੌਰ ਸੀ ਜਦੋਂ ਸੁਰਿੰਦਰ ਕੌਰ ਵਰਗੀ ਗਾਇਕਾ ਸੰਸਾਰ ਭਰ ਵਿਚ ਮਸ਼ਹੂਰ ਹੋ ਕੇ ਵੀ ਪਿੰਡਾਂ-ਸ਼ਹਿਰਾਂ ਦੇ ਸਾਧਾਰਨ ਘਰਾਂ ਵਿਚ ਰੁੱਖਾ-ਮਿੱਸਾ ਖਾ ਕੇ ਅਮਨ ਦਾ ਹੋਕਾ ਦੇਣ ਵਾਲਿਆਂ ਨਾਲ ਦਿਨ-ਰਾਤ ਤੁਰੀ ਫਿਰਦੀ ਸੀ। ਪੰਜਾਬੀ ਸਭਿਆਚਾਰ ਲਈ ਵਿਰਾਟ ਪੱਧਰ ਉਤੇ ਹੋਈ ਇਸ ਸੁੱਚੀ ਸਰਗਰਮੀ ਦੀਆਂ ਗੱਲਾਂ ਲੇਖਕ ਨੇ ਆਪਣੀ ਇਸ ਲੇਖ ਲੜੀ ਵਿਚ ਕੀਤੀਆਂ ਹਨ। -ਸੰਪਾਦਕ***

ਪ੍ਰੋ. ਮਾਨ ਦੀ ਸ਼ਖਸੀਅਤ ਅਜਿਹੀ ਪਿਆਰੀ ਸੀ ਕਿ ਜੋ ਇਕ ਵਾਰ ਉਨ੍ਹਾਂ ਦੇ ਸੰਪਰਕ ਵਿਚ ਆ ਜਾਂਦਾ, ਨਾ ਉਹ ਇਨ੍ਹਾਂ ਨੂੰ ਛਡਦਾ ਸੀ ਅਤੇ ਨਾ ਇਹ ਉਹਨੂੰ ਮਿੱਤਰ-ਘੇਰੇ ਵਿਚੋਂ ਨਿਕਲਣ ਦਿੰਦੇ ਸਨ। ਇਹ ਲੰਮੀ ਸੂਚੀ ਲਾਇਲਪੁਰ ਦੇ ਬਾਰ ਖਾਲਸਾ ਹਾਈ ਸਕੂਲ ਚੱਕ ਨੰਬਰ 41 ਵਿਚ ਉਨ੍ਹਾਂ ਵਾਲੇ ਹੀ ਡੈਸਕ ਉਤੇ ਬੈਠਣ ਵਾਲੇ ਇੰਦਰਜੀਤ, ਜੋ ਮਗਰੋਂ ਇਮਰੋਜ਼ ਆਰਟਿਸਟ ਬਣਿਆ, ਤੋਂ ਸ਼ੁਰੂ ਕਰ ਕੇ ਅੰਤਲੇ ਦਿਨੀਂ ਕੈਨੇਡਾ ਵਿਚ ਬਣੇ ਨਵੇਂ ਮਿੱਤਰਾਂ ਤੱਕ ਜਾ ਪੁਜਦੀ ਹੈ। ਇਨ੍ਹਾਂ ਵਿਚ ਪਹਿਲਾਂ ਆ ਚੁੱਕੇ ਨਾਂਵਾਂ ਤੋਂ ਇਲਾਵਾ ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਸੁਰਿੰਦਰ ਸਿੰਘ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਕੋਹਲੀ, ਗਿਆਨੀ ਲਾਲ ਸਿੰਘ, ਪ੍ਰੋ. ਪ੍ਰੀਤਮ ਸਿੰਘ, ਦਲੀਪ ਕੌਰ ਟਿਵਾਣਾ, ਫਿਕਰ ਤੌਂਸਵੀ, ਜਗਜੀਤ ਸਿੰਘ ਅਨੰਦ ਤੇ ਉਰਮਿਲਾ, ਸੁਰਿੰਦਰ ਕੌਰ ਦੇ ਜੀਵਨ-ਸਾਥੀ ਪ੍ਰੋ. ਜੁਗਿੰਦਰ ਸਿੰਘ ਸੋਢੀ, ਡਾ. ਪਰੇਮ ਸਿੰਘ ਤੇ ਦਿਲਬੀਰ ਕੌਰ ਆਦਿ ਜਿਹੇ ਵਿਦਵਾਨ ਤੇ ਲੇਖਕ ਅਤੇ ਪ੍ਰਿਥਵੀਰਾਜ ਕਪੂਰ, ਬਲਰਾਜ ਸਾਹਨੀ ਤੇ ਭੀਸ਼ਮ ਸਾਹਨੀ, ਹਬੀਬ ਤਨਵੀਰ, ਅਚਲਾ ਸਚਦੇਵ, ਡਾ. ਹਰਚਰਨ ਸਿੰਘ ਨਾਟਕਕਾਰ, ਗੁਰਸ਼ਰਨ ਭਾਅ ਜੀ, ਹਰਪਾਲ ਤੇ ਨੀਨਾ ਦੀ ਟਿਵਾਣਾ ਜੋੜੀ ਆਦਿ ਜਿਹੀਆਂ ਫਿਲਮੀ ਤੇ ਰੰਗਮੰਚੀ ਹਸਤੀਆਂ ਸ਼ਾਮਲ ਸਨ।

ਰਾਮਪੁਰਾ ਫੂਲ ਵਾਲੀ ਕਾਨਫਰੰਸ ਤੋਂ ਮਗਰੋਂ ਉਨ੍ਹਾਂ ਨੂੰ ਸੁਣਨ ਦਾ ਸਬੱਬ ਕਦੀ ਨਾ ਬਣਿਆ। ਬੱਸ ਅਖਬਾਰਾਂ ਵਿਚ ਛਾਈਆਂ ਹੋਈਆਂ ਅਮਨ ਲਹਿਰ ਤੇ ਇਪਟਾ ਦੀਆਂ ਖਬਰਾਂ ਪੜ੍ਹਨ ਨੂੰ ਮਿਲਦੀਆਂ ਅਤੇ ਉਨ੍ਹਾਂ ਵਿਚ ਪ੍ਰੋ. ਮਾਨ ਦਾ ਨਾਂ ਬੋਲਦਾ ਰਹਿੰਦਾ। ਮੈਂ ਆਪਣੇ ਕੰਮਕਾਜੀ ਜੀਵਨ ਵਿਚ ਪੈ ਗਿਆ ਅਤੇ ਕੁਛ ਸਾਲਾਂ ਮਗਰੋਂ ਦਿੱਲੀ ਆ ਗਿਆ। ਪ੍ਰੋ. ਮਾਨ ਵੀ ਪੰਜਾਬੀ ਦੇ ਲੈਕਚਰਾਰ ਲੱਗ ਗਏ। ਸਮੇਂ ਨਾਲ ਦੇਸ਼ ਦੀ ਰਾਜਨੀਤੀ ਦਾ ਰੰਗ-ਰੂਪ ਬਦਲਣ ਲੱਗਾ ਅਤੇ ਕੌਮਾਂਤਰੀ ਹਾਲਤਾਂ ਦੇ ਅਸਰ ਕਾਰਨ 1964 ਵਿਚ ਕਮਿਊਨਿਸਟ ਪਾਰਟੀ ਦੋ ਟੋਟਿਆਂ ਵਿਚ ਵੰਡੀ ਗਈ। ਪਾਰਟੀ ਅਮਨ ਲਹਿਰ ਤੇ ਇਪਟਾ ਦੀ ਆਧਾਰੀ ਸ਼ਕਤੀ ਤੇ ਪ੍ਰੇਰਨਾ ਸੀ। ਨਤੀਜੇ ਵਜੋਂ ਸਿਆਸੀ ਲੋਕਾਂ ਵਿਚ ਤਾਂ ਛਾਈ ਜਾਂ ਨਾ ਛਾਈ, ਸਾਹਿਤਕ-ਸਭਿਆਚਾਰਕ ਖੇਤਰ ਦੇ ਖੱਬੇ-ਪੱਖੀ ਸੋਚ ਵਾਲੇ ਲੋਕਾਂ ਵਿਚ ਬਹੁਤ ਬੇਦਿਲੀ, ਉਦਾਸੀ ਤੇ ਨਿਰਾਸ਼ਾ ਛਾ ਗਈ। ਇਪਟਾ ਦੀਆਂ ਸਰਗਰਮੀਆਂ ਖਾਸ ਕਰਕੇ ਮੱਠੀਆਂ ਪੈਣ ਲੱਗੀਆਂ। ਪੰਜਾਬ ਵਿਚ ਇਪਟਾ ਦੇ ਮੁੱਖ ਜਥੇਬੰਦਕ ਤੇਰਾ ਸਿੰਘ ਚੰਨ ਨੇ 1967 ਵਿਚ ਦਿੱਲੀ ਜਾ ਕੇ ਸੋਵੀਅਤ ਦੂਤਾਵਾਸ ਦੀ ਨੌਕਰੀ ਕਰ ਲਈ। ਪ੍ਰੋ. ਮਾਨ ਦੇ ਧਿਆਨ ਦਾ ਕੇਂਦਰ ਵੀ ਮੰਚ ਦੀ ਥਾਂ ਵਿਦਿਆਰਥੀਆਂ ਨੂੰ ਉਸਾਰੂ ਕਦਰਾਂ-ਕੀਮਤਾਂ ਦੇ ਲੜ ਲਾ ਕੇ ਚੰਗੇ ਮਨੁੱਖ ਬਣਾਉਣ ਅਤੇ ਲੋਕ-ਪੱਖੀ ਅੱਗੇਵਧੂ ਸਭਿਆਚਾਰ ਤੇ ਜੀਵਨ-ਸ਼ੈਲੀ ਨਾਲ ਜੋੜਨ ਉਤੇ ਕੇਂਦਰਿਤ ਹੋ ਗਿਆ। ਪਰ ਜਿਥੇ ਅਤੇ ਜਦੋਂ ਵੀ ਲੋਕ-ਹਿਤੈਸ਼ੀ ਮੰਚ ਜਾਂ ਗਾਇਕੀ ਦੀ ਗੱਲ ਚਲਦੀ, ਉਨ੍ਹਾਂ ਦਾ ਜ਼ਿਕਰ ਜ਼ਰੂਰ ਹੁੰਦਾ।

ਫੇਰ ਪਤਾ ਲਗਿਆ, ਉਹ ਸੇਵਾ-ਮੁਕਤ ਹੋਣ ਪਿਛੋਂ ਆਪਣੇ ਬੱਚਿਆਂ ਕੋਲ ਕੈਨੇਡਾ ਚਲੇ ਗਏ ਹਨ। ਕੁਛ ਸਮੇਂ ਮਗਰੋਂ ਉਨ੍ਹਾਂ ਦੀ ਮਾੜੀ ਸਿਹਤ ਦੀਆਂ ਸੋਆਂ ਆਉਣ ਲੱਗੀਆਂ। ਉਨ੍ਹਾਂ ਨੂੰ ਕੈਂਸਰ ਦੀ ਨਾਮੁਰਾਦ ਬੀਮਾਰੀ ਹੋ ਗਈ ਸੀ। ਇਲਾਜ ਨਾਲ ਇਕ ਵਾਰ ਤਾਂ ਇਉਂ ਲੱਗਣ ਲੱਗਾ ਕਿ ਉਹ ਪੂਰੀ ਤਰ੍ਹਾਂ ਸਿਹਤਯਾਬ ਹੋ ਗਏ ਹਨ। ਇਸ ਚੰਦਰੇ ਰੋਗ ਦੇ ਦੋ-ਧਾਰੇ ਦੁਖਦਾਈ ਸਰੀਰਕ-ਮਾਨਸਿਕ ਅਨੁਭਵ ਸਦਕਾ ਅਤੇ ਕੈਂਸਰ ਸੈਂਟਰ ਦੇ ਅਮਲੇ ਦੀ ਦਿਆਲਤਾ ਤੇ ਸੰਭਾਲ ਦੇ ਡੂੰਘੇ ਪ੍ਰਭਾਵ ਸਦਕਾ ਉਹ ਨਵੇਂ ਸਿਰਿਉਂ ਮਿਲੀ ਤੰਦਰੁਸਤੀ ਦਾ ਰਿਣ ਚੁਕਾਉਣ ਸਬੰਧੀ ਸੋਚਣ ਲੱਗੇ। ਸੋਚ ਸੋਚ ਕੇ ਉਹ ਇਸ ਨਤੀਜੇ ਉਤੇ ਪਹੁੰਚੇ ਕਿ ਮੈਂ ਇਹ ਰਿਣ ਧਨ ਦੇ ਰੂਪ ਵਿਚ ਤਾਂ ਨਹੀਂ ਚੁਕਾ ਸਕਦਾ, ਕੋਈ ਭਲਾ ਕੰਮ ਕਰ ਕੇ ਤਾਂ ਚੁਕਾ ਹੀ ਸਕਦਾ ਹਾਂ। ਤੇ ਉਹ ਵਾਲੰਟੀਅਰ ਦਫ਼ਤਰ ਜਾ ਪਹੁੰਚੇ ਅਤੇ ਕੁਛ ਸਮਾਂ ਹਸਪਤਾਲ ਦੇ ਆਰਥੋਪੈਡਿਕ ਵਾਰਡ ਦੇ ਲੇਖੇ ਲਾਉਣ ਲੱਗੇ। ਉਹ ਰੋਗੀਆਂ ਦੀ ਸਰੀਰਕ-ਮਾਨਸਿਕ ਸਹਾਇਤਾ ਵਿਚ ਜੁਟ ਗਏ। ਉਹ ਉਨ੍ਹਾਂ ਨਾਲ ਗੱਲਾਂ ਕਰਦੇ, ਉਨ੍ਹਾਂ ਨੂੰ ਪਹੀਆ-ਕੁਰਸੀ ਉਤੇ ਬਿਠਾ ਕੇ ਬਾਹਰ ਘੁਮਾਉਂਦੇ, ਕੋਲ ਬੈਠ ਕੇ ਖੁਆਉਂਦੇ-ਪਿਆਉਂਦੇ ਅਤੇ ਜੇ ਕਿਸੇ ਮਰੀਜ਼ ਨੂੰ ਅਨੁਵਾਦ ਦੀ ਲੋੜ ਪੈਂਦੀ, ਉਹ ਅਨੁਵਾਦਕ ਬਣ ਜਾਂਦੇ। ਮਰੀਜ਼-ਸੰਭਾਲ ਦੀ ਪ੍ਰਬੰਧਕ ਦਾ ਕਹਿਣਾ ਸੀ, "ਪ੍ਰੋ. ਮਾਨ ਦਿਲੋਂ ਸਮਰਪਿਤ ਹਨ ਅਤੇ ਹਾਜ਼ਰ ਰਹਿੰਦੇ ਹਨ। ਮੈਂ ਉਨ੍ਹਾਂ ਦਾ ਆਉਣਾ ਸੱਚੀਉਂ ਉਡੀਕਦੀ ਰਹਿੰਦੀ ਹਾਂ। ਉਹ ਬਹੁਤ ਖ਼ੁਸ਼ਦਿਲ ਹਨ ਤੇ ਹਮੇਸ਼ਾ ਮੁਸਕਰਾਉਂਦੇ ਰਹਿੰਦੇ ਹਨ!"

ਪ੍ਰੋ. ਮਾਨ ਉਨ੍ਹਾਂ ਲੋਕਾਂ ਵਿਚੋਂ ਨਹੀਂ ਸਨ ਜੋ ਕਿਸੇ ਦੂਜੇ ਦੇਸ਼ ਰਹਿਣ ਚਲੇ ਵੀ ਜਾਂਦੇ ਹਨ ਅਤੇ ਆਪਣੇ ਸਭਿਆਚਾਰਕ-ਰਾਜਨੀਤਕ ਵਿਚਾਰਾਂ ਸਦਕਾ ਲਗਾਤਾਰ ਬੇਚੈਨੀ ਤੇ ਪ੍ਰੇਸ਼ਾਨੀ ਵੀ ਭੋਗਦੇ ਹਨ। ਉਹ ਸਾਰੀ ਮਨੁੱਖਜਾਤੀ ਨੂੰ ਇਕ ਸਮਝਦੇ ਸਨ। ਉਹ ਲਿਖਦੇ ਹਨ, "ਕੋਰੀਆ, ਵੀਤਨਾਮ, ਜਰਮਨ ਤੇ ਜਾਪਾਨ, ਹਿੰਦ, ਅਫ਼ਰੀਕਾ, ਮਲਾਇਆ ਤੇ ਈਰਾਨ, ਸਭਨੀਂ ਥਾਈਂ ਧੜਕਦੀ ਹੈ ਇਕੋ ਜਾਨ!" ਉਹ ਆਖਦੇ ਸਨ, "ਇਹ ਸੇਵਾ ਮੈਨੂੰ ਨਾਗਰਿਕ ਮਾਣ ਦੀ ਭਾਵਨਾ ਦਿੰਦੀ ਹੈ। ਇਹ ਨਵੇਂ ਸਭਿਆਚਾਰ ਦੇ ਸੰਪਰਕ ਵਿਚ ਆਉਣ ਤੇ ਉਹਦਾ ਅੰਗ ਬਣਨ ਦਾ ਮੌਕਾ ਦਿੰਦੀ ਹੈ।"

ਉਹ ਇੰਡੋ-ਕੈਨੇਡੀਅਨ ਐਸੋਸੀਏਸ਼ਨ ਆਫ਼ ਇਮੀਗ੍ਰਾਂਟ ਸੀਨੀਅਰਜ਼ ਨਾਂ ਦੀ ਬਜ਼ੁਰਗ ਭਾਰਤੀ ਆਵਾਸੀਆਂ ਦੀ ਸਭਾ ਦੇ ਮੈਂਬਰ ਬਣ ਗਏ ਅਤੇ ਛੇਤੀ ਹੀ ਜਨਰਲ ਸਕੱਤਰ ਚੁਣ ਲਏ ਗਏ। ਉਹ ਹੋਰਾਂ ਨੂੰ ਵੀ ਵਾਲੰਟੀਅਰ ਬਣਨ ਵਾਸਤੇ ਪ੍ਰੇਰਦੇ, "ਯਾਰ, ਇਕ ਵਾਰ ਵਾਲੰਟੀਅਰ ਬਣ ਕੇ ਤਾਂ ਦੇਖੋ! ਦੁਖਿਆਰੇ ਮਨੁੱਖਾਂ ਲਈ ਕੁਛ ਕਰੋ। ਜੇ ਤੁਸੀਂ ਅਧਿਆਪਕ ਹੁੰਦੇ ਸੀ, ਕਿਸੇ ਸਕੂਲ ਵਿਚ ਜਾਓ। ਜੇ ਤੁਸੀਂ ਫੌਜ ਵਿਚ ਸੀ, ਪੁਲਿਸ ਕੋਲ ਜਾਓ। ਇਹ ਕਮਾਲ ਦਾ ਦੇਸ਼ ਹੈ।...ਸਾਨੂੰ ਆਪਣਾ ਹਿੱਸਾ ਜ਼ਰੂਰ ਪਾਉਣਾ ਚਾਹੀਦਾ ਹੈ।" ਅਜਿਹੇ ਮੌਕੇ ਉਹ ਆਪਣੇ ਡਾਕਟਰ ਪਿਤਾ ਨੂੰ ਚੇਤੇ ਕਰਦੇ ਜੋ ਛੋਟੀ ਉਮਰੇ ਹੀ ਵਿਛੋੜਾ ਦੇ ਗਏ ਸਨ। ਉਹ ਜ਼ਰੂਰਤਮੰਦਾਂ ਨੂੰ ਮੁਫਤ ਡਾਕਟਰੀ ਸਹਾਇਤਾ ਤੇ ਦਵਾਈਆਂ ਦੇ ਕੇ ਘਰ ਪਰਤਦੇ ਤਾਂ ਉਨ੍ਹਾਂ ਦੇ ਚਿਹਰੇ ਉਤੇ ਕੋਈ ਭਲਾ ਕੰਮ ਕੀਤੇ ਹੋਣ ਦਾ ਜਲੌਅ ਹੁੰਦਾ। ਪ੍ਰੋ. ਮਾਨ ਦਾ ਕਹਿਣਾ ਸੀ, "ਉਹ ਮੇਰੇ ਅਸਲ ਰਾਹਨੁਮਾ ਹਨ। ਮੈਂ ਉਨ੍ਹਾਂ ਨੂੰ ਸੰਤ-ਪੁਰਸ਼ ਵਜੋਂ ਪਿਆਰਦਾ ਹਾਂ!" ਉਨ੍ਹਾਂ ਨੇ ਆਪਣੀ ਪੁਸਤਕ 'ਮੁਹਾਂਦਰਾ' ਵੀ 'ਪਿਤਾ ਜੀ ਅਤੇ ਮਾਤਾ ਜੀ ਨੂੰ' ਹੀ ਭੇਟ ਕੀਤੀ।



*ਬਚਪਨ ਦੇ ਹਮਜਮਾਤੀ ਦੋਸਤ ਇਮਰੋਜ਼ ਨਾਲ, ਬੀਮਾਰ ਅੰਮ੍ਰਿਤਾ ਪ੍ਰੀਤਮ ਦੇ ਘਰ, 23 ਮਾਰਚ 2005*



*ਅੰਤਿਮ ਯਾਤਰਾ ਤੋਂ ਸਿਰਫ਼ ਇਕ ਮਹੀਨਾ ਪਹਿਲਾਂ, ਹਸਪਤਾਲ ਵਿਚ*

ਬੀਮਾਰੀ ਨੇ ਮੁੜ ਫੇਰਾ ਪਾਇਆ ਤਾਂ ਉਨ੍ਹਾਂ ਦਾ ਸਰੀਰ ਤਾਂ ਨਿਰਬਲ ਹੋਣ ਲੱਗਾ ਪਰ ਉਮਰ ਭਰ ਚੜ੍ਹਦੀ-ਕਲਾ 'ਚ ਰਿਹਾ ਮਨ ਉਨ੍ਹਾਂ ਨੇ ਡੋਲਣ ਨਾ ਦਿੱਤਾ। ਉਹ ਕਹਿੰਦੇ ਸਨ, "ਸਿਹਤ ਸਬੰਧੀ ਕਈ ਤਕਲੀਫ਼ਾਂ ਝਲਦਿਆਂ ਵੀ ਜੀਵਨ ਬੜਾ ਪਿਆਰਾ ਲਗਦਾ ਹੈ।" ਬੀਮਾਰੀ ਦੀ ਹਾਲਤ ਵਿਚ ਆਖਰੀ ਵਾਰ ਉਹ 2006 ਵਿਚ ਦੇਸ਼ ਆਏ। ਪਟਿਆਲਾ ਤੋਂ ਨਿਕਲਦੇ ਪੰਜਾਬੀ ਰੋਜ਼ਾਨਾ 'ਆਸ਼ਿਆਨਾ' ਨੇ 30 ਮਾਰਚ ਨੂੰ ਉਨ੍ਹਾਂ ਬਾਰੇ ਤਸਵੀਰਾਂ ਸਮੇਤ ਇਕ ਲੇਖ ਛਾਪਿਆ। ਉਹਨੂੰ ਪੜ੍ਹ ਕੇ ਮੈਂ ਅਖ਼ਬਾਰ ਨੂੰ ਇਕ ਛੋਟਾ ਜਿਹਾ ਲੇਖ ਲਿਖ ਭੇਜਿਆ।

ਮੈਂ ਹੋਰ ਗੱਲਾਂ ਦੇ ਨਾਲ ਨਾਲ ਹੁਣ ਦੀ ਮੰਦਹਾਲ ਪੰਜਾਬੀ ਗਾਇਕੀ ਦੇ ਹਵਾਲੇ ਨਾਲ ਪ੍ਰੋ. ਮਾਨ ਦੀ ਸੁੱਚੀ-ਨਿਰਮਲ ਗਾਇਕੀ ਨੂੰ ਚੇਤੇ ਕੀਤਾ, "ਅੱਜ-ਕੱਲ੍ਹ ਦੀ ਲਗਭਗ ਸਾਰੀ ਹੀ ਪੰਜਾਬੀ ਗਾਇਕੀ ਉਜੱਡਤਾ ਅਤੇ ਲੱਚਰਤਾ ਦੇ ਧੱਕੇ ਚੜ੍ਹੀ ਹੋਈ ਹੈ। ਹੁਣ ਤਾਂ ਜੇ ਕੋਈ ਪੱਗ ਉਤੇ ਤੁਰਰਾ ਛੱਡ ਲਵੇ, ਗਲ ਵਿਚ ਕੰਠਾ ਪਾ ਲਵੇ, ਚਾਦਰ ਬੰਨ੍ਹ ਲਵੇ, ਤੱਤੇ ਰੇਤੇ ਉਤੇ ਖੜ੍ਹਿਆਂ ਵਾਂਗ ਬੇਚੈਨੀ ਨਾਲ ਇਕ ਪੈਰ ਚੁਕ ਲਵੇ, ਦੂਜਾ ਰੱਖ ਲਵੇ ਅਤੇ ਕਿਸੇ ਦੀਰਘ ਰੋਗ ਦੇ ਰੋਗੀ ਵਾਂਗ ਬੇਸੁਰੀ ਤੇ ਪਾਟੀ ਹੋਈ ਆਵਾਜ਼ ਵਿਚ ਹੋਇ...ਹੋਇ... ਹਾਇ... ਹਾਇ... ਦੀਆਂ ਹੂੰਗਰਾਂ ਮਾਰ ਸਕੇ, ਉਹ ਆਪਣੇ ਆਪ ਨੂੰ ਲੋਕ-ਗਾਇਕ ਕਹਾਉਂਦਾ ਹੈ। ਅਜਿਹੇ ਸੱਜਣ ਗਾਇਕੀ ਦੇ ਪੱਖੋਂ ਤਾਂ ਬੇਸੁਰੇ ਹਨ ਹੀ, ਮਨੁੱਖ ਹੋਣ ਦੇ ਪੱਖੋਂ ਵੀ ਬੇਸੁਰੇ ਹਨ। ਹਾਂ, ਬੇਅਕਲ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਏਨੀਂ ਅਕਲ ਜ਼ਰੂਰ ਹੈ ਕਿ ਇਨ੍ਹਾਂ ਦੀ 'ਕਲਾ' ਨੂੰ ਕਿਸੇ ਨੇ ਨਹੀਂ ਸੁਣਨਾ-ਦੇਖਣਾ। ਇਸ ਕਰਕੇ ਇਹ ਹੁਣ ਪੰਜਾਬ ਵਿਚ ਆਮ ਮਿਲਦੀਆਂ ਦਰਜਨ ਕੁ ਅਜਿਹੀਆਂ ਕੁੜੀਆਂ ਆਪਣੇ ਨਾਲ ਮੰਚ ਉਤੇ ਲੈ ਆਉਂਦੇ ਹਨ ਜੋ ਪੈਸੇ, ਪ੍ਰਸਿੱਧੀ ਅਤੇ ਚਮਕ-ਦਮਕ ਖਾਤਰ ਅੱਧੀਆਂ, ਪੌਣੀਆਂ ਜਾਂ ਵੱਧ ਨੰਗੀਆਂ ਹੋਣ ਲਈ ਤਤਪਰ ਰਹਿੰਦੀਆਂ ਹਨ। ਉਪਰੋਂ ਜ਼ੁਲਮ ਇਹ ਕਿ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਸਮਾਜ ਨਾਲ ਕਿਸੇ ਵੀ ਸਰੋਕਾਰ ਤੋਂ ਵਿਰਵੇ ਇਹ ਹੀਣੇ-ਊਣੇ ਬੰਦੇ-ਬੰਦੀਆਂ ਆਪਣੇ ਆਪ ਨੂੰ ਲੋਕ-ਗਾਇਕ ਕਹਾਉਂਦੇ ਹਨ। ਇਸ ਪ੍ਰਸੰਗ ਵਿਚ ਜਦੋਂ ਕਦੀ ਸਿਆਣੇ ਦੋਸਤਾਂ ਨਾਲ ਸਭਿਆਚਾਰ ਦੇ ਲੋਕ-ਹਿਤੈਸ਼ੀ ਰੂਪ ਦੀ ਗੱਲ ਚਲਦੀ ਹੈ, ਹੋਰ ਨਾਂਵਾਂ ਦੇ ਨਾਲ ਪ੍ਰੋ. ਨਰਿੰਜਣ ਸਿੰਘ ਮਾਨ ਦਾ ਨਾਂ ਉਭਰ ਕੇ ਸਾਹਮਣੇ ਆ ਜਾਂਦਾ ਹੈ।"

ਮੈਂ ਸਕੂਲ ਵਿਦਿਆਰਥੀ ਹੁੰਦਿਆਂ ਉਨ੍ਹਾਂ ਨੂੰ ਗਾਉਂਦਿਆਂ ਸੁਣਨ ਦੇ ਮਿਲੇ ਮੌਕੇ ਦਾ ਜ਼ਿਕਰ ਕਰ ਕੇ ਲੇਖ ਦੇ ਅੰਤ ਵਿਚ ਕਿਹਾ, "ਰਾਮਪੁਰਾ ਫੂਲ ਵਾਲੀ ਉਸ ਕਾਨਫ਼ਰੰਸ ਮਰਗੋਂ ਸੈਫ਼ੁਦੀਨ ਕਿਚਲੂ ਨੂੰ ਵੀ ਦੇਖਿਆ-ਸੁਣਿਆ ਅਤੇ ਸੁਰਿੰਦਰ ਕੌਰ ਨੂੰ ਦੇਖਣ-ਸੁਣਨ ਦੇ ਮੌਕਿਆਂ ਦੀ ਤਾਂ ਕੋਈ ਗਿਣਤੀ ਹੀ ਨਹੀਂ। ਪ੍ਰੋ. ਮਾਨ ਦੇ ਸਬੰਧ ਵਿਚ ਪਰ ਉਹ ਇਕੱਲਾ-ਇਕਹਿਰਾ ਮੌਕਾ ਸੀ।...ਤੇ ਇਕੋ ਵਾਰ ਸੁਣ ਕੇ ਹੀ ਚੇਤੇ ਵਿਚ ਟਿਕੀ ਹੋਈ ਹੈ ਪ੍ਰੋ. ਮਾਨ ਦੀ ਟੂਣੇਹਾਰੀ ਆਵਾਜ਼! ਇਹ ਆਵਾਜ਼ ਸਿਮਰਤੀ ਵਿਚ ਏਨੀ ਸੱਜਰੀ ਹੈ ਕਿ ਜੇ ਮੇਰੇ ਵਿਚ ਜਗਜੀਤ ਸਿੰਘ ਜਾਂ ਜਗਜੀਤ ਜ਼ੀਰਵੀ ਵਾਲੀ ਗਾਇਕ ਪ੍ਰਤਿਭਾ ਹੁੰਦੀ, ਏਨੇ ਦਹਾਕਿਆਂ ਮਗਰੋਂ ਅੱਜ ਵੀ ਪ੍ਰੋ. ਮਾਨ ਦੀ ਉਸ ਰਾਮਪੁਰਾ ਫੂਲ ਵਾਲੀ ਸੁਰ ਅਤੇ ਲੈਅ ਦਾ ਪੁਨਰ-ਸਿਰਜਨ ਸਹਿਜੇ ਹੀ ਕਰ ਦਿਖਾਉਂਦਾ। ਪ੍ਰੋ. ਨਿਰੰਜਣ ਸਿੰਘ ਮਾਨ ਨੂੰ ਬਹੁਤ ਸ਼ੁਭ-ਇਛਾਵਾਂ ਅਤੇ ਬਹੁਤ ਸਤਿਕਾਰ!"

ਇਹ ਮੇਰੇ ਸੱਚੇ ਦਿਲ ਦੀ ਆਵਾਜ਼ ਸੀ। ਮੇਰਾ ਅਨੁਭਵ ਇਹੋ ਰਿਹਾ। ਸਾਲਾਂ ਦੇ ਸਾਲ, ਦਹਾਕਿਆਂ ਦੇ ਦਹਾਕੇ ਬੀਤ ਜਾਣ ਮਗਰੋਂ ਵੀ ਉਨ੍ਹਾਂ ਦੇ ਗਾਏ ਗੀਤ-ਕਵਿਤਾਵਾਂ ਦੇ ਸ਼ਬਦ ਪਿੱਛੇ ਰਹਿ ਜਾਂਦੇ ਤੇ ਮੇਰੇ ਚੇਤੇ ਨੂੰ ਸੁਣਦੀ ਤਾਂ ਬੱਸ ਉਨ੍ਹਾਂ ਦੀ ਸੁਰੀਲੀ ਸ਼ਹਿਦ ਆਵਾਜ਼!

ਮੇਰੇ ਲੇਖ ਦੇ ਸਬੰਧ ਵਿਚ ਪਟਿਆਲੇ ਤੋਂ ਬੀਬੀ ਰਾਜਵੰਤ ਕੌਰ ਮਾਨ ਦਾ ਫੋਨ ਆਇਆ। ਲੇਖ ਪੜ੍ਹ ਕੇ ਪ੍ਰੋ. ਮਾਨ ਬਹੁਤ ਹੀ ਖ਼ੁਸ਼ ਹੋਏ ਅਤੇ ਹੈਰਾਨ ਵੀ ਹੋਏ ਕਿ ਇਕ ਸਰੋਤੇ ਨੂੰ ਸਿਰਫ਼ ਇਕ ਵਾਰ ਸੁਣੀ ਆਵਾਜ਼ ਅੱਧੀ ਸਦੀ ਤੋਂ ਵੱਧ ਦਾ ਸਮਾਂ ਬੀਤ ਜਾਣ ਮਗਰੋਂ ਵੀ ਹੂ-ਬ-ਹੂ ਚੇਤੇ ਸੀ। ਬੀਬੀ ਨੇ ਦੱਸਿਆ ਕਿ ਸਿਹਤ ਠੀਕ ਨਾ ਹੋਣ ਕਰਕੇ ਉਹ ਆਪ ਕੁਛ ਠਹਿਰ ਕੇ ਫੋਨ ਕਰਨਗੇ। ਕੁਛ ਦਿਨਾਂ ਮਗਰੋਂ ਉਨ੍ਹਾਂ ਦਾ ਵਾਪਸ ਜਾਣ ਦਾ ਫੋਨ ਆਇਆ ਤੇ ਮੇਰਾ ਪਤਾ-ਟਿਕਾਣਾ ਪੁੱਛਿਆ। ਮੈਂ ਕਿਹਾ, ਸਾਡਾ ਘਰ ਤਾਂ ਹਵਾਈ ਅੱਡੇ ਦੇ ਤੁਹਾਡੇ ਰਾਹ ਵਿਚ ਹੈ, ਦੋ ਘੜੀਆਂ ਜ਼ਰੂਰ ਮਿਲ ਕੇ ਜਾਣਾ। ਬੀਬੀ ਨੇ ਜਾਣ ਦੀ ਤਾਰੀਖ਼ ਦੱਸੀ ਅਤੇ ਕਿਹਾ ਕਿ ਅਸੀਂ ਦੋਵੇਂ ਤਾਂ ਆਪ ਮਿਲਣ ਦੇ ਬਹੁਤ ਚਾਹਵਾਨ ਹਾਂ। ਪਰ ਕੁਦਰਤ ਨੂੰ ਸ਼ਾਇਦ ਇਹ ਮਨਜ਼ੂਰ ਨਹੀਂ ਸੀ। ਬੀਬੀ ਦਾ ਹਵਾਈ ਅੱਡੇ ਤੋਂ ਫੋਨ ਆਇਆ। ਪਟਿਆਲੇ ਤੋਂ ਦਿੱਲੀ ਦੇ ਸਫ਼ਰ ਨੇ ਪ੍ਰੋ. ਸਾਹਿਬ ਦੀ ਹਾਲਤ ਖਰਾਬ ਕਰ ਦਿੱਤੀ ਸੀ ਅਤੇ ਉਨ੍ਹਾਂ ਦਾ ਰਾਹ ਵਿਚ ਸਾਡੇ ਘਰ ਰੁਕਣਾ ਸੰਭਵ ਨਹੀਂ ਸੀ ਰਿਹਾ। ਉਨ੍ਹਾਂ ਦੀ ਸਿਹਤ ਬਾਰੇ ਜਾਣ ਕੇ ਦੁੱਖ ਹੋਇਆ ਅਤੇ ਉਨ੍ਹਾਂ ਨੂੰ ਨਾ ਮਿਲ ਸਕਣ ਦੀ ਕਸਕ ਦਿਲ ਵਿਚ ਰਹਿ ਗਈ। ਬੀਬੀ ਆਉਂਦੀ ਹੈ ਤੇ ਉਸ ਨਾਲ ਮੁਲਾਕਾਤ ਹੋ ਜਾਂਦੀ ਹੈ।

ਉਸ ਪਿਛੋਂ ਬੀਮਾਰੀ ਕਾਰਨ ਉਹ ਕਦੀ ਦੇਸ਼ ਨਾ ਆ ਸਕੇ। 25 ਜਨਵਰੀ 2012 ਨੂੰ ਉਹ ਪੂਰੇ ਹੋ ਗਏ। ਉਹ ਚਲੇ ਗਏ ਪਰ ਅਮਨ ਲਹਿਰ ਤੇ ਇਪਟਾ ਦੇ ਸਰਗਰਮ ਗਾਇਕ ਤੇ ਕਲਾਕਾਰ ਅਤੇ ਇਕ ਉਤਮ ਇਨਸਾਨ ਵਜੋਂ ਉਨ੍ਹਾਂ ਦੀ ਯਾਦ ਬਣੀ ਰਹੇਗੀ। ਖਾਸ ਕਰਕੇ ਲੱਖਾਂ ਸਰੋਤਿਆਂ ਦੀ ਸਿਮਰਤੀ ਵਿਚ ਗੂੰਜਦੀ ਰਹੇਗੀ ਉਨ੍ਹਾਂ ਦੀ ਮਧੁਰ ਰਸਭਰੀ ਆਵਾਜ਼!

**(ਸਮਾਪਤ)**

# ਮਾਂਵਾਂ ਨੂੰ ਮਿਲੀਏ ਚਾਵਾਂ ਨਾਲ...

ਟੁੱਕ ਦੇ ਜੁਗਾੜ ਖਾਤਰ ਕਿਵੇਂ ਆਪਣੇ ਮਾਪਿਆਂ ਨੂੰ ਛੱਡ ਸੱਤ ਸਮੁੰਦਰ ਪਾਰ ਕਰ ਆਉਂਦਾ ਹੈ! ਦਿਨ-ਦਿਹਾਰ ਨੂੰ ਆਪਣਿਆਂ ਨੂੰ ਯਾਦ ਕਰਦਾ ਹੋਇਆ ਰੋਂਦਾ ਹੈ। ਇਕ ਆਹ ਬੇਬੇ ਦਾ ਪੁੱਤ ਹੈ ਜਿਹੜਾ ਬੇਬੇ ਨੂੰ ਅੱਜ ਵੀ ਮਿਲਣ ਨਾ ਆਇਆ। ਮੈਨੂੰ ਵੀ ਟਿਕਾਅ ਨਹੀਂ ਸੀ। ਮੈਂ ਸ਼ਾਮ ਨੂੰ ਬੇਬੇ-ਬਾਪੂ ਕੋਲ ਚਲਿਆ ਗਿਆ ਤੇ ਪੁੱਛਿਆ, "ਬੇਬੇ ਜੀ! ਬਿੱਲੂ ਹੋਰੀਂ ਆ ਗਏ ਸੀ।"

"ਪੁੱਤ ਨਹੀਂ, ਆਏ ਨਹੀਂ। ਕੋਈ ਕੰਮ ਹੋ ਗਿਆ ਹੋਊ।" ਬੇਬੇ ਦਾ ਗੱਚ ਭਰ ਆਇਆ।


"ਬੇਬੇ ਫਿਰ ਫੋਨ ਕਰ ਦਿੱਤਾ ਹੋਊ?" ਮੈਂ ਦੁਬਾਰਾ ਪੁੱਛਿਆ।

"ਪੁੱਤ ਤੇਰਾ ਬਾਬਾ ਤਾਂ ਫੋਨ ਦੇ ਕੋਲੋਂ ਉਠਿਆ ਵੀ ਨਹੀਂ, ਜਦੋਂ ਇਸ਼ਨਾਨ ਕਰਨ ਗਿਆ ਤਾਂ ਮੈਨੂੰ ਕੋਲ ਬਿਠਾ ਗਿਆ। ਪੁੱਤ, ਉਹ ਆਪਣੀ ਤੀਵੀਂ ਨੂੰ ਨਾਲ ਲੈ ਕੇ ਉਹਦੇ ਮਾਪਿਆਂ ਕੋਲ ਗਿਆ ਹੋਊ। ਨੂੰਹ ਆਪਣੀ ਮਾਂ ਨੂੰ ਮਿਲਣ ਗਈ ਹੋਊ ਨਾ।" ਬੇਬੇ ਪੱਲੇ ਨਾਲ ਨਮ ਅੱਖਾਂ ਪੂੰਝਦੀ ਬੋਲੀ।

ਮੈਂ ਅਜੇ ਬੇਬੇ ਨਾਲ ਗੱਲਾਂ ਹੀ ਕਰਦਾ ਸੀ ਕਿ ਪਾਕਿਸਤਾਨੀ ਆ ਗਿਆ ਤੇ ਬੋਲਿਆ, "ਅੰਮੀ ਜਾਨ! ਹੁਣ ਨਹੀਂ ਭਾਈ ਜਾਨ ਆਉਂਦਾ। ਚੱਲ ਤੂੰ ਖੀਰ ਲੈ ਕੇ ਆ, ਅਸੀਂ ਦੋਵੇਂ ਤੇਰੇ ਪੁੱਤ ਹਾਂ।" ਉਸ ਦਾ ਇਸ਼ਾਰਾ ਮੇਰੇ ਵੱਲ ਸੀ। ਬੇਬੇ ਨੇ ਪੁੱਤ ਵਾਸਤੇ ਖੀਰ ਬਣਾਈ ਹੋਈ ਸੀ। ਬੇਬੇ ਕਹਿੰਦੀ, "ਉਸ ਨੂੰ ਛੋਟੇ ਹੁੰਦਿਆਂ ਹੀ ਖੀਰ ਬਹੁਤ ਪਸੰਦ ਹੈ। ਇਸ ਲਈ ਮੈਂ ਉਸ ਦੀ ਪਸੰਦ ਦੀ ਚੀਜ਼ ਬਣਾਈ।" ਬੇਬੇ ਦੀਆਂ ਅੱਖਾਂ ਵਿਚੋਂ ਝਲਕਦੀ ਮਮਤਾ ਨੇ ਸਾਡੀਆਂ ਵੀ ਅੱਖਾਂ ਨਮ ਕਰ ਦਿੱਤੀਆਂ। ਬੇਬੇ ਦੋ ਕੌਲੀਆਂ ਵਿਚ ਖੀਰ ਪਾ ਲਿਆਈ। ਫਿਰ ਬੇਬੇ ਰੋਟੀਆਂ ਪਕਾਉਣ ਲੱਗ ਪਈ। ਮੈਂ ਤੇ ਪਾਕਿਸਤਾਨੀ ਦੋਵੇਂ ਰੋਟੀ ਖਾਣ ਲੱਗ ਗਏ। ਰੋਟੀ ਬੇਬੇ ਖੁਆ ਰਹੀ ਸੀ ਤਾਂ ਮੈਨੂੰ ਇੰਜ ਲੱਗ ਰਿਹਾ ਸੀ ਕਿ ਮੇਰੀ ਮਾਂ ਮੈਨੂੰ ਆਪਣੇ ਹੱਥਾਂ ਨਾਲ ਰੋਟੀ ਲਾਹ ਕੇ ਖੁਆ ਰਹੀ ਹੈ।...ਕਦਰਾਂ ਉਥੇ ਹੀ ਪੈਂਦੀਆਂ ਨੇ, ਜਿੱਥੇ ਘਾਟਾਂ ਹੋਣ। ਜਿਨ੍ਹਾਂ ਕੋਲ ਮਾਂਵਾਂ ਹਨ, ਉਨ੍ਹਾਂ ਨੂੰ ਮਾਂਵਾਂ ਦਾ ਪਿਆਰ ਦਿਖਾਈ ਨਹੀਂ ਦਿੰਦਾ ਪਰ ਜਿਨ੍ਹਾਂ ਦੀਆਂ ਮਾਂਵਾਂ ਤੁਰ ਗਈਆਂ, ਉਨ੍ਹਾਂ ਨੂੰ ਪੁੱਛ ਕੇ ਦੇਖਿਉ ਕਿ ਮਾਂ ਸ਼ਬਦ ਦੇ ਅਰਥ ਕੀ ਹੁੰਦੇ ਹਨ? ਮੈਂ ਅੱਜ ਵੀ ਰੋਂਦਾ ਹੋਇਆ ਆਖ ਰਿਹਾ ਹਾਂ-'ਮਾਂ! ਤੂੰ ਜਿੰਨਾ ਮਰਜ਼ੀ ਮੈਨੂੰ ਕੁੱਟ ਲਈਂ ਪਰ ਮੇਰੀਆਂ ਅੱਖਾਂ ਤੋਂ ਦੂਰ ਨਾ ਹੋਈਂ। ਮੈਂ ਜੰਨਤ ਨੂੰ ਛੱਡ ਦੋਜ਼ਖ਼ ਨਹੀਂ ਜਾਣਾ।' ਪਰ ਬਿੱਲੂ ਪਤਾ ਨਹੀਂ ਕਿਉਂ, ਮਾਂ ਨੂੰ ਭੁਲਾ ਕੇ ਅੱਜ ਵੀ ਨਹੀਂ ਸੀ ਆਇਆ। ਅਸੀਂ ਬੇਬੇ-ਬਾਬੇ ਨੂੰ ਦਿਲਾਸਾ ਦਿੰਦੇ ਹੋਏ ਆ ਗਏ। ਸਾਡਾ ਦੋਵਾਂ ਦਾ ਹਾਲ ਇਕੋ ਜਿਹਾ ਸੀ।... ਅਸੀਂ ਬੇਬੇ ਦੇ 'ਮਾਂ ਦਿਵਸ' ਮੌਕੇ ਤਰਸ ਭਰੇ ਸ਼ਬਦ ਹੀ ਬੋਲ ਸਕੇ!

## ਅਫ਼ਰੀਕੀ ਦਰਦ ਦੀ ਬਾਤ ਪਾਉਂਦੀਆਂ ਫਿਲਮਾਂ

# '14 ਕਿਲੋਮੀਟਰ' ਤੇ 'ਏ ਸਕਰੀਮਿੰਗ ਮੈਨ'



ਜਤਿੰਦਰ ਮੌਹਰ
ਫੋਨ: 91-97799-34747

ਫਿਲਮ ਦੀ ਪੜਚੋਲ ਵੇਲੇ ਤਕਨੀਕੀ ਪੱਖ ਅਤੇ ਵਿਸ਼ੇ ਨੂੰ ਵਧੇਰੇ ਅਹਿਮੀਅਤ ਦਿੱਤੀ ਜਾਂਦੀ ਹੈ। ਪੜਚੋਲ ਦੇ ਉਪਰਲੇ ਪੈਮਾਨਿਆਂ ਵਿਚ ਅਵਾਮੀ ਪੈਂਤੜੇ ਤੋਂ ਫਿਲਮ ਦੀ ਪੜਚੋਲ ਨੂੰ ਜੋੜਿਆ ਜਾਣਾ ਅਜੇ ਬਾਕੀ ਹੈ। ਦੋ ਅਫ਼ਰੀਕੀ ਫਿਲਮਾਂ '14 ਕਿਲੋਮੀਟਰ' ਅਤੇ 'ਏ ਸਕਰੀਮਿੰਗ ਮੈਨ' ਇਸ ਲਿਹਾਜ਼ ਨਾਲ ਅਹਿਮ ਫਿਲਮਾਂ ਹਨ। ਇਹ ਫਿਲਮਾਂ ਸਮਕਾਲੀ ਅਫ਼ਰੀਕੀ ਮਨ ਅਤੇ ਹਾਲਾਤ ਨੂੰ ਅਵਾਮੀ ਪੈਂਤੜੇ ਤੋਂ ਪੇਸ਼ ਕਰਦੀਆਂ ਹਨ। ਮਹਾਂਦੀਪ ਵਿਚ ਮੱਚੀ ਉੱਥਲ-ਪੁੱਥਲ, ਕੰਗਾਲੀ ਅਤੇ ਲਗਾਤਾਰ ਖ਼ਾਨਾਜੰਗੀ ਨੇ ਅਫ਼ਰੀਕੀ ਲੋਕਾਂ ਦਾ ਜੀਣਾ ਹਰਾਮ ਕੀਤਾ ਹੋਇਆ ਹੈ। ਉਪਰੋਂ, ਬਾਹਰਲਿਆਂ ਨੇ ਜ਼ਮੀਨਾਂ ਦੱਬਣ ਦਾ ਸਭ ਤੋਂ ਵੱਡਾ ਹੱਲਾ ਅਫ਼ਰੀਕਾ ਦੀ ਧਰਤੀ ਉੱਤੇ ਬੋਲਿਆ ਹੋਇਆ ਹੈ। ਅਦਾਰਿਆਂ ਦਾ ਨਿੱਜੀਕਰਨ ਤਰਾਸਦੀ ਨੂੰ ਹੋਰ ਭੈੜਾ ਬਣਾ ਰਿਹਾ ਹੈ। ਕਾਰਪੋਰੇਟ ਅਤੇ ਬਾਹਰੋਂ ਆਈਆਂ ਕੰਪਨੀਆਂ ਮੁਕਾਮੀ ਕਾਮਿਆਂ ਦੀ ਲੁੱਟ ਅਤੇ ਛਾਂਟੀ ਬੇਕਿਰਕੀ ਨਾਲ ਕਰਦੀਆਂ ਹਨ।

ਸੰਨ 2010 ਵਿਚ ਪਰਦਾ ਪੇਸ਼ ਹੋਈ ਫਿਲਮ 'ਏ ਸਕਰੀਮਿੰਗ ਮੈਨ' ਇਸੇ ਪੱਖ ਨੂੰ ਪੇਸ਼ ਕਰਦੀ ਹੈ। ਫਿਲਮ ਮੁੱਖ ਦਾ ਕਿਰਦਾਰ ਐਡਮ 1965 ਦੇ ਕੇਂਦਰੀ ਅਫ਼ਰੀਕਾ ਦਾ ਜੇਤੂ ਤੈਰਾਕ ਸੀ। ਅਫ਼ਰੀਕਾ ਦਾ ਮਸ਼ਹੂਰ ਤੈਰਾਕ ਗ਼ਰੀਬੀ ਦੀ ਹਾਲਤ ਵਿਚ ਕਿਸੇ ਹੋਟਲ ਦੇ ਤਲਾਬ ਵਿਚ ਤੈਰਾਕੀ ਸਿਖਾਉਣ ਦਾ ਕੰਮ ਕਰਦਾ ਹੈ। ਤੈਰਾਕ ਦਾ ਜਵਾਨ ਮੁੰਡਾ ਉਹਦੇ ਸਹਾਇਕ ਵਜੋਂ ਹੋਟਲ ਵਿਚ ਨੌਕਰੀ ਕਰਦਾ ਹੈ। ਤਾਲਾਬ ਹੀ ਤੈਰਾਕ ਦੀ ਜ਼ਿੰਦਗੀ ਹੈ। ਹੋਟਲ ਦੇ ਪ੍ਰਾਈਵੇਟ ਹੱਥਾਂ ਵਿਚ ਜਾਣ ਕਰ ਕੇ ਕਾਮਿਆਂ ਦੀ ਛਾਂਟੀ ਸ਼ੁਰੂ ਹੋ ਚੁੱਕੀ ਹੈ। ਪਿਉ ਅਤੇ ਪੁੱਤ ਵਿਚੋਂ ਇੱਕ ਜਣਾ ਹੀ ਤਾਲਾਬ ਉੱਤੇ ਰੱਖਿਆ ਜਾ ਸਕਦਾ ਹੈ। ਨੌਕਰੀ ਮੁੰਡੇ ਦੇ ਹਿੱਸੇ ਆਉਂਦੀ ਹੈ। ਪਿਉ ਨੂੰ ਚੌਕੀਦਾਰ ਲਾ ਦਿੱਤਾ ਜਾਂਦਾ ਹੈ। ਇੱਕੋ ਛੱਤ ਹੇਠ ਰਹਿੰਦੇ ਪਰਿਵਾਰ ਵਿਚ ਰੁਜ਼ਗਾਰ ਦੀ ਕੰਧ ਤਰਾਸਦੀ ਵਾਂਗ ਖੜ੍ਹੀ ਹੋ ਜਾਂਦੀ ਹੈ। ਮੁੰਡੇ ਨੇ ਚੋਰੀ ਵਿਆਹ ਕਰਵਾਇਆ ਹੋਇਆ ਹੈ ਜਿਸ ਕਰ ਕੇ ਉਹ ਨੌਕਰੀ ਗਵਾ ਨਹੀਂ ਸਕਦਾ। ਗ਼ਰੀਬੀ ਅਤੇ ਕੰਗਾਲੀ ਨਾਲ ਘੁਲਦੇ ਲੋਕਾਂ ਉੱਤੇ ਹੋਰ ਮੁਸੀਬਤ ਖ਼ਾਨਾਜੰਗੀ ਦੀ ਪਈ ਹੋਈ ਹੈ। ਮੁਲਕ ਦੀ ਸਰਕਾਰ ਬਾਗ਼ੀਆਂ ਵਿਰੁਧ ਲੜਾਉਣ ਲਈ ਨੌਜਵਾਨ ਮੁੰਡਿਆਂ ਨੂੰ ਧੱਕੇ ਨਾਲ ਫ਼ੌਜ ਵਿਚ ਭਰਤੀ ਕਰ ਰਹੀ ਹੈ। ਮੁਕਾਮੀ ਚੌਧਰੀ ਐਡਮ ਉੱਤੇ ਦਬਾਅ ਪਾ ਰਿਹਾ ਹੈ ਕਿ ਉਹ ਬਾਗ਼ੀਆਂ ਵਿਰੁਧ ਜੰਗ ਵਿਚ ਸਰਕਾਰ ਦੀ ਵਿੱਤੀ ਮਦਦ ਕਰੇ, ਜਾਂ ਫ਼ਿਰ ਆਪਣੇ ਮੁੰਡੇ ਨੂੰ ਫ਼ੌਜ ਵਿਚ ਭਰਤੀ ਕਰਵਾ ਦੇਵੇ। ਇਹ ਵੇਰਵਾ ਹਾਕਮਾਂ ਦੁਆਰਾ ਅਵਾਮ ਉੱਤੇ ਪਾਏ ਜਾਂਦੇ ਅਣ-ਲੋੜੀਂਦੇ ਸਰੱਖਿਆ ਭਾਰ ਨੂੰ ਨੰਗਾ ਕਰਦਾ ਹੈ। ਜਿੱਥੇ ਲੋਕਾਂ ਤੋਂ ਸਿਹਤ, ਸਿੱਖਿਆ ਅਤੇ ਹੋਰ ਬੁਨਿਆਦੀ ਲੋੜਾਂ ਲਈ ਲੋੜੀਂਦਾ ਪੈਸਾ ਖੋਹ ਕੇ ਮੁਲਕ ਦੇ ਸਰੱਖਿਆ ਬਜਟ ਲਈ ਰਾਖਵਾਂ ਕਰ ਦਿੱਤਾ ਜਾਂਦਾ ਹੈ। ਨਿਹੱਕੀਆਂ ਜੰਗਾਂ ਅਵਾਮ ਉੱਤੇ ਥੋਪੀਆਂ ਜਾਂਦੀਆਂ ਹਨ। ਮਨਸੂਈ ਦੁਸ਼ਮਣਾਂ ਦਾ ਖ਼ਤਰਾ ਖੜ੍ਹਾ ਕਰ ਕੇ ਲੋਕਾਂ ਉੱਤੇ ਦਾਬਾ ਪਾਇਆ ਜਾਂਦਾ ਹੈ ਅਤੇ ਗ਼ੈਰ-ਮਨੁੱਖੀ ਫ਼ੌਜੀ ਸਰਗਰਮੀ ਨੂੰ ਲਗਾਤਾਰ ਹੁਲਾਰਾ ਦਿੱਤਾ ਜਾਂਦਾ ਹੈ। ਇਸ ਰੁਝਾਨ ਦੀ ਕੜੀ ਵਿਚ ਮਜਬੂਰਨ ਐਡਮ ਨੂੰ ਆਪਣਾ ਮੁੰਡਾ ਫ਼ੌਜ ਵਿਚ ਭਰਤੀ ਕਰਵਾਉਣਾ ਪੈਂਦਾ ਹੈ। ਪੁੱਤ ਜੰਗ ਵਿਚ ਜ਼ਖ਼ਮੀ ਹੋ ਜਾਂਦਾ ਹੈ। ਮੁੰਡੇ ਦੀ ਗਰਭਵਤੀ ਘਰਵਾਲੀ ਦੀ ਹਾਲਤ ਦੇਖ ਕੇ ਪਿਉ ਮੁੰਡੇ ਨੂੰ ਹਸਪਤਾਲ ਵਿਚੋਂ ਚੋਰੀ ਚੁੱਕ ਲਿਆਉਂਦਾ ਹੈ ਪਰ ਮੁੰਡਾ ਰਸਤੇ ਵਿਚ ਮਰ ਜਾਂਦਾ ਹੈ। ਪਿਉ ਲਾਸ਼ ਨੂੰ ਨਦੀ ਵਿਚ ਹੜ੍ਹਾ ਦਿੰਦਾ ਹੈ। ਅਫ਼ਰੀਕਾ ਦੀ ਕਿੰਨੀਆਂ ਨਦੀਆਂ ਧੀਆਂ-ਪੁੱਤਾਂ ਦੀਆਂ ਲਾਸ਼ਾਂ ਨਾਲ ਭਰੀਆਂ ਹੋਈਆਂ ਹਨ। ਕਿੰਨੇ ਹੀ ਜਿਉਣ ਜੋਗੇ ਮਾਰੂਥਲ ਦੀ ਰੇਤ ਹੇਠ ਦੱਬੇ ਪਏ ਹਨ। ਫਿਲਮ ਭੁੱਖ ਅਤੇ ਜੰਗ ਦਾ ਖਾਜਾ ਬਣੇ ਕੀਮਤੀ ਮਨੁੱਖੀ ਜੀਆਂ ਦੇ ਜਿਉਣ ਦੇ ਹੱਕ ਦੀ ਆਵਾਜ਼ ਬੁਲੰਦ ਕਰਦੀ ਹੈ।


ਦੂਜੀ ਫਿਲਮ '14 ਕਿਲੋਮੀਟਰ' ਬਿਹਤਰ ਜ਼ਿੰਦਗੀ ਦੀ ਤਲਾਸ਼ ਵਿਚ ਅਫ਼ਰੀਕਾ ਤੋਂ ਭੱਜ ਕੇ ਯੂਰਪ ਵੜਨ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਜੀਆਂ ਦੀ ਪਰਦਾਪੇਸ਼ੀ ਹੈ। ਇਹ ਫਿਲਮ ਦੋ ਭਰਾਵਾਂ ਬੂਬਾ ਤੇ ਮੇਲੁਕਾ, ਅਤੇ ਕੁੜੀ ਵਾਇਲੋਟਾ ਦੇ ਸਫ਼ਰ ਦੀ ਕਹਾਣੀ ਹੈ। ਬੂਬਾ ਅਤੇ ਮੇਲੁਕਾ ਨਾਇਜਰ ਮੁਲਕ ਦੇ ਹਨ ਅਤੇ ਵਾਇਲੋਟਾ, ਮਾਲੀ ਨਾਂ ਦੇ ਮੁਲਕ ਦੀ ਵਾਸੀ ਹੈ। ਬੂਬਾ ਫੁੱਟਬਾਲ ਖਿਡਾਰੀ ਹੈ ਅਤੇ ਯੂਰਪ ਵਿਚ ਫੁੱਟਬਾਲ ਖੇਡਣ ਦੀ ਇੱਛਾ ਰੱਖਦਾ ਹੈ। ਬੂਬਾ ਦਾ ਮੁਲਕ ਨਾਇਜਰ ਅੰਤਾਂ ਦੀ ਗ਼ਰੀਬੀ ਦਾ ਸ਼ਿਕਾਰ ਹੈ। ਇਹੀ ਹਾਲਤ ਵਾਇਲੋਟਾ ਦੇ ਮੁਲਕ ਮਾਲੀ ਦੀ ਹੈ। ਅੱਲ੍ਹੜ ਵਾਇਲੋਟਾ ਦਾ ਵਿਆਹ ਬੁੱਢੇ ਨਾਲ ਕੀਤਾ ਗਿਆ ਹੈ ਜਿਹਨੂੰ ਉਹ ਨਫ਼ਰਤ ਕਰਦੀ ਹੈ। ਤਿੰਨੇ ਨੌਜਵਾਨ ਜਹਾਲਤ ਅਤੇ ਗ਼ਰੀਬੀ ਤੋਂ ਪਿੱਛਾ ਛੁਡਾਉਣ ਲਈ ਅਤੇ ਬਿਹਤਰ ਭਵਿੱਖ ਲਈ ਯੂਰਪ ਵੱਲ ਦੇਖ ਰਹੇ ਹਨ। ਜਿਹਦੇ ਬਾਰੇ ਉਨ੍ਹਾਂ ਦਾ ਮੰਨਣਾ ਹੈ, "ਉੱਥੇ ਕੋਈ ਭੁੱਖਾ ਨਹੀਂ ਮਰਦਾ।" ਅੰਤਲਾ ਸਰਮਾਇਆ ਦਾਅ ਉੱਤੇ ਲਾ ਕੇ ਉਹ ਮਨੁੱਖੀ ਤਸਕਰਾਂ ਦੀ ਮਦਦ ਨਾਲ ਯੂਰਪ ਪਹੁੰਚਣ ਦਾ ਫ਼ੈਸਲਾ ਕਰਦੇ ਹਨ। ਮਾਲੀ ਤੋਂ ਪਹੁੰਚੀ ਵਾਇਲੋਟਾ ਦਾ ਮੇਲ ਨਾਇਜਰ ਤੋਂ ਆਏ ਦੋਵਾਂ ਭਰਾਵਾਂ ਨਾਲ ਹੋ ਜਾਂਦਾ ਹੈ। ਇੱਥੋਂ ਭਿਆਨਕ ਸਫ਼ਰ ਦੀ ਸ਼ੁਰੂਆਤ ਹੁੰਦੀ ਹੈ। ਰੇਗਿਸਤਾਨ ਪਾਰ ਕਰਦੇ ਹੋਏ ਮੇਲੁਕਾ ਮਾਰਿਆ ਜਾਂਦਾ ਹੈ ਅਤੇ ਬਾਕੀ ਦੋਵੇਂ ਮੁਕਾਮੀ ਘਮੰਤੂਆਂ ਦੀ ਮਦਦ ਨਾਲ ਬਚ ਜਾਂਦੇ ਹਨ। ਅੰਤਾਂ ਦੀ ਮੁਸ਼ਕਿਲਾਂ ਸਹਿੰਦੇ ਹੋਏ ਨਾਇਜਰ ਤੋਂ ਅਲਜੀਰੀਆ ਅਤੇ ਮੋਰਾਕੋ ਵਿਚ ਅਫ਼ਰੀਕਾ ਦੇ ਉੱਤਰੀ ਕੰਢੇ ਜਾ ਪਹੁੰਚਦੇ ਹਨ। ਜਿੱਥੇ ਉਨ੍ਹਾਂ ਵਰਗੇ ਹਜ਼ਾਰਾਂ ਯੂਰਪ ਵਿਚ ਘੁਸਣ ਦੀ ਉਡੀਕ ਵਿਚ ਬੈਠੇ ਹਨ। 14 ਕਿਲੋਮੀਟਰ ਦਾ ਆਖ਼ਰੀ ਸਫ਼ਰ ਅਫ਼ਰੀਕਾ ਦੇ ਉੱਤਰੀ ਕੰਢੇ ਤੋਂ ਸਪੇਨ ਵੜਨ ਦਾ ਹੈ ਜੋ ਜਾਨਵਰਾਂ ਵਾਂਗ ਤੂਸੇ ਹੋਏ ਮਨੁੱਖਾਂ ਨੇ ਕਿਸ਼ਤੀ ਵਿਚ ਕਰਨਾ ਹੈ। ਤਿੰਨੇ ਅਫ਼ਰੀਕੀ ਨੌਜਵਾਨ ਉਨ੍ਹਾਂ ਪੰਜਾਬੀ ਨੌਜਵਾਨਾਂ ਦੇ ਹਮਰਾਹੀ ਲਗਦੇ ਹਨ ਜੋ ਪੱਛਮੀ ਮੁਲਕਾਂ ਵਿਚ ਪਹੁੰਚਣ ਲਈ ਜਾਨਾਂ ਗਵਾ ਰਹੇ ਹਨ।

ਰੇਗਿਸਤਾਨ ਵਿਚ ਬੂਬਾ ਅਤੇ ਵਾਇਲੋਟਾ ਦੀ ਜਾਨ ਬਚਾਉਣ ਵਾਲੇ ਘਮੰਤੂ ਦਾ ਸੰਵਾਦ ਬਹੁਤ ਅਹਿਮ ਹੈ। ਬੂਬਾ ਘਮੰਤੂ ਪਰਿਵਾਰ ਦੇ ਮੋਹਰੀ ਨੂੰ ਪੁੱਛਦਾ ਹੈ, "ਤੁਸੀਂ ਸੂਰਜ ਦੀ ਸਾੜੀ, ਇਸ ਮੁਰਦਾ ਜ਼ਮੀਨ ਉੱਤੇ ਕਿਵੇਂ ਰਹਿ ਸਕਦੇ ਹੋ?" ਘਮੰਤੂ ਦਾ ਜਵਾਬ ਹੈ, "ਤੂੰ ਗਲਤ ਸੋਚ ਰਿਹਾ ਹੈਂ... ਗੌਰ ਨਾਲ ਦੇਖੇਂ ਤਾਂ ਤੈਨੂੰ ਚਾਰੇ ਪਾਸੇ ਜ਼ਿੰਦਗੀ ਨਜ਼ਰ ਆਵੇਗੀ। ਇੱਥੇ ਕਿੰਨਾ ਕੁਝ ਧੜਕ ਰਿਹਾ ਹੈ। ਆਪਣੀ ਹੋਂਦ ਬਚਾਉਣ ਲਈ ਲਗਾਤਾਰ ਲੜਨ ਦੀ ਤਾਕਤ ਦਾ ਭੇਤ ਅਸੀਂ ਮਨੁੱਖਾਂ ਨੇ ਆਪਣੇ ਲਹੂ ਵਿਚ ਸਾਂਭਿਆਂ ਹੋਇਆ ਹੈ।" ਬੂਬਾ ਪੁੱਛਦਾ ਹੈ, "ਤੁਸੀਂ ਕਦੇ ਯੂਰਪ ਨਹੀਂ ਜਾਣਾ ਚਾਹੁੰਦੇ?" ਘਮੰਤੂ ਤੁਰੰਤ ਜਵਾਬ ਦਿੰਦਾ ਹੈ, "ਕਦੇ ਵੀ ਨਹੀਂ। ਮੈਂ ਆਪਣੀ ਧਰਤੀ ਕਦੇ ਨਹੀਂ ਛੱਡਾਂਗਾ। ਸਾਨੂੰ ਤਾਉਰੇਗ ਲੋਕਾਂ ਨੂੰ ਕਿਸੇ ਹੋਰ ਥਾਂ ਰਹਿਣ ਦਾ ਵਲ ਨਹੀਂ ਹੈ। ਮੈਂ ਇਸ ਮਾਰੂਥਲ ਨੂੰ ਪੈਸਿਆਂ ਲਈ ਨਹੀਂ ਛੱਡ ਸਕਦਾ।" ਬੂਬਾ ਕਹਿੰਦਾ ਹੈ, "ਪਰ ਅਸੀਂ ਇਸ ਨਰਕ ਤੋਂ ਛੁਟਕਾਰਾ ਚਾਹੁੰਦੇ ਹਾਂ।" ਘਮੰਤੂ ਦਾ ਸਾਫ਼ ਜਵਾਬ ਹੈ, "ਇਹੀ ਸਮੱਸਿਆ ਹੈ... ਅਸੀਂ ਭਗੌੜੇ ਬਣ ਕੇ ਅਫ਼ਰੀਕਾ ਦਾ ਲਹੂ ਸੁਕਾ ਰਹੇ ਹਾਂ। ਸਾਡਾ ਭਵਿੱਖ ਅਫ਼ਰੀਕਾ ਵਿਚ ਹੀ ਹੈ।"

ਘਮੰਤੂ ਦੀ ਸਿਦਕਦਿਲੀ ਵਿਚ ਸਾਡੇ ਸਮਿਆਂ ਦੇ ਅਹਿਮ ਸਵਾਲ ਬਾਬਤ ਸੰਵਾਦ ਸ਼ੁਰੂ ਕਰਨ ਦੀ ਸੰਭਾਵਨਾ ਅਤੇ ਹੱਲ ਛੁਪਿਆ ਹੋਇਆ ਹੈ। ਤੀਜੀ ਦੁਨੀਆਂ ਦੇ ਮੁਲਕਾਂ ਦੇ ਬਦਤਰ ਹਾਲਾਤ ਅਤੇ ਬਿਹਤਰ ਜ਼ਿੰਦਗੀ ਦੀ ਤਲਾਸ਼ ਲਈ ਪਰਵਾਸ ਜਿਹੇ ਮੁੱਦਿਆਂ ਦੇ ਸਨਮੁੱਖ ਕਰਦੀਆਂ ਇਹ ਦੋਵੇਂ ਫਿਲਮਾਂ ਸਾਡੇ ਸਮਿਆਂ ਦੀਆਂ ਜ਼ਿਕਰਯੋਗ ਕਿਰਤਾਂ ਹਨ।



*ਫਿਲਮ 'ਏ ਸਕਰੀਮਿੰਗ ਮੈਨ' ਦੀ ਇਕ ਝਲਕ।*







*ਫਿਲਮ '14 ਕਿਲੋਮੀਟਰ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼।*

# 'ਸ਼ਾਹਿਦ' ਨਾਲ ਛਾਇਆ ਰਾਜ ਕੁਮਾਰ

ਨੌਜਵਾਨ ਅਦਾਕਾਰ ਰਾਜਕੁਮਾਰ ਰਾਓ ਦੀ ਗੁੱਡੀ ਅੱਜ ਕੱਲ੍ਹ ਵਾਹਵਾ ਚੜ੍ਹੀ ਹੋਈ ਹੈ। ਜਦੋਂ ਦੀ ਉਸ ਦੀ ਫਿਲਮ 'ਸ਼ਾਹਿਦ' ਰਿਲੀਜ਼ ਹੋਈ ਹੈ, ਉਸ ਦੀ ਅਦਾਕਾਰੀ ਦੀ ਤਾਂ ਪ੍ਰਸ਼ੰਸਾ ਹੋ ਹੀ ਰਹੀ ਸੀ, ਹੁਣ ਜਦੋਂ ਦਾ ਉਸ ਨੂੰ ਇਸ ਫਿਲਮ ਲਈ ਸਰਵੋਤਮ ਕਲਾਕਾਰ ਦਾ ਕੌਮੀ ਇਨਾਮ ਮਿਲਿਆ ਹੈ, ਉਸ ਦੇ ਦਿਨ ਹੀ ਬਦਲ ਗਏ ਹਨ। ਉਸ ਅੱਗੇ ਫਿਲਮਾਂ ਦੀਆਂ ਕਤਾਰਾਂ ਹੀ ਲੱਗ ਗਈਆਂ ਹਨ। ਫਿਲਮ 'ਸ਼ਾਹਿਦ' ਇਕ ਵਕੀਲ ਦੀ ਅਸਲੀ ਜ਼ਿੰਦਗੀ ਉਤੇ ਆਧਾਰਤ ਫਿਲਮ ਹੈ। ਇਸ ਫਿਲਮ ਵਿਚ ਰਾਜਕੁਮਾਰ ਰਾਓ ਨੇ ਮੁੱਖ ਕਿਰਦਾਰ ਇਸ ਕਦਰ ਪੇਸ਼ ਕੀਤਾ ਹੈ ਕਿ ਸਭ ਅਸ਼-ਅਸ਼ ਕਰ ਉਠੇ ਹਨ। ਇਸ ਫਿਲਮ ਦੇ ਡਾਇਰੈਕਟਰ ਹੰਸਿਲ ਮਹਿਤਾ ਹਨ ਅਤੇ ਹੁਣ ਰਾਜਕੁਮਾਰ ਦੀ ਇਸੇ ਫਿਲਮਸਾਜ਼ ਨਾਲ ਫਿਲਮ 'ਸਿਟੀ ਲਾਈਟਸ' ਆ ਰਹੀ ਹੈ। ਇਹ ਫਿਲਮ ਸ਼ਹਿਰ ਵੱਸਦੇ ਇਕ ਸਾਧਾਰਨ ਜੋੜੇ ਦੀ ਕਹਾਣੀ ਹੈ। ਇਸ ਫਿਲਮ ਵਿਚ ਉਸ ਨਾਲ ਹੀਰੋਇਨ ਦਾ ਰੋਲ ਉਸ ਉਸ ਦੀ ਪ੍ਰੇਮਿਕਾ ਚਿੱਤਰਲੇਖਾ ਨੇ ਨਿਭਾਇਆ ਹੈ। ਇਹ ਫਿਲਮ 30 ਮਈ ਨੂੰ ਰਿਲੀਜ਼ ਹੋ ਰਹੀ ਹੈ। ਫਿਲਮ ਦੇ ਕੁਝ ਗੀਤ ਪਹਿਲਾਂ ਹੀ ਹਿੱਟ ਹੋ ਚੁੱਕੇ ਹਨ। ਇਹ ਫਿਲਮ ਮਹੇਸ਼ ਭੱਟ ਕੈਂਪ ਵੱਲੋਂ ਬਣਾਈ ਗਈ ਹੈ।




*ਫਿਲਮ 'ਸ਼ਾਹਿਦ' ਦਾ ਪੋਸਟਰ। ਇਸ ਫਿਲਮ ਲਈ ਰਾਜਕੁਮਾਰ ਨੂੰ ਸਰਵੋਤਮ ਅਦਾਕਾਰ ਦਾ ਇਨਾਮ ਮਿਲਿਆ ਹੈ।*

31 ਅਗਸਤ 1984 ਨੂੰ ਜਨਮੇ ਰਾਜਕੁਮਾਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 2010 ਵਿਚ ਨਵੀਂ-ਨਿਵੇਕਲੀ ਫਿਲਮ 'ਲਵ ਸੈਕਸ ਧੋਖਾ' ਨਾਲ ਕੀਤੀ ਸੀ ਪਰ ਉਸ ਦੀ ਚਰਚਾ 2013 ਵਿਚ ਆਈ ਫਿਲਮ 'ਕਾਈ ਪੋ ਚੇ' ਨਾਲ ਵਧੇਰੇ ਹੋਈ। ਇਸ ਫਿਲਮ ਲਈ ਉਸ ਦੀ ਨਾਮਜ਼ਦਗੀ ਸਰਵੋਤਮ ਸਹਾਇਕ ਅਦਾਕਾਰ ਦੇ ਫਿਲਮਫੇਅਰ ਇਨਾਮ ਲਈ ਵੀ ਹੋਈ। ਸਾਲ 2014 ਵਿਚ ਉਸ ਦੀ ਫਿਲਮ 'ਕੁਈਨ' ਦੀ ਖ਼ੂਬ ਪ੍ਰਸ਼ੰਸਾ ਹੋਈ। ਇਸ ਫਿਲਮ ਦੀ ਨਾਇਕਾ ਕੰਗਨਾ ਰਾਣਾਵਤ ਸੀ। ਫਿਲਮ ਵਿਚ ਦੋਹਾਂ ਵੱਲੋਂ ਨਿਭਾਏ ਕਿਰਦਾਰਾਂ ਲਈ ਉਨ੍ਹਾਂ ਦੀ ਖ਼ੂਬ ਤਾਰੀਫ ਹੋਈ ਅਤੇ ਕਮਾਈ ਪੱਖੋਂ ਵੀ ਇਹ ਫਿਲਮ ਖ਼ੂਬ ਕਾਮਯਾਬ ਰਹੀ ਹੈ।

ਰਾਜਕੁਮਾਰ ਦਾ ਜਨਮ ਗੁੜਗਾਓਂ ਦਾ ਹੈ। ਪਰਿਵਾਰ ਸਾਧਾਰਨ ਹੀ ਸੀ, ਪਰ ਰਾਜਕੁਮਾਰ ਸਦਾ ਉਚਾ ਉਡਣ ਦੀ ਸੋਚਦਾ ਸੀ। ਉਦੋਂ ਉਹ 10ਵੀਂ ਵਿਚ ਹੀ ਪੜ੍ਹਦਾ ਸੀ ਕਿ ਉਸ ਨੇ ਸਟੇਜ ਕਰਨਾ ਆਰੰਭ ਕਰ ਦਿੱਤਾ। ਸਟੇਜ ਉਤੇ ਰਾਜਕੁਮਾਰ ਨੇ ਜੀਅ-ਜਾਨ ਨਾਲ ਮਿਹਨਤ ਕੀਤੀ ਅਤੇ ਸਭ ਉਸ ਦੀ ਅਦਾਕਾਰੀ ਦੇ ਦੀਵਾਨੇ ਹੋ ਗਏ। ਫਿਰ ਗਲੈਮਰਸ ਚਿਹਰਾ ਨਾ ਹੋਣ ਦੇ ਬਾਵਜੂਦ ਉਸ ਨੇ ਫਿਲਮਾਂ ਵਿਚ ਕਾਮਯਾਬ ਹੋ ਕੇ ਦਰਸਾ ਦਿੱਤਾ ਕਿ ਅਦਾਕਾਰੀ ਦੇ ਦਮ ਉਤੇ ਵੀ ਫਿਲਮੀ ਦੁਨੀਆਂ ਵਿਚ ਪੈਂਠ ਪਾਈ ਜਾ ਸਕਦੀ ਹੈ। ਛੇਤੀ ਹੀ ਉਸ ਦੀ ਅਗਲੀ ਫਿਲਮ 'ਡੌਲੀ ਕੀ ਡੋਲੀ' ਆ ਰਹੀ ਹੈ। ਇਸ ਰੁਮਾਂਟਿਕ ਫਿਲਮ ਦੀ ਨਾਇਕਾ ਚਰਚਿਤ ਅਦਾਕਾਰਾ ਸੋਨਮ ਕਪੂਰ ਹੈ। ਇਕ ਹੋਰ ਰੁਮਾਂਟਿਕ ਫਿਲਮ ਉਸ ਨੇ ਫਿਲਮਸਾਜ਼ ਮੋਹਿਤ ਸੂਰੀ ਨਾਲ ਸਾਈਨ ਕੀਤੀ ਹੈ। ਇਸ ਫਿਲਮ ਦਾ ਨਾਂ 'ਹਮਾਰੀ ਅਧੂਰੀ ਕਹਾਨੀ' ਹੈ ਅਤੇ ਇਸ ਵਿਚ ਉਹਦੇ ਨਾਲ ਵਿਦਿਆ ਬਾਲਨ ਤੇ ਇਮਰਾਨ ਹਾਸ਼ਮੀ ਵਰਗੇ ਅਦਾਕਾਰਾਂ ਦੀਆਂ ਅਹਿਮ ਭੂਮਿਕਾਵਾਂ ਹਨ। ਰਾਜਕੁਮਾਰ ਨੂੰ ਇਸ ਗੱਲ ਦਾ ਬੜਾ ਮਾਣ ਹੈ ਕਿ ਉਸ ਨੂੰ ਆਪਣੀ ਅਦਾਕਾਰੀ ਦੇ ਸਿਰ 'ਤੇ ਫਿਲਮਾਂ ਵਿਚ ਕੰਮ ਮਿਲ ਰਿਹਾ ਹੈ, ਕਿਸੇ ਦੀ ਕ੍ਰਿਪਾ ਕਰ ਕੇ ਨਹੀਂ। ਇਸੇ ਕਰ ਕੇ ਉਸ ਦੀ ਹਰ ਫਿਲਮ ਵੱਖਰੀ ਨਜ਼ਰ ਆਉਂਦੀ ਹੈ। ਉਸ ਨੇ ਆਪਣੇ ਲਈ ਰਾਹ ਆਪ ਬਣਾਇਆ ਹੈ।





# DISH BRINGS LIVE GURBANI TO YOUR HOME

**Watch live Gurbani from the Golden Temple and enjoy your favorite shows like Artist Specials, Ek Omkar and many more.**

**$24.99/mo.** | **BEST PUNJABI PROGRAMMING**

PTC PUNJABI · jus punjabi · etc PUNJABI · GET ਪੰਜਾਬੀ · mh MH ONE · JUS one · gPunjab

**Add the Hindi Elite Pack and enjoy the best DESI entertainment FREE for 3 months!**

StarPlusHD · SONY HD · ZEE TV HD · aapka colors · Life OK · WILLOW HD · TV ASIA HD · SONY SAB · SAHARA ONE

Requires 24-month commitment, credit qualification, and subscription to qualifying American programming. Receive $34.99/mo. credit for 3 months. Requires HD receiver to view International programming available in HD. Must subscribe to a qualifying American HD package to qualify for HD receiver.

## LIMITED TIME OFFER.

## ORDER NOW!

## 1-888-570-7674

dish

**Important Terms and Conditions: Hindi 3 Months Free:** Valid for activation and installation of qualifying DISH service between 3/13/14 and 7/13/14. Requires subscription to a qualifying American or DishLATINO package in addition to qualifying Hindi package. You will receive a monthly credit of $34.99 for the first 3 months. You will be responsible for any monthly or upfront costs beyond the value of the credit. After 3 months, then-current everyday monthly price will apply unless you downgrade. **Promotional Offers:** Requires activation of new qualifying DISH service. All prices, fees, charges, packages, programming, features, functionality and offers subject to change without notice. **ETF:** If you cancel service during first 24 months, early termination fee of $20 for each month remaining applies. **Activation fee may apply.**

**Additional Requirements: Installation/Equipment Requirements:** Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 6/12/14.

© 2014 DISH Network L.L.C. All rights reserved.

7674-Q2R2-month.April

## ਪੰਜਾਬ ਟਾਈਮਜ਼ ਦੇ ਪ੍ਰਸ਼ੰਸਕਾਂ ਤੇ ਕਦਰਦਾਨਾਂ ਵਲੋਂ ਫੰਡਰੇਜ਼ਰ ਡਿਨਰ

# ਇਕ ਰੰਗਲੀ ਸ਼ਾਮ 'ਪੰਜਾਬ ਟਾਈਮਜ਼' ਦੇ ਨਾਮ



**ਪਹਿਲੀ ਜੂਨ, 2014 (ਐਤਵਾਰ)**

*ਸ਼ਾਮ 4:00 ਤੋਂ 8:00 ਵਜੇ ਤੱਕ*

**ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ, ਹੇਵਰਡ**
1275 Winton Ave. Hayward, CA 94545
Ph: 510-264-9300

## ਪਹੁੰਚ ਰਹੇ ਗਾਇਕ


ਸੁਖਦੇਵ ਸਾਹਿਲ



ਮੰਗਜੀਤ ਮੰਗਾ ਤੇ ਤਰਸੇਮ ਸਿੰਘ ਅਟਵਾਲ


ਹਰਜੀਤ ਜੀਤੀ


ਸੁਲਤਾਨ ਅਖਤਰ

**ਮਿਸ਼ਨ ਲਰਨਿੰਗ ਅਕੈਡਮੀ' ਹੇਵਰਡ, ਅਜੇ ਅਕੈਡਮੀ ਸੈਨ ਹੋਜ਼ੇ ਅਤੇ ਪਾਲੀ ਧਨੌਲਾ ਦੀਆਂ ਟੀਮਾਂ ਵਲੋਂ ਸਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ**


ਮੰਚ ਸੰਚਾਲਨ: ਨੀਲਮ ਸੈਣੀ
ਡੀ. ਜੇ.: ਰਾਜੂ ਢੋਲੀ
ਵੀਡੀਓਗ੍ਰਾਫਰ: ਜਸਵੀਰ ਸਿੰਘ ਭੰਵਰਾ


**ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ ਵਲੋਂ ਚਾਹ-ਪਾਣੀ ਤੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ**

ਹੋਰ ਜਾਣਕਾਰੀ ਲਈ ਸੰਪਰਕ ਕਰੋ
**ਦਰਸ਼ਨ ਸਿੰਘ ਔਜਲਾ 510-750-6116 ਅਤੇ ਤਾਰਾ ਸਿੰਘ ਸਾਗਰ-510-453-5779**

## ਬੇਨਤੀ ਕਰਤਾ: ਗੋਲਡਨ ਪੰਜਾਬ ਕਲੱਬ ਯੂ. ਐਸ. ਏ


ਦਰਸ਼ਨ ਸਿੰਘ ਔਜਲਾ
ਪ੍ਰਧਾਨ


ਪ੍ਰੋ. ਬਲਜਿੰਦਰ ਸਿੰਘ ਸਵੈਚ
ਜਨਰਲ ਸਕੱਤਰ


ਸੰਤੋਖ ਸਿੰਘ ਤੱਖੜ
ਚੇਅਰਮੈਨ


ਡਾ. ਬਲਜੀਤ ਜੰਮੂ
ਮੈਂਬਰ


ਤਾਰਾ ਸਿੰਘ ਸਾਗਰ
ਮੈਂਬਰ


ਲਾਜ ਸੈਣੀ
ਮੈਂਬਰ


ਸੁਖਵਿੰਦਰ ਸਿੰਘ ਕੰਬੋਜ
ਮੈਂਬਰ